ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free

ਸਾਲ : 9 ਅੰਕ : 2 Phone : 780 465 9118, 403 830 7007 : Fax: 780 465 0661, www.nawidunia.com E-mail: info@nawidunia.com ਫ਼ਰਵਰੀ (February) 2018



22 ਫ਼ਰਵਰੀ 1896 : ਦੁਨੀਆ ਵਿਚ ਪਹਿਲੀ ਵਾਰ ਐਕਸਰੇ ਕੀਤਾ ਗਿਆ ਜਿਸ ਨਾਲ ਇਕ ਲੜਕੇ ਦੇ ਹੱਥ ਵਿਚ ਵੱਜੀ ਗੋਲੀ ਲੱਭੀ ਗਈ।



ਟਾਊਨ ਹਾਲ ਵਿਚ ਟਰੂਡੋ ਨੂੰ ਪੁੱਛੇ ਗਏ ਤਿੱਖੇ ਸੁਆਲ ਪੰਨਾ-3



ਵੱਡੇ ਬਾਦਲ ਦੀ ਹਦਾਇਤ, ਮਸ਼ਵਰੇ ਹੁਣ ਸੁਖਬੀਰ ਨਾਲ ਕਰੋ! ਪੰਨਾ-7



ਬੇਬਾਕ ਤੇ ਨਿਧੜਕ ਲੇਖਕਾ ਅਜੀਤ ਕੌਰ ਪੰਨਾ-27




ਸਤਿਆਜੀਤ ਰੇਅ ਦਾ ਸਿਨੇਮਾ ਪੰਨਾ-46

# ਪ੍ਰਧਾਨ ਮੰਤਰੀ ਟਰੂਡੋ ਦ੍ਰਿੜਤਾ ਦਿਖਾਉਣ: ਨੋਟਲੇ

ਐਡਮਿੰਟਨ, (ਨਦਬ) : ਅਲਬਰਟਾ ਦੀ ਪ੍ਰੀਮੀਅਰ ਰੈਚਲ ਨੋਟਲੇ ਨੇ ਕਿਹਾ ਕਿ 7.4 ਅਰਬ ਡਾਲਰ ਦੀ ਲਾਗਤ ਨਾਲ ਤਿਆਰ ਹੋਣ ਵਾਲਾ ਟ੍ਰਾਂਸ ਮਾਊਂਟੇਨ ਪਾਈਪਲਾਈਨ ਪ੍ਰੋਜੈਕਟ ਨੂੰ ਅੱਗੇ ਲੈ ਕੇ ਜਾਣ ਲਈ ਜਸਟਿਨ ਟਰੂਡੋ ਵੱਲੋਂ ਕੁਝ ਖ਼ਾਸ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਜਸਟਿਨ ਟਰੂਡੋ ਪਿਛਲੇ ਦਿਨੀਂ ਅਲਬਰਟਾ ਵਿਚ ਸਨ ਤੇ ਉਨ੍ਹਾਂ ਨੇ ਰੇਡਿਓ 'ਤੇ ਇੱਕ ਮੁਲਾਕਾਤ ਦੌਰਾਨ ਕਿਹਾ ਸੀ ਕਿ ਟ੍ਰਾਂਸ ਮਾਊਂਟੇਨ ਪਾਈਪਲਾਈਨ ਪ੍ਰੋਜੈਕਟ ਦਾ ਉਹ ਲਗਾਤਾਰ ਸਮਰਥਨ ਕਰ ਰਹੇ ਹਨ। ਇਸ 'ਤੇ ਪ੍ਰੀਮੀਅਰ ਰੈਚਲ ਨੋਟਲੇ ਨੇ ਪ੍ਰੈੱਸ ਕਾਨਫਰੰਸ ਦੌਰਾਨ ਆਪਣੀ ਪ੍ਰਤੀਕਿਰਿਆ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਟਰੂਡੋ ਨੂੰ ਆਪਣਾ ਪੱਖ ਸਪਸ਼ਟ ਰੱਖਣਾ ਚਾਹੀਦਾ ਸੀ ਤੇ ਸਾਨੂੰ ਉਨ੍ਹਾਂ ਦੇ ਸਪਸ਼ਟ ਸਮਰਥਨ ਦੀ ਜ਼ਰੂਰਤ ਸੀ। ਪ੍ਰੀਮੀਅਰ ਨੇ ਕਿਹਾ ਕਿ ਸਾਨੂੰ ਇਸ ਗੱਲ ਦੀ ਉਮੀਦ ਸੀ ਕਿ ਦੇਸ਼ ਦੀ ਸਰਕਾਰ ਦ੍ਰਿੜਤਾ ਨਾਲ ਇਹ ਯਕੀਨੀ ਬਣਾਵੇਗੀ ਕਿ ਇਸ ਪ੍ਰਜੈਕਟ ਵਿਚ ਕਿਸੇ ਤਰ੍ਹਾਂ ਦੀ ਕੋਈ ਅੜਚਨ ਨਾ ਆਵੇ ਪਰ ਅਜਿਹਾ ਨਹੀਂ ਹੋਇਆ।



ਜਦੋਂ ਕਿ ਟਰੂਡੋ ਦਾ ਕਹਿਣਾ ਸੀ ਕਿ ਪਾਈਪਲਾਈਨ ਦਾ ਵਿਸਥਾਰ ਰਾਸ਼ਟਰ ਹਿੱਤ ਵਿਚ ਹੈ ਤੇ ਫੈਡਰਲ ਸਰਕਾਰ ਇਸ ਨੂੰ ਲੈ ਕੇ ਦ੍ਰਿੜ ਹੈ।

ਬੀਸੀ ਸਕਕਾਰ ਵੱਲੋਂ ਬਿਟੂਮਿਨ ਦੀ ਬਰਾਮਦਗੀ ਨੂੰ ਲੈ ਕੇ ਭਵਿੱਖ ਵਿਚ ਪਾਬੰਦੀਆਂ ਲਾਉਣ ਬਾਰੇ ਰੈਚਲ ਨੋਟਲੇ ਨੇ ਕਿਹਾ ਕਿ ਇਹ ਗੈਰਕਾਨੂੰਨੀ ਅਤੇ ਗੈਰਸੰਵਿਧਾਨਕ ਹੈ। ਬੀਸੀ ਨੂੰ ਇਹ ਸੁਝਾਅ ਵੀ ਦਿੱਤਾ ਕਿ ਉਹ ਕਿੰਡਰ ਮੋਰਗਨ ਪ੍ਰਜੈਕਟ ਨੂੰ ਲੈ ਕੇ ਦੇਰੀ ਨਾ ਕਰੇ।

ਉਨ੍ਹਾਂ ਇਸ ਮਾਮਲੇ ਨੂੰ ਲੈ ਕੇ ਕੈਬਨਿਟ ਦੀ ਐਮਰਜੈਂਸੀ ਮੀਟਿੰਗ ਸੱਦੀ ਤਾਂ ਜੋ ਸੰਭਾਵੀ ਵਪਾਰ ਸਮਝੌਤਿਆਂ ਨੂੰ ਲੈ ਕੇ ਬੀਸੀ ਦੇ ਵਿਰੁੱਧ ਯੋਜਨਾ ਬਣਾਈ ਜਾ ਸਕੇ। ਉਨ੍ਹਾਂ ਐਲਾਨ ਕੀਤਾ ਕਿ ਬੀਸੀ ਤੋਂ ਬਿਜਲੀ ਖ਼੍ਰੀਦਣ ਦੀ ਜਿਹੜੀ ਗੱਲਬਾਤ ਚੱਲ ਰਹੀ ਹੈ ਉਸ ਨੂੰ ਰੱਦ ਕੀਤਾ ਜਾਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਫ਼ੈਸਲੇ ਨੂੰ ਵਿਵਾਦਤ ਸੀ ਹਾਈਡ੍ਰੋ ਇਲੈਕਟ੍ਰਿਕ ਪ੍ਰੋਜੈਕਟ ਨਾਲ ਜੋੜ ਕੇ ਨਾ ਦੇਖਿਆ ਜਾਵੇ।

☛ ਬਾਕੀ ਸਫ਼ਾ 41 'ਤੇ

## ਸਿੱਖ ਕਤਲੇਆਮ

# ਟਾਈਟਲਰ ਦਾ ਵੀਡੀਉ ਵਾਇਰਲ, ਫਿਰ ਗਰਮਾਈ ਸਿਆਸਤ



**ਨਵੀਂ ਦਿੱਲੀ (ਨਦਬ)** : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਮੁਕੱਦਮੇ 'ਚ ਨਾਮਜ਼ਦ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀ ਪੁਰਾਣੀ ਵੀਡੀਓ ਦੇ ਕੁਝ ਅੰਸ਼ ਨਸ਼ਰ ਕਰਕੇ ਮੰਗ ਕੀਤੀ ਹੈ ਕਿ ਉਸ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

ਉਨ੍ਹਾਂ ਵੀਡੀਓ ਕਲਿੱਪਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਟਾਈਟਲਰ 100 ਸਿੱਖਾਂ ਨੂੰ ਕਥਿਤ ਤੌਰ 'ਤੇ ਮਾਰਨ ਦੀ ਗੱਲ ਕਰ ਰਿਹਾ ਹੈ, ਜੋ ਉਸ ਦਾ ਇਕਬਾਲੀਆ ਬਿਆਨ ਮੰਨਿਆ ਜਾਣਾ ਚਾਹੀਦਾ ਹੈ। ਇਥੇ ਪ੍ਰੈੱਸ ਕਾਨਫ਼ਰੰਸ ਦੌਰਾਨ ਟਾਈਟਲਰ ਦੀਆਂ ਪੰਜ ਵੀਡੀਓ ਕਲਿੱਪਾਂ ਦਿਖਾਈਆਂ ਗਈਆਂ, ਜੋ 8 ਦਸੰਬਰ 2011 ਦੀਆਂ ਜਾਪਦੀਆਂ ਹਨ।

☛ ਬਾਕੀ ਸਫ਼ਾ 41 'ਤੇ

# ਵਿਧਾਇਕਾਂ ਨੂੰ ਆਮਦਨ ਕਰ 'ਚ ਛੋਟ ਬੰਦ ਕਰਨ ਬਾਰੇ ਵਿਚਾਰ

**ਚੰਡੀਗੜ੍ਹ (ਨਦਬ)** : ਪੰਜਾਬ ਸਰਕਾਰ ਪੈਸੇ ਦੀ ਤੰਗੀ ਕਰਕੇ ਵਿਧਾਇਕਾਂ ਨੂੰ ਆਮਦਨ ਕਰ ਤੋਂ ਛੋਟ ਬੰਦ ਕਰਨ ਬਾਰੇ ਵਿਚਾਰ ਕਰ ਰਹੀ ਹੈ। ਇਸ ਬਾਰੇ ਵਿੱਤ ਵਿਭਾਗ ਨੇ ਬੀਤੇ ਸਾਲ ਅਕਤੂਬਰ ਵਿੱਚ ਪਹਿਲੀ ਵਾਰ ਜ਼ਿਕਰ ਕੀਤਾ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਮੀਟਿੰਗ ਵਿੱਚ ਇਸ ਦੀ ਤਜਵੀਜ਼ ਰੱਖੀ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਚਾਹੁੰਦੇ ਹਨ ਕਿ ਸਾਰੇ ਵਿਧਾਇਕ ਤੇ ਮੰਤਰੀ ਆਪੋ-ਆਪਣਾ ਆਮਦਨ ਕਰ ਖ਼ੁਦ ਅਦਾ ਕਰਨ। ਜੇਕਰ ਵਿਧਾਇਕਾਂ 'ਤੇ ਇਨਕਮ ਟੈਕਸ ਅਦਾ ਕਰਨਾ ਲਾਜ਼ਮੀ ਹੋ ਜਾਂਦਾ ਹੈ ਤਾਂ ਸੂਬੇ ਨੂੰ ਹਰ ਸਾਲ 11.08 ਕਰੋੜ ਰੁਪਏ ਦੀ ਬੱਚਤ ਹੋਵੇਗੀ। ਫਿਲਹਾਲ ਵਿਧਾਇਕਾਂ ਤੇ ਮੰਤਰੀਆਂ ਦੀ ਆਮਦਨ 'ਤੇ ਲਾਗੂ ਟੈਕਸ ਪੰਜਾਬ ਸਰਕਾਰ ਭਰਦੀ ਹੈ। ਦੇਸ਼ ਦੇ ਕਈ ਸੂਬਿਆਂ ਵਿੱਚ ਸੰਸਦ ਮੈਂਬਰ ਤੇ ਵਿਧਾਇਕ ਆਪਣਾ ਆਮਦਨ ਕਰ ਖ਼ੁਦ ਅਦਾ ਕਰਦੇ ਹਨ।





Roof Trusses
Floor Systems
Lumber
Stairs
Tall Wall
Wall Panel
Floor Panel

ZyTech BUILDING SYSTEMS

Employment opportunities for : Forklift Operator, Lumber Stackers, Truss Builders and General Helpers.

ਨੌਕਰੀਆਂ : ਫੋਰਕਲਿਫਟ ਆਪ੍ਰੇਟਰਜ਼, ਲੰਬਰ ਸਟੈਕਰਸ, ਟਰੱਸ ਬਿਲਡਰਜ਼ ਅਤੇ ਜਨਰਲ ਹੈਲਪਰਜ਼

ਅਸੀਂ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਬਣਾਉਣ ਵਾਸਤੇ ਰੂਫ ਟਰੱਸਜ਼, ਫਲੋਰ ਸਿਸਟਮ, ਲੰਬਰ ਪੈਕੇਜ ਅਤੇ ਸਟੇਅਰਜ਼ ਸਪਲਾਈ ਕਰਦੇ ਹਾਂ, ਜ਼ਿਆਦਾ ਜਾਣਕਾਰੀ ਲਈ ਸਾਡੀ ਨੇੜੇ ਦੀ ਲੁਕੇਸ਼ਨ 'ਤੇ ਸੰਪਰਕ ਕਰੋ।

ਰਘੁਬੀਰ ਸਿੰਘ ਭੰਡਾਲ : 780-980-9192

ਜਸਪਾਲ ਸਿੰਘ ਭੰਡਾਲ :403-912-3232



Excellent ED Drywall

Excellent Drywall Ltd.

Residential & Commercial
Best Service & Quality

Free Estimates for :

- Boarding
- Taping
- Textured Spray
- Knock Down

ਡਰਾਈਵਾਲ ਦਾ ਵਧੀਆ ਕੰਮ ਵਾਜਬ ਕੀਮਤਾਂ 'ਤੇ ਕਰਵਾਉਣ ਲਈ ਕੁਲਵਿੰਦਰ ਨਾਲ ਸੰਪਰਕ ਕਰੋ

Email : excellentdrywall@yahoo.ca

780-729-3344, 780-902-2221

LUTHRA LAW GROUP

FREE CASE EVALUTION



- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation

Services in Hindi, Punjabi, Urdu & Arabic

Sarjan Luthra B.Sc, L.L.B

SARJAN LUTHRA TEAM

Barrister, Solicitor & Notary Public

780-466-4660 Fax : 780-463-4205

Chanprit S. Baweja (Prince)

Ask about : Personal Services

- Best Rates
- First Time Homebuyers
- Pre Approvals
- New to Canada
- Self Employed
- Construction Mortgage

Home Financing expertise available at your convernience

780-862-7717

chanprit.baweja@bmo.com



ANOVA DRIVING SCHOOL

ਕਾਰ ਚਲਾਉਣੀ ਸਿੱਖੋ

Badan Sehrawat



Phone : 780-709-6525



3rd in CANADA for Century 21-2005
Century 21 Canada Masters
Hall of fame Inductee

Sweg Deol

"Your Key Connection To Real Estate"

Sweg Deol

Please call for all your Commercial Real Estate Needs in Hotel, Motel, Apartments & Shopping Centers

Land Parcels Available in throughout Alberta

Cell : (780) 951-9873 Bus: (780) 434-4700

- CRIMINAL LAW
- REAL ESTATE LAW
- IMMIGRATION LAW
- FAMILY LAW
- BUSINESS LAW
- WILLS AND ESTATES
- CIVIL LAW
- BUILDER'S LIEN



If arrested do not giveup your rights unless you speak to us. We will fight tough for your rights.

VLG Lawyers*

Barristers, Solicitors & Notaries

Gurpreet Singh Gill*
Kevin E Moore*
Taranjeet K Virdee*

* An Association Of Independent Lawyers

Phone: 780-469-0045/46; Fax: 780-469-0096

Contact our team: #207, 9252 - 34 Ave. Edmonton, AB. T6E 5P2

FOR URGENT BAIL AND DEPORTATION MATTERS CALL US @ 780-982-6806 OR 780-288-1864

ADVANCED
Roofing Systems Ltd.

RESIDENTIAL COMMERCIAL

▪Residential/Commercial Insurance Claims ▪Asphalt & Specialty Shingles ▪Siding, Soffits,Fascia ▪2 Ply Membranes (SBS) ▪Cedar Shakes New & Re-Roof Specialists ▪Condominums Welcome ▪Steep Roofs Welcome Licenced & Insured ▪Pine Shake Replacement ▪Roof Top Snow removel ▪FREE Estimates




5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



Supreme Pizza
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton
780 485 1213 or 780 485 1231

Try Us Tonight For Best Deal In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche

GROVER PROFESSIONAL ACCOUNTING & TAX SERVICES

Neha Grover


Neha Grover

- Bookkeeping
- G.S.T.
- Payrolls
- Corporate & Professional Taxes
- E-files

203, 3476 - 93 Street, Edmonton, AB, T6E 6A4
Tel: 780-465-7085 ; Fax: 780-465-7086
Email : groveraccounting@gmail.com

A-WIN Insurance

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

A-WIN: MAKING LIFE EASY

Who We Are
Western Canada's Biggest Brokers Team, designed to serve Canadians' with solutions for your personal and professional insurance needs.

When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them

What we Offer
- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

What Our Customers Are Saying...

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ



ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਗੱਲਬਾਤ ਕਰ ਸਕਦੇ ਹਾਂ
We Provide Service In English, Punjabi and Hindi

Discounts up to 60%

Payment Options available

Edmonton : 780-465-6900
Calgary : 403-775-2100

ADVANCE DRIVING SCHOOL LTD.
www.advancedrivingschool.ca



- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

2 Locations to Serve You!
9253-34A Ave Edmonton, AB
10211-100 Ave Fort Saskatchewan, AB
780 660 4090

ALPHA
Tent Rentals
All Events Big or Small
We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354





### ਮਾਮਲਾ ਨੇਟਿਵ ਬੱਚਿਆਂ ਨਾਲ ਸਬੰਧਿਤ ਫੰਡਾਂ ਦਾ

# ਡੇਨੀਅਲ ਲਾਰਵੀ ਐਮਰਜੈਂਸੀ ਮੀਟਿੰਗ ਤੋਂ ਨਿਰਾਸ਼

**ਐਡਮਿੰਟਨ (ਨਦਬ) :** ਫੈਡਰਲ ਲਿਬਰਲਾਂ ਵੱਲੋਂ ਦੇਸ਼ੀ ਬੱਚਿਆਂ ਦੇ ਮਾਮਲੇ ਵਿਚ ਫੰਡਾਂ ’ਚ ਕਮੀ ਰੱਖਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ।



ਫੈਡਰਲ ਸਰਕਾਰ ਨੇ ਕਿਹਾ ਹੈ ਕਿ ਅਗਲੇ ਬਜਟ ਵਿਚ ਪੂਰੇ ਦੇਸ਼ ’ਚ ਦੇਸ਼ੀ ਬੱਚਿਆਂ ਦੇ ਫੰਡਾਂ ਵਿਚ ਕਮੀ ਰਹੇਗੀ। ਓਟਾਵਾ ਤੋਂ ਸੰਦੇਸ਼ ਬਿਲਕੁਲ ਸਪਸ਼ਟ ਹੈ। ਇਸ ਮਾਮਲੇ ਵਿਚ ਅਲਬਰਟਾ ਦੇ ਬੱਚਿਆਂ ਦੀਆਂ ਸੇਵਾਵਾਂ ਨਾਲ ਸਬੰਧਤ ਮੰਤਰੀ ਡੇਨੀਅਲ ਲਾਰਵੀ ਨੇ ਦੋ ਦਿਨਾਂ ਦੀ ਓਟਾਵਾ ਵਿਚ ਦੇਸ਼ੀ ਬੱਚਿਆਂ ਅਤੇ ਯੂਥ ਵੈਲਫੇਅਰ ਦੀ ਐਮਰਜੈਂਸੀ ਮੀਟਿੰਗ ਤੋਂ ਬਾਅਦ ਟੈਲੀਕਾਨਫਰੰਸ ਰਾਹੀਂ ਕਿਹਾ ਕਿ ਅਲਬਰਟਾ ਇਸ ਮਾਮਲੇ ਵਿਚ ਇੰਤਜ਼ਾਰ ਨਹੀਂ ਕਰੇਗਾ। ਅਸੀਂ ਬੱਚਿਆਂ ਨੂੰ ਇੰਤਜ਼ਾਰ ਦੇ ਭਰੋਸੇ ਨਹੀਂ ਛੱਡ ਸਕਦੇ। ਉਨ੍ਹਾਂ ਕਿਹਾ ਕਿ ਇਹ ਸਭ ਗਲਤ ਹੈ ਤੇ ਅਸੀਂ ਇਸ ਤਰ੍ਹਾਂ ਦੀ ਦੂਜੀ ਮੀਟਿੰਗ ਨਹੀਂ ਚਾਹੁੰਦੇ। ਅਸੀਂ ਇਸ ਮੀਟਿੰਗ ਵਿਚ ਕੁਝ ਪੁਖ਼ਤਾ ਕਰਨ ਦੀ ਆਸ ਲੈ ਕੇ ਆਏ ਸੀ ਪਰ ਇੱਥੇ ਅਜਿਹਾ ਕੁਝ ਨਹੀਂ ਹੋ ਸਕਿਆ।

ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਅਲਬਰਟਾ ਦੇ ਬੱਚਿਆਂ ਦੇ ਮਾਮਲਿਆਂ ’ਤੇ ਆਧਾਰਤ ਮਿਨੀਸਟਰੀਅਲ ਪੈਨਲ ਵਲੋਂ ਛੇਤੀ ਹੀ ਛੱਬੀ ਸਿਫ਼ਾਰਸ਼ਾਂ ਦੀ ਇਕ ਲੜੀ ਜਾਰੀ ਕੀਤੀ ਜਾਵੇਗੀ ਜਿਸ ਤੋਂ ਬਾਅਦ ਛੇਤੀ ਹੀ ਕਾਰਜ ਯੋਜਨਾ ਉਲੀਕੀ ਜਾਵੇਗੀ, ਜਿਸ ਦੇ ਸਾਰਥਕ ਸਿੱਟੇ ਛੇਤੀ ਸਾਹਮਣੇ ਆਉਣੇ ਤਹਿ ਹਨ। ਦੱਸਣਾ ਬਣਦਾ ਹੈ ਕਿ ਇਸ ਮੀਟਿੰਗ ਵਿਚ ਫੈਡਰਲ, ਸੂਬਾਈ ਅਤੇ ਦੇਸ਼ੀ ਰਾਜਨੀਤਿਕ ਆਗੂਆਂ ਸਮੇਤ ਬਹੁਤ ਸਾਰੇ ਸਮਾਜ ਸੇਵਕ ਸ਼ਾਮਲ ਹੋਏ ਸਨ। ਮੀਟਿੰਗ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ 400 ਦੇ ਕਰੀਬ ਸੀ। ਪਰ ਇਹ ਮੀਟਿੰਗ ਕਿਸੇ ਨਤੀਜੇ ’ਤੇ ਪਹੁੰਚੇ ਬਿਨਾਂ ਖਤਮ ਹੋਈ।

ਦੱਸਣਾ ਬਣਦਾ ਹੈ ਕਿ ਕਨੇਡੀਅਨ ਹਿਊਮਨ ਰਾਈਟ ਟ੍ਰਿਬਿਊਨਲ 2016 ਅਨੁਸਾਰ ਜੇਕਰ ਰਿਜ਼ਰਵ ਦੇਸ਼ੀ ਬੱਚਿਆਂ ਲਈ ਫੰਡਾਂ ਵਿਚ ਕਮੀ ਰੱਖਦੇ ਹੋ ਤਾਂ ਇਹ ਵਿਤਕਰਾ ਹੋਵੇਗਾ। ਪਰ ਫੈਡਰਲ ਸਰਕਾਰ ਇਸ ਟ੍ਰਿਬਿਊਨਲ ਦੀ ਧਾਰਾ ਦੀ ਸਿੱਧੀ ਉਲੰਘਣਾ ਕਰ ਰਹੀ ਹੈ।

# ਟਾਊਨ ਹਾਲ ਵਿਚ ਟਰੂਡੋ ਨੂੰ ਪੁੱਛੇ ਗਏ ਤਿੱਖੇ ਸੁਆਲ

### ਕਈਆਂ ਨੇ ਰੋਸ ਵਿਚ ਬੈਨਰ ਲਹਿਰਾਏ

ਐਡਮਿੰਟਨ, (ਨਦਬ) : ਐਡਮਿੰਟਨ ਦੇ ਟਾਊਨ ਹਾਲ ਵਿਚ ਜਸਟਿਨ ਟਰੂਡੋ ਨੂੰ ਸਵਾਲ ਤੇ ਸਵਾਲ ਦਾਗ਼ੇ ਗਏ। ਇਸ ਹਾਲ ਵਿਚ ਲਗਭਗ 1400 ਵਿਅਕਤੀਆਂ ਦਾ ਇਕੱਠ ਸੀ। ਇਸ ਮੀਟਿੰਗ ਦੌਰਾਨ ਫੈਡਰਲ ਨਾਲ ਜੁੜੇ ਮਾਮਲਿਆਂ ਨੂੰ ਲੈ ਕੇ ਅਲਬਰਟਾ ਵਾਸੀਆਂ ਵੱਲੋਂ ਤਿੱਖੇ ਸੁਆਲ ਕੀਤੇ ਗਏ। ਬਹੁਤ ਸਾਰੇ ਸੁਆਲ ਅਜਿਹੇ ਸਨ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਭਰੀ ਸਭਾ ਵਿਚ ਚੁੱਪ ਕਰਵਾ ਦਿੱਤਾ। ਪ੍ਰਧਾਨ ਮੰਤਰੀ ਨੂੰ ਪੁੱਛੇ ਗਏ ਸੁਆਲਾਂ ਵਿਚ ਕੁਝ ਅਜਿਹੇ ਸੁਆਲ ਸਨ ਜਿਨ੍ਹਾਂ ਦਾ ਪ੍ਰਧਾਨ ਮੰਤਰੀ ਨੂੰ ਜਵਾਬ ਦੇਣਾ ਮੁਸ਼ਕਲ ਹੋ ਗਿਆ ਜਿਵੇਂ ਕਿ ਛੋਟੇ ਵਪਾਰਕ ਧੰਦਿਆਂ ਵਿਚ ਟੈਕਸ ਦਾ ਵਾਧਾ ਕਿਵੇਂ ਉਚਿਤ ਹੈ। ਜਿਹੜੇ ਰੋਗ ਲਾਇਲਾਜ਼ ਹਨ ਉਨ੍ਹਾਂ ਨੂੰ ਲੈ ਕੇ ਫੈਡਰਲ ਸਰਕਾਰ ਕੀ ਕਰ ਰਹੀ ਹੈ। ਕੀ ਲਿਬਰਲ ਪੋਸਟ ਸੈਕੰਡਰੀ ਸਿੱਖਿਆ ਮੁਫ਼ਤ ਕਰਨਗੇ। ਨੇਟਿਵਾਂ ਦੀ ਸੁਲ੍ਹਾ ਨੂੰ ਲੈ ਕੇ ਉਹ ਕੀ ਰਹੇ ਹਨ ਆਦਿ ਅਜਿਹੇ ਸੁਆਲ ਸਨ ਜਿਨ੍ਹਾਂ ਦਾ ਲੋਕ ਸਪਸ਼ਟ ਉੱਤਰ ਚਾਹੁੰਦੇ ਸਨ।



ਸਾਬਕਾ ਫੌਜੀਆਂ ਵੱਲੋਂ ਪੁੱਛੇ ਗਏ ਸੁਆਲਾਂ ਕਿ ਅਫ਼ਗਾਨੀਸਤਾਨ ਵਿਚ ਅਕਤੂਬਰ 2009 ਤੋਂ ਲੈ ਕੇ ਅਪ੍ਰੈਲ 2010 ਤੱਕ ਜਿਨ੍ਹਾਂ ਫੌਜੀਆਂ ਦਾ ਸਰੀਰਕ ਨੁਕਸਾਨ ਹੋਇਆ ਉਨ੍ਹਾਂ ਨੂੰ ਮੁਆਵਜ਼ਾ ਲੈਣ ਲਈ ਅਦਾਲਤ ਕਿਉਂ ਜਾਣਾ ਪੈ ਰਿਹਾ ਹੈ ਅਤੇ ਕੀ ਜਦੋਂ ਜਵਾਨ ਦੇਸ਼ ਲਈ ਲੜਦੇ ਹਨ ਤਾਂ ਦੇਸ਼ ਵੀ ਉਨ੍ਹਾਂ ਦੇ ਪਿੱਠ ’ਤੇ ਹੁੰਦਾ ਹੈ ? ਟਰੂਡੋ ਵੱਲੋਂ ਬਹੁਤ ਸੋਚ ਸਮਝ ਕੇ ਇਨ੍ਹਾਂ ਸੁਆਲਾਂ ਦਾ ਜਵਾਬ ਦਿੱਤਾ ਗਿਆ ਜਦੋਂ ਅਦਾਲਤ ਜਾਣ ਦਾ ਸੁਆਲ ਆਇਆ ਤਾਂ ਉਨ੍ਹਾਂ ਕਿਹਾ ਕਿ ਕੁਝ ਜਵਾਨ ਉਸ ਤੋਂ ਵੱਧ ਉਮੀਦ ਕਰਦੇ ਹਨ ਜੋ ਅਸੀਂ ਦਿੰਦੇ ਹਾਂ। ਆਖ਼ਰੀ ਸੁਆਲ ਕਨੇਡਾ ਦੀ ਚੋਣ ਪ੍ਰਣਾਲੀ ਵਿਚ ਸੁਧਾਰ ਬਾਰੇ ਪੁੱਛਿਆ ਗਿਆ ਤੇ ਕਿ ਉਹ ਇਸ ਵਿਚ ਸੁਧਾਰ ਲਈ ਕੀ ਕਰ ਰਹੇ ਹਨ। ਉਨ੍ਹਾਂ ਇਸ ਸੁਆਲ ਦਾ ਗੋਲ ਮੋਲ ਜਵਾਬ ਦਿੱਤਾ।

ਇਸ ਮੀਟਿੰਗ ਦੌਰਾਨ ਕਈਆਂ ਵੱਲੋਂ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ। ਕੁੱਝ ਅਜਿਹੇ ਵੀ ਸਨ ਜਿਨ੍ਹਾਂ ਨੇ ਚੁੱਪਚਾਪ ਆਪਣਾ ਰੋਸ ਪ੍ਰਗਟਾਇਆ। ਜਦੋਂ ਟ੍ਰਾਂਸ ਮਾਉਂਟੇਨ ਦੇ ਵਿਸਥਾਰ ਸਬੰਧੀ ਸੁਆਲ ਪੁੱਛਿਆ ਗਿਆ ਤਾਂ ਕਈ ਪ੍ਰਦਰਸ਼ਕਾਰੀਆਂ ਵੱਲੋਂ ਬੈਨਰ ਲਹਿਰਾਏ ਗਏ।

# ਗ੍ਰੈਂਡ ਰਿਵਰ ਦੇ ਛੇ ਨੇਸ਼ਨਾਂ ਵੱਲੋਂ ਨੈਸ਼ਲੇ ਵਾਟਰਜ਼ ਦੀ ਯੋਜਨਾ ਨੂੰ ਚੁਣੌਤੀ

**ਗ੍ਰੈਂਡ ਰਿਵਰ (ਨਦਬ) :** ਛੇ ਨੇਸ਼ਨਾਂ ਦੀ ਪਰੰਪਰਗਤ ਇਲਾਕੇ ਵਿਚੋਂ ਬੋਤਲ ਵਾਲੇ ਪਾਣੀ ਦੀ ਯੋਜਨਾ ਨੂੰ ਲੈ ਕੇ ਪਿਛਲੇ ਦਿਨੀਂ ਨੈਸਲੇ ਵਾਟਰਜ਼ ਕਨੇਡਾ ਛੇ ਨੇਸ਼ਨਾਂ ਦੀ ਬੈਂਡ ਕੌਂਸਲ ਨੂੰ ਮਿਲੀ ਤਾਂ ਜੋ ਸੂਬਾਈ ਸਰਕਾਰ ਯੋਜਨਾ ਜਾਰੀ ਰਹਿਣ ਦੇਵੇ ਤੇ ਇਸ ਮਾਮਲੇ ਵਿਚ ਉਹ ਬੈਂਡ ਕੌਂਸਲ ਦਾ ਸਮਰਥਨ ਹਾਸਲ ਕਰ ਸਕੇ।



ਵਾਤਾਵਰਣ ਸਬੰਧੀ ਮੰਤਰਾਲੇ ਨਾਲ ਜੁੜੀ ਐਨਾ ਮਿਲਨਰ ਨੇ ਕਿਹਾ ਕਿ ਇਸ ਮਾਮਲੇ ਵਿਚ ਮੰਤਰਾਲੇ ਦੀ ਜ਼ਿੰਮੇਵਾਰੀ ਹੈ ਕਿ ਉਹ ਮਾਮਲਾ ਵਿਚਾਰੇ ਪਰ ਨੈਸਲੇ ਨੂੰ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਉਹ ਸਿੱਧੀ ਕਮਿਊਨਿਟੀਆਂ ਨਾਲ ਗੱਲ ਕਿਉਂ ਨਹੀਂ ਕਰਦੀ। ਕੰਪਨੀ ਉਨ੍ਹਾਂ ਦੇ ਸਰੋਕਾਰਾਂ ਨੂੰ ਸਮਝੇ ਤੇ ਉਨ੍ਹਾਂ ਨਾਲ ਮਿਲ ਕੇ ਕੰਮ ਕਰੇ। ਇਸ ਮਾਮਲੇ ਵਿਚ ਚੁਣੀ ਹੋਈ ਚੀਫ਼ ਆਵਾ ਹਿੱਲ ਨੇ ਨੈਸਲੇ ਦੇ ਪ੍ਰਤੀਨਿਧੀਆਂ ਨੂੰ ਪੁੱਛਿਆ ਹੈ ਕਿ ਜੇਕਰ ਛੇ ਨੇਸ਼ਨ ਪਲਾਂਟਾਂ ਨੂੰ ਲੈ ਕੇ ਆਪਣੀ ਅਸਹਿਮਤੀ ਦਿੰਦੇ ਹਨ ਤਾਂ ਕੀ ਉਹ ਪਲਾਂਟ ਬੰਦ ਕਰ ਦੇਣਗੇ। ਤੁਸੀਂ ਧਰਤੀ ਹੇਠਲਾ ਪਾਣੀ ਕੱਢ ਰਹੇ ਹੋ ਤੇ ਅਸੀਂ ਅਜਿਹਾ ਨਹੀਂ ਚਾਹੁੰਦੇ। ਉਨ੍ਹਾਂ ਨੈਸਲੇ ਨੂੰ ਸਪਸ਼ਟ ਕੀਤਾ ਮਸ਼ਵਰਾ ਕਰਨ ਦਾ ਪਖੰਡ ਸਾਨੂੰ ਬਿਲਕੁਲ ਪਸੰਦ ਨਹੀਂ। ਦੱਸਣਾ ਬਣਦਾ ਹੈ ਇਸ ਮਾਮਲੇ ਵਿਚ ਕੌਂਸਲ ਆਫ਼ ਕਨੇਡੀਅਨ ਛੇ ਨੇਸ਼ਨਾਂ ਨਾਲ ਹੈ। ਕੌਂਸਲ ਨੇ ਇਸ ਮਾਮਲੇ ਵਿਚ ਪ੍ਰੀਮੀਅਰ ਕੈਥਲੀਨ ਨੂੰ ਤੁਰੰਤ ਉਚਿਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਇੱਥੇ ਇਹ ਵੀ ਜ਼ਰੂਰੀ ਜ਼ਿਕਰਯੋਗ ਹੈ ਕਿ ਛੇ ਨੇਸ਼ਨਾਂ ਵਿਚ ਰਹਿੰਦੇ ਗਿਆਰ੍ਹਾਂ ਹਜ਼ਾਰ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਨਹੀਂ ਮਿਲ ਰਿਹਾ।

ਐਬਰਫੋਇਲ ਵਿਚ ਨੈਸਲੇ ਦਾ ਪਰਮਿਟ 31 ਜੁਲਾਈ 2016 ਨੂੰ ਖਤਮ ਹੋ ਗਿਆ ਸੀ। ਹਿਲਸਬਰਗ ਵਿਚ 31 ਅਗਸਤ 2017 ਨੂੰ ਖਤਮ ਹੋ ਗਿਆ ਸੀ।


EmbroidMe®

ਕਾਰੋਬਾਰ ਦੇ ਪ੍ਰਚਾਰ ’ਚ ਤੁਹਾਡੇ ਦੋਸਤ !

your promotional marketing partner

- sports team apparel
- business and corporate branding
- promotional products
- thousands of products available

ਆਪਣੇ ਬਰੈਂਡ ਪ੍ਰਮੋਸ਼ਨ ਅਤੇ ਪ੍ਰਚਾਰ ਨਾਲ ਸਬੰਧਤ ਹਰੇਕ ਤਰ੍ਹਾਂ ਦੀਆਂ ਵਸਤਾਂ ਲਈ ਅੱਜ ਹੀ ਸੰਪਰਕ ਕਰੋ



Lisa

780.328.2020 | 5017-52 Ave, Beaumont  EmbroidMe-EdmontonSE.com  more than just embroidery

Services Provided

We also do Braces

Cosmetic and Preventive Dentistry including:

- Check Ups and Cleanings
- Fillings
- TMJ
- Implants
- Teeth Whitening
- Teeth Straightening-Invisalign
- Sports and Night Gaurds
- Crowns and Bridges
- Partial and Full Dentures
- Wisdom Teeth Extractions
- Root Canal Therapy

Open 7 days a week including evenings and weekends !

Clinic Hours:
- Mondays and Wednesdays 12-8
- Tuesdays and Thursdays 9-8
- Fridays 9-5
- Saturdays and Sundays 9-4

Maple DENTALCLINIC

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।

Accepting New Patients

Appointments @

780-440-5001



Dr. Amritpal Singh



Dr. Sandeep Dhaliwal

4444-36 Ave NW Edmonton, AB T6L 3S1

# ਬਰਗਰ ਕਿੰਗ ਦੀ ਸਾਖ਼ਾ 'ਚ ਹੀ ਸੌਂਦੇ ਹਨ ਵਿਦੇਸ਼ੀ ਕਾਮੇ

## ਅਲਬਰਟਾ ਹੈਲਥ ਸਰਵਿਸਿਜ਼ ਵੱਲੋਂ ਨੋਟਿਸ ਜਾਰੀ

**ਲੈਥਬ੍ਰਿਜ਼/ਅਲਬਰਟਾ (ਨਦਬ)** : ਇਥੇ ਸਥਿਤ ਬਰਗਰ ਕਿੰਗ ਦੀ ਇਕ ਸਾਖ਼ਾ ਵਿਚ ਪਿਛਲੇ ਦਿਨੀਂ ਇੰਸਪੈਕਟਰਾਂ ਵੱਲੋਂ ਕੀਤੀ ਚੈਕਿੰਗ ਦੌਰਾਨ ਪਤਾ ਲੱਗਾ ਕਿ ਇਸ ਸਾਖ਼ਾ ਵਿਚ ਕੰਮ ਕਰਦੇ ਵਿਦੇਸ਼ੀ ਕਾਮੇ ਬਿਲਡਿੰਗ ਦੀ ਬੇਸਮੈਂਟ ਵਿਚ ਹੀ ਸੌਂਦੇ ਤੇ ਰਹਿੰਦੇ ਹਨ। ਇਸ ਨੂੰ ਲੈ ਕੇ ਲੰਘੀ ਦਸ ਜਨਵਰੀ ਨੂੰ ਅਲਬਰਟਾ ਹੈਲਥ ਸਰਵਿਸਿਜ਼ ਵੱਲੋਂ ਨੋਟਿਸ ਵੀ ਜਾਰੀ ਕੀਤਾ ਗਿਆ ਹੈ ਤੇ ਦਾਅਵਾ ਕੀਤਾ ਗਿਆ ਹੈ ਕਿ ਇਸ ਸਬੰਧੀ ਸਬੂਤ ਵੀ ਹਨ।

ਦੱਸਣਾ ਬਣਦਾ ਹੈ ਕਿ ਰੇਸਤਰਾਂ ਵਿਚ ਰਿਹਾਇਸ਼ ਬਣਾਉਣਾ ਸਿਹਤ ਸਬੰਧੀ ਨਿਯਮਾਂ ਦੀ ਸਿੱਧੀ ਉਲੰਘਣਾ ਹੈ। ਨਿਯਮਾਂ ਮੁਤਾਬਕ ਸੁਰੱਖਿਆ ਤੇ ਸਫ਼ਾਈ ਦੇ ਮੱਦੇਨਜ਼ਰ ਭੋਜਨ ਵਾਲੀਆਂ ਥਾਵਾਂ ਅੰਦਰ ਰਿਹਾਇਸ਼ ਨਹੀਂ ਹੋਣੀ ਚਾਹੀਦੀ।




ਮਾਮਲਾ ਸਾਹਮਣੇ ਆਉਂਦਿਆਂ ਹੀ ਕੰਪਨੀ ਵੱਲੋਂ ਰੇਸਤਰਾਂ ਵਿਚ ਰਿਹਾਇਸ਼ ਦੇ ਸਾਰੇ ਸਬੂਤ ਮਿਟਾ ਦਿੱਤੇ ਗਏ ਹਨ ਤੇ ਇਸ ਗੱਲ ਨੂੰ ਪੂਰੀ ਤਰ੍ਹਾਂ ਯਕੀਨੀ ਬਣਾਇਆ ਗਿਆ ਹੈ ਕਿ ਇਸ ਤਰ੍ਹਾਂ ਜਾਪੇ ਕਿ ਇੱਥੇ ਕਿਸੇ ਦੀ ਰਿਹਾਇਸ਼ ਨਹੀਂ ਸੀ। ਬੇਸਮੈਂਟ ਅਤੇ ਦੂਜੇ ਕਮਰਿਆਂ ਨੂੰ ਉਪਕਰਨਾਂ ਨਾਲ ਤੁੰਨ ਦਿੱਤਾ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਕੰਪਨੀ ਦਾ ਦਾਅਵਾ ਹੈ ਕਿ ਉਪਰੋਕਤ ਸਾਰੇ ਦੋਸ਼ ਝੂਠੇ ਹਨ ਤੇ ਅਸੀਂ ਹਮੇਸ਼ਾਂ ਨਿਯਮਾਂ ਅਤੇ ਮਾਪਦੰਡਾਂ ਦੀ ਪਾਲਣਾ ਕੀਤੀ ਹੈ। ਲੇਦਬ੍ਰਿਜ਼ ਪੁਲੀਸ ਦੇ ਅਧਿਕਾਰੀ ਦਾ ਕਹਿਣਾ ਹੈ ਕਿ ਅਫ਼ਸਰ ਅਜੇ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਰੈੱਡ ਡੀਅਰ, ਅਲਟਾ 'ਚ ਇਕੋਨੋ ਲੌਜ਼ ਦੇ ਮਾਲਕ ਨੂੰ ਵਿਦੇਸ਼ੀ ਕਾਮਿਆਂ ਦੇ ਸੋਸ਼ਣ ਕਰਨ ਦੇ ਮਾਮਲੇ ਵਿਚ ਸਜ਼ਾ ਅਤੇ ਜ਼ੁਰਮਾਨਾ ਹੋਇਆ ਸੀ। ਲੌਜ਼ਵਿਚ ਨੇ ਚਾਰ ਕਾਮਿਆਂ ਨੂੰ ਚਾਰ ਸੌ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਕਿਰਾਏ 'ਤੇ ਰੱਖਿਆ ਹੋਇਆ ਸੀ।

# ਟਿਮ ਹੌਰਟਨਜ਼ ਦੇ ਕਾਮਿਆਂ ਵਲੋਂ ਘੱਟ ਮਿਹਨਤਾਨੇ ਵਿਰੁੱਧ ਪ੍ਰਦਰਸ਼ਨ

**ਟੋਰਾਂਟੋ (ਨਦਬ)** : ਕਾਮਿਆਂ ਨਾਲ ਹੁੰਦੇ ਸੋਸ਼ਣ ਨੂੰ ਲੈ ਕੇ ਹੀ ਟਿਮ ਹੌਰਟਨਸ ਖ਼ਿਲਾਫ਼ ਪ੍ਰਦਰਸ਼ਨ ਹੋ ਰਹੇ ਹਨ। ਇਸ ਦੀ ਸ਼ੁਰੂਆਤ ਅਨਟਾਰੀਓ ਤੋਂ ਹੋਈ ਸੀ, ਪਰ ਹੁਣ ਪੂਰੇ ਕਨੇਡਾ ਵਿਚ ਟਿਮ ਹੌਰਟਨਸ ਵਿਰੁੱਧ ਪ੍ਰਦਰਸ਼ਨ ਹੋ ਰਹੇ ਹਨ। ਜਿਨ੍ਹਾਂ ਮੁੱਖ ਸ਼ਹਿਰਾਂ ਵਿਚ ਪ੍ਰਦਰਸ਼ਨ ਹੋ ਰਹੇ ਹਨ, ਉਨ੍ਹਾਂ ਵਿਚ ਕੈਲਗਰੀ, ਹੈਲੀਫੈਕਸ, ਸਸਕਾਟੂਨ, ਰੈਜੀਨਾ, ਵੈਨਕੂਵਰ ਅਤੇ ਬ੍ਰਿਟਿਸ਼ ਕੋਲੰਬੀਆ ਦੇ ਕੁਝ ਹੋਰ ਸ਼ਹਿਰ ਸ਼ਾਮਲ ਹਨ। ਇਸ ਮਹੀਨੇ ਦੇ ਸ਼ੁਰੂ ਵਿਚ ਅਨਟਾਰੀਓ ਵਿਚ ਟਿਮ ਹੌਰਟਨਸ ਦੇ 16 ਰੇਸਤਰਾਂ ਅੱਗੇ ਮੁਜ਼ਾਹਰੇ ਕੀਤੇ ਗਏ।

ਲੰਘੀ ਦਸ ਜਨਵਰੀ ਨੂੰ ਵੀ ਪ੍ਰਦਰਸ਼ਨਕਾਰੀਆਂ ਵੱਲੋਂ ਟਿਮ ਹੌਰਟਨਸ ਦੇ ਖ਼ਿਲਾਫ਼ ਕਈ ਥਾਵਾਂ 'ਤੇ ਮੁਜ਼ਾਹਰੇ ਕੀਤੇ ਗਏ। ਦੱਸਣਾ ਬਣਦਾ ਹੈ ਕਿ ਕਾਮੇ ਇਸ ਗੱਲੋਂ ਨਾਰਾਜ਼ ਹਨ ਕਿ ਸੂਬੇ 'ਚ ਘੱਟੋ ਘੱਟ ਮਿਹਨਤਾਨੇ ਵਿਚ ਵਾਧੇ ਦੀ ਯੋਜਨਾ ਦੇ ਬਾਵਜੂਦ ਕੰਪਨੀ ਦੀਆਂ ਕਈ ਸਾਖ਼ਾਵਾਂ ਵਿਚ ਕਾਮਿਆਂ ਨੂੰ ਮਿਲਦੇ ਲਾਭ ਅਤੇ ਸੁਵਿਧਾਵਾਂ 'ਤੇ ਕੱਟ ਲਾ ਦਿੱਤਾ ਗਿਆ ਹੈ। ਅਨਟਾਰੀਓ ਵਿਚ ਘੱਟੋ ਘੱਟ ਮਿਹਨਤਾਨੇ ਵਿਚ ਵਾਧਾ 11.60 ਡਾਲਰ ਤੋਂ 14 ਡਾਲਰ ਪ੍ਰਤੀ ਘੰਟਾ ਇਸ ਮਹੀਨੇ ਦੇ ਸ਼ੁਰੂ ਤੋਂ ਹੋਇਆ ਹੈ ਜਦੋਂਕਿ ਕੰਪਨੀ ਇਸ ਤੋਂ ਭੱਜ ਰਹੀ ਹੈ।




ਕਾਮਿਆਂ ਦੀ ਬੁਲਾਰਾ ਬ੍ਰਿਟਨੀ ਸਮਿਥ ਨੇ ਕਿਹਾ ਕਿ ਜੇ ਕੰਪਨੀ ਕੋਲ ਕੋਈ ਦਲੀਲ ਹੈ ਤਾਂ ਉਸ ਦੇ ਅਧਿਕਾਰੀ ਦਫ਼ਤਰ 'ਚੋਂ ਬਾਹਰ ਆ ਕੇ ਗੱਲ ਕਰਨ। ਕਾਮਿਆਂ ਦਾ ਹੱਕ ਨਾ ਮਾਰਨ। ਉਨ੍ਹਾਂ ਕਿਹਾ ਕਿ ਇਹ ਇੰਨੀ ਵੱਡੀ ਰਾਸ਼ਟਰੀ ਕੰਪਨੀ ਹੈ ਪਰ ਕਾਮਿਆਂ ਦੇ ਹੱਕਾਂ ਨੂੰ ਸੁਰੱਖਿਆ ਨਹੀਂ ਦੇ ਪਾ ਰਹੀ।

ਕੰਪਨੀ ਦਾ ਕਹਿਣਾ ਹੈ ਕਿ ਕਾਮਿਆਂ ਦੀਆਂ ਤਨਖ਼ਾਹਾਂ ਤੇ ਹੋਰ ਸੁਵਿਧਾਵਾਂ ਦੇ ਮਾਮਲੇ ਵਿਚ ਸਾਖ਼ਾਵਾਂ ਦਾ ਪ੍ਰਬੰਧ ਸੁਤੰਤਰ ਹੈ ਤੇ ਸਾਖ਼ਾਵਾਂ ਹੀ ਇਸ ਲਈ ਜ਼ਿੰਮੇਵਾਰ ਹਨ। ਇਹ ਜ਼ਿੰਮੇਵਾਰੀ ਉਨ੍ਹਾਂ ਨੂੰ ਨਿਯਮਾਂ ਮੁਤਾਬਕ ਉਠਾਉਣੀ ਚਾਹੀਦੀ ਹੈ।

# ਦੇਸੀ ਲੋਕਾਂ ਬਾਰੇ ਕੀਤੀ ਟਿੱਪਣੀ 'ਤੇ ਵਿਧਾਇਕ ਨੇ ਮੰਗੀ ਮਾਫ਼ੀ

**ਐਡਮਿੰਟਨ (ਨਦਬ)** : ਦੱਖਣੀ ਅਲਬਰਟਾ ਤੋਂ ਯੂਨਾਈਟਡ ਕੰਜ਼ਰਵੇਟਿਵ ਪਾਰਟੀ ਦੇ ਵਿਧਾਇਕ ਡੇਵ ਸ਼ਨਾਈਡਰ ਵਲੋਂ ਕੀਤੀ ਅਭੱਦਰ ਟਿੱਪਣੀ ਦਾ ਮਾਮਲਾ ਭਖਦਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਸ਼ਨਾਈਡਰ ਦਾ ਫਸਟ ਨੇਸ਼ਨਜ਼ ਭਾਵ ਦੇਸੀ ਵੋਟਰਾਂ ਬਾਰੇ ਬਿਆਨ ਛਪਿਆ ਸੀ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਇਹ ਲੋਕ ਰਵਾਇਤੀ ਢੰਗ ਨਾਲ ਵੋਟ ਨਹੀਂ ਪਾਉਂਦੇ ਤੇ ਇਸ ਤਰ੍ਹਾਂ ਉਹ ਕਿਵੇਂ ਇਸ ਸਿਆਸੀ ਵਿਵਸਥਾ ਨਾਲ ਜੁੜ ਸਕਦੇ ਹਨ। ਇਹ ਲੋਕ ਕਨੇਡਾ ਦੇ ਮਹੱਤਵਪੂਰਨ ਵਿਅਕਤੀਆਂ ਬਾਰੇ ਹੀ ਗੱਲ ਕਰਨਾ ਪਸੰਦ ਕਰਦੇ ਹਨ ਜਿਵੇਂ ਕਿ ਦੇਸ਼ ਦੇ ਪ੍ਰਧਾਨ ਮੰਤਰੀ ਜਾਂ ਅਜਿਹੇ ਕਿਸੇ ਹੋਰ ਬਾਰੇ। ਉਨ੍ਹਾਂ ਵੱਲੋਂ ਇਹ ਟਿੱਪਣੀ ਉਦੋਂ ਕੀਤੀ ਗਈ ਜਦੋਂ ਇਕ ਪੱਤਰਕਾਰ ਨੇ ਚੋਣ ਸਮੀਕਰਨਾਂ ਨੂੰ ਲੈ ਕੇ ਸਵਾਲ ਪੁੱਛਿਆ ਸੀ। ਵਿਧਾਇਕ ਡੇਵ ਦੀ ਇਹ ਟਿੱਪਣੀ ਛਪਣ ਤੋਂ ਬਾਅਦ ਫਸਟ ਨੇਸ਼ਨਜ਼ ਦੇ ਆਗੂਆਂ ਵੱਲੋਂ ਇਸ ਦੀ ਸਖ਼ਤ ਨਿੰਦਾ ਕੀਤੀ ਗਈ ਤੇ ਯੂਸੀਪੀ ਦੇ ਆਗੂ ਜੈਸਨ ਕੈਨੀ ਨੂੰ ਮਾਫ਼ੀ ਮੰਗਣ ਲਈ ਕਿਹਾ ਗਿਆ। ਇਸ ਦੀ ਪ੍ਰਤੀਕਿਰਿਆ ਵਜੋਂ ਯੂਸੀਪੀ ਦੀ ਬੁਲਾਰਾ ਅਤੇ ਵਿਧਾਇਕ ਦੇ ਚੋਣ ਹਲਕੇ ਦੇ ਸਟਾਫ਼ ਵੱਲੋਂ ਪਿਛਲੇ ਦਿਨੀਂ ਟਵਿੱਟਰ 'ਤੇ ਮਾਫ਼ੀ ਮੰਗੀ ਗਈ ਹੈ। ਵਿਧਾਇਕ ਨੇ ਟਵੀਟ ਕਰਦਿਆਂ ਕਿਹਾ ਹੈ ਕਿ ਜੇਕਰ ਮੇਰੇ ਸ਼ਬਦਾਂ ਨਾਲ ਕਿਸੇ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਮਾਫ਼ੀ ਮੰਗਦਾ ਹਾਂ।





# ਘੱਟ ਆਮਦਨ ਵਾਲੇ ਅਮਰੀਕੀ ਮੁਨਾਫ਼ਾ ਕੇਂਦਰਾਂ ਨੂੰ ਦਾਨ ਕਰਦੇ ਹਨ ਪਲਾਜ਼ਮਾ

**ਇਕ ਵਾਰ ਪਲਾਜ਼ਮਾ ਦਾਨ ਕਰਨ ਦੇ 30 ਤੋਂ 40 ਡਾਲਰ ਪ੍ਰਾਪਤ ਹੁੰਦੇ ਹਨ**



ਪੂਰੇ ਦੇਸ਼ ਵਿਚ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਅਮਰੀਕੀ ਮੁਨਾਫ਼ਾ ਕੇਂਦਰਾਂ ਅੱਗੇ ਇਸ ਲਈ ਲਾਈਨ ਬਣਾ ਕੇ ਖੜ੍ਹੇ ਰਹਿੰਦੇ ਹਨ ਕਿ ਕਦੋਂ ਉਨ੍ਹਾਂ ਦੀ ਬਾਂਹ ਵਿਚ ਸੂਈ ਚੁਭਾਈ ਜਾਵੇ ਤਾਂ ਜੋ ਉਹ ਪਲਾਜ਼ਮਾ ਦਾਨ ਕਰ ਸਕਣ। ਦਰਅਸਲ; ਇਸ ਬਦਲੇ ਦਾਨ ਕਰਨ ਵਾਲਿਆਂ ਨੂੰ ਰਕਮ ਮਿਲਦੀ ਹੈ ਤੇ ਪਲਾਜ਼ਮਾ ਖਰੀਦਣ ਵਾਲੀਆਂ ਕੰਪਨੀਆਂ ਇਸ ਦਾ ਸ਼ੁੱਧੀਕਰਨ ਕਰਕੇ ਇਸ ਨੂੰ ਲਾਈਫ ਸੇਵਿੰਗ ਡਰੱਗ ਵਿਚ ਤਬਦੀਲ ਕਰਦੀਆਂ ਹਨ। ਇਨ੍ਹਾਂ ਦਵਾਈਆਂ ਦਾ ਇਸਤਮਾਲ ਇਮਿਊਨ ਡਿਸਆਰਡਰ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਲਈ ਕੀਤਾ ਜਾਂਦਾ ਹੈ। ਦੱਸਣਾ ਬਣਦਾ ਹੈ ਕਿ ਪਲਾਜ਼ਮਾ ਖੂਨ ਵਿਚ ਅਜਿਹਾ ਤਰਲ ਪਦਾਰਥ ਹੁੰਦਾ ਹੈ ਜਿਸ ਵਿਚ ਖ਼ਾਸ ਤਰ੍ਹਾਂ ਦੇ ਪ੍ਰੋਟੀਨ ਪਾਏ ਜਾਂਦੇ ਹਨ।

ਪਲਾਮਜ਼ਮਾ ਦਾਨ ਕਰਨ ਵਾਲੇ ਡੇਵਿਡ ਨਾਮ ਦੇ ਇਕ ਵਿਅਕਤੀ ਨੇ ਦੱਸਿਆ ਕਿ ਉਸ ਨੇ ਪੈਸੇ ਲਈ ਅਜਿਹਾ ਕੀਤਾ ਹੈ। ਉਹਨੇ ਦੱਸਿਆ ਕਿ ਮੈਂ ਆਮ ਤੌਰ 'ਤੇ 14 ਬੱਕ ਪ੍ਰਤੀ ਘੰਟੇ ਦੇ ਹਿਸਾਬ ਨਾਲ ਰਿਪੇਅਰ ਟੈਕਨੀਸ਼ੀਅਨ ਦਾ ਕੰਮ ਕਰਦਾ ਹਾਂ ਪਰ ਮੈਨੂੰ ਇਸ ਤੋਂ ਇਲਾਵਾ ਹੋਰ ਪੈਸਿਆਂ ਦੀ ਜ਼ਰੂਰਤ ਹੁੰਦੀ ਹੈ।

ਦੁਨੀਆ ਵਿਚ ਅਮਰੀਕਾ ਵੱਲੋਂ ਸਪਲਾਈ ਕੀਤਾ ਜਾਂਦਾ 94 ਪ੍ਰਤੀਸ਼ਤ ਪਲਾਜ਼ਮਾ ਖਰੀਦਿਆ ਜਾਂਦਾ ਹੈ ਇਹੀ ਕਾਰਨ ਹੈ ਕਿ ਅਮਰੀਕਾ ਵਿਚ 80 ਪ੍ਰਤੀਸ਼ਤ ਪਲਾਜ਼ਮਾ ਸੈਂਟਰ ਗਰੀਬ ਅਤੇ ਪਛੜੇ ਇਲਾਕਿਆਂ ਵਿਚ ਹਨ।

ਪਲਾਜ਼ਮਾ ਦਾਨ ਕਰਨ ਵਾਲਿਆਂ ਵਿਚ ਜ਼ਿਆਦਾਤਰ ਫੁੱਲ ਟਾਈਮ ਨੌਕਰੀ ਕਰਨ ਵਾਲੇ ਅਤੇ ਘੱਟ ਆਮਦਨ ਵਾਲੇ ਹੁੰਦੇ ਹਨ ਜਿਨ੍ਹਾਂ ਲਈ ਜ਼ਰੂਰਤਾਂ ਨੂੰ ਪੂਰਾ ਕਰਨਾ ਮੁਸ਼ਕਲ ਹੁੰਦਾ ਹੈ। ਬਰਗਰ ਕਿੰਗ 'ਤੇ ਕੰਮ ਕਰਨ ਵਾਲੇ ਵਿਲੀਅਮ ਨਾਮ ਦੇ ਇਕ ਕਰਮਚਾਰੀ ਨੇ ਦੱਸਿਆ ਕਿ ਉਹ ਹਫ਼ਤੇ ਵਿਚ ਦੋ ਵਾਰ ਪਲਾਜ਼ਮਾ ਦਾਨ ਕਰਦਾ ਹੈ।

ਜ਼ਿਕਰਯੋਗ ਹੈ ਕਿ ਇਕ ਵਾਰ ਪਲਾਜ਼ਮਾ ਦਾਨ ਕਰਨ ਦੇ 30 ਤੋਂ 40 ਡਾਲਰ ਪ੍ਰਾਪਤ ਹੁੰਦੇ ਹਨ। ਪਲਾਜ਼ਮਾ ਦਾ ਵਿਸ਼ਵ ਪੱਧਰ 'ਤੇ 19.7 ਬਿਲੀਅਨ ਡਾਲਰ ਦਾ ਉਦਯੋਗ ਹੈ। ਵਿਦੇਸ਼ੀ ਕੰਪਨੀਆਂ ਦਵਾਈਆਂ ਬਣਾਉਣ ਲਈ ਪਲਾਜ਼ਮਾ ਖ਼ਰੀਦਣ ਅਮਰੀਕਾ ਆਉਂਦੀਆਂ ਹਨ ਜਦੋਂਕਿ ਇਹ ਖ਼ਰੀਦਦਾਰੀ ਇਕ ਨੰਬਰ ਵਿਚ ਨਹੀਂ ਹੁੰਦੀ ਕਿਉਂਕਿ ਅਮਰੀਕਾ ਦਾ ਕਾਨੂੰਨ ਪਾਲਜ਼ਮਾ ਨੂੰ ਦਾਨ ਕਰਨ ਦੇ ਪੱਖ ਵਿਚ ਹੈ ਨਾ ਕਿ ਖ਼ਰੀਦਣ ਦੇ।

ਯੂਸੀਐਲ ਵਿਚ ਇਮੋਨੋਲਜ਼ੀ ਦੇ ਪ੍ਰੋਫੈਸਰ ਡਾ. ਰੋਜ਼ਰ ਦਾ ਕਹਿਣਾ ਹੈ ਕਿ ਜ਼ਿਆਦਾਤਰ ਲੋਕ ਇਸ ਮਾਮਲੇ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ ਜਦੋਂਕਿ ਉਹ ਇਸ ਦਾਨ ਦੇ ਚਿਰਕਾਲੀ ਨਾਕਾਰਤਾਮਕ ਪ੍ਰਭਾਵਾਂ ਤੋਂ ਅਣਜਾਣ ਹੁੰਦੇ ਹਨ।

ਪਲਾਜ਼ਮਾ ਪ੍ਰੋਟੀਨ ਥੇਰਾਪਿਉਟਿਕਸ ਐਸੋਸੀਏਸ਼ਨ ਅਨੁਸਾਰ ਪਲਾਜ਼ਮਾ ਦੇ ਦਾਨ ਨੂੰ ਲੈ ਕੇ ਮਾਪਦੰਡ ਐਫਡੀਏ ਵੱਲੋਂ ਪ੍ਰਮਾਣਤ ਹਨ ਤੇ ਇਹ ਲਗਭਗ 50 ਸਾਲਾਂ ਤੋਂ ਤੈਅ ਹਨ।

ਇਹ ਨਿਯਮ ਅਤੇ ਮਾਪਦੰਡ ਮੌਜੂਦਾ ਸਾਇੰਸ 'ਤੇ ਆਧਾਰਤ ਹਨ ਤੇ ਇਹ ਪਲਾਜ਼ਮਾ ਦਾਨ ਕਰਨ ਵਾਲੇ ਦੀ ਸਿਹਤ ਨੂੰ ਵੀ ਸੁਰੱਖਿਅਤ ਰੱਖਦੇ ਹਨ। ਪਿਛਲੇ ਇਕ ਦਹਾਕੇ ਵਿਚ ਦਾਨੀਆਂ ਤੋਂ ਇਕੱਠੇ ਕੀਤੇ ਗਏ 23,50,00000 ਸੋਰਸ ਪਲਾਜ਼ਮਾ ਨਾਲ ਲੱਖਾਂ ਮਰੀਜ਼ਾਂ ਦਾ ਇਲਾਜ ਕੀਤਾ ਗਿਆ ਹੈ।

ਪਲਾਜ਼ਮਾ ਪ੍ਰੋਟੀਨ ਥੇਰਾਪਿਉਟਿਕਸ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਸੋਰਸ ਪਲਾਜ਼ਮਾ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਨਿਯਮਿਤ ਹੈ। ਦਾਨੀਆਂ ਲਈ ਅਮਰੀਕਾ ਦੇ ਫੂਡ ਅਤੇ ਡਰੱਗ ਪ੍ਰਬੰਧਨ ਵੱਲੋਂ ਮਾਪਦੰਡ ਤਹਿ ਕੀਤੇ ਗਏ ਹਨ। ਇਸ ਤੋਂ ਇਲਾਵਾ ਇਸ ਉਦਯੋਗ ਵਿਚ ਕੁਝ ਸਵੈ-ਇੱਛਤ ਮਾਪਦੰਡ ਵੀ ਹਨ। ਇਸ ਮਾਮਲੇ ਵਿਚ ਡਾ. ਰੋਜ਼ਰ ਦਾ ਕਹਿਣਾ ਹੈ ਕਿ ਹੁਣ ਜ਼ਿੰਦਗੀ ਦਾ ਵਿਕਾਸ ਮੁਨਾਫ਼ੇ ਵਾਲੀਆਂ ਬਹੁ ਰਾਸ਼ਟਰੀ ਕੰਪਨੀਆਂ ਦੇ ਹੱਥਾਂ ਵਿਚ ਆ ਗਿਆ ਹੈ। ਅਸਲ ਵਿਚ ਇਸ ਉਦਯੋਗ ਨੂੰ ਸੁਰੱਖਿਅਤ ਅਤੇ ਉਚਿਤ ਸੋਰਸ ਪਲਾਜ਼ਮਾ ਦੀ ਸਪਲਾਈ ਲਈ ਦਾਨੀਆ ਨੂੰ ਨਿੱਜੀ ਵਕਤ ਅਤੇ ਉਨ੍ਹਾਂ ਦੀ ਲਗਾਤਾਰ ਦ੍ਰਿੜਤਾ ਲਈ ਕੁਝ ਮੁਆਵਜ਼ੇ ਬਾਰੇ ਸੋਚਣਾ ਚਾਹੀਦਾ ਹੈ। ਪੀਪੀਟੀਏ ਦੀ ਇਕ ਸਟੇਟਮੈਂਟ ਵਿਚ ਕਿਹਾ ਗਿਆ ਹੈ ਕਿ ਪਲਾਜ਼ਮਾ ਦਾਨੀਆਂ ਨੂੰ ਸਵੈਇੱਛਤ ਮੁਆਵਜ਼ੇ ਤੋਂ ਬਿਨਾਂ, ਜਦੋਂ ਉਨ੍ਹਾਂ ਵਿਚ ਪਲਾਜ਼ਮੇ ਦੀ ਕਮੀ ਹੋ ਜਾਂਦੀ ਹੈ ਤੇ ਜਾਂ ਪਲਾਜ਼ਮਾ ਨਹੀਂ ਬਣਦਾ ਜਾਂ ਫਿਰ ਇਸ ਕਾਰਨ ਸਰੀਰ ਵਿਚ ਕੁਝ ਹੋਰ ਵਾਪਰ ਜਾਂਦਾ ਹੈ ਤਾਂ ਅਜਿਹੀ ਹਾਲਤ ਵਿਚ ਥਰੈਪੀ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਉਹ ਗੰਭੀਰ ਬਿਮਾਰੀਆਂ ਦੀ ਲਪੇਟ ਵਿਚ ਆਉਣ ਤੋਂ ਬਚ ਸਕਣ। ਇਸ ਨੂੰ ਲੈ ਕੇ ਵੀ ਗੰਭੀਰਤਾ ਦੀ ਜ਼ਰੂਰਤ ਹੈ।

ਵਿਲੀਅਮ ਵਰਗੇ ਕਨਸਾਸ ਸ਼ਹਿਰ ਦੇ ਇਕ ਹੋਰ ਵਿਅਕਤੀ ਗੇਲੋਰਡ ਦਾ ਕਹਿਣਾ ਹੈ ਕਿ ਇਹ ਬਹੁਤ ਵੱਡਾ ਕੰਮ ਹੈ ਕਿ ਤੁਸੀਂ ਕਿਸੇ ਦੀ ਜ਼ਿੰਦਗੀ ਬਚਾਉਂਦੇ ਹੋ। ਅਜਿਹਾ ਕਰਕੇ ਤੁਸੀਂ ਕਿਸੇ ਵਿਅਕਤੀ ਦੀ ਸੱਚੀ ਤੇ ਅਸਲੀ ਸਹਾਇਤਾ ਕਰਦੇ ਹੋ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਇਕ ਬੱਚੀ ਹੈ ਤੇ ਉਸ ਦੀਆਂ ਜ਼ਰੂਰਤਾਂ ਲਈ 7.50 ਡਾਲਰ ਚਾਹੀਦੇ ਹੁੰਦੇ ਹਨ। ਅਸਲ ਵਿਚ ਉਹ ਨਹੀਂ ਚਾਹੁੰਦਾ ਕਿ ਉਸ ਦੀ ਬੱਚੀ ਇਹ ਜਾਣੇ ਕਿ ਉਹ ਪਲਾਜ਼ਮਾ ਦਾਨ ਕਰਦਾ ਹੈ। ਅੱਗੇ ਗੱਲ ਕਰਦਿਆਂ ਕਿਹਾ ਕਿ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਘਰ ਜਾਣ ਤੋਂ ਪਹਿਲਾਂ ਮੈਂ ਬੈਡੇਜ਼ ਉਤਾਰ ਦਿਆਂ ਕਿਉਂਕਿ ਘਰ ਇਸ ਦੇ ਬਾਰੇ ਪੁੱਛਿਆ ਜਾਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਦੋ ਜੌਬਾਂ ਕਰ ਰਿਹਾ ਹੈ ਤੇ ਤੀਸਰੀ ਦੀ ਭਾਲ ਵਿਚ ਹੈ ਪਰ ਅਜਿਹਾ ਕਰਨ ਲਈ ਕਾਰ ਚਾਹੀਦੀ ਹੈ। ਗੇਲੋਰਡ ਨੇ ਉਮੀਦ ਪ੍ਰਗਟਾਈ ਕਿ ਸ਼ਾਇਦ ਭਵਿੱਖ ਵਿਚ ਉਨ੍ਹਾਂ ਨੂੰ ਆਪਣੀ ਬੱਚੀ ਦਾ ਜਨਮ ਦਿਨ ਮਨਾਉਣ ਲਈ ਪਲਾਜ਼ਮਾ ਨਾ ਦੇਣਾ ਪਏ ਸਗੋਂ ਬੱਚੀ ਨੂੰ ਮੁਸਕਰਾਹਟ ਦੇਵਾਂ।

# ਕੈਨੇਡਾ ਦੀ ਯਾਰਕ ਯੂਨਵਰਸਿਟੀ ਨੇੜੇ ਦੋ ਵਿਅਕਤੀ ਜ਼ਖਮੀ

**ਟੋਰਾਂਟੋ (ਨਦਬ) :** ਕੈਨੇਡਾ ਦੀ ਯਾਰਕ ਯੂਨੀਵਰਸਿਟੀ ਨੇੜੇ ਬੀਤੇ ਦਿਨੀਂ ਦੋ ਵਿਅਕਤੀਆਂ 'ਤੇ ਹਮਲਾ ਹੋਣ ਦੀ ਖਬਰ ਮਿਲੀ ਹੈ। ਜਾਣਕਾਰੀ ਮੁਤਾਬਕ ਰਾਤ ਕਰੀਬ 9 ਵਜੇ ਇਕ ਨਕਾਬਪੋਸ਼ ਵਿਅਕਤੀ ਕੁਹਾੜਾ ਲੈ ਕੇ ਲੋਕਾਂ 'ਤੇ ਹਮਲਾ ਕਰਕੇ ਗਿਆ। ਮੁੱਰੇ ਰਾਸ ਪਾਰਕਵੇਅ ਅਤੇ ਸੈਨਟੀਨਲ ਰੋਡ ਇਲਾਕੇ 'ਤੇ ਇਹ ਘਟਨਾ



ਵਾਪਰਨ ਨਾਲ ਲੋਕ ਬਹੁਤ ਡਰ ਗਏ ਹਨ। ਪੁਲੀਸ ਨੇ ਦੱਸਿਆ ਕਿ ਜ਼ਖਮੀਆਂ 'ਚੋਂ ਇਕ ਵਿਅਕਤੀ ਦੀ ਹਾਲਤ ਗੰਭੀਰ ਹੈ ਅਤੇ ਦੂਜੇ ਦੇ ਹਲਕੀਆਂ ਸੱਟਾਂ ਲੱਗੀਆਂ ਹਨ। ਉਨ੍ਹਾਂ ਨੇ ਕਿਹਾ ਕਿ ਫਿਲਹਾਲ ਦੋਸ਼ੀ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ। ਪੁਲੀਸ ਕਰਮਚਾਰੀ ਇਲਾਕੇ 'ਚ ਜਾਂਚ ਕਰ ਰਹੇ ਹਨ ਅਤੇ ਲੋਕਾਂ ਤੋਂ ਪੁੱਛ-ਪੜਤਾਲ ਜਾਰੀ ਹੈ। ਖੋਜੀ ਕੁੱਤੇ ਵੀ ਜਾਂਚ 'ਚ ਮਦਦ ਕਰ ਰਹੇ ਹਨ। ਪੁਲੀਸ ਨੇ ਕਿਹਾ ਕਿ ਉਹ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਜੇਕਰ ਉਨ੍ਹਾਂ ਨੂੰ ਇਸ ਸੰਬੰਧੀ ਕੋਈ ਜਾਣਕਾਰੀ ਹੋਵੇ ਤਾਂ ਉਹ ਉਨ੍ਹਾਂ ਨੂੰ ਜ਼ਰੂਰ ਦੱਸਣ। ਪੁਲੀਸ ਨੂੰ ਅਜੇ ਤਕ ਇਸ ਸੰਬੰਧੀ ਕੋਈ ਵੀ ਜਾਣਕਾਰੀ ਨਹੀਂ ਮਿਲ ਸਕੀ ਕਿ ਇਹ ਵਿਅਕਤੀ ਕੈਨੇਡੀਅਨ ਹੈ ਜਾਂ ਕੋਈ ਵਿਦੇਸ਼ੀ ਹੈ ਪਰ ਪੁਲੀਸ ਇਸ ਸੰਬੰਧੀ ਜਾਂਚ ਕਰ ਰਹੀ ਹੈ।




Sweet and Sassy
Hair Saloon
Licenced Haristylist
Sandy Sandhu
(with over 12 years experience)
7808500752
5716 19 Ave SW Edmonton, Only Appointments **ravpreetsandhu@gmail.com**

Emergency Service 24x7
Free Estimate with Treatment
GOLDEN ARROW PEST CONTROL INC.



CALL @ 780-462-6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਕੈਨੇਡਾ ਦੇ ਚੀਫ ਮਿਲਟਰੀ ਜੱਜ ਕਰਨਲ ਮੈਰੀਓ ਡੂਟਿਲ 'ਤੇ ਲੱਗੇ ਦੋਸ਼

**ਓਟਾਵਾ (ਨਦਬ) :** ਕੈਨੇਡਾ ਦੇ ਚੀਫ ਮਿਲਟਰੀ ਜੱਜ ਕਰਨਲ ਮੈਰੀਓ ਡੂਟਿਲ ਉੱਤੇ ਧੋਖਾਧੜੀ ਸਮੇਤ ਤਿੰਨ ਦੋਸ਼ ਲਗਾਏ ਗਏ ਹਨ। ਇੰਨੇ ਉੱਚੇ ਅਹੁਦੇ ਨੂੰ ਸੰਭਾਲਣ ਵਾਲੇ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਆਪਣੇ ਅਹੁਦੇ ਦੀ ਗਲਤ ਵਰਤੋਂ ਕੀਤੀ ਹੈ। ਇਸ ਸਬੰਧੀ ਬੀਤੇ ਦਿਨੀਂ ਜਾਣਕਾਰੀ ਦਿੱਤੀ ਗਈ।

ਦੱਸਿਆ ਗਿਆ ਕਿ ਉਸ ਨੇ ਕਿਸੇ ਦਸਤਾਵੇਜ਼ ਵਿਚ ਜਾਣਬੁੱਝ ਕੇ ਝੂਠੀ ਐਂਟਰੀ ਕੀਤੀ ਸੀ। ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਵਲੋਂ ਜਾਰੀ ਜਾਣਕਾਰੀ ਅਨੁਸਾਰ ਇਹ ਦੋਸ਼ ਨਵੰਬਰ 2014 ਤੇ ਅਕਤੂਬਰ 2015 ਦੇ ਦਰਮਿਆਨ ਕੀਤੇ ਗਏ ਜੁਰਮਾਂ ਨਾਲ ਸੰਬੰਧਤ ਹਨ। ਇਹ ਦੋਸ਼ ਮਿਲਟਰੀ ਪੁਲੀਸ ਦੀ ਜਾਂਚ ਯੂਨਿਟ 'ਕੈਨੇਡੀਅਨ ਫੋਰਸਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸ' ਨੇ ਲਗਾਏ।

ਇਕ ਬਿਆਨ ਵਿਚ ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸ ਦੇ ਕਮਾਂਡਿੰਗ ਅਫਸਰ ਲੈਫਟੀਨੈਂਟ ਕਰਨਲ ਕੈਵਿਨ ਕੈਡਮੈਨ ਨੇ ਦੱਸਿਆ ਕਿ ਇਸ ਮਾਮਲੇ ਨਾਲ ਜੁੜੇ ਤੱਥਾਂ ਦੀ ਭਾਲ ਵਿਚ ਕੋਈ ਰੈਂਕ ਕਿਸੇ ਤਰ੍ਹਾਂ ਦੀ ਭੂਮਿਕਾ ਨਹੀਂ ਨਿਭਾਉਂਦਾ। ਕਰਨਲ ਡੂਟਿਲ 2006 ਤੋਂ ਇਹ ਭੂਮਿਕਾ ਨਿਭਾਅ ਰਹੇ ਸਨ। ਉਹ ਪੇਸ਼ੇ ਤੋਂ ਵਕੀਲ ਹਨ ਤੇ 1984 ਵਿਚ ਉਹ ਕੈਨੇਡੀਅਨ ਆਰਮਡ ਫੋਰਸਜ਼ ਵਿਚ ਸ਼ਾਮਲ ਹੋਏ। ਇਸ ਤੋਂ ਇਕ ਸਾਲ ਪਹਿਲਾਂ ਉਨ੍ਹਾਂ ਨੂੰ ਕਿਊਬਿਕ ਬਾਰ ਵਿਚ ਸ਼ਾਮਲ ਹੋਣ ਦਾ ਸੱਦਾ ਮਿਲਿਆ ਸੀ।



ਅਧਿਕਾਰੀਆਂ ਨੇ ਇਕ ਬਿਆਨ ਵਿਚ ਆਖਿਆ ਕਿ ਹੁਣ ਇਹ ਮਾਮਲਾ ਮਿਲਟਰੀ ਜਸਟਿਸ ਸਿਸਟਮ ਦੇ ਹਿਸਾਬ ਨਾਲ ਅੱਗੇ ਵੱਧ ਰਿਹਾ ਹੈ ਤੇ ਸੰਭਾਵੀ ਤੌਰ ਉੱਤੇ ਇਸ ਤਹਿਤ ਕਰਨਲ ਡੂਟਿਲ ਦਾ ਕੋਰਟ ਮਾਰਸ਼ਲ ਵੀ ਹੋ ਸਕਦਾ ਹੈ ਪਰ ਅਜੇ ਤੱਕ ਇਸ ਬਾਰੇ ਤਰੀਕ ਤੇ ਸਮਾਂ ਤੈਅ ਨਹੀਂ ਹੋਇਆ।

# ਦਾਵੋਸ ਗਏ ਟਰੂਡੋ ਇਸ ਕਾਰਨ ਬਣੇ ਕੁਝ ਲੋਕਾਂ ਦੇ ਮਜ਼ਾਕ ਦਾ ਕਾਰਨ



**ਓਟਾਵਾ/ਦਾਵੋਸ (ਨਦਬ) :** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾਵੋਸ 'ਚ ਵਿਸ਼ਵ ਆਰਥਕ ਸੰਮੇਲਨ ਦਾ ਹਿੱਸਾ ਬਣੇ ਅਤੇ ਉਨ੍ਹਾਂ ਨੇ ਵਿਸ਼ਵ ਦੇ ਨੇਤਾਵਾਂ ਅੱਗੇ ਔਰਤਾਂ ਨੂੰ ਸਿੱਖਿਅਤ ਕਰਨ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਟਰੂਡੋ ਦਾ ਵੱਖਰਾ ਅੰਦਾਜ਼ ਹਮੇਸ਼ਾ ਹਰੇਕ ਨੂੰ ਆਪਣੇ ਵੱਲ ਖਿੱਚਦਾ ਹੈ ਪਰ ਉਨ੍ਹਾਂ ਦੀਆਂ ਜੁਰਾਬਾਂ ਕਾਰਨ ਇਕ ਵਾਰ ਫਿਰ ਲੋਕ ਉਨ੍ਹਾਂ ਦਾ ਮਜ਼ਾਕ ਬਣਾ ਰਹੇ ਹਨ। ਟਰੂਡੋ ਨੇ ਇੱਥੇ ਨੋਬੇਲ ਪੁਰਸਕਾਰ ਨਾਲ ਸਨਮਾਨਤ ਮਲਾਲਾ ਯੂਸੁਫਜ਼ਈ ਨਾਲ ਮੁਲਾਕਾਤ ਕੀਤੀ ਅਤੇ ਇਸ ਦੌਰਾਨ ਉਨ੍ਹਾਂ ਨੇ ਜਾਮਣੀ ਰੰਗ ਦੀਆਂ ਜੁਰਾਬਾਂ ਪਹਿਨੀਆਂ ਸਨ, ਜਿਸ 'ਚ ਪੀਲੇ ਰੰਗ ਦੀਆਂ ਬੱਤਖਾਂ ਦੇ ਡਿਜ਼ਾਈਨ ਹਨ। ਲੋਕ ਉਨ੍ਹਾਂ ਦਾ ਮਜ਼ਾਕ ਉਡਾ ਰਹੇ ਹਨ ਅਤੇ ਕਈ ਲੋਕਾਂ ਨੂੰ ਉਨ੍ਹਾਂ ਦਾ ਇਹ ਅੰਦਾਜ਼ ਪਸੰਦ ਆ ਰਿਹਾ ਹੈ ਕਿਉਂਕਿ ਉਹ ਹਰ ਵਾਰ ਵੱਖਰੇ ਡਿਜ਼ਾਈਨ ਦੀਆਂ ਜੁਰਾਬਾਂ ਪਾ ਕੇ ਲੋਕਾਂ ਨੂੰ ਖੁਦ ਵੱਲ ਖਿੱਚਦੇ ਹਨ।

# ਧੀਆਂ ਦੀਆਂ ਅੱਖਾਂ ਸਾਹਮਣੇ ਗਈ ਪਿਤਾ ਦੀ ਜਾਨ, ਮਾਹੌਲ ਹੋਇਆ ਗਮਗੀਨ

**ਰਿਚਮੰਡ (ਨਦਬ) :** ਕੈਨੇਡਾ ਦੇ ਸ਼ਹਿਰ ਰਿਚਮੰਡ 'ਚ ਬੀਤੇ ਦਿਨੀਂ ਇਕ 46 ਸਾਲਾ ਵਿਅਕਤੀ ਦੀ ਮੌਤ ਹੋ ਗਈ, ਜੋ ਇਕ ਟਰੈਂਪੋਲਿਨ ਪਾਰਕ 'ਚ ਐਕਰੋਬੈਟਿਕ ਸਟੰਟ ਕਰ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉਹ ਉਚਾਈ ਤੋਂ ਫੋਮ (ਸਪੰਜ) 'ਤੇ ਡਿੱਗਣ ਦਾ ਕਰਤੱਬ ਦਿਖਾ ਰਿਹਾ ਸੀ। ਇਸ ਵਿਅਕਤੀ ਦੀਆਂ ਦੋਵੇਂ ਧੀਆਂ ਵੀ ਇਸ ਮੌਕੇ ਉੱਥੇ ਹੀ ਸਨ, ਜਿਨ੍ਹਾਂ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ। ਰਿਚਮੰਡ 'ਚ ਹੋ ਰਹੇ ਇਸ ਸਮਾਗਮ 'ਚ ਬਹੁਤ ਸਾਰੇ ਲੋਕਾਂ ਨੇ ਹਿੱਸਾ ਲਿਆ ਸੀ ਅਤੇ ਇਸੇ ਦੌਰਾਨ ਡੇਅ ਗਰੀਨਵੁੱਡ ਨਾਂ ਦੇ ਵਿਅਕਤੀ ਨਾਲ ਇਹ ਹਾਦਸਾ ਵਾਪਰ ਗਿਆ। ਦੇਖਣ ਵਾਲੇ ਲੋਕਾਂ ਨੇ ਦੱਸਿਆ ਕਿ ਜਿਵੇਂ ਹੀ ਡੇਅ ਨੇ ਛਾਲ ਮਾਰੀ ਮੁੜ ਕੇ ਉਹ ਹਿੱਲ ਵੀ ਨਾ ਸਕਿਆ। ਇਸ ਮਗਰੋਂ ਹੋਰ ਵੀ ਕਈ ਲੋਕ ਅਜੇ ਛਾਲਾਂ ਮਾਰ ਰਹੇ ਸਨ ਪਰ ਡੇਅ ਨੂੰ ਚੁੱਕਣ ਲਈ ਇਸ ਏਰੀਏ ਨੂੰ ਖਾਲੀ ਕਰਵਾਇਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਛਾਲ ਮਾਰਦਿਆਂ ਹੀ ਉਸ ਦੀ ਗਰਦਨ ਟੁੱਟ ਗਈ ਅਤੇ ਉਸ ਦਾ ਚਿਹਰਾ ਨੀਲਾ ਹੋ ਗਿਆ। ਇਸ ਦੇ ਨਾਲ ਹੀ ਉਸ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਸ ਦੀ ਮੌਤ ਹੋ ਗਈ। ਉਸ ਦੀਆਂ ਦੋਵੇਂ ਧੀਆਂ ਉੱਚੀ-ਉੱਚੀ ਰੋਣ ਲੱਗ ਗਈਆਂ ਅਤੇ ਸਟਾਫ ਮੈਂਬਰ ਉਨ੍ਹਾਂ ਨੂੰ ਸੰਭਾਲਣ ਲੱਗ ਗਏ। ਇਹ ਬਹੁਤ ਹੀ ਦੁਖਾਂਤ ਸਮਾਂ ਸੀ ਤੇ ਲੋਕ ਡੇਅ ਨੂੰ ਦੇਖਣ ਲਈ ਇਕੱਠੇ ਹੋ ਰਹੇ ਸਨ ਪਰ ਅਧਿਕਾਰੀਆਂ ਨੇ ਭੀੜ ਨੂੰ ਉਸ ਤੋਂ ਦੂਰ ਰੱਖਿਆ। ਅਜੇ ਵੀ ਕਈ ਲੋਕਾਂ ਨੂੰ ਪਤਾ ਨਹੀਂ ਕਿ ਇੱਥੇ ਕੀ ਭਾਣਾ ਵਾਪਰ ਗਿਆ ਹੈ, ਇਸੇ ਲਈ ਲੰਬੇ ਸਮੇਂ ਤਕ ਲੋਕ ਇੱਥੇ ਇਕੱਠੇ ਹੁੰਦੇ ਰਹੇ। ਲੋਕਾਂ ਨੇ ਕਿਹਾ ਕਿ ਉਹ ਬਹੁਤ ਖੁਸ਼ੀ ਨਾਲ ਇੱਥੇ ਆਏ ਸਨ ਪਰ ਅਜਿਹਾ ਹਾਦਸਾ ਦੇਖ ਕੇ ਉਨ੍ਹਾਂ ਦੀ ਰੂਹ ਕੰਬ ਗਈ। ਕੰਪਨੀ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ।



# ਕੈਨੇਡਾ 'ਚ ਟੈਂਕਰ ਟਰੱਕ ਹਾਦਸਾ, ਦੋ ਨੌਜਵਾਨ ਜ਼ਖ਼ਮੀ

**ਹੈਮਿਲਟਨ (ਨਦਬ) :** ਵੀਰਵਾਰ ਸ਼ਾਮ ਨੂੰ ਕੈਨੇਡਾ ਦੇ ਸ਼ਹਿਰ ਹੈਮਿਲਟਨ 'ਚ ਇਕ ਟੈਂਕਰ ਟਰੱਕ ਹਾਦਸੇ ਦਾ ਸ਼ਿਕਾਰ ਹੋ ਗਿਆ। ਟੈਂਕਰ 'ਚ ਦੋ ਵਿਅਕਤੀ ਬੁਰੀ ਤਰ੍ਹਾਂ ਨਾਲ ਫਸ ਗਏ ਸਨ ਅਤੇ ਉਨ੍ਹਾਂ ਨੂੰ ਮੁਸ਼ਕਲ ਨਾਲ ਬਾਹਰ ਕੱਢਿਆ ਗਿਆ। ਇਹ ਹਾਦਸਾ ਓਨਟਾਰੀਓ ਟੈਂਕ ਵਾਸ਼ 'ਤੇ ਵਾਪਰਿਆ। ਜਿਸ ਸਮੇਂ ਇਹ ਟੈਂਕਰ ਹਾਦਸੇ ਦਾ ਸ਼ਿਕਾਰ ਹੋਇਆ ਇਸ ਦੇ ਕੁਝ ਦੇਰ ਮਗਰੋਂ ਹੀ ਐਮਰਜੈਂਸੀ ਕਰੂ ਨੂੰ ਇੱਥੇ ਬੁਲਾ ਲਿਆ ਗਿਆ ਅਤੇ ਉਨ੍ਹਾਂ ਨੇ ਹੀ ਦੋਹਾਂ ਵਿਅਕਤੀਆਂ ਨੂੰ ਬਾਹਰ ਕੱਢ ਕੇ ਹਸਪਤਾਲ 'ਚ ਭਰਤੀ ਕਰਵਾਇਆ। ਪੈਰਾਮੈਡਿਕਸ ਅਧਿਕਾਰੀਆਂ ਵਲੋਂ ਜਾਣਕਾਰੀ ਦਿੱਤੀ ਗਈ ਕਿ ਇਨ੍ਹਾਂ 'ਚੋਂ ਇਕ ਵਿਅਕਤੀ ਦੀ ਉਮਰ 30 ਕੁ ਸਾਲ ਲੱਗਦੀ ਹੈ ਅਤੇ ਦੂਜੇ ਦੀ ਉਮਰ ਲਗਭਗ 23 ਕੁ ਸਾਲ ਹੀ ਲੱਗਦੀ ਹੈ। 30 ਸਾਲਾ ਵਿਅਕਤੀ ਦੀ ਹਾਲਤ ਤਾਂ ਖਤਰੇ ਤੋਂ ਬਾਹਰ ਹੈ ਪਰ 23 ਸਾਲਾ ਨੌਜਵਾਨ ਦੀ ਹਾਲਤ ਅਜੇ ਵੀ ਖਤਰੇ 'ਚ ਹੈ। ਇਸ ਮਾਮਲੇ ਸੰਬੰਧੀ ਲੇਬਰ ਮੰਤਰਾਲੇ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ।



# ਕਲੱਬ ਦੇ ਬਾਹਰ ਪੰਜਾਬੀ ਉੱਤੇ ਚਾਕੂ ਨਾਲ ਹਮਲਾ, ਹੋਈ ਮੌਤ

**ਵੈਨਕੂਵਰ (ਨਦਬ) :** ਕਲੱਬ ਦੇ ਬਾਹਰ ਇਕ ਲੜਾਈ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ 23 ਸਾਲਾ ਨਾਈਟ ਕਲੱਬ ਪ੍ਰੋਮੋਟਰ ਉੱਤੇ ਚਾਕੂ ਨਾਲ ਹਮਲਾ ਕੀਤੇ ਜਾਣ ਕਾਰਨ ਉਸ ਦੀ ਮੌਤ ਹੋ ਗਈ।

ਪੁਲੀਸ ਨੇ ਦੱਸਿਆ ਕਿ ਲੜਾਈ ਸ਼ਨਿੱਚਰਵਾਰ ਨੂੰ ਗ੍ਰੈਨਵਿੱਲੇ ਸਟਰੀਟ ਉੱਤੇ ਸਥਿਤ ਕਲੱਬ ਦੇ ਅੰਦਰ ਸ਼ੁਰੂ ਹੋਈ ਸੀ ਤੇ ਫਿਰ ਰਾਤੀਂ 2:30 ਵਜੇ ਇਹ ਲੜਾਈ ਸਟਰੀਟ ਉੱਤੇ ਪਹੁੰਚ ਗਈ। ਪੁਲੀਸ ਨੇ ਦੱਸਿਆ ਕਿ ਕਲਵਿੰਦਰ ਬਿੰਦ ਜਦੋਂ ਲੜਾਈ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਸ ਨੂੰ ਕਿਸੇ ਨੇ ਚਾਕੂ ਮਾਰ ਦਿੱਤਾ ਤੇ ਬਾਅਦ ਵਿਚ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਬਾਰ ਸੇਫਟੀ ਆਰਗੇਨਾਈਜ਼ੇਸ਼ਨ ਬਾਰ ਵਾਚ ਵੈਨਕੂਵਰ ਦੇ ਚੇਅਰ ਕਰਟਿਸ ਰੌਬਿਨਸਨ ਨੇ ਆਖਿਆ ਕਿ ਉਹ ਅਸਲ ਵਿਚ ਉਹੀ ਕਰ ਰਿਹਾ ਸੀ ਜਿਸ ਦੀ ਉਸ ਤੋਂ ਉਮੀਦ ਕੀਤੀ ਜਾਂਦੀ। ਅਸੀਂ ਇਸ ਘਟਨਾ ਤੋਂ ਬਹੁਤ ਖੌਫ਼ਜ਼ਦਾ ਹਾਂ। ਸਾਨੂੰ ਇਸ ਗੱਲ ਦਾ ਗੁੱਸਾ ਵੀ ਹੈ ਕਿ ਕੋਈ ਗ੍ਰੈਨਵਿੱਲੇ ਸਟਰੀਟ ਉੱਤੇ ਚਾਕੂ ਲੈ ਕੇ ਹੀ ਕਿਉਂ ਆਇਆ?



ਬਿੰਦ ਨੇ ਕਾਰ ਸੇਲਜ਼ਮੈਨ ਦੀ ਆਪਣੀ ਨੌਕਰੀ ਛੱਡ ਕੇ ਅਜੇ ਕੱਲਬ ਵਿਚ ਕੰਮ ਕਰਨਾ ਸ਼ੁਰੂ ਹੀ ਕੀਤਾ ਸੀ। ਕਾਰ ਡੀਲਰਸ਼ਿਪ ਵਿਚ ਬਿੰਦ ਦੇ ਪੁਰਾਣੇ ਸਾਥੀਆਂ ਨੇ ਦੱਸਿਆ ਕਿ ਉਹ ਬਹੁਤ ਹੀ ਜ਼ਿੰਦਾਦਿਲ ਇਨਸਾਨ ਸੀ। ਉਹ ਕੰਮ ਉੱਤੇ ਹਮੇਸ਼ਾਂ ਮੁਸਕਰਾਉਂਦਾ ਹੋਇਆ ਆਉਂਦਾ ਸੀ। ਸਾਰਾ ਦਿਨ ਦੂਜਿਆਂ ਨੂੰ ਹਸਾਉਂਦਾ ਰਹਿੰਦਾ ਸੀ।

ਡੀਲਰਸ਼ਿਪ ਉੱਤੇ ਸੇਲਜ਼ ਮੈਨੇਜਰ ਡੈਨੀ ਮੋਰੋ ਨੇ ਆਖਿਆ ਕਿ ਕਈ ਲੋਕ ਉਸ ਨੂੰ ਹਮੇਸ਼ਾਂ ਯਾਦ ਰੱਖਣਗੇ। ਪੁਲੀਸ ਨੇ ਕਈ ਮਸ਼ਕੂਕਾਂ ਨੂੰ ਹਿਰਾਸਤ ਵਿਚ ਲਿਆ ਹੋਇਆ ਹੈ ਪਰ ਅਜੇ ਕਿਸੇ ਖ਼ਿਲਾਫ਼ ਚਾਰਜਿਜ਼ ਨਹੀਂ ਲੱਗੇ। ਅਧਿਕਾਰੀਆਂ ਨੂੰ ਨਹੀਂ ਲੱਗਦਾ ਕਿ ਇਹ ਘਟਨਾ ਕਿਸੇ ਗੈਂਗ ਨਾਲ ਸਬੰਧਤ ਸੀ।

# ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ 'ਚ ਕੀਤਾ ਵਾਧਾ

**ਓਟਵਾ (ਨਦਬ) :** ਅਰਥਚਾਰੇ 'ਚ ਮਜ਼ਬੂਤੀ ਆਉਣ ਤੋਂ ਬਾਅਦ ਬੈਂਕ ਆਫ ਕੈਨੇਡਾ ਵਲੋਂ ਵਿਆਜ਼ ਦਰਾਂ ਵਿਚ ਇਕ ਵਾਰੀ ਫਿਰ ਵਾਧਾ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਨਾਫਟਾ ਦੇ ਅਸਥਿਰ ਭਵਿੱਖ ਨੂੰ ਲੈ ਕੇ ਪੈਣ ਵਾਲੇ ਨਕਾਰਾਤਮਕ ਅਸਰ ਸਬੰਧੀ ਵੀ ਚੇਤਾਵਨੀ ਦਿੱਤੀ ਗਈ ਹੈ।

ਸੈਂਟਰਲ ਬੈਂਕ ਨੇ ਵਿਆਜ਼ ਦਰਾਂ ਵਿਚ 1.25 ਫੀ ਸਦੀ ਵਾਧਾ ਕਰਨ ਦੇ ਆਪਣੇ ਫੈਸਲੇ ਪਿੱਛੇ ਮਜ਼ਬੂਤ ਹੋ ਰਹੇ ਅਰਥਚਾਰੇ ਦਾ ਹੱਥ ਦੱਸਿਆ। ਵਿਆਜ਼ ਦਰਾਂ ਵਿਚ ਇਹ ਵਾਧਾ ਇਕ ਫੀ ਸਦੀ ਤੋਂ ਕੀਤਾ ਗਿਆ ਹੈ। ਪਿਛਲੀਆਂ ਗਰਮੀਆਂ ਤੋਂ ਲੈ ਕੇ ਹੁਣ ਤੱਕ ਇਹ ਤੀਜਾ ਵਾਧਾ ਹੈ। ਇਸ ਤੋਂ ਪਹਿਲਾਂ ਬੈਂਕ ਜੁਲਾਈ ਤੇ ਸਤੰਬਰ ਵਿਚ ਆਪਣੀਆਂ ਵਿਆਜ਼ ਦਰਾਂ ਵਧਾ ਚੁੱਕਿਆ ਹੈ। ਸੈਂਟਰਲ ਬੈਂਕ ਨੇ ਸਮੇਂ-ਸਮੇਂ ਉੱਤੇ ਵਿਆਜ਼ ਦਰਾਂ ਵਿਚ ਹੋਰ ਵਾਧਾ ਕਰਨ ਦਾ ਸੰਕੇਤ ਵੀ ਦਿੱਤਾ ਹੈ।

ਬੈਂਕ ਨੇ ਇਹ ਵੀ ਆਖਿਆ ਕਿ ਅਰਥਚਾਰੇ ਦੇ ਆਪਣੀ ਪੂਰੀ ਸਮਰੱਥਾ ਵਿਚ ਕੰਮ ਕਰਦੇ ਰਹਿਣ ਲਈ ਇਹ ਜ਼ਰੂਰੀ ਹੋਵੇਗਾ ਕਿ ਨਿਰਧਾਰਤ ਮਾਨੇਟਰੀ ਨੀਤੀ ਅਪਨਾਈ ਜਾਵੇ। ਇਹ ਵੀ ਆਖਿਆ ਗਿਆ ਕਿ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦਾ ਵਾਧਾ ਕੀਤੇ ਜਾਣ ਤੋਂ ਪਹਿਲਾਂ ਉਹ ਚੌਕਸੀ ਤੋਂ ਕੰਮ ਲਵੇਗਾ।



# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਅਰੂਸਾ ਦੀ ਸਹੇਲੀ ’ਤੇ ਮਿਹਰਬਾਨੀ!!

ਪੰਜਾਬ ਸਰਕਾਰ ਵੱਲੋਂ ਪੰਜਾਬ ਲੋਕ ਸੇਵਾ ਕਮਿਸ਼ਨ ਵਿਚ ਮੈਂਬਰ ਵਜੋਂ ਇਕ ਮਹਿਲਾ ਨੂੰ ਨਿਯੁਕਤ ਕੀਤੇ ਜਾਣ ਦੀ ਸਿਆਸੀ ਤੇ ਪ੍ਰਸ਼ਾਸਕੀ ਹਲਕਿਆਂ ਅੰਦਰ ਭਰਵੀਂ ਚਰਚਾ ਚੱਲ ਰਹੀ ਹੈ। ਇਹ ਮਹਿਲਾ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦੋਸਤ ਬੇਗਮ ਅਰੂਸਾ ਆਲਮ ਦੀ ਸਹੇਲੀ ਮੰਨੀ ਜਾਂਦੀ ਹੈ। ਇਸ ਮਹਿਲਾ ਨੂੰ ਅਕਸਰ ਸਿਆਸੀ ਵਿਅਕਤੀਆਂ ਦੇ ਨਿੱਜੀ ਸਮਾਗਮਾਂ ਵਿਚ ਦੇਖਿਆ ਜਾਂਦਾ ਹੈ। ਚਰਚਾ ਤਾਂ ਇਹ ਵੀ ਹੈ ਕਿ ਮੁੱਖ ਮੰਤਰੀ ਦੇ ਇਕ ਕਰੀਬੀ ਨੇ ਹਾਲ ਹੀ ’ਚ ਇਸ ਮਹਿਲਾ ਦੇ ਬੇਟੇ ਨੂੰ ਮਰਸਿਡੀਜ਼ ਕਾਰ ਵੀ ਤੋਹਫੇ ਵਜੋਂ ਭੇਟ ਕੀਤੀ ਹੈ।

### ਅਕਾਲੀ ਜੇਲ੍ਹ ਯਾਤਰਾ ਤੋਂ ਸਹਿਮੇ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੌਮੀ ਮਾਰਗ ਰੋਕੇ ਜਾਣ ਕਾਰਨ ਦਰਜ ਹੋਏ ਮਾਮਲਿਆਂ ਦੇ ਮੁੱਦੇ ’ਤੇ ਭਾਵੇਂ ਜੇਲ੍ਹਾਂ ਭਰਨ ਦੀ ਚਿਤਾਵਨੀ ਤਾਂ ਦੇ ਦਿੱਤੀ ਹੈ ਪਰ ਸੀਨੀਅਰ ਅਕਾਲੀ ਆਗੂਆਂ ਨੇ ਦੱਬਵੀਂ ਸੁਰ ਵਿਚ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਇਸ ਗੱਲ ਦਾ ਧਿਆਨ ਜ਼ਰੂਰ ਰੱਖਿਆ ਜਾਵੇ ਕਿ ਕੀ ਅਕਾਲੀਆਂ ਲਈ ਜੇਲ੍ਹਾਂ ਵਿਚ ਸੁਰੱਖਿਅਤ ਮਾਹੌਲ ਹੈ ਜਾਂ ਨਹੀਂ। ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਜੇਲ੍ਹ ਵਿਚ ਹੀ ਕਤਲ ਕਰਨ ਦੀਆਂ ਸਾਜ਼ਿਸ਼ਾਂ ਦਾ ਭਾਂਡਾ ਭੱਜਣ ਤੋਂ ਬਾਅਦ ਤਾਂ ਅਕਾਲੀ, ਜੇਲ੍ਹ ਯਾਤਰਾ ਦੇ ਨਾਂ ਤੋਂ ਹੀ ਫਿਕਰਮੰਦ ਹਨ। ਇਕ ਸੀਨੀਅਰ ਅਕਾਲੀ ਆਗੂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਕਿਹਾ ਕਿ ਇਕ ਦਹਾਕੇ ਲੰਮੇ ਅਕਾਲੀ ਰਾਜ ਦੌਰਾਨ ਬਹੁਤ ਸਾਰੇ ਲੋਕਾਂ ’ਤੇ ਪੁਲੀਸ ਕੇਸ ਦਰਜ ਹੋਏ। ਝੂਠੇ ਕੇਸ ਦਰਜ ਹੋਣ ਦੇ ਵੀ ਦੋਸ਼ ਲਗਦੇ ਰਹੇ ਹਨ। ਇਸ ਤੋਂ ਬਿਨਾਂ ਸਾਰੀਆਂ ਜੇਲ੍ਹਾਂ ਵਿਚ ਗੈਂਗਸਟਰਾਂ ਤੇ ਗਰਮਦਲੀਏ ਮੌਜੂਦ ਹਨ। ਇਸ ਤਰ੍ਹਾਂ ਦੇ ਹਾਲਾਤ ਵਿਚ ਜੇਲ੍ਹਾਂ ਅਕਾਲੀਆਂ ਲਈ ਸੱਚਮੁੱਚ ਅਸੁਰੱਖਿਅਤ ਹਨ।

### ਏਦੂੰ ਤਾਂ ਬਾਦਲ ਕੇ ਈ ਚੰਗੇ ਸੀ...

ਕੈਪਟਨ ਸਰਕਾਰ ਨੇ ਬੁਢਾਪਾ/ਵਿਧਵਾ ਪੈਨਸ਼ਨਾਂ ਭਾਵੇਂ ਕਾਗਜ਼ਾਂ ਵਿਚ ਦੂਣੀਆਂ ਕਰ ਦਿੱਤੀਆਂ ਹਨ, ਫਿਰ ਵੀ ਇਨ੍ਹਾਂ ਦੀ ਛੇ-ਛੇ ਮਹੀਨਿਆਂ ਤੋਂ ਅਦਾਇਗੀ ਨਾ ਹੋਣ ਕਾਰਨ ਬਿਰਧ ਪੈਨਸ਼ਨਰ ਬਹੁਤ ਔਖੇ ਹਨ। ਆਮ ਆਦਮੀ ਪਾਰਟੀ (ਆਪ) ਦੇ ਇਕ ਵਿਧਾਨਕਾਰ ਨੇ ਕਬੂਲਿਆ ਕਿ ਲੋਕਾਂ ਨੂੰ ਪਤਾ ਹੈ ਕਿ ਸਾਡੇ ਪੱਲੇ ਤਾਂ ਕੁਝ ਹੈ ਨਹੀਂ, ਇਸ ਲਈ ਪਿੰਡਾਂ ਵਿਚ ਬਾਬੇ, ਬਾਦਲਾਂ ਨੂੰ ਯਾਦ ਕਰਨ ਲੱਗੇ ਹਨ। ਇਹ ਫਿਕਰਾ ਅਕਸਰ ਸੁਣਨ ਨੂੰ ਮਿਲਦਾ ਹੈ: “ਕੈਪਟਨ ਕਿਆਂ ਨੇ ਕੀ ਦੇਣਾ ! ਏਦੂੰ ਤਾਂ ਬਾਦਲ ਈ ਚੰਗੇ ਸੀ... ਢਾਈ-ਢਾਈ ਸੌ ਰੁਪਏ ਤਾਂ ਮਿਲ ਜਾਂਦੇ ਸੀ।”

### ਕਾਂਗਰਸ ਕੋਲ ਲੀਡਰ ਹੀ ਲੀਡਰ, ਕਾਮਾ ਕੌਣ ਬਣੇ ?

ਨਾ ਸਿਰਫ ਬਾਬਿਆਂ ਨੂੰ ਸਗੋਂ ਸਰਕਾਰੀ ਅਫਸਰਾਂ ਨੂੰ ਵੀ ਬਾਦਲ ਚੇਤੇ ਆਉਣ ਲੱਗੇ ਹਨ। ਜਦੋਂ ਵੀ ਚਾਰ ਅਫਸਰ ਜੁੜਦੇ ਹਨ ਤਾਂ ਚਰਚਾ ਕਾਂਗਰਸੀ ਆਗੂਆਂ ਦੀਆਂ ਫੋਨ ਕਾਲਾਂ ਤੇ ਫੇਰੀਆਂ ਦੀ ਸ਼ੁਰੂ ਹੋ ਜਾਂਦੀ ਹੈ। ਇਹ ਪ੍ਰਭਾਵ ਸਾਂਝਾ ਹੈ ਕਿ ਅਕਾਲੀਆਂ ਕੋਲ ਲੀਡਰ ਸੀਮਤ ਸਨ ਅਤੇ ਵਰਕਰ ਜ਼ਿਆਦਾ। ਕਾਂਗਰਸ ਕੋਲ ਲੀਡਰ ਹੀ ਲੀਡਰ ਹਨ, ਕੋਈ ਵੀ ਆਪਣੇ ਆਪ ਨੂੰ ਵਰਕਰ ਨਹੀਂ ਮੰਨਦਾ। ਹਰ ‘ਲੀਡਰ’ ਆਪਣਾ ਨਾਂ ਚਮਕਾਉਣ ਲਈ ਅਫਸਰਾਂ ’ਤੇ ਜਾਇਜ਼-ਨਾਜਾਇਜ਼ ਦਬਾਅ ਪਾਉਣਾ ਸੰਵਿਧਾਨਕ ਹੱਕ ਸਮਝਦਾ ਹੈ।

### ਰੇਤੇ ਦੀਆਂ ਖੱਡਾਂ ਵਿਚ ਤਿਲਕਦੀ ਜਾ ਰਹੀ ਹੈ ਕੈਪਟਨ ਸਰਕਾਰ

ਕੈਪਟਨ ਸਰਕਾਰ ਪਿਛਲੇ 10 ਮਹੀਨਿਆਂ ਤੋਂ ਰੇਤੇ ਦੀਆਂ ਖੱਡਾਂ ਵਿਚ ਹੀ ਤਿਲਕਦੀ ਜਾ ਰਹੀ ਹੈ। ਪਹਿਲਾਂ ਰੇਤੇ ਦੀਆਂ ਖੱਡਾਂ ਦੀ ਬੋਲੀ ਦੇ ਮਾਮਲੇ ਵਿਚ ਰਾਣਾ ਗੁਰਜੀਤ ਸਿੰਘ ਦੇ ਘਿਰਨ ਕਾਰਨ ਇਹ ਮੁੱਦਾ ਉਲਝਿਆ ਰਿਹਾ ਅਤੇ ਹੁਣ ਖੱਡਾਂ ਖਰੀਦਣ ਵਾਲੇ ਠੇਕੇਦਾਰਾਂ ਵੱਲੋਂ ਠੇਕੇ ਦੀ 25 ਫ਼ੀਸਦੀ ਰਾਸ਼ੀ ਜਮਾਂ ਕਰਵਾਉਣ ਤੋਂ ਕੰਨੀ ਕਤਰਾਉਣ ਦੇ ਸੰਕੇਤ ਮਿਲਣ ਕਾਰਨ ਸਰਕਾਰ ਲਈ ਨਵੀਂ ਚਿੰਤਾ ਪੈਦਾ ਹੋ ਰਹੀ ਹੈ। ਸੂਤਰਾਂ ਅਨੁਸਾਰ ਠੇਕੇਦਾਰਾਂ ਨੇ ਸ਼ਰਤਾਂ ਤਹਿਤ ਇਹ ਕਿਸ਼ਤ ਜਨਵਰੀ ਵਿਚ ਜਮ੍ਹਾਂ ਕਰਵਾਉਣੀ ਸੀ ਪਰ ਕਈ ਠੇਕੇਦਾਰ ਕਿਸ਼ਤ ਜਮਾਂ ਕਰਵਾਉਣ ਤੋਂ ਭੱਜਣ ਦੀ ਤਾਕ ਵਿਚ ਹਨ। ਜ਼ਿਕਰਯੋਗ ਹੈ ਕਿ ਸਰਕਾਰ ਨੇ ਖੱਡਾਂ ਅਲਾਟ ਕਰਨ ਵੇਲੇ ਬੋਲੀ ਦੀ ਕੁੱਲ ਰਾਸ਼ੀ ਦੀ 25 ਫ਼ੀਸਦ ਰਾਸ਼ੀ ਸਕਿਓਰਿਟੀ ਵਜੋਂ ਜਮਾਂ ਕਰਵਾਈ ਸੀ ਅਤੇ ਇਕ ਤਿਮਾਹੀ ਦੀ 25 ਫ਼ੀਸਦ ਰਾਸ਼ੀ ਵੀ ਲੈ ਲਈ ਸੀ। ਇਸ ਤਰ੍ਹਾਂ ਸਰਕਾਰ ਖੱਡਾਂ ਦੀ ਲੱਗੀ ਬੋਲੀ ਦੀ 50 ਫ਼ੀਸਦ ਰਾਸ਼ੀ ਪਹਿਲਾਂ ਹੀ ਵਸੂਲ ਚੁੱਕੀ ਹੈ ਅਤੇ ਹੁਣ ਦੂਜੀ ਤਿਮਾਹੀ ’ਤੇ 25 ਫ਼ੀਸਦ ਰਾਸ਼ੀ ਹਾਸਲ ਕਰਨੀ ਹੈ। ਸੂਤਰਾਂ ਅਨੁਸਾਰ ਮੁੱਖ ਦਫ਼ਤਰ ਵੱਲੋਂ ਮਾਈਨਿੰਗ ਵਿਭਾਗ ਦੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨੂੰ ਨੋਟਿਸ ਅਤੇ ਐਡਵਾਈਜ਼ਰੀ ਭੇਜ ਕੇ ਠੇਕੇਦਾਰਾਂ ਕੋਲੋਂ ਅਗਲੀ ਤਿਮਾਹੀ ਦੀ ਕਿਸ਼ਤ ਹਾਸਲ ਕਰਨ ਲਈ ਕਿਹਾ ਜਾ ਰਿਹਾ ਹੈ।



ਪੰਜਾਬ ਵਿਚ ਵੱਡੇ ਪੱਧਰ ’ਤੇ ਗੈਰ-ਕਾਨੂੰਨੀ ਢੰਗ ਨਾਲ ਮਾਈਨਿੰਗ ਹੋਣ ਅਤੇ ਮੰਦੀ ਕਾਰਨ ਮੰਗ ਘਟਣ ਕਾਰਨ ਰੇਤੇ ਅਤੇ ਬਜਰੀ ਦੀਆਂ ਕੀਮਤਾਂ ਘਟੀਆਂ ਹਨ, ਜਿਸ ਕਾਰਨ ਮਹਿੰਗੀਆਂ ਬੋਲੀਆਂ ਲਾਉਣ ਵਾਲੇ ਠੇਕੇਦਾਰਾਂ ਨੂੰ ਤਿਮਾਹੀ ਕਿਸ਼ਤ ਜਮਾਂ ਕਰਵਾਉਣੀ ਮਹਿੰਗੀ ਹੋਈ ਪਈ ਹੈ।

### ਗੁੰਡਾ ਟੈਕਸ: ਕੈਪਟਨ ਦੇ ਚੌਧਰੀਆਂ ਵੱਲੋਂ ‘ਘੁਰਕੀ ਤੇ ਬੁਰਕੀ’ ਦਾ ਪੈਂਤੜਾ

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਚੌਧਰੀਆਂ ਨੇ ਗੁੰਡਾ ਟੈਕਸ ਦੀ ਵਸੂਲੀ ਲਈ ‘ਘੁਰਕੀ ਤੇ ਬੁਰਕੀ’ ਦਾ ਪੈਂਤੜਾ ਲਿਆ ਹੈ। ਭਿਸੀਆਣਾ ਹਵਾਈ ਅੱਡੇ ਤੋਂ ‘ਗੁੰਡਾ ਟੈਕਸ’ ਵਸੂਲੀ ਖ਼ਿਲਾਫ਼ ਜਦੋਂ ਟਰੱਕ ਅਪਰੇਟਰਾਂ ਨੇ ਤੇਵਰ ਦਿਖਾਏ ਤਾਂ ਕਾਂਗਰਸੀ ਚੌਧਰੀਆਂ ਨੇ ਪਹਿਲਾਂ ਸਖ਼ਤੀ ਦਿਖਾਈ ਅਤੇ ਮਗਰੋਂ ਠੇਕੇਦਾਰਾਂ ਤੇ ਅਪਰੇਟਰਾਂ ਨਾਲ ‘ਦੋਸਤਾਨਾ ਮੈਚ’ ਖੇਡਣ ਦਾ ਫੈਸਲਾ ਕਰ ਲਿਆ। ਜਦੋਂ ਬਠਿੰਡਾ ਰਿਫਾਇਨਰੀ ਦੇ ‘ਗੁੰਡਾ ਟੈਕਸ’ ਖ਼ਿਲਾਫ ਠੇਕੇਦਾਰ ਖੜ੍ਹੇ ਹੋਏ ਤਾਂ ‘ਸ਼ਾਹੀ ਦਰਬਾਰ’ ਦਾ ਮੁਹਾਲੀ ਤੋਂ ਇੱਕ ‘ਏਲਚੀ’ ਰਿਫਾਇਨਰੀ ਸਾਈਟ ’ਤੇ ਪੁੱਜ ਗਿਆ। ਕਾਂਗਰਸੀ ਏਲਚੀ ਨੇ ਇਕੱਲੇ ਇਕੱਲੇ ਠੇਕੇਦਾਰ ਨੂੰ ਬੁਲਾ ਕੇ ਮੀਟਿੰਗ ਕੀਤੀ ਅਤੇ ‘ਗੁੰਡਾ ਟੈਕਸ’ ਵਿਚ 10 ਫ਼ੀਸਦੀ ਛੋਟ ਦੇਣ ਦੀ ਪੇਸ਼ਕਸ਼ ਕੀਤੀ।

ਉਪਰੋਂ ਆਏ ‘ਏਲਚੀ’ ਨੇ ਭਿਸੀਆਣਾ ਵਾਂਗ ‘ਦੋਸਤਾਨਾ ਮੈਚ’ ਖੇਡਣ ਦਾ ਫਾਰਮੂਲਾ ਰੱਖਿਆ ਹੈ। ਇਕ ਠੇਕੇਦਾਰ ਨੇ ਦੱਸਿਆ ਕਿ ‘ਗੁੰਡਾ ਟੈਕਸ’ ਵਿਚ ਛੋਟ ਦੇਣ ਦੀ ਗੱਲ ਆਖੀ ਗਈ ਹੈ ਪਰ ਉਨ੍ਹਾਂ ਨੂੰ ਇਹ ਮਨਜ਼ੂਰ ਨਹੀਂ ਹੈ। ਠੇਕੇਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਰਿਫਾਇਨਰੀ ਦੀ ਸਬੰਧਤ ਮੈਨੇਜਮੈਂਟ ਨੂੰ ਸੂਚਿਤ ਕਰ ਦਿੱਤਾ ਹੈ ਅਤੇ ਹੁਣ ਪ੍ਰਬੰਧਕ ਸੋਚਣ ਕੀ ਕਰਨਾ ਹੈ।

ਸੂਤਰਾਂ ਮੁਤਾਬਕ ਜੇਕਰ ਠੇਕੇਦਾਰ ਅੜ ਗਏ ਤਾਂ ਰਿਫਾਇਨਰੀ ’ਚ ਪੈਟਰੋ ਕੈਮੀਕਲ ਯੂਨਿਟ ਦੀ ਉਸਾਰੀ ਨੂੰ ਧੱਕਾ ਲੱਗ ਸਕਦਾ ਹੈ। ਰਿਫਾਇਨਰੀ ਸਾਈਟ ’ਤੇ ਇਕ ਕਾਂਗਰਸੀ ਨੇਤਾ ਦੇ ਰਿਸ਼ਤੇਦਾਰਾਂ ਵੱਲੋਂ ਤਾਂ ਬਕਾਇਦਾ ਫਰਮਾਂ ਬਣਾ ਕੇ ਕੰਮ ਸ਼ੁਰੂ ਕੀਤਾ ਹੋਇਆ ਹੈ। ਐਮਈਐਸ ਬਿਲਡਰਜ਼ ਐਸੋਸੀਏਸ਼ਨ ਬਠਿੰਡਾ ਦੇ ਚੇਅਰਮੈਨ ਸੁਰਿੰਦਰ ਵਾਲੀਆ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਗੱਡੀਆਂ ਰੋਕ ਲਈਆਂ ਜਾਂਦੀਆਂ ਸਨ, ਜਿਸ ਬਾਰੇ ਉਨ੍ਹਾਂ ਨੇ ਐਸਐਸਪੀ ਨੂੰ ਪੱਤਰ ਵੀ ਲਿਖਿਆ ਸੀ ਪਰ ਹੁਣ ਮਸਲਾ ਹੱਲ ਹੋ ਗਿਆ ਹੈ। ਬਠਿੰਡਾ ਕੈਂਟ ਦੇ ਇੱਕ ਹੋਰ ਬਿਲਡਰ ਨੇ ਦੱਸਿਆ ਕਿ ਟਰੱਕਾਂ ਤੋਂ ਪ੍ਰਤੀ ਫੁੱਟ ਦੋ ਰੁਪਏ ‘ਗੁੰਡਾ ਟੈਕਸ’ ਲਿਆ ਜਾਂਦਾ ਹੈ। ਸੂਤਰਾਂ ਮੁਤਾਬਕ ਬਠਿੰਡਾ ਕੈਂਟ ਵਿਚ ਤਾਂ ਹੁਣ ਉਸਾਰੀ ਦਾ ਕੰਮ ਮੱਠਾ ਪੈ ਗਿਆ ਹੈ ਜਦੋਂਕਿ ਭਿਸੀਆਣਾ ਹਵਾਈ ਅੱਡੇ ਅੰਦਰ ਕਈ ਪ੍ਰਾਜੈਕਟ ਚੱਲ ਰਹੇ ਹਨ। ਕਾਂਗਰਸੀ ਆਗੂਆਂ ਨੇ ਹਵਾਈ ਅੱਡਾ ਸਾਈਟ ਉਤੇ ‘ਗੁੰਡਾ ਟੈਕਸ’ ਵਸੂਲੀ ਲਈ ਟਰੱਕ ਯੂਨੀਅਨ ਦੇ ਇਕ ਸਾਬਕਾ ਅਕਾਲੀ ਪ੍ਰਧਾਨ ਦੀਆਂ ਸੇਵਾਵਾਂ ਲਈਆਂ ਹਨ।

ਜਾਣਕਾਰੀ ਅਨੁਸਾਰ ਤਕਰੀਬਨ ਮਹੀਨਾ ਕੁ ਪਹਿਲਾਂ ਇੱਕ ਟਰਾਂਸਪੋਰਟਰ ਦੀਆਂ ਗੱਡੀਆਂ ਨੂੰ ਗੁੰਡਾ ਟੈਕਸ ਬਗ਼ੈਰ ਹਵਾਈ ਅੱਡੇ ਵਿਚ ਦਾਖ਼ਲ ਨਾ ਹੋਣ ਦੇਣ ਤੋਂ ਰੌਲਾ ਪੈ ਗਿਆ ਸੀ। ਉਦੋਂ ਕੁਝ ਟਰਾਂਸਪੋਰਟਰ ਇਕੱਠੇ ਹੋ ਕੇ ਆਈਜੀ ਨੂੰ ਮਿਲੇ ਸਨ, ਜਿਨ੍ਹਾਂ ਨੇ ਥਾਣਾ ਸਦਰ ਦੇ ਮੁਖੀ ਨੂੰ ਇਹ ਮਾਮਲਾ ਹੱਲ ਕਰਨ ਲਈ ਆਖਿਆ ਸੀ। ਥਾਣਾ ਸਦਰ ਦੇ ਮੁਖੀ ਨਰਿੰਦਰ ਸ਼ਰਮਾ ਨੇ ਦੱਸਿਆ ਕਿ ਭਿਸੀਆਣਾ ’ਚ ਰੇਤਾ-ਬਜਰੀ ਦੀ ਸਪਲਾਈ ਦੇ ਮਾਮਲੇ ’ਚ ਇੱਕ ਟਰਾਂਸਪੋਰਟਰ ਦਾ ਮਾਮਲਾ ਸੀ, ਜੋ ਹੱਲ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਭਿਸੀਆਣਾ ਹਵਾਈ ਅੱਡੇ ’ਤੇ ਪਹਿਲਾਂ ਰੇਤਾ-ਬਜਰੀ ਦੇ ਪ੍ਰਤੀ ਫੁੱਟ ਦੇ 5 ਰੁਪਏ ਅਤੇ ਰੌਲਾ ਪੈਣ ਮਗਰੋਂ ਤਿੰਨ ਤੋਂ ਚਾਰ ਰੁਪਏ ਪ੍ਰਤੀ ਫੁੱਟ ‘ਗੁੰਡਾ ਟੈਕਸ’ ਲਿਆ ਜਾ ਰਿਹਾ ਹੈ।

### “ਮੈਂ ਨਹੀਂ, ਅਸਲੀ ਗੈਂਗਸਟਰ ਤਾਂ ਅਕਾਲੀ ਆਗੂ ਨੇ”

ਰਿਮਾਂਡ ’ਤੇ ਚੱਲ ਰਹੇ ਗੈਂਗਸਟਰ ਰਵੀਚਰਨ ਸਿੰਘ ਉਰਫ਼ ਰਵੀ ਦਿਓਲ ਨੇ ਵੱਡਾ ਖੁਲਾਸਾ ਕਰਦਿਆਂ ਇਕ ਅਕਾਲੀ ਆਗੂ ਸਮੇਤ ਦੋ ਜਣਿਆਂ ਉਪਰ ਅਪਰਾਧਿਕ ਘਟਨਾਵਾਂ ਵਿਚ ਧੱਕਣ, ਉਸ ਪਾਸੋਂ ਗਲਤ ਕੰਮ ਕਰਾਉਣ ਅਤੇ ਮੂੰਹ ਬੰਦ ਰੱਖਣ ਲਈ 12 ਲੱਖ ਰੁਪਏ ਦੇਣ ਦੇ ਗੰਭੀਰ ਦੋਸ਼ ਲਾਏ ਹਨ। ਅਕਾਲੀ ਆਗੂ ਅਮਨਬੀਰ ਸਿੰਘ ਚੈਰੀ ਸਾਬਕਾ ਵਿੱਤ ਮੰਤਰੀ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਦਾ ਨਜ਼ਦੀਕੀ ਰਿਸ਼ਤੇਦਾਰ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਉਹ ਉਨ੍ਹਾਂ ਦਾ ਓਐਸਡੀ ਵੀ ਰਿਹਾ ਹੈ। ਇਰਾਦਾ ਕਤਲ ਕੇਸ ਵਿਚ ਚਾਰ ਦਿਨ ਦਾ ਪੁਲੀਸ ਰਿਮਾਂਡ ਖਤਮ ਹੋਣ ਮਗਰੋਂ ਪੁਲੀਸ ਵੱਲੋਂ ਉਸ ਨੂੰ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਦਰਜਾ ਅੱਵਲ ਜੇ.ਐਸ. ਮਹਿੰਦੀਰੱਤਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਦਾ ਅੱਠ ਦਿਨ ਦਾ ਪੁਲੀਸ ਰਿਮਾਂਡ ਦਿੱਤਾ ਹੈ। 11 ਫਰਵਰੀ ਨੂੰ ਰਵੀ ਨੂੰ ਮੁੜ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਪੇਸ਼ੀ ਉਪਰੰਤ ਪੁਲੀਸ ਹਿਰਾਸਤ ਦੌਰਾਨ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੈਂਗਸਟਰ ਰਵੀ ਦਿਓਲ ਨੇ ਉਪਰੋਕਤ ਦੋਸ਼ ਲਾਏ। ਉਸ ਨੇ ਕਿਹਾ ਕਿ ਉਸ ਨੂੰ ਗੈਂਗਸਟਰ ਨਾ ਲਿਖਿਆ ਜਾਵੇ ਕਿਉਂਕਿ ਗੈਂਗਸਟਰ ਉਹ ਹਨ ਜਿਨ੍ਹਾਂ ਨੇ ਉਸ ਨੂੰ ਅਪਰਾਧਿਕ ਘਟਨਾਵਾਂ ਵਿਚ ਧੱਕਿਆ ਹੈ।

ਉਸ ਨੇ ਦੋਸ਼ ਲਾਇਆ ਕਿ ਅਕਾਲੀ ਆਗੂ ਅਮਨਬੀਰ ਸਿੰਘ ਚੈਰੀ ਅਤੇ ਉਸਦੇ ਸਾਥੀ ਮਨੋਜ ਕੁਮਾਰ ਮਨੂੰ ਨੇ ਹੀ ਲੜਾਈ ਝਗੜਿਆਂ ਦਾ ਮੁੱਢ ਬੰਨ੍ਹਿਆ। ਉਸ ਨੇ ਦੱਸਿਆ ਕਿ ਜਦੋਂ ਉਸਨੇ ਇਨ੍ਹਾਂ ਦੇ ਗਲਤ ਕੰਮਾਂ ਦਾ ਜਨਤਕ ਤੌਰ ’ਤੇ ਖੁਲਾਸਾ ਕਰਨ ਦੀ ਧਮਕੀ ਦਿੱਤੀ ਤਾਂ ਚੈਰੀ ਨੇ ਉਸਨੂੰ ਆਪਣਾ ਮੂੰਹ ਬੰਦ ਰੱਖਣ ਲਈ 12 ਲੱਖ ਰੁਪਏ ਦਿੱਤੇ।

### ਵੱਡੇ ਬਾਦਲ ਦੀ ਹਦਾਇਤ, ਮਸ਼ਵਰੇ ਹੁਣ ਸੁਖਬੀਰ ਨਾਲ ਕਰੋ!

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਰਗਰਮ ਸਿਆਸਤ ਨਾਲੋਂ ਦੂਰੀ ਬਣਾ ਲੈਣ ਕਾਰਨ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਘੁਟਣ ਮਹਿਸੂਸ ਕੀਤੀ ਜਾ ਰਹੀ ਹੈ। ਵਿਧਾਨ ਸਭਾ ਚੋਣਾਂ ਵਿਚ ਕਰਾਰੀ ਹਾਰ ਤੋਂ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰਨਾਂ ਕਈ ਆਗੂਆਂ ਦੇ ਸੁਭਾਅ ਅਤੇ ਕੰਮ ਢੰਗ ਵਿਚ ਕੋਈ ਤਬਦੀਲੀ ਦਿਖਾਈ ਨਹੀਂ ਦੇ ਰਹੀ, ਪਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀਆਂ ਗਤੀਵਿਧੀਆਂ ਬਹੁਤ ਹੀ ਸੀਮਤ ਕਰ ਲਈਆਂ ਹਨ। ਵੱਡੇ ਬਾਦਲ ਹੁਣ ਆਪਣੇ ਵਿਧਾਨ ਸਭਾ ਹਲਕੇ ਲੰਬੀ ਦੇ ਪਿੰਡਾਂ ਵਿਚ ਹੀ ਆਪਣੇ ਹਮਾਇਤੀਆਂ ਦੇ ਦੁੱਖ ਸੁੱਖ ਵਿਚ ਸ਼ਰੀਕ ਹੁੰਦੇ ਹਨ ਜਾਂ ਫਿਰ ਕਦੇ ਕਦਾਈਂ ਚੰਡੀਗੜ੍ਹ ’ਚ ਵਰਕਰਾਂ ਦੇ ਸ਼ਿਕਵੇ ਸੁਣਨ ਦੇ ਬਹਾਨੇ ਲੋਕਾਂ ਨਾਲ ਰਾਬਤਾ ਰੱਖ ਰਹੇ ਹਨ।



ਪਾਰਟੀ ਦੇ ਇਕ ਸੀਨੀਅਰ ਆਗੂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਕੁਝ ਸੀਨੀਅਰ ਆਗੂਆਂ ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਪਾਰਟੀ ਵਿਚਲੇ ਕੁਝ ਮਸਲਿਆਂ ’ਤੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਪਰ ਵੱਡੇ ਬਾਦਲ ਨੇ ਚਰਚਾ ਕਰਨ ਤੋਂ ਮੂੰਹ ਫੇਰਦਿਆਂ ਕਿਹਾ “ਕੋਈ ਵੀ ਗੱਲ ਕਰਨੀ ਹੈ ਤਾਂ ਸੁਖਬੀਰ ਨਾਲ ਹੀ ਕਰੋ ਜਥੇਦਾਰ ਜੀ”। ਸ੍ਰੀ ਬਾਦਲ ਦਾ ਇਹ ਮਸ਼ਵਰਾ ਸੀਨੀਅਰ ਅਕਾਲੀ ਆਗੂਆਂ ਨੂੰ ਰਾਸ ਨਹੀਂ ਆ ਰਿਹਾ ਕਿਉਂਕਿ ਛੋਟੇ ਬਾਦਲ ਅਤੇ ਜਥੇਦਾਰਾਂ ਦਰਮਿਆਨ ਪੀੜ੍ਹੀ ਅੰਤਰ ਹੋਣ ਕਾਰਨ ਦੂਰੀਆਂ ਵਧ ਰਹੀਆਂ ਹਨ।

ਪੰਜਾਬ ਵਿਚ ਸਾਲ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਅਕਾਲੀ ਦਲ ਅੰਦਰ ਹੁਣ ਸੀਨੀਅਰ ਅਕਾਲੀ ਆਗੂਆਂ ਖਾਸ ਕਰ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਚਰਨਜੀਤ ਸਿੰਘ ਅਟਵਾਲ, ਨਿਰਮਲ ਸਿੰਘ ਕਾਹਲੋਂ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਲੀਡਰਾਂ ਦੀ ਪਹਿਲਾਂ ਵਾਲੀ ਚੜ੍ਹਤ ਨਹੀਂ ਮੰਨੀ ਜਾਂਦੀ। ਵੱਡੇ ਬਾਦਲ ਵੱਲੋਂ ਨਿੱਤ ਦਿਨ ਦੀਆਂ ਸਰਗਰਮੀਆਂ ਤੋਂ ਦੂਰੀਆਂ ਬਣਾਉਣ ਨਾਲ ਹੀ ਇਨ੍ਹਾਂ ਆਗੂਆਂ ਦੀਆਂ ਸਿਆਸੀ ਗਤੀਵਿਧੀਆਂ ਵੀ ਬਹੁਤ ਸੀਮਤ ਹੋ ਕੇ ਰਹਿ ਗਈਆਂ ਹਨ। ਪਾਰਟੀ ਅੰਦਰ ਇਹ ਪ੍ਰਭਾਵ ਆਮ ਹੀ ਜਾਣ ਲੱਗਾ ਹੈ ਕਿ ਛੋਟੇ ਬਾਦਲ ਨਵੀਂ ਪੀੜ੍ਹੀ ਦੇ ਆਗੂਆਂ ਨੂੰ ਤਰਜੀਹ ਦਿੰਦੇ ਹਨ। ਪ੍ਰਕਾਸ਼ ਸਿੰਘ ਬਾਦਲ ਸਮੇਤ ਦੂਜੀ ਕਤਾਰ ਦੇ ਸੀਨੀਅਰ ਆਗੂਆਂ ਦੀਆਂ ਸਰਗਰਮੀਆਂ ਘਟਣ ਤੋਂ ਇਹ ਵੀ ਸਪਸ਼ਟ ਸੰਕੇਤ ਹਨ ਕਿ ਆਉਣ ਵਾਲੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਨਵੀਂ ਪੀੜ੍ਹੀ ਦੇ ਹੋਰਨਾਂ ਆਗੂਆਂ ਦੀ ਅਗਵਾਈ ਹੇਠ ਹੀ ਲੜੀਆਂ ਜਾਣਗੀਆਂ।

ਅਲਬਰਟਾ ਸਰਕਾਰ ਦੀ ਰਣਨੀਤਕ ਜਿੱਤ

# ਅਲਬਰਟਾ ਲਾਇਸੰਸ ਪਲੇਟ ਵਾਲੇ ਵਾਹਨਾਂ ਤੋਂ ਸਸਕੈਚਵਨ ਸਰਕਾਰ ਨੇ ਬਿਆਨ ਹਟਾਇਆ



**ਐਡਮਿੰਟਨ (ਨਦਬ)** : ਪਿਛਲੇ ਸਾਲ ਦੇ ਆਖ਼ਰੀ ਮਹੀਨੇ ਵਿਚ ਸਸਕੈਚਵਨ ਦੀ ਸਰਕਾਰ ਵਲੋਂ ਅਲਬਰਟਾ ਲਾਇਸੰਸ ਪਲੇਟ ਵਾਲੇ ਵਾਹਨਾਂ ਨੂੰ ਸਰਕਾਰੀ ਕੰਮ ਵਾਲੀ ਥਾਵਾਂ ’ਤੇ ਬਿਆਨ ਕਰ ਦਿੱਤਾ ਗਿਆ ਸੀ। ਸਸਕੈਚਵਨ ਸਰਕਾਰ ਦੇ ਇਸ ਫ਼ੈਸਲੇ ਦੀ ਚੁਫ਼ੇਰਿਓ ਕਰੜੀ ਨਿੰਦਾ ਹੋਈ ਸੀ ਤੇ ਇਸ ਦੀ ਪ੍ਰਤੀਕਿਰਿਆ ਵਜੋਂ ਅਲਬਰਟਾ ਸਰਕਾਰ ਵੱਲੋਂ ਸਸਕਾਚਵਨ ਦੇ ਲਾਇਸੰਸ ਪਲੇਟ ਵਾਲੇ ਵਾਹਨਾਂ ’ਤੇ ਬਿਆਨ ਲਾ ਦਿੱਤਾ ਗਿਆ ਸੀ।

ਪਰ ਹੁਣ ਖ਼ੁਸ਼ਖ਼ਬਰੀ ਇਹ ਹੈ ਕਿ ਬ੍ਰਾਡ ਵਾਲ ਸਰਕਾਰ ਦੇ ਵਪਾਰ ਨਾਲ ਜੁੜੇ ਮਾਮਲਿਆਂ ਸਬੰਧੀ ਮੰਤਰੀ ਸਟੀਵਨ ਬੌਂਕ ਨੇ ਅਲਬਰਟਾ ਦੇ ਵਪਾਰ ਮੰਤਰੀ ਨੂੰ ਚਿੱਠੀ ਲਿਖ ਕੇ ਜਾਣਕਾਰੀ ਦਿੱਤੀ ਹੈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਬਿਆਨ ਹਟਾ ਲਿਆ ਗਿਆ ਹੈ ਤੇ ਉਹ ਸਰਹੱਦੀ ਅਤੇ ਹੋਰ ਮਸਲਿਆਂ ਨੂੰ ਲੈ ਕੇ ਗੱਲਬਾਤ ਕਰਨ ਲਈ ਤਿਆਰ ਹਨ। ਪਰ ਸਟੀਵਨ ਬੌਂਕ ਵੱਲੋਂ ਭੇਜੀ ਚਿੱਠੀ ਵਿਚ ਟਰੇਡ ਡਿਸਪਿਊਟ ਪੈਨਲ ਦਾ ਕੋਈ ਜ਼ਿਕਰ ਨਹੀਂ ਹੈ। ਦੱਸਣਾ ਬਣਦਾ ਹੈ ਕਿ ਜੇਕਰ ਸਸਕੈਚਵਨ ਵੱਲੋਂ ਬਿਆਨ ਨਾ ਹਟਾਇਆ ਜਾਂਦਾ ਤਾਂ ਮਾਮਲਾ ਟਰੇਡ ਡਿਸਪਿਊਟ ਪੈਨਲ ਨੇ ਨਜਿੱਠਣਾ ਸੀ। ਅਜਿਹੀ ਸਥਿਤੀ ਵਿਚ ਜੇ ਸਸਕੈਚਵਨ ਨਿਊ ਵੈਸਟ ਪਾਰਟਨਰਸ਼ਿਪ ਐਗਰੀਮੈਂਟ ਦੀ ਉਲੰਘਣਾ ਵਿਚ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਪੰਜ ਮਿਲੀਅਨ ਡਾਲਰ ਦੇ ਜ਼ੁਰਮਾਨੇ ਦਾ ਸਾਹਮਣਾ ਕਰਨਾ ਪੈਣਾ ਸੀ। ਮਾਮਲੇ ਤੋਂ ਇਹ ਸਪਸ਼ਟ ਸੀ ਕਿ ਸਸਕੈਚਵਨ ਦੋਸ਼ੀ ਹੈ। ਹੋਰ ਤਾਂ ਹੋਰ ਇਹ ਰਾਜਨੀਤਕ ਤਰਕ ਅਤੇ ਸਮਝ ਦੀ ਉਲੰਘਣਾ ਦਾ ਵੀ ਮਾਮਲਾ ਸੀ।

ਜ਼ਿਕਰਯੋਗ ਹੈ ਕਿ ਜਦੋਂ ਬ੍ਰਾਡ ਵਾਲ ਸਰਕਾਰ ਵਲੋਂ ਇਹ ਬਿਆਨ ਲਾਇਆ ਗਿਆ ਸੀ ਉਦੋਂ ਬ੍ਰਾਡ ਵਾਲ ਨੇ ਇਹ ਐਲਾਨ ਵੀ ਕੀਤਾ ਸੀ ਕਿ ਅਲਬਰਟਾ ਵਲੋਂ ਜੋ ਸਸਕੈਚਵਨ ਲਾਇਸੰਸ ਪਲੇਟਾਂ ਵਾਲੇ ਵਹੀਕਲਾਂ ’ਤੇ ਬਿਆਨ ਲਾਇਆ ਗਿਆ ਹੈ, ਉਹ ਇਸ ਦਾ ਬਦਲਾ ਲੈਣਗੇ। ਪਰ ਹੁਣ ਬ੍ਰਾਡ ਵਾਲ ਸਰਕਾਰ ਪੁੱਠੇ ਪੈਰ੍ਹੀਂ ਭੱਜ ਚੁੱਕੀ ਹੈ। ਸਸਕੈਚਵਨ ਸਰਕਾਰ ਲਾਏ ਗਏ ਦੋਸ਼ਾਂ ਸਬੰਧੀ ਸਬੂਤ ਵੀ ਪੇਸ਼ ਨਹੀਂ ਕਰ ਸਕੀ। ਇੱਥੇ ਇਹ ਦੱਸਣਾ ਬਣਦਾ ਹੈ ਕਿ ਸਸਕੈਚਵਨ ਦੀ ਸਰਕਾਰ ਇਸ ਫੈਸਲੇ ਨੂੰ ਆਪਣੀ ਜਿੱਤ ਮੰਨ ਰਹੀ ਹੈ। ਜਿੱਤ ਸ਼ਾਇਦ ਇਸ ਨਜ਼ਰੀਏ ਤੋਂ ਮੰਨ ਰਹੀ ਹੈ ਕਿਉਂਕਿ ਜੇਕਰ ਅਲਬਰਟਾ ਸਰਕਾਰ ਉਨ੍ਹਾਂ ਨਾਲ ਸਹਿਮਤੀ ਨਾ ਜਿਤਾਉਂਦੀ ਤਾਂ ਸਸਕੈਚਵਨ ਨੂੰ ਪੰਜ ਮਿਲੀਅਨ ਡਾਲਰ ਦਾ ਜ਼ੁਰਮਾਨਾ ਹੋਣਾ ਲਗਭਗ ਤਹਿ ਸੀ।

ਇਸ ਘਟਨਾਕ੍ਰਮ ’ਚ ਅਲਬਰਟਾ ਸਰਕਾਰ ਦਾ ਰੁਖ਼ ਮਿਲਿਆ ਜੁਲਿਆ ਰਿਹਾ ਹੈ। ਕਦੇ ਬਹੁਤ ਕਰੜੀ ਪ੍ਰਤੀਕਿਰਿਆ ਕੀਤੀ ਤੇ ਕਦੇ ਹਲਕੇ ਢੰਗ ਨਾਲ ਲਿਆ। ਪਰ ਜ਼ਿਆਦਾਤਰ ਰਵੱਈਆ ਹੈਰਾਨੀਜਨਕ ਰਿਹਾ। ਸਾਰੀਆਂ ਗੱਲਾਂ ਛੱਡ ਕੇ ਅਲਬਰਟਾ ਸਰਕਾਰ ਦੀ ਇਸ ਗੱਲੋਂ ਪ੍ਰਸੰਸ਼ਾ ਕਰਨੀ ਬਣਦੀ ਹੈ ਕਿ ਉਸ ਨੇ ਲੜਾਈ ਜਾਰੀ ਰੱਖਣਾ ਮੁਨਾਸਿਬ ਨਹੀਂ ਸਮਝਿਆ।

# ਜੜ੍ਹ ਹੋ ਚੁੱਕੀਆਂ ਸਿਆਸੀ ਪ੍ਰੰਪਰਾਵਾਂ ਨੂੰ ਖਾਰਜ ਕਰਨ ਦਾ ਵੇਲਾ

ਅਲਬਰਟਾ ਪਾਰਟੀ ਦੇ ਆਗੂਆਂ ਦੀ ਪਹਿਲੀ ਬਹਿਸ

**ਐਡਮਿੰਟਨ (ਨਦਬ)** : ਇੱਕ ਮਹੀਨਾ ਹੋਰ ਰਹਿ ਗਿਆ ਹੈ ਫਿਰ ਅਲਬਰਟਾ ਪਾਰਟੀ ਦੇ ਮੈਂਬਰ ਆਪਣਾ ਨਵਾਂ ਆਗੂ ਚੁਣਨ ਲਈ ਵੋਟਾਂ ਪਾਉਣਗੇ। ਚੋਣ ਦੇ ਸੰਦਰਭ ਵਿਚ ਅਲਬਰਟਾ ਪਾਰਟੀ ਦੇ ਆਗੂਆਂ ਦੀਆਂ ਤਿੰਨ ਬਹਿਸਾਂ ਹੋ ਚੁੱਕੀਆਂ ਹਨ। ਉਸ ਤੋਂ ਬਾਅਦ 25 ਫਰਵਰੀ ਨੂੰ ਆਨਲਾਈਨ ਵੋਟਿੰਗ ਹੋਵੇਗੀ ਤੇ 27 ਫਰਵਰੀ ਨੂੰ ਸਥਿਤੀ ਸਪਸ਼ਟ ਹੋ ਜਾਵੇਗੀ। ਜਾਣਕਾਰੀ ਅਨੁਸਾਰ ਅਲਬਰਟਾ ਯੂਨੀਵਰਸਿਟੀ ਦੇ ਲਿਸਟਰ ਕਾਨਫਰੰਸ ਸੈਂਟਰ ਵਿਚ ਲਗਭਗ ਤਿੰਨ ਸੌ ਸਮਰਥਕਾਂ ਨੇ ਰਿਕ ਫਰੇਜ਼ਰ, ਕਾਰਾ ਲੀਵਿਸ ਅਤੇ ਸਟੀਫ਼ਨ ਮੈਂਡੇਲ ਨੂੰ ਸੁਣਿਆ। ਇਨ੍ਹਾਂ ਨੇ ਲਗਭਗ ਦਰਜ਼ਨ ਤੋਂ ਵੱਧ ਵਿਸ਼ਿਆਂ ’ਤੇ ਆਪੋ ਆਪਣੀ ਰਾਇ ਰੱਖੀ। ਬਹਿਸ ਦਾ ਮੁੱਖ ਧੁਰਾ ਫਲੈਟ ਟੈਕਸ, ਸਿਹਤ ਸੇਵਾਵਾਂ, ਸਿੱਖਿਆ, ਹਾਈ ਸਪੀਡ ਰੇਲ ਪ੍ਰੋਜੈਕਟ ਤੇ ਵਾਤਾਵਰਣ ਨਾਲ ਸਬੰਧਤ ਜਨਤਕ ਨੀਤੀਆਂ ਰਹੀਆਂ।




ਬਹਿਸ ਦਾ ਸਾਰ ਇਹ ਸੀ ਕਿ ਵਿਚਾਰਧਾਰਾ, ਖੇਤਰਵਾਦ ਤੇ ਹੋਰ ਅਜਿਹੀਆਂ ਜੜ੍ਹ ਹੋ ਚੁੱਕੀਆਂ ਧਾਰਨਾਵਾਂ ਤੋਂ ਉਪਰ ਉੱਠ ਕੇ ਸੂਬੇ ਦੇ ਵਿਕਾਸ ਬਾਰੇ ਸੋਚਿਆ ਜਾਵੇ।

ਦੱਸਣਾ ਬਣਦਾ ਹੈ ਕਿ ਲੀਡਰਸ਼ਿਪ ਦੀ ਦੌੜ ਉਦੋਂ ਸ਼ੁਰੂ ਹੋਈ ਜਦੋਂ ਅਲਬਰਟਾ ਪਾਰਟੀ ਦੇ ਸਾਬਕਾ ਆਗੂ ਨੇ ਲੀਡਰਸ਼ਿਪ ਤੋਂ ਆਪਣਾ ਕਦਮ ਪਿੱਛੇ ਹਟਾ ਲਿਆ। ਇਸ ਤੋਂ ਇੱਕ ਮਹੀਨੇ ਬਾਅਦ ਮੈਦਾਨ ਵਿਚ ਕਾਰਾ ਲੀਵਿਸ ਆ ਗਈ। ਮੈਂਡੇਲ ਅਤੇ ਫਰੇਜ਼ਰ ਦੋਨੋਂ ਹੀ ਪੀਸੀਯੂ ਦੇ ਸਾਬਕਾ ਮੈਂਬਰ ਕੁਝ ਦਿਨ ਪਹਿਲਾਂ ਮੈਦਾਨ ਵਿਚ ਆਏ ਹਨ।

ਫਰੇਜ਼ਰ ਸਵੀਕਾਰ ਕਰਦਾ ਹੈ ਕਿ ਉਨ੍ਹਾਂ ਦੀ ਸਾਬਕਾ ਸਰਕਾਰ ਵਲੋਂ ਕੁਝ ਗਲਤੀਆਂ ਹੋਈਆਂ ਹਨ ਜਿਨ੍ਹਾਂ ਦਾ ਉਨ੍ਹਾਂ ਨੂੰ ਪਛਤਾਵਾ ਹੈ। ਕਾਰਾ ਲੀਵਿਸ ਨੇ ਕਿਹਾ ਕਿ ਸਾਨੂੰ ਦੂਜੀਆਂ ਪਾਰਟੀਆਂ ਦੀਆਂ ਯੋਜਨਾਵਾਂ ਬਾਰੇ ਨਹੀਂ ਸੋਚਣਾ ਚਾਹੀਦਾ ਸਗੋਂ ਖੁਦ ਚੰਗੀਆਂ ਯੋਜਨਾਵਾਂ ਉਲੀਕਣੀਆਂ ਚਾਹੀਦੀਆਂ ਹਨ। ਸਾਬਕਾ ਮੇਅਰ ਮੈਂਡੇਲ ਦਾ ਕਹਿਣਾ ਸੀ ਕਿ ਸਾਨੂੰ ਖਰਚਿਆਂ ਬਾਰੇ ਸੋਚਣਾ ਚਾਹੀਦਾ ਹੈ ਤਾਂ ਜੋ ਟੈਕਸਾਂ ਦਾ ਬੋਝ ਨਾ ਵਧੇ। ਅੰਤ ਵਿਚ ਉਮੀਦਵਾਰਾਂ ਨੇ ਪਾਰਟੀਆਂ ਬਾਰੇ ਆਪਣਾ ਨਜ਼ਰੀਆਂ ਰੱਖਿਆ। ਇੱਕ ਤੱਥ ਜਿਸ ’ਤੇ ਸਾਰੇ ਸਹਿਮਤ ਸਨ ਉਹ ਇਹ ਸੀ ਕਿ ਜਿੱਤ ਲਈ ਪਾਰਟੀ ਦੇ ਵਿਸਥਾਰ ਦੀ ਜ਼ਰੂਰਤ ਹੈ। ਕਾਰਾ ਲੀਵਿਸ ਨੇ ਕਿਹਾ ਕਿ ਜੇਕਰ ਅਸੀਂ ਪਾਰਟੀ ਦਾ ਵਿਸਥਾਰ ਕਰਨਾ ਹੈ ਤਾਂ ਘਸੀਆਂ ਪਿਟੀਆਂ ਧਾਰਨਾਵਾਂ ਛੱਡ ਦੇਣੀਆਂ ਚਾਹੀਦੀਆਂ ਹਨ ਅਤੇ ਕੁਝ ਵੱਖਰਾ ਕਰਨਾ ਚਾਹੀਦਾ ਹੈ।

# ਪੰਜਾਬੀ ਗਾਇਕੀ ’ਚ ਲਚਰਤਾ, ਨਸ਼ੇ ਤੇ ਹਿੰਸਾ ਵਿਰੁਧ ਠੋਸ ਮੁਹਿੰਮ ਸ਼ੁਰੂ ਕਰਨ ਦਾ ਐਲਾਨ!






**ਕੈਲਗਰੀ (ਨਦਬ)** : ਸਿਆਣਿਆਂ ਵਲੋਂ ਗੀਤ-ਸੰਗੀਤ ਨੂੰ ਰੂਹ ਦੀ ਖੁਰਾਕ ਕਿਹਾ ਗਿਆ ਹੈ ਤੇ ਹਰ ਕੋਈ ਚੰਗਾ ਗੀਤ-ਸੰਗੀਤ ਸੁਣਨ ਤਰਜ਼ੀਹ ਦਿੰਦਾ ਹੈ।ਪਰ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬੀ ਗਾਇਕੀ ਤੇ ਸੰਗੀਤ ਦਾ ਮਿਆਰ ਦਿਨੋਂ-ਦਿਨ ਡਿਗਦਾ ਜਾ ਰਿਹਾ ਹੈ। ਬੇਸ਼ਕ ਕੁਝ ਉਗਲਾਂ ਤੇ ਗਿਣੇ ਜਾਣ ਵਾਲੇ ਗਾਇਕ ਤੇ ਲੇਖਕ ਹਨ, ਜੋ ਚੰਗਾ ਗਾਉਂਦੇ ਜਾਂ ਲਿਖਦੇ ਹਨ, ਨਹੀਂ ਤਾਂ ਪੰਜਾਬੀ ਸੰਗੀਤ, ਜਿਥੇ ਸਾਜਾਂ ਦੇ ਸ਼ੋਰ ਤੋਂ ਵੱਧ ਕੁਝ ਨਹੀਂ ਰਿਹਾ, ਉਥੇ ਗੀਤਾਂ ਦੀ ਸ਼ਬਦਾਵਲੀ ਵੀ ਭੜੀ ਭੱਦੀ ਤੇ ਅਸ਼ਲੀਲ ਹੁੰਦੀ ਹੈ।

ਪੰਜਾਬੀ ਗਾਇਕ ਤੇ ਲੇਖਕ ਸਭਿਆਚਾਰ ਦੇ ਨਾਮ ਤੇ ਲੱਚਰਤਾ ਅਤੇ ਅਸ਼ਲੀਲਤਾ ਫੈਲਾਉਣ ਵਿਚ ਕੋਈ ਕਸਰ ਨਹੀਂ ਛੱਡ ਰਹੇ।ਜਿਥੇ ਪੰਜਾਬੀ ਗੀਤ ਜਾਤ-ਪਾਤੀ ਮਾਨਸਿਕਤਾ ਨੂੰ ਉਭਾਰ ਕੇ ਪੰਜਾਬ ਦੇ ਲੋਕਾਂ ਵਿਚ ਨਸਲਵਾਦ ਦੇ ਬੀਜ ਬੋ ਰਹੇ ਹਨ, ਉਥੇ ਇਸ ਨਾਲ ਪੰਜਾਬੀ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਹਿੰਸਾ ਵੱਲ ਵੀ ਧੱਕੀ ਜਾ ਰਹੀ ਹੈ।ਪੰਜਾਬੀ ਗੀਤਾਂ ਵਿਚੋਂ ਬਹੁਤ ਥੋੜੇ ਗੀਤ ਅਜਿਹੇ ਮਿਲਦੇ ਹਨ, ਜਿਨ੍ਹਾਂ ਵਿਚੋਂ ਤੁਹਾਨੂੰ ਚੰਗੀ ਸ਼ਾਇਰੀ ਜਾਂ ਸਾਡੇ ਸਭਿਆਚਾਰ ਤੇ ਵਿਰਸੇ ਦੀ ਕੋਈ ਝਲਕ ਮਿਲਦੀ ਹੋਵੇ, ਨਹੀਂ ਤਾਂ ਬਹੁਤੇ ਗੀਤਾਂ ਵਿਚ ਜੱਟਵਾਦ, ਸ਼ਰਾਬ, ਡਾਂਗਾਂ, ਰਫਲਾਂ, ਬੰਦੂਕਾਂ, ਔਰਤਾਂ ਖਿਲਾਫ ਘਟੀਆ ਸ਼ਬਦਾਵਲੀ ਹੀ ਮਿਲਦੀ ਹੈ।ਜਿਸਦੇ ਨਤੀਜੇ ਵਜੋਂ ਸਾਡੀ ਨੌਜਵਾਨੀ ਪੀੜ੍ਹੀ ਨਸ਼ਿਆਂ, ਗੈਂਗਵਾਰ, ਚੋਰੀਆਂ, ਡਕੈਤੀਆਂ, ਲੜਾਈਆਂ, ਬਲਾਤਕਾਰ ਆਦਿ ਵੱਲ ਉਲਾਰ ਹੋ ਰਹੀ ਹੈ।

ਪੰਜਾਬੀ ਸਮਾਜ ਦਾ ਕਿਰਦਾਰ ਫੁਕਰਪੁਣੇ ਤੇ ਦਿਖਾਵੇਬਾਜੀ ਵਾਲਾ ਬਣਦਾ ਜਾ ਰਿਹਾ ਹੈ।ਅਜਿਹੇ ਵਿਚ ਪੰਜਾਬੀ ਸਭਿਆਚਾਰ ਦੀਆਂ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਤੇ ਨੌਜਵਾਨੀ ਨੂੰ ਨਸ਼ਿਆਂ ਤੇ ਗੈਂਗਵਾਰ ਤੋਂ ਬਚਾਉਣ ਲਈ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਮੈਗਜ਼ੀਨ ਕੈਲਗਰੀ ਵਲੋਂ ਇਸ ਸਮਾਜ ਵਿਰੋਧੀ ਵਰਤਾਰੇ ਵਿਰੁਧ ਠੋਸ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ।

ਦੋਨਾਂ ਸੰਸਥਾਵਾਂ ਵਲੋਂ ਮੀਡੀਆ ਨੂੰ ਬਿਆਨ ਜਾਰੀ ਕਰਦੇ ਹੋਏ ਮਾਸਟਰ ਭਜਨ ਸਿੰਘ ਤੇ ਹਰਚਰਨ ਸਿੰਘ ਪਰਹਾਰ ਵਲੋਂ ਕਿਹਾ ਗਿਆ ਕਿ ਇਹ ਲੜਾਈ ਵੱਡੀ ਹੈ, ਜੋ ਕਿ ਸੁਸਾਇਟੀ ਦਾ ਭਲਾ ਚਾਹੁਣ ਵਾਲੇ ਸਾਰੇ ਵਿਅਕਤੀਆਂ ਤੇ ਸੰਸਥਾਵਾਂ ਦੇ ਸਹਿਯੋਗ ਤੋਂ ਬਿਨਾਂ ਨੇਪਰੇ ਨਹੀਂ ਚਾੜ੍ਹੀ ਜਾ ਸਕਦੀ। ਉਨ੍ਹਾਂ ਇਸ ਮੁਹਿੰਮ ਦੀ ਕਾਮਯਾਬੀ ਲਈ ਕੈਲਗਰੀ ਸਮੇਤ ਕਨੇਡਾ ਭਰ ਦੀਆਂ ਸਾਰੀਆਂ ਸਮਾਜਿਕ, ਸਾਹਿਤਕ, ਸਭਿਆਚਾਰਕ, ਰਾਜਨੀਤਕ ਤੇ ਧਾਰਮਿਕ ਸੰਸਥਾਵਾਂ ਨੂੰ ਸ਼ਾਮਲ ਹੋਣ ਖੁੱਲ੍ਹਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਸਾਡੇ ਨਾਲ ਸਾਥ ਦੇਣ ਵਾਲੀਆਂ ਸੰਸਥਾਵਾਂ ਦੇ ਸਹਿਯੋਗ ਨਾਲ ਬਹੁਤ ਜਲਦੀ ਕੋਈ ਠੋਸ ਪ੍ਰੋਗਰਾਮ ਉਲੀਕਿਆ ਜਾਵੇਗਾ ਤਾਂ ਕਿ ਅਗਲੇ ਕੁਝ ਮਹੀਨਿਆਂ ਬਾਅਦ ਪੰਜਾਬੀ ਸਭਿਆਚਾਰ ਅਤੇ ਮਾਂ ਬੋਲੀ ਦੀ ਸੇਵਾ ਦੇ ਨਾਮ ਤੇ ਪਰਿਵਾਰਕ ਸ਼ੋਆਂ ਦੇ ਨਾਮ ਹੇਠ ਲੱਚਰਤਾ, ਨਸ਼ੇ, ਹਿੰਸਾ, ਜਾਤੀਵਾਦ ਫੈਲਾ ਰਹੇ ਗਾਇਕਾਂ ਖਿਲਾਫ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਸ਼ੋਅ ਕਰਾਉਣ ਵਾਲੇ ਪ੍ਰਮੋਟਰਾਂ ਤੇ ਸਪੌਂਸਰ ਕਰਨ ਵਾਲੇ ਬਿਜਨੈਸਮੈਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬੀ ਸਭਿਆਚਾਰ ਤੇ ਮਾਂ ਬੋਲੀ ਪੰਜਾਬੀ ਨੂੰ ਤਬਾਹ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲ-ਦਲ ਵਿਚ ਧਕੇਲ ਰਹੇ ਅਜਿਹੇ ਸਮਾਜ ਵਿਰੋਧੀ ਅਖੌਤੀ ਕਲਾਕਾਰਾਂ ਨੂੰ ਪ੍ਰਮੋਟ ਨਾ ਕਰਨ।

ਆਪਣੇ ਬਿਆਨ ਵਿਚ ਉਨ੍ਹਾਂ ਸੰਕੇਤ ਦਿੱਤਾ ਕਿ ਜਲਦ ਹੀ ਸੁਬਾਈ ਤੇ ਫੈਡਰਲ ਸਰਕਾਰਾਂ ਨਾਲ ਸੰਪਰਕ ਕਰਕੇ ਵਿਜ਼ਟਰ ਵੀਜੇ ਤੇ ਆ ਕੇ ਗੈਰ ਕਨੂੰਨੀ ਢੰਗ ਨਾਲ ਲੱਖਾਂ ਡਾਲਰਾਂ ਇਕੱਠੇ ਕਰਕੇ ਲਿਜਾਣ ਵਾਲੇ ਇਨ੍ਹਾਂ ਅਖੌਤੀ ਮਾਂ ਬੋਲੀ ਤੇ ਸਭਿਆਚਾਰ ਦੇ ਸੇਵਕਾਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਜਾਵੇਗੀ।ਉਨ੍ਹਾਂ ਬੱਚਿਆਂ ਨੂੰ ਗਿੱਧਾ ਭੰਗੜਾ ਸਿਖਾ ਰਹੇ ਗਰੁੱਪਾਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਸਾਫ ਸੁਥਰੀ ਤੇ ਸਭਿਆਚਾਰਕ ਗਾਇਕੀ ਵਾਲੇ ਗੀਤਾਂ ਤੇ ਹੀ ਭੰਗੜਾ ਗਿੱਧਾ ਪਵਾਉਣ ਤਾਂ ਕਿ ਸਾਡੇ ਬੱਚੇ ਅਸਲੀ ਪੰਜਾਬੀ ਸਭਿਆਚਾਰ ਨਾਲ ਜੁੜ ਸਕਣ।

ਉਨ੍ਹਾਂ ਇਸ ਮੁਹਿੰਮ ਦਾ ਵਿਸਥਾਰ ਕਰਦੇ ਹੋਏ ਕਿਹਾ ਕਿ ਪੰਜਾਬੀ ਦੇ ਰੇਡੀਓ ਜਾਂ ਟੀਵੀ ਚੈਨਲਾਂ ਨੂੰ ਅਜਿਹੇ ਲੱਚਰ ਗਾਇਕਾਂ ਤੇ ਉਨ੍ਹਾਂ ਦੇ ਗੀਤਾਂ ਨੂੰ ਪ੍ਰਮੋਟ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ। ਇਹ ਪੁੱਛਣ ’ਤੇ ਕਿ ਜੇ ਇਲੈਕਟਰੌਨਿਕ ਮੀਡੀਆ, ਅਜਿਹਾ ਕਰਨ ਤੋਂ ਨਹੀਂ ਰੁਕਦਾ ਤਾਂ ਕੀ ਕਾਰਵਾਈ ਕੀਤੀ ਜਾਵੇਗੀ, ਦੇ ਜਵਾਬ ਵਿਚ ਬੁਲਾਰਿਆਂ ਨੇ ਕਿਹਾ ਕਿ ਇਸ ਸਬੰਧੀ ਸੀ.ਆ.ਟੀ.ਸੀ ਕੋਲ ਅਜਿਹੇ ਚੈਨਲਾਂ ਦੀ ਸ਼ਿਕਾਇਤ ਵੀ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਪਰਿਵਾਰਕ ਪਾਰਟੀਆਂ ਜਾਂ ਪਬਲਿਕ ਫੰਕਸ਼ਨਾਂ ਵਿਚ, ਜਿਥੇ ਬੱਚਿਆਂ ਸਮੇਤ ਹਰ ਵਰਗ ਦੇ ਲੋਕ ਸ਼ਾਮਲ ਹੁੰਦੇ ਹਨ, ਉਥੇ ਲੱਚਰ, ਨਸ਼ੇ ਤੇ ਜਾਤ-ਪਾਤ ਨੂੰ ਉਤਸ਼ਾਹਤ ਕਰਨ ਵਾਲੇ ਗੀਤਾਂ ਨੂੰ ਵਜਾਉਣ ਤੋਂ ਗੁਰੇਜ ਕਰਨ ਦੀ ਸਲਾਹ ਦਿੱਤੀ।

ਸਭ ਨੂੰ ਆਪਣੇ ਆਪਣੇ ਸ਼ਹਿਰਾਂ ਵਿਚ ਇਸ ਮੁਹਿੰਮ ਵਿਚ ਸ਼ਾਮਲ ਹੋਣ, ਸਹਿਯੋਗ ਕਰਨ ਤੇ ਵਲੰਟੀਅਰ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ। ਲੱਚਰ ਤੇ ਨਸਲਵਾਦੀ, ਗਾਇਕੀ ਤੇ ਗਾਇਕਾਂ ਖਿਲਾਫ ਮੁਹਿੰਮ ਵਿਚ ਕਿਸੇ ਤਰ੍ਹਾਂ ਦਾ ਸਹਿਯੋਗ ਕਰਨ ਲਈ ਤੁਸੀਂ ਮਾਸਟਰ ਭਜਨ ਸਿੰਘ ਨਾਲ 403-455-4220 ਅਤੇ ਹਰਚਰਨ ਸਿੰਘ ਪਰਹਾਰ ਨਾਲ 403-681-8689 ਜਾਂ hp8689@gmail.com ’ਤੇ ਸੰਪਰਕ ਕਰ ਸਕਦੇ ਹੋ।

# ਦੇਸ਼ 'ਚ 2017 ਵਿਚ ਜਿੰਨੀ ਜਾਇਦਾਦ ਵਧੀ ਉਸ ਦਾ 73% ਹਿੱਸਾ, ਮਤਲਬ 5 ਲੱਖ ਕਰੋੜ ਰੁਪਏ ਸਿਰਫ਼ 1% ਅਮੀਰਾਂ ਕੋਲ ਪੁੱਜਾ

## ਇੰਟਰਨੈਸ਼ਨਲ ਰਾਈਟਸ ਗਰੁੱਪ ਆਕਸਫੈਮ ਦੀ ਸਾਲਾਨਾ ਰਿਪੋਰਟ 'ਚ ਕੀਤਾ ਪ੍ਰਗਟਾਵਾ



**ਆਕਸਫੋਰਡ (ਨਦਬ) :** ਭਾਰਤ 'ਚ ਸਾਲ 2017 'ਚ ਜਿੰਨੀ ਜਾਇਦਾਦ ਵਧੀ, ਉਸ ਦਾ 73% ਹਿੱਸਾ ਦੇਸ਼ ਦੇ 1% ਅਮੀਰਾਂ ਕੋਲ ਪੁੱਜਾ। ਇੰਟਰਨੈਸ਼ਨਲ ਰਾਈਟਸ ਗਰੁੱਪ ਆਕਸਫੈਮ ਨੇ ਆਪਣੀ ਸਾਲਾਨਾ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਹੈ। ਇਨ੍ਹਾਂ 1% ਅਮੀਰਾਂ ਦੀ ਜਾਇਦਾਦ ਪਿਛਲੇ ਸਾਲ 25% ਵੱਧ ਕੇ 20.9 ਲੱਖ ਕਰੋੜ ਰੁਪਏ ਹੋ ਗਈ।

ਉਥੇ ਹੀ 67 ਕਰੋੜ ਭਾਰਤੀ ਅਜਿਹੇ ਹਨ, ਜਿਨ੍ਹਾਂ ਦੀ ਜਾਇਦਾਦ 'ਚ ਪਿਛਲੇ ਸਾਲ ਸਿਰਫ਼ 1% ਦਾ ਵਾਧਾ ਹੋਇਆ। ਦੁਨੀਆ 'ਚ ਇਹ ਫ਼ਰਕ ਹੋਰ ਵੀ ਵੱਧ ਹੈ। ਪਿਛਲੇ ਸਾਲ ਦੁਨੀਆ 'ਚ ਜਿੰਨੀ ਜਾਇਦਾਦ ਦਾ ਵਾਧਾ ਹੋਇਆ, ਉਸ ਦਾ 82% ਹਿੱਸਾ 1% ਅਮੀਰਾਂ ਕੋਲ ਪੁੱਜਾ। ਜਦਕਿ ਦੁਨੀਆ ਭਰ ਦੇ 370 ਕਰੋੜ ਲੋਕਾਂ ਦੀ ਜਾਇਦਾਦ 'ਚ ਪਿਛਲੇ ਸਾਲ ਕੋਈ ਵਾਧਾ ਨਹੀਂ ਹੋਇਆ। 'ਰਿਵਾਰਡ ਵਰਕ, ਨੋਟ ਵੈਲਥ' ਨਾਂ ਦੇ ਇਸ ਸਰਵੇਖਣ 'ਚ ਲਿਖਿਆ ਗਿਆ ਹੈ ਕਿ ਵਿਸ਼ਵ ਅਰਥਵਿਵਸਥਾ ਨੇ ਅਮੀਰ ਵਰਗ ਨੂੰ ਬੇਸ਼ੁਮਾਰ ਜਾਇਦਾਦ ਦਿੱਤੀ ਹੈ। ਜਦਕਿ ਗਰੀਬੀ ਰੇਖਾ ਤੋਂ ਹੇਠਲੇ ਲੋਕ ਸਰਕਾਰੀ ਯੋਜਨਾਵਾਂ ਰਾਹੀਂ ਗੁਜਰ-ਬਸਰ ਲਈ ਸੰਘਰਸ਼ ਕਰ ਰਹੇ ਹਨ। ਰਿਪੋਰਟ ਅਨੁਸਾਰ ਪਿਛਲੇ ਸਾਲ ਭਾਰਤ 'ਚ 17 ਨਵੇਂ ਅਰਬਪਤੀ ਬਣੇ। ਦੇਸ਼ 'ਚ ਕੁਲ ਅਰਬਪਤੀਆਂ ਦੀ ਗਿਣਤੀ ਹੁਣ 101 ਹੋ ਗਈ ਹੈ।

- 10% ਅਮੀਰ ਆਬਾਦੀ ਕੋਲ ਦੇਸ਼ ਦੀ ਕੁਲ 10% ਜਾਇਦਾਦ ਹੈ।
- ਦੇਸ਼ ਦੀ ਕੁਲ ਜਾਇਦਾਦ ਦਾ 58% ਹਿੱਸਾ 1% ਅਮੀਰਾਂ ਕੋਲ ਹੈ।
- ਅਰਬਪਤੀਆਂ ਦੀ ਜਾਇਦਾਦ 13% ਦੀ ਦਰ ਨਾਲ ਵੱਧ ਰਹੀ ਹੈ। ਇਹ ਆਮ ਵਰਕਰਾਂ ਦੀ ਤਨਖਾਹ ਵਧਣ ਦੀ ਦਰ ਤੋਂ ਲਗਭਗ 6 ਗੁਣਾ ਵੱਧ ਹੈ।
- ਭਾਰਤ 'ਚ 10 ਵਿਚੋਂ 9 ਅਰਬਪਤੀ ਮਰਦ ਹਨ। 4 ਮਹਿਲਾ ਅਰਬਪਤੀ ਹਨ। ਇਨ੍ਹਾਂ 'ਚੋਂ ਤਿੰਨ ਨੂੰ ਵਿਰਾਸਤ 'ਚ ਜਾਇਦਾਦ ਮਿਲੀ ਹੈ।

### ਪਿੰਡ ਦਾ ਇਕ ਵਿਅਕਤੀ 50 ਸਾਲ 'ਚ ਜਿੰਨਾ ਪੈਸਾ ਕਮਾਉਂਦਾ ਹੈ, ਇਕ ਮੈਨੇਜਰ 17.5 ਦਿਨ 'ਚ ਕਮਾ ਲੈਂਦਾ ਹੈ

ਭਾਰਤ ਦੇ ਪਿੰਡਾਂ ਦਾ ਇਕ ਵਿਅਕਤੀ ਆਪਣੀ ਸਾਰੀ ਜ਼ਿੰਦਗੀ (ਲਗਭਗ 50 ਸਾਲ ਕੰਮ) 'ਚ ਜਿੰਨਾ ਕਮਾਉਂਦਾ ਹੈ, ਓਨਾ ਕਿਸੇ ਗਾਰਮੈਂਟ ਕੰਪਨੀ ਦਾ ਮੈਨੇਜਰ ਸਿਰਫ਼ 17.5 ਦਿਨਾਂ 'ਚ ਹੀ ਕਮਾ ਲੈਂਦਾ ਹੈ। ਆਕਸਫੈਮ ਇੰਡੀਆ ਦੀ ਸੀ.ਈ.ਓ. ਨਿਸ਼ਾ ਅਗਰਵਾਲ ਨੇ ਕਿਹਾ ਕਿ ਇਸ ਤਰ੍ਹਾਂ ਦੀ ਭਿਆਨਕ ਆਰਥਕ ਅੰਤਰ ਹੀ ਲੋਕਤੰਤਰ ਦੇ ਪ੍ਰਭਾਵ ਨੂੰ ਘੱਟ ਕਰਕੇ ਭ੍ਰਿਸ਼ਟਾਚਾਰ ਨੂੰ ਵਧਾਉਂਦਾ ਹੈ।

### ਗਰੀਬਾਂ ਦੀ ਆਮਦਨ 2 ਹਜ਼ਾਰ, ਅਮੀਰਾਂ ਦੀ 40 ਹਜ਼ਾਰ ਵਧੀ

ਪਿਛਲੇ ਸਾਲ ਦੱਸਿਆ ਗਿਆ ਸੀ ਕਿ ਭਾਰਤ ਦੀ ਕੁਲ ਦੌਲਤ ਦਾ 58% ਹਿੱਸਾ 1% ਲੋਕਾਂ ਕੋਲ ਹੈ। ਟਾਪ 10% ਅਮੀਰਾਂ ਦੇ ਕੋਲ ਦੇਸ਼ ਦੀ ਕੁਲ ਜਾਇਦਾਦ ਦਾ 80% ਹਿੱਸਾ ਸੀ। 1988 ਦੇ ਬਾਅ ਦੇਸ਼ ਦੇ 10% ਗਰੀਬਾਂ ਦੀ ਆਮਦਨ 'ਚ ਹਰ ਸਾਲ 2 ਹਜ਼ਾਰ ਰੁਪਏ ਦਾ ਵਾਧਾ ਹੋਇਆ, ਉਥੇ ਹੀ 10% ਅਮੀਰਾਂ ਦੀ ਆਮਦਨ 'ਚ ਸਾਲਾਨਾ 40 ਹਜ਼ਾਰ ਰੁਪਏ ਦਾ ਵਾਧਾ ਹੋਇਆ। ਸਾਲ ਭਰ 'ਚ ਦੇਸ਼ ਵਿਚ 17 ਨਵੇਂ ਅਰਬਪਤੀ ਬਣੇ। ਹੁਣ 101 ਅਰਬਪਤੀ ਹੋ ਗਏ ਹਨ।

### 74 ਦੇਸ਼ਾਂ ਦੀ ਰੈਂਕਿੰਗ 'ਚ ਭਾਰਤ 62ਵੇਂ ਨੰਬਰ 'ਤੇ, ਚੀਨ ਅਤੇ ਪਾਕਿਸਤਾਨ ਤੋਂ ਵੀ ਪਿੱਛੇ

ਦਾਵੋਸ : ਵਰਲਡ ਇਕੋਨਾਮਿਕ ਫੋਰਮ ਦੇ ਇਨਕਲੂਸਿਵ ਡਿਵੈਲਪਮੈਂਟ ਇੰਡੈਕਸ 'ਚ ਭਾਰਤ ਦੀ ਰੈਂਕਿੰਗ 2 ਅੰਕ ਹੇਠਾਂ ਆ ਗਈ ਹੈ। 74 ਉਭਰਦੀ ਅਰਥਵਿਵਸਥਾਵਾਂ 'ਚ ਭਾਰਤ 62ਵੇਂ ਲੰਬਰ 'ਤੇ ਹੈ।

ਪਿਛਲੇ ਸਾਲ 79 ਦੇਸ਼ਾਂ 'ਚ ਭਾਰਤ 60ਵੇਂ ਨੰਬਰ 'ਤੇ ਸੀ। ਮਤਲਬ ਇਸ ਸਾਲ ਰੈਂਕਿੰਗ 'ਚ ਸ਼ਾਮਲ ਕੁਲ ਦੇਸ਼ਾਂ ਦੀ ਗਿਣਤੀ ਘੱਟ ਗਈ। ਫਿਰ ਵੀ ਭਾਰਤ ਦੋ ਥਾਂ ਹੇਠਾਂ ਆ ਗਿਆ ਹੈ। ਭਾਰਤ ਅਤੇ ਚੀਨ (26ਵਾਂ ਨੰਬਰ) ਅਤੇ ਪਾਕਿਸਤਾਨ (47ਵਾਂ ਨੰਬਰ) ਤਕ ਪਿੱਛੇ ਹੈ। ਪਾਕਿਸਤਾਨ ਪਿਛਲੇ ਸਾਲ 52ਵੇਂ ਨੰਬਰ 'ਤੇ ਸੀ। ਇਸ ਸਾਲ ਰੈਂਕਿੰਗ 'ਚ 5 ਅੰਕਾਂ ਦਾ ਸੁਧਾਰ ਆਇਆ ਹੈ, ਜਦਕਿ ਪਹਿਲੇ ਨੰਬਰ 'ਤੇ ਲਿਥੁਆਨਿਆ ਰਿਹਾ। ਦੁਨੀਆ ਦੇ 74 ਵਿਕਾਸਸ਼ੀਲ ਦੇਸ਼ਾਂ ਲਈ ਵੱਖ ਤੋਂ ਰੈਂਕਿੰਗ ਬਣਾਈ ਗਈ ਹੈ। ਜਦਕਿ 29 ਵਿਕਸਤ ਦੇਸ਼ਾਂ ਲਈ ਵੱਖਰੀ ਰੈਂਕਿੰਗ ਹੈ। ਵਿਕਸਤ ਦੇਸ਼ਾਂ ਦੀ ਰੈਂਕਿੰਗ 'ਚ ਨਾਰਵੇ ਪਹਿਲੇ ਨੰਬਰ 'ਤੇ ਹੈ। ਬਰਤਾਨੀਆ 21ਵੇਂ ਅਤੇ ਅਮਰੀਕਾ 23ਵੇਂ ਨੰਬਰ 'ਤੇ ਹੈ।

# ਗੁੱਡ ਮੋਰਨਿੰਗ ਮੈਸੇਜ ਨਾਲ ਠੱਪ ਹੋ ਰਹੇ ਵੱਟਸਐਪ ਦੇ ਸਰਵਰ

## ਗੂਗਲ ਦਾ ਦਾਅਵਾ; ਭਾਰਤੀਆਂ ਦੇ ਤਿੰਨ 'ਚੋਂ ਇਕ ਸਮਾਰਟਫ਼ੋਨ ਦੀ ਮੈਮਰੀ ਫੁੱਲ

**ਨਵੀਂ ਦਿੱਲੀ (ਨਦਬ) :** ਸਵੇਰੇ ਆਪਣੇ ਜਾਣਕਾਰਾਂ-ਦੋਸਤਾਂ ਨੂੰ ਵੱਟਸਐਪ 'ਤੇ ਗੁਡ ਮੋਰਨਿੰਗ ਭੇਜਣਾ ਕਈਆਂ ਲਈ ਆਮ ਗੱਲ ਹੈ। ਕਈ ਨਾਪਸੰਦ ਹੋਣ ਦੇ ਬਾਵਜੂਦ ਇਹ ਸੰਦੇਸ਼ ਸਹਿ ਰਹੇ ਹਨ। ਇਸ ਦਾ ਨੁਕਸਾਨ ਹੁਣ ਸਾਹਮਣੇ ਆਇਆ ਹੈ। ਇਨ੍ਹਾਂ 'ਗੁਡ ਮੋਰਨਿੰਗ' ਮੈਸੇਜਾਂ ਕਾਰਨ ਵੱਡੀ ਗਿਣਤੀ 'ਚ ਸਮਾਰਟਫ਼ੋਨ ਜਾਮ ਹੋ ਰਹੇ ਹਨ। ਵੱਟਸਐਪ ਤੇ ਹੋਰ ਵੈਬਸਾਈਟਾਂ ਦੇ ਸਰਵਰ ਓਵਰਲੋਡ ਹੋ ਰਹੇ ਹਨ।

ਵਾਲ ਸਟ੍ਰੀਟ ਜਨਰਲ 'ਚ ਗੂਗਲ ਦੇ ਖੋਜਕਾਰਾਂ ਦੇ ਹਵਾਲੇ ਨਾਲ ਇਸ ਬਾਰੇ ਰਿਪੋਰਟ ਪ੍ਰਕਾਸ਼ਤ ਕੀਤੀ ਗਈ ਹੈ। ਅਮਰੀਕਾ 'ਚ ਅਧਿਐਨਕਰਤਾਵਾਂ ਨੇ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਕਿ ਭਾਰਤ 'ਚ ਅਜਿਹਾ ਕੀ ਹੋ ਰਿਹਾ ਹੈ ਕਿ ਸਮਾਰਟਫ਼ੋਨ ਲਗਾਤਾਰ ਜਾਮ ਹੋ ਰਹੇ ਹਨ। ਇਹ ਵੀ ਸਾਹਮਣੇ ਆਇਆ ਕਿ ਇਹ ਮੈਸੇਜ ਇੰਨੀ ਵੱਡੀ ਗਿਣਤੀ 'ਚ ਭੇਜੇ ਜਾ ਰਹੇ ਹਨ ਕਿ ਇੱਥੇ ਹਰ ਤਿੰਨ 'ਚੋਂ ਇਕ ਫ਼ੋਨ 'ਚ ਸਪੇਸ ਹੀ ਖ਼ਤਮ ਹੋ ਚੁੱਕਾ ਹੈ।

- **4** ਕਰੋੜ ਜੀ.ਬੀ. ਡਾਟਾ ਵਰਤਿਆ ਜਾਂਦਾ ਹੈ ਰੋਜ਼ਾਨਾ।
- **52** ਕਰੋੜ ਨਾਗਰਿਕਾਂ ਦੀ ਇੰਟਰਨੈਟ ਤੱਕ ਪਹੁੰਚ, 2021 ਤੱਕ 83 ਕਰੋੜ ਹੋਣ ਦੀ ਉਮੀਦ।
- **20** 20 ਕਰੋੜ ਲੋਕ ਭਾਰਤ 'ਚ ਕਰ ਰਹੇ ਹਨ ਵੱਟਸਐਪ ਦੀ ਵਰਤੋਂ।

ਰਿਪੋਰਟ 'ਚ ਕਿਹਾ ਗਿਆ ਹੈ ਕਿ 2018 ਦੇ ਸਵਾਗਤ ਅਤੇ 2017 ਦੀ ਵਿਦਾਇਗੀ ਲਈ ਹੀ ਇਕੱਲੇ ਭਾਰਤੀਆਂ ਨੇ 2 ਹਜ਼ਾਰ ਕਰੋੜ ਮੈਸੇਜ ਵੱਟਸਐਪ ਤੋਂ ਭੇਜੇ। ਇੰਨੇ ਮੈਸੇਜ ਦੁਨੀਆ 'ਚ ਕਿਸੇ ਨੇ ਨਹੀਂ ਭੇਜੇ ਸਨ। ਖਾਸ ਗੱਲ ਇਹ ਹੈ ਕਿ ਇਹ ਸੰਦੇਸ਼ ਸਿੱਧੇ ਸ਼ਬਦਾਂ 'ਚ ਨਹੀਂ ਹੁੰਦੇ, ਸਗੋਂ ਤਸਵੀਰਾਂ ਦੇ ਨਾਲ ਹੁੰਦੇ ਹਨ। ਤਸਵੀਰਾਂ ਤੋਂ ਮੈਸੇਜ ਭਾਰੀ ਹੋ ਜਾਂਦਾ ਹੈ ਅਤੇ ਵੱਟਸਐਪ ਸਰਵਰ ਓਵਰਲੋਡ ਹੋ ਜਾਂਦੇ ਹਨ। ਨਵੇਂ ਸਾਲ 'ਤੇ ਕਈ ਦੇਸ਼ਾਂ 'ਚ ਵੱਟਸਐਪ ਸਰਵਰ ਦੋ ਵਾਰ ਇਨ੍ਹਾਂ ਮੈਸੇਜਾਂ ਕਾਰਲ ਕਰੈਸ਼ ਹੋ ਚੁੱਕੇ ਹਨ।

### ਗੁੱਡ ਮੋਰਨਿੰਗ ਮੈਸੇਜਾਂ ਦਾ ਡੀ.ਐਨ.ਏ. ਸਮਝਣਾ ਚਾਹੁੰਦੇ ਸੀ : ਗੂਗਲ

ਗੂਗਲ ਦੇ ਪ੍ਰੋਡਕਟ ਮੈਨੇਜਰ ਜੋਸ਼ ਵੁਡਵਰਡ ਨੇ ਦੱਸਿਆ ਕਿ ਉਹ ਕਈ ਮਹੀਨਿਆਂ ਤੋਂ ਇਨ੍ਹਾਂ ਗੁੱਡ ਮੋਰਨਿੰਗ ਮੈਸੇਜਾਂ ਦਾ ਡੀ.ਐਨ.ਏ. ਸਮਝਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਕਾਫੀ ਮੁਸ਼ਕਲ ਕੰਮ ਹੈ। ਬੀਤੇ ਪੰਜ ਸਾਲਾਂ 'ਚ ਸਿਰਫ਼ 'ਗੁੱਡ ਮੋਰਨਿੰਗ' ਸ਼ਬਦ ਦੇ ਨਾਲ ਮੈਸੇਜ ਭੇਜਣ ਅਤੇ ਇਮੇਜ ਸਰਚ ਕਰਨ 'ਚ ਦੁਗਣਾ ਵਾਧਾ ਹੋਇਆਹੈ।

**ਕੋਸ਼ਿਸ਼ਾਂ ਹੋਈਆਂ :** ਗੂਗਲ ਦੇ 'ਫਾਈਲਸ ਗੋ' ਐਪ 'ਚ ਗੁੱਡ ਮੋਰਨਿੰਗ ਮੈਸੇਜਾਂ ਨੂੰ ਡਿਲੀਟ ਕਰਨ ਦਾ ਫੰਕਸ਼ਨ ਹੈ। ਇਸ ਨਾਲ ਇਕ ਜੀ.ਬੀ. ਡਾਟਾ ਐਪ ਰਾਹੀਂ ਹਟਾਇਆ ਗਿਆ। ਇਮੇਜ ਸਰਚ ਦੀਆਂ ਹੋਰ ਵੈਬਸਾਈਟਾਂ ਨੇ ਇਨ੍ਹਾਂ ਤਸਵੀਰਾਂ ਦਾ ਵੱਖਰਾ ਸੈਕਸ਼ਨ ਸ਼ੁਰੂ ਕਰ ਦਿੱਤਾ ਹੈ, ਜਿਸ 'ਚ ਮੈਸੇਜ ਲਿਖੇ ਹੁੰਦੇ ਹਨ।

# ਅਲਬਰਟਾ ਦੀ ਆਰਥਿਕਤਾ ਵਿਕਾਸ ਦੇ ਰਾਹ 'ਤੇ

## ਮਾਹਰਾਂ ਅਨੁਸਾਰ ਵਿੱਤੀ ਘਾਟੇ ਨੂੰ ਲੈ ਕੇ ਚਿੰਤਾ ਦੀ ਜ਼ਰੂਰਤ ਨਹੀਂ

**ਐਡਮਿੰਟਨ (ਨਦਬ) :** ਆਮ ਲੋਕਾਂ ਦੀਆਂ ਆਰਥਿਕ ਦਿੱਕਤਾਂ ਲਗਾਤਾਰ ਵੱਧ ਰਹੀਆਂ ਹਨ। ਟੈਕਸਾਂ ਨੇ ਮੱਤ ਮਾਰੀ ਹੋਈ ਹੈ। ਲੋਕਾਂ ਨੂੰ ਘਰ ਦੇ ਖਰਚ ਚਲਾਉਣ ਲਈ ਦੋ ਦੋ ਜੌਬਾਂ ਕਰਨੀਆਂ ਪੈ ਰਹੀਆਂ ਹਨ। ਆਰਥਕ ਪਾੜਾ ਦਿਨੋਂ ਦਿਨ ਵੱਧ ਰਿਹਾ ਹੈ, ਇਸ ਪਾੜੇ ਦੇ ਨਾਕਾਰਾਤਮਕ ਪਹਿਲੂਆਂ ਨੇ ਸਮਾਜ ਦੀਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਕੁਚਲ ਕੇ ਰੱਖ ਦਿੱਤਾ ਹੈ। ਅਜਿਹੇ ਸਮਿਆਂ ਵਿਚ ਇਸ ਖ਼ਬਰ ਦਾ ਆਉਣਾ ਕਿ ਅਲਬਰਟਾ ਦੀ ਆਰਥਿਕਤਾ ਵਿਕਾਸ ਦੇ ਰਾਹ 'ਤੇ ਹੈ, ਸਾਨੂੰ ਸੋਚਣਾ ਪਏਗਾ ਕਿ ਇਹ ਖੁਸ਼ਖ਼ਬਰੀ ਹੈ ਜਾਂ ਦੁੱਖ ਵਾਲੀ ਗੱਲ। ਖ਼ੈਰ ਜੋ ਵੀ ਹੋਵੇ, ਗੱਲ ਇਹ ਹੈ ਕਿ ਮਾਹਰਾਂ ਅਨੁਸਾਰ ਸੂਬਾ ਲਗਾਤਾਰ ਆਰਥਿਕ ਤਰੱਕੀ ਕਰ ਰਿਹਾ ਹੈ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੀ ਖੁਸ਼ਗਵਾਰ ਹਾਲਤ ਵਿਚ ਸਾਨੂੰ ਵਿੱਤੀ ਘਾਟੇ ਨੂੰ ਲੈ ਕੇ ਚਿੰਤਾ ਕਰਨ ਦੀ ਜਰੂਰਤ ਨਹੀਂ।

ਆਰਬੀਸੀ ਦੇ ਮੁੱਖ ਅਰਥਸ਼ਾਸਤਰੀ ਦਾ ਕਹਿਣਾ ਹੈ ਕਿ ਨਿਰਯਾਤ ਵਿਚ ਵਾਧਾ ਅਤੇ ਮਜ਼ਬੂਤ ਜੌਬ ਦੀਆਂ ਸੰਭਾਵਨਾਵਾਂ ਦੇਖਦਿਆਂ ਸਪਸ਼ਟ ਹੁੰਦਾ ਹੈ ਕਿ ਸੂਬਾ ਤੇਜ਼ੀ ਨਾਲ ਆਰਥਕ ਤਰੱਕੀ ਕਰ ਰਿਹਾ ਹੈ। ਇਕਨੌਮਿਕਸ ਸੁਸਾਇਟੀ ਆਫ਼ ਉੱਤਰੀ ਅਲਬਰਟਾ ਦੇ ਮੰਚ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਐਨਰਜ਼ੀ ਦੇ ਖੇਤਰ ਵਿਚ ਵੱਡਾ ਨਿਵੇਸ਼ ਕਰਨ ਦੀ ਜਰੂਰਤ ਨਹੀਂ। ਸਾਡੇ ਲਈ ਮੌਜੂਦਾ ਸਥਿਤੀਆਂ ਸੰਭਾਵਨਾਵਾਂ ਭਰਪੂਰ ਹਨ। ਉਨ੍ਹਾਂ ਕਿਹਾ ਕਿ ਮੈਂ ਵਿੱਤ ਮੰਤਰੀ ਨੂੰ ਤਾਂ ਨਹੀਂ ਕਹਾਂਗਾ ਪਰ ਮੈਂ ਵਿੱਤੀ ਘਾਟੇ ਨੂੰ ਲੈ ਕੇ ਚਿੰਤਤ ਨਹੀਂ ਹਾਂ।



ਦੱਸਣਾ ਬਣਦਾ ਹੈ ਕਿ ਸੂਬਾ 2014 ਦੇ ਤੇਲ ਦੇ ਮੁੱਲ 'ਚ ਲੱਗੀ ਸੱਟ 'ਚੋਂ ਉੱਭਰ ਰਿਹਾ ਹੈ। ਪਰ ਅਸੀਂ ਮਾਹਰਾਂ ਦੇ ਮਸ਼ਵਰੇ 'ਤੇ ਕਹਿ ਸਕਦੇ ਹਾਂ ਕਿ 10ਥ3 ਮਿਲੀਅਨ ਡਾਲਰ ਦੇ ਵਿੱਤੀ ਘਾਟੇ ਨੂੰ ਲੈ ਕੇ ਚਿੰਤਾ ਕਰਨ ਦੀ ਜ਼ਰੂਰਤ ਨਹੀਂ।

ਆਰਬੀਸੀ ਦੀ ਸਤੰਬਰ ਦੇ ਅੰਤ ਵਿਚ ਰਿਸਰਚ ਰਿਪੋਰਟ ਦੇ ਅੰਦਾਜ਼ੇ ਮੁਤਾਬਕ 2017-18 ਵਿਚ ਅਲਬਰਟਾ ਦਾ ਕਰਜ਼ 22 ਬਿਲੀਅਨ ਡਾਲਰ ਹੋਵੇਗਾ ਜਾਂ ਜੀਡੀਪੀ 6ਥ8 ਪ੍ਰਤੀਸ਼ਤ ਹੋਵੇਗੀ। ਹੋ ਸਕਦਾ ਹੈ ਕਿ ਅੰਕੜੇ ਇਸ ਤੋਂ ਵੀ ਵੱਧ ਸਾਹਮਣੇ ਆਉਣ। ਮੁੱਕਦੀ ਗੱਲ ਇਹ ਹੈ ਕਿ ਪੂਰੇ ਕਨੇਡਾ ਵਿਚ ਅਲਬਰਟਾ ਪਹਿਲੇ ਨੰਬਰ 'ਤੇ ਹੋਵੇਗਾ ਤੇ ਦੂਜੇ ਸਥਾਨ 'ਤੇ ਸਸਕਾਚਵਨ ਹੈ। ਰਿਪੋਰਟ ਮੁਤਾਬਕ ਸਸਕਾਚਵਨ ਦਾ ਕਰਜ਼ਾ ਅਨੁਪਾਤ 15ਥ2 ਪ੍ਰਤੀਸ਼ਤ ਹੋਵੇਗਾ।





## CREATIVE SOLUTIONS UNLIMITED

Strategy Planning & Public Relations

Grant Compilation
Board Development
Event Management & Promotions

Commissioner of Oaths
Power of Attorney/ Life Certificate
Letter Drafting
Translation
Affidavit



9245-35 Avenue Edmonton, AB T6E 5Y1
780-469-4009
info@creativesui.com

SOHAIL QUADRI

# A-WIN Insurance

## What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

## ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਫ਼ੋਨ ਕਰੋ

Quick Quotes When You Need Them





Discounts up to 60%
Payment Options available

### Western Canada's

Biggest Brokers Team, designed to serve Canadian's with solutions for your personal and professional insurance needs.

### When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.





A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।

We Provide Services In English, Punjabi, Hindi & Urdu.

PROVIDING PEACE OF MIND
100 YEARS & BEYOND
SMI SASKATCHEWAN MUTUAL INSURANCE COMPANY

**Edmonton: 780-465-6900**
ਜਸਵੀਰ ਦਿਓਲ, ਨ'ਤੇਜ ਬੈਂਸ, ਸੰਜੀਵ ਖੰਨਾ, ਮਨਪ੍ਰੀਤ ਗਰੇਵਾਲ, ਸੋਨਿਕਾ ਗਿੱਲ, ਪੁਨੀਤ ਚੱਠਾ, ਹਰਪ੍ਰੀਤ ਗਿੱਲ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ


For all your Real Estate needs
NIRMAL (SONY) GILL
BUY OR SELL
Century 21 A.L.L. Stars Realty Ltd
MLS
REALTOR
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ
ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ
780-937-9067
Office: 780-434-4700
Email : nirmalgill@live.com
3229 22 st. Edmonton
13039 165 Ave. Edmonton
16520 131 st. Edmonton
Sold
In Wildrose: This Beautiful 2 story 2012 built Town House with single car attached Garage on sale. Very low condo fee. Fully landscape front & back. Main floor has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.


Gurkeerat Holding Ltd.
• We Build New House
• We Build Basement
• We Do Renovation
• Kitchen Cabinets
ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ
Ph. 780-996-2873


DRIVING SCHOOL LTD.
Authorised teach Certification Course
EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ
ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu
DRIVING SCHOOL
Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area
9866-41 Ave. Edmonton AB T6E 5L6
Gurcharan Singh Garcha (M.Sc. M.Ed.)
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com


Do it Once Do it Right !!!
uniTech
CONSTRUCTION
ਘਰਾਂ ਤੇ ਕਾਰੋਬਾਰਾਂ ਦੀ ਸੁੰਦਰ ਦਿੱਖ ਲਈ ਸੰਪਰਕ ਕਰੋ :
ਰਾਜ
780.860.1975
bhardwaj75@gmail.com
DESIGN
Hardscapes
Greenscapes
CONSTRUCTION
Rough to Final Grades
Fence & Deck
Concrete
RENOVATION
Water Features
Renovations


Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।
Stucco is a versatile, beautiful, durable and fire resistant cladding.
All kind of Stucco
Acrylic & Rain Screen
Harinder Dhaliwal
(780) 297-9165


EconoLodge
BY CHOICE HOTELS
Red Deer Econo Lodge Inn & Suites
www.choicehotels.com
Reservations 1-877-424-6423
403-346-4188
Cell: 403-505-4188
Email: econolodgereddeer@shaw.ca
Varinder Sidhu
President
37433 Highway 2 South, East Side Gasoline Alley
Red Deer, Alberta T4E 1B3


$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ
$299,900
SOUTH EAST
2 Storey
3 bedrooms
2 1/2 baths
1290sq.ft
Single Garage
6 Appliances
$318,800
2 storey
Detached home
3 bedrooms
1 1/2 baths
1260 sq.ft
6 Appliances
double Garage
SOUTH WEST
2 Storey
3 bedrooms
2 1/2 baths
1711sq.ft
Bonus Room
Attached Garage
$375,000
ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਰਾਈਟਰਜ਼ ਫੋਰਮ ਦੀ ਇਕੱਤਰਤਾ 'ਚ ਚੱਲਿਆ ਰਚਨਾਵਾਂ ਦਾ ਦੌਰ



**ਕੈਲਗਰੀ (ਜਸਬੀਰ (ਜੱਸ) ਚਾਹਲ) :** ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜੇਸ਼ਨਜ਼ (COSO ਕੋਸੋ) ਦੇ ਹਾਲ ਵਿਚ ਹੋਈ। ਇਸ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਅਤੇ ਸੁਰਜੀਤ ਸਿੰਘ 'ਪੰਨੂੰ' ਨੇ ਕੀਤੀ। ਸਕੱਤਰ ਜਸਬੀਰ (ਜੱਸ) ਚਾਹਲ ਨੇ ਨਵੇਂ ਸਾਲ ਦੀ ਵਧਾਈ ਦੇ ਨਾਲ ਸਭ ਦਾ ਸਵਾਗਤ ਕੀਤਾ। ਇਸ ਮੌਕੇ ਪ੍ਰਭਦੇਵ ਗਿੱਲ ਨੇ ਪੰਜਾਬ 'ਚ ਕਿਸਾਨੀ ਸੰਕਟ ਦੀ ਗੱਲ ਕਰਦਿਆਂ ਕਿਹਾ ਕਿ ਜਿਨ੍ਹਾਂ ਕੋਲ ਜ਼ਮੀਨ ਬਹੁਤ ਘੱਟ ਹੈ, ਉਨ੍ਹਾਂ ਲਈ ਬੇਹਤਰ ਹੋਵੇਗਾ ਜੇ ਉਹ ਅਪਣੀ ਜ਼ਮੀਨ ਵਟਾਈ 'ਤੇ ਦੇ ਕੇ ਆਪ ਕੋਈ ਨੌਕਰੀ/ਮਜ਼ਦੂਰੀ ਕਰ ਲੈਣ। ਜ਼ਿੰਦਗੀ ਸੁਖਾਵੀਂ ਤੇ ਕਰਜ਼ਿਆਂ ਤੋਂ ਮੁਕਤ ਹੋ ਜਾਵੇਗੀ। ਮਨਜੀਤ ਨਿਰਮਲ ਕੰਡਾ ਨੇ ਬੇ-ਘਰੇ ਲੋਕਾਂ ਫੂਡ ਬੈਂਕ, ਡਰੌਪਇਨ ਸੈਂਟਰ ਬਾਰੇ ਜਾਣਕਾਰੀ ਸਾਂਝੀ ਕੀਤੀ।

ਗ਼ੁਲਾਮ ਹੁਸੈਨ ਕਰਾਰ ਬੁਖ਼ਾਰੀ ਨੇ ਅਪਣੀ ਉਰਦੂ ਗ਼ਜ਼ਲ ਸਾਂਝੀ ਕੀਤੀ। ਡਾ. ਮਨਮੋਹਨ ਬਾਠ ਨੇ ਹਿੰਦੀ ਫਿਲਮੀ ਗਾਣੇ ਨਾਲ ਰੌਣਕ ਲਾਈ। ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਨੇ ਵੀ ਆਪਣੀ ਗ਼ਜ਼ਲ ਸਾਂਝੀ ਕੀਤੀ। ਸੁਰਿੰਦਰ ਢਿੱਲੋਂ ਨੇ ਮਿਰਜ਼ਾ ਗ਼ਾਲਿਬ ਦੇ 220ਵੇਂ ਜਨਮ ਦਿਨ 'ਤੇ ਗ਼ਾਲਿਬ ਦੇ ਕੁਝ ਸ਼ੇਅਰ ਸਾਂਝੇ ਕੀਤੇ। ਜਸਵੀਰ ਸਿੰਘ ਸਿਹੋਤਾ ਨੇ ਆਪਣੇ ਕੁਝ ਦੋਹੇ ਸਾਂਝੇ ਕੀਤੇ। ਜਗਜੀਤ ਸਿੰਘ ਰਾਹਸੀ ਨੇ ਉਰਦੂ ਸ਼ਾਇਰਾਂ ਦੇ ਚੁਣਵੇਂ ਸ਼ੇਅਰਾਂ ਨਾਲ ਵਿਚ ਹਾਜ਼ਰੀ ਲਗਵਾਈ। ਸੁਰਜੀਤ ਸਿੰਘ ਪੰਨੂੰ ਨੇ ਆਪਣੀਆਂ ਕੁਝ ਰੁਬਾਈਆਂ ਸੁਣਾਈਆਂ। ਆਰ. ਐਸ. ਸੈਣੀ, ਜੋਗਾ ਸਿੰਘ ਸਹੋਤਾ, ਹਰਨੇਕ ਬੱਧਨੀ, ਤਰਲੋਕ ਸਿੰਘ ਚੁਗ਼, ਜਸਬੀਰ ਚਾਹਲ ਨੇ ਵੀ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।

## ਜਸਟਿਨ ਟਰੂਡੋ ਅਤੇ ਰੈਚਲ ਨੋਟਲੇ ਨੂੰ ਧਮਕੀਆਂ ਦੇਣ ਵਾਲਾ ਗ੍ਰਿਫ਼ਤਾਰ

**ਐਡਮਿੰਟਨ (ਨਦਬ) :** ਪਿਛਲੇ ਦਿਨੀਂ ਅਲਬਰਟਾ ਆਰਸੀਐਮਪੀ ਵੱਲੋਂ ਔਰੀਅਨ ਰੂਟਲੇ ਨਾਂ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਹੜਾ ਕਿ ਜਸਟਿਨ ਟਰੂਡੋ ਅਤੇ ਰੈਚਲ ਨੋਟਲੇ ਨੂੰ ਟਵਿੱਟਰ 'ਤੇ ਧਮਕੀਆਂ ਦੇ ਰਿਹਾ ਸੀ। ਦੋਸ਼ੀ ਨੂੰ ਮਾਮਲੇ ਵਿਚ ਅਦਾਲਤ ਚ ਪੇਸ਼ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਨੇ ਕਿਸ ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਅਦਾਲਤ ਦੇ ਰਿਕਾਰਡ ਅਨੁਸਾਰ ਰੂਟਲੇ ਨੂੰ ਪਹਿਲਾਂ ਵੀ 2006 ਵਿਚ ਅਦਾਲਤ ਵੱਲੋਂ ਅਸਲੇ ਦੇ ਮਾਮਲੇ ਵਿਚ ਸਜ਼ਾ ਸੁਣਾਈ ਜਾ ਚੁੱਕੀ ਹੈ ਅਤੇ ਖਰਾਬ ਡਰਾਈਵਿੰਗ ਦੇ ਮਾਮਲੇ ਵਿਚ ਜ਼ੁਰਮਾਨਾ ਹੋ ਚੁੱਕਿਆ ਹੈ।

# ਅਲਬਰਟਾ 'ਚ ਫਲੂ ਨਾਲ ਮਰਨ ਵਾਲਿਆਂ ਦੀ ਗਿਣਤੀ 55 ਹੋਈ



**ਐਡਮਿੰਟਨ (ਨਦਬ) :** ਫਲੂ ਨੂੰ ਲੈ ਕੇ ਅਲਬਰਟਾ ਵਿਚ ਦਹਿਸ਼ਤ ਦਾ ਮਾਹੌਲ ਬਣ ਬਣਿਆ ਹੋਇਆ ਹੈ। ਆਏ ਦਿਨ ਫਲੂ ਨਾਲ ਹੋਣ ਵਾਲੀਆਂ ਮੌਤਾਂ ਨੂੰ ਲੈ ਕੇ ਅਖ਼ਬਾਰਾਂ ਵਿਚ ਖ਼ਬਰਾਂ ਛਪਦੀਆਂ ਹਨ। ਸਾਡੇ ਸਿਹਤ ਵਿਭਾਗ ਲਈ ਫਲੂ ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਬਣ ਗਿਆ ਹੈ ਤੇ ਜੇਕਰ ਸਿਹਤ ਨਾਲ ਜੁੜੇ ਮਾਹਰਾਂ ਨੇ ਇਸ ਦਾ ਛੇਤੀ ਕੋਈ ਹੱਲ ਨਾ ਕੱਢਿਆ ਤਾਂ ਮਨੁੱਖਤਾ ਲਈ ਇਹ ਬਹੁਤ ਘਾਤਕ ਸਿੱਧ ਹੋਵੇਗਾ ਤੇ ਹੋ ਰਿਹਾ ਹੈ। ਕਿਉਂਕਿ ਅਜਿਹਾ ਪਹਿਲੀ ਵਾਰ ਨਹੀਂ ਫਲੂ ਨਾਲ ਮੌਤਾਂ ਹੋਈਆਂ ਹਨ। ਹਰ ਸਾਲ ਫਲੂ ਕਿੰਨੀਆਂ ਹੀ ਕੀਮਤਾਂ ਜਾਨਾਂ ਲੈ ਲੈਂਦਾ ਹੈ।

ਅਲਬਰਟਾ ਹੈਲਥ ਸਰਵਿਸ ਦੀ ਪਿਛਲੇ ਹਫ਼ਤੇ ਦੀ ਰਿਪੋਰਟ ਮੁਤਾਬਕ ਸੂਬੇ ਭਰ 'ਚ ਇਸ ਸੀਜ਼ਨ ਵਿਚ ਫਲੂ ਨਾਲ 55 ਮੌਤਾਂ ਹੋ ਚੁੱਕੀਆਂ ਹਨ। ਇਕੱਲੇ ਕੈਲਗਰੀ ਇਲਾਕੇ ਵਿਚ 24 ਮੌਤਾਂ ਹੋ ਚੁੱਕੀਆਂ ਹਨ ਜਦੋਂਕਿ ਐਡਮਿੰਟਨ ਜੋਨ ਵਿਚ ਗਿਣਤੀ 16 ਤੱਕ ਪੁੱਜ ਚੁੱਕੀ ਹੈ।

ਰਿਪੋਰਟ ਮੁਤਾਬਕ ਇਸ ਸੀਜ਼ਨ ਵਿਚ ਹਸਪਤਾਲ ਵਿਚ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ 2000 ਤੱਕ ਪੁੱਜ ਚੁੱਕੀ ਹੈ। ਇਕੱਲੇ ਕੈਲਗਰੀ ਵਿਚ ਫਲੂ ਨਾਲ ਪੀੜਿਤ 1700 ਵਿਅਕਤੀ ਹਸਪਤਾਲ ਵਿਚ ਪੁੱਜੇ ਹਨ। ਦੱਸਣਾ ਬਣਦਾ ਹੈ ਕਿ ਪਿਛਲੇ 2017 ਦੇ ਸੀਜ਼ਨ ਵਿਚ ਅਲਬਰਟਾ 'ਚ ਵਾਇਰਸ ਨਾਲ ਪੀੜਤ 924 ਵਿਅਕਤੀ ਹਸਪਤਾਲ ਵਿਚ ਦਾਖ਼ਲ ਹੋਏ ਸਨ। ਜਦੋਂ ਕਿ 34 ਦੀ ਮੌਤ ਹੋਈ ਸੀ। 2016-17 ਵਿਚ ਫਲੂ ਦੇ ਸੀਜ਼ਨ ਦਾ ਅੰਤ 64 ਮੌਤਾਂ ਨਾਲ ਹੋਇਆ ਸੀ।

# ਲੱਚਰ ਗਾਇਕੀ ਖ਼ਿਲਾਫ਼ ਜਨਤਕ ਲਹਿਰ ਉਸਾਰਨ ਦੀ ਲੋੜ 'ਤੇ ਜ਼ੋਰ

## ਪਲਸ ਮੰਚ ਦੇ ਸੱਦੇ 'ਤੇ ਹੋਈ ਗਹਿਰ ਗੰਭੀਰ ਵਿਚਾਰ-ਚਰਚਾ



**ਜਲੰਧਰ (ਨਦਬ) :** ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਸੱਦੇ 'ਤੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਜੁੜੇ ਲੇਖਕਾਂ, ਕਵੀਆਂ, ਗੀਤਕਾਰਾਂ ਅਤੇ ਰੰਗ ਕਰਮੀਆਂ ਨੇ 'ਲੱਚਰ ਗਾਇਕੀ ਦੀ ਸਮਾਜ 'ਤੇ ਚੌਤਰਫ਼ੀ ਮਾਰ' ਵਿਸ਼ੇ ਉਪਰ ਗਹਿਰ ਗੰਭੀਰ ਵਿਚਾਰ-ਚਰਚਾ ਕਰਕੇ ਸਮੂਹ ਲੋਕ-ਪੱਖੀ ਕਲਮਕਾਰਾਂ, ਗਾਇਕਾਂ, ਸੰਗੀਤਕਾਰਾਂ ਅਤੇ ਲੋਕਾਂ ਨੂੰ ਜ਼ੋਰਦਾਰ ਸੱਦਾ ਦਿੱਤਾ ਹੈ ਕਿ ਸਾਡੇ ਸਮਾਜ ਨੂੰ ਕੈਂਸਰ ਬਣ ਕੇ ਚਿੰਬੜੀ ਅਸ਼ਲੀਲ, ਬਿਮਾਰ, ਹਿੰਸਕ ਗਾਇਕੀ ਖਿਲਾਫ਼ ਜਨਤਕ ਲਹਿਰ ਖੜ੍ਹੀ ਕਰਨ ਲਈ ਸਿਦਕਦਿਲੀ ਨਾਲ ਸਿਰ ਜੋੜ ਕੇ ਅੱਗੇ ਆਉਣ।

ਪ੍ਰਤੀਬੱਧਤ ਸ਼੍ਰੋਮਣੀ ਕਹਾਣੀਕਾਰ ਅਤੇ ਕਵੀ ਪ੍ਰੋ. ਵਰਿਆਮ ਸਿੰਘ ਸੰਧੂ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਆਜ਼ਾਦੀ ਸੰਗਰਾਮੀਏ ਗੁਰਚਰਨ ਸਿੰਘ ਰੰਧਾਵਾ ਦੀ ਧੀ ਹਰਭਜਨ ਕੌਰ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਮੀਤ ਪ੍ਰਧਾਨ ਹੰਸਾ ਸਿੰਘ ਦੀ ਪ੍ਰਧਾਨਗੀ 'ਚ ਹੋਈ ਵਿਚਾਰ-ਚਰਚਾ ਦਾ ਆਗਾਜ਼ ਕਿਰਤੀ ਆਗੂ, ਲੇਖਕ ਅਤੇ ਕਵੀ ਹਰਮੇਸ਼ ਮਾਲੜੀ ਵੱਲੋਂ ਲੱਚਰ ਗਾਇਕੀ ਦੇ ਸਮਾਜ ਉਪਰ ਚੌਤਰਫ਼ੇ ਹੱਲੇ ਦੀ ਮਾਰ ਦੇ ਅਨੇਕਾਂ ਪੱਖਾਂ ਉਪਰ ਰੌਸ਼ਨੀ ਪਾਉਂਦਿਆ ਹੋਇਆ।

ਗਾਇਕੀ ਦੀਆਂ ਮਰਿਆਦਾਵਾਂ ਦੀਆਂ ਸਾਰੀਆਂ ਹੱਦਾਂ ਪਾਰ ਕਰ ਰਹੇ ਗੀਤਾਂ ਦੀਆਂ ਟੂਕਾਂ ਦੇ ਠੋਸ ਹਵਾਲਿਆਂ ਨਾਲ ਮਾਲੜੀ ਨੇ ਦਰਸਾਇਆ ਕਿ ਕਿਵੇਂ ਆਰਥਕ-ਸਮਾਜਕ ਤੌਰ 'ਤੇ ਲਿਤਾੜੇ ਲੋਕਾਂ ਦੀ ਚੇਤਨਾ 'ਚ ਕਾਲਪਨਿਕ ਸੰਸਾਰ ਸਿਰਜਕੇ, ਲੋਕਾਂ ਨੂੰ ਸਮਾਜੀ ਯਥਾਰਥ ਨਾਲੋਂ ਤੋੜ ਕੇ ਦਿਸ਼ਾ-ਹੀਣ ਕੀਤਾ ਜਾ ਰਿਹਾ ਹੈ।

ਪ੍ਰੋ. ਵਰਿਆਮ ਸਿੰਘ ਸੰਧੂ ਨੇ ਸਮਾਜ ਨੂੰ ਵਰਤਾਏ ਜਾ ਰਹੇ ਹਵਾਈ ਸੁਪਨਿਆਂ, ਸਬਜ਼ਬਾਗ ਅਤੇ ਕੌੜੀਆਂ ਸਮਾਜੀ ਹਕੀਕਤਾਂ ਦਰਮਿਆਨ ਡੂੰਘੇ ਪਾੜੇ ਦਾ ਬਾਖ਼ੂਬੀ ਕਾਵਿਕ ਅੰਦਾਜ਼ 'ਚ ਚਿਤਰਣ ਕਰਦਿਆਂ ਕਿਹਾ ਕਿ ਸਾਡੇ ਸਮੇਂ ਨੂੰ ਇਤਿਹਾਸ, ਵਿਰਾਸਤ, ਮਿੱਟੀ, ਕਿਰਤ ਅਤੇ ਮੁਕਤੀ ਸੰਗਰਾਮ ਨਾਲ ਜੁੜੇ ਸ਼ਬਦ ਅਤੇ ਸੰਗੀਤ ਤੋਂ ਯੋਜਨਾਬੱਧ ਤਰੀਕੇ ਨਾਲ ਕੋਹਾਂ ਦੂਰ ਕਰਨ ਅਤੇ ਕੁਰਾਹੇ ਪਾਉਣ ਦਾ ਹੱਲਾ ਵਿੱਢ ਰੱਖਿਆ ਹੈ।

ਉਨ੍ਹਾਂ ਕਿਹਾ ਕਿ ਇਸ ਪ੍ਰਦੂਸ਼ਿਤ, ਔਰਤ-ਵਿਰੋਧੀ, ਬਾਜ਼ਾਰੂ ਬਿਮਾਰ ਮਾਨਸਿਕਤਾ ਭਰੀ ਗਾਇਕੀ ਦਾ ਸਾਰਥਕ ਟਾਕਰਾ ਗੱਲਾਂ ਨਾਲ ਨਹੀਂ ਹੋਣਾ ਸਗੋਂ ਇਸ ਲਈ ਪੂਰੀ ਸੂਝ-ਬੂਝ ਨਾਲ ਲੈਸ ਹੋ ਕੇ ਅਤੇ ਜਨਤਕ ਪ੍ਰਤੀਰੋਧ ਦੀ ਲਹਿਰ ਉਸਾਰ ਕੇ ਹੀ ਕੀਤਾ ਜਾ ਸਕਦਾ ਹੈ। ਪ੍ਰੋ. ਵਰਿਆਮ ਸਿੰਘ ਸੰਧੂ ਨੇ ਆਪਣੇ ਲੰਮੇ ਲੇਖਣੀ ਅਤੇ ਜੀਵਨ ਸਫ਼ਰ ਦੇ ਅਮੁੱਲੇ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਔਰਤ ਵਰਗ ਨੂੰ ਵਸਤੂ ਸਮਝ ਕੇ ਨਿਗਲ ਜਾਣ ਅਤੇ ਉਸ ਦੀ ਅਜ਼ਮਤ ਨਾਲ ਖੇਡਣ ਵਾਲੀ ਵਿਵਸਥਾ ਦੀ ਪੈਦਾਇਸ਼ ਗਾਇਕੀ ਨੂੰ ਭਾਂਜ ਦੇਣ ਲਈ ਕਲਮ, ਕਲਾ ਅਤੇ ਲੋਕਾਂ ਦੀ ਨਿੱਘੀ ਗਲਵੱਕੜੀ ਲੋੜੀਂਦੀ ਹੈ। ਉਨ੍ਹਾਂ ਦੇ ਭਾਸ਼ਣ ਦੌਰਾਨ ਜਿਥੇ ਵਾਰ ਵਾਰ ਤਾੜੀਆਂ ਦੀ ਗੂੰਜ ਪੈਂਦੀ ਰਹੀ, ਉਥੇ ਖੜ੍ਹੇ ਹੋ ਕੇ ਸਮੂਹ ਹਾਜ਼ਰੀਨ ਨੇ ਉਨ੍ਹਾਂ ਦੇ ਬੋਲਾਂ ਦੀ ਦਾਦ ਦਿੱਤੀ।

ਪਲਸ ਮੰਚ ਵੱਲੋਂ 'ਭਾਈ ਰਤਨ ਸਿੰਘ ਰਾਏਪੁਰ ਡੱਬਾ' ਅਤੇ 'ਗੀਤਾਂ ਦੀ ਫੁਲਕਾਰੀ' ਪੁਸਤਕਾਂ ਦੇ ਸੈੱਟ ਭੇਟ ਕਰਕੇ ਪ੍ਰੋ. ਵਰਿਆਮ ਸਿੰਘ ਸੰਧੂ ਦਾ ਸਨਮਾਨ ਕੀਤਾ ਗਿਆ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਕਿਹਾ ਕਿ ਸਾਮਰਾਜੀ ਅਤੇ ਜਾਗੀਰਾਂ ਵਾਲਿਆਂ ਦੇ ਗ੍ਰਹਿਣੇ ਇਸ ਨਿਜ਼ਾਮ ਖਿਲਾਫ਼ ਉਠਣ ਵਾਲੀ ਨੌਜਵਾਨਾਂ ਅਤੇ ਲੋਕਾਂ ਦੀ ਲਹਿਰ ਨੂੰ ਨੱਪਣ ਲਈ ਲੋਕ ਵਿਰੋਧੀ ਗਾਇਕੀ ਦਾ ਕਾਰਗਰ ਹਥਿਆਰ ਲੋਕਾਂ ਖਿਲਾਫ਼ ਛੇੜੀ ਜੰਗ ਦਾ ਹਿੱਸਾ ਹੈ।

ਵਿਚਾਰ-ਚਰਚਾ 'ਚ ਮੇਘ ਰਾਜ ਰੱਲਾ, ਕਰਾਂਤੀਪਾਲ, ਹਰਮੀਤ ਕੌਰ, ਸੁਖਵਿੰਦਰ ਸਿੰਘ ਬਾਗਪੁਰ, ਪਵਨ ਟਿੱਬਾ, ਬਲਵਿੰਦਰ ਕੌਰ ਬਾਂਸਲ, ਤਾਰਾ ਸਿੰਘ ਤਾਰਾ ਇੰਗਲੈਂਡ, ਪਲਸ ਮੰਚ ਦੀਆਂ ਟੀਮਾਂ, ਨਵਚਿੰਤਨ ਕਲਾ ਮੰਚ ਬਿਆਸ, ਮਾਨਵਤਾ ਕਲਾ ਮੰਚ ਨਗਰ, ਲੋਕ ਕਲਾ ਮੰਚ ਬਿਲਗਾ, ਲੋਕ ਕਲਾ ਮੰਚ ਜੀਰਾ ਨੇ ਸ਼ਿਰਕਤ ਕੀਤੀ।

## ਐਡਮਿੰਟਨ ਪੁਲੀਸ ਸਰਵਿਸ ਦੇ ਖ਼ਿਲਾਫ਼ ਪੁਲੀਸ ਯੂਨੀਅਨ ਵੱਲੋਂ ਸ਼ਿਕਾਇਤ ਦਰਜ

**ਐਡਮਿੰਟਨ (ਨਦਬ) :** ਪਿਛਲੇ ਦਿਨੀਂ ਐਡਮਿੰਟਨ ਪੁਲੀਸ ਐਸੋਸੀਏਸ਼ਨ ਵੱਲੋਂ ਐਡਮਿੰਟਨ ਪੁਲੀਸ ਸਰਵਿਸ ਦੇ ਖ਼ਿਲਾਫ਼ ਅਲਬਰਟਾ ਲੇਬਰ ਰਿਲੇਸ਼ਨਜ਼ ਬੋਰਡ ਵਿਚ ਸ਼ਿਕਾਇਤ ਦਰਜ ਕੀਤੀ ਗਈ।

ਐਡਮਿੰਟਨ ਪੁਲੀਸ ਐਸੋਸੀਏਸ਼ਨ ਦੇ ਪ੍ਰਧਾਨ ਨੇ ਦੋਸ਼ ਲਾਇਆ ਕਿ ਐਡਮਿੰਟਨ ਪੁਲੀਸ ਵੱਲੋਂ ਪੁਲੀਸ ਆਫੀਸਰਜ਼ ਕੁਲੈਕਟਿਵ ਬਾਰਗੇਨਿੰਗ ਐਕਟ ਦੀਆਂ ਦੋ ਧਰਾਵਾਂ ਦੀ ਉਲੰਘਣਾ ਕੀਤੀ ਗਈ ਹੈ। ਪਹਿਲੀ ਇਹ ਕਿ ਐਡਮਿੰਟਨ ਪੁਲੀਸ ਸਰਵਿਸ ਵੱਲੋਂ ਐਸੋਸੀਏਸ਼ਨ ਦੇ ਪ੍ਰਬੰਧਨ ਵਿਚ ਦਖ਼ਲ ਦਿੱਤਾ ਜਾ ਰਿਹਾ ਹੈ ਤੇ ਦੂਜੀ ਇਹ ਕਿ ਐਸੋਸੀਏਸ਼ਨ ਦੇ ਨਾਲ ਉਹ ਸੰਚਾਰ ਦੀ ਪੂਰੀ ਜ਼ਿੰਮੇਵਾਰੀ ਨਹੀਂ ਨਿਭਾ ਰਹੇ। ਲੇਬਰ ਬੋਰਡ ਦੇ ਲੀਗਲ ਕੌਂਸਲ ਜੇਰੈਮੀ ਸ਼ਿਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਸਾਲ ਦੀ ਲੰਘੀ 20 ਦਸੰਬਰ ਨੂੰ ਯੂਨੀਅਨ ਵੱਲੋਂ ਭੇਜਿਆ ਗਿਆ ਸ਼ਿਕਾਇਤ ਪੱਤਰ ਲੇਬਰ ਬੋਰਡ ਨੂੰ ਪ੍ਰਾਪਤ ਹੋਇਆ ਹੈ। ਇਸ ਮਾਮਲੇ ਵਿਚ ਐਡਮਿੰਟਨ ਪੁਲੀਸ ਸਰਵਿਸ ਵੱਲੋਂ ਲੇਬਰ ਬੋਰਡ ਵਿਚ ਆਪਣਾ ਜਵਾਬ 24 ਜਨਵਰੀ ਤੱਕ ਜਮ੍ਹਾਂ ਕਰਵਾਉਣਾ ਹੋਵੇਗਾ।

ਯੂਨੀਅਨ ਦੇ ਪ੍ਰਧਾਨ ਮਾਈਕਲ ਇਲੀਅਟ ਨੇ ਕਿਹਾ ਕਿ ਐਡਮਿੰਟਨ ਪੁਲੀਸ ਸਰਵਿਸ ਵੱਲੋਂ ਉਨ੍ਹਾਂ ਨਾਲ ਆਉਣ ਵਾਲੀਆਂ ਚੋਣਾਂ ਸਬੰਧੀ ਕੋਈ ਗੱਲ ਨਹੀਂ ਕੀਤੀ ਗਈ, ਹਾਲਾਂਕਿ ਸਾਨੂੰ ਸਾਡੇ ਮੈਂਬਰਾਂ ਨਾਲ ਗੱਲ ਕਰਨ ਦਾ ਪੂਰਾ ਅਧਿਕਾਰ ਹੈ। ਸੁਪਰਟੈਂਡੈਂਟ ਨੇ ਡਾਊਨ ਟਾਊਨ ਡਿਵੀਜ਼ਨ ਨੂੰ ਹੁਕਮ ਦਿੱਤਾ ਕਿ ਚੋਣਾਂ ਸਬੰਧੀ ਕੋਈ ਗੱਲਬਾਤ ਨਾ ਕੀਤੀ ਜਾਵੇ।

ਐਡਮਿੰਟਨ ਪੁਲੀਸ ਸਰਵਿਸ ਦੀ ਬੁਲਾਰਾ ਚੈਰੀ ਵੂਰਡਨਹੌਟ ਦਾ ਕਹਿਣਾ ਹੈ ਕਿ ਪੁਲੀਸ ਦੇ ਚੀਫ਼ ਰੋਡ ਨੈੱਚ ਪਿਛਲੇ ਦਿਨੀਂ ਐਡਮਿੰਟਨ ਪੁਲੀਸ ਐਸੋਸੀਏਸ਼ਨ ਬੋਰਡ ਦੇ ਮੈਂਬਰਾਂ ਨੂੰ ਮਿਲੇ ਹਨ। ਉਨ੍ਹਾਂ ਕਿਹਾ ਕਿ ਕੰਮ ਦੇ ਵਕਤ ਐਡਮਿੰਟਨ ਪੁਲੀਸ ਐਸੋਸੀਏਸ਼ਨ ਅਫ਼ਸਰ ਮੁਹੱਈਆ ਕਰਵਾਉਂਦੀ ਹੈ ਇਸ ਨੂੰ ਲੈ ਕੇ ਕੁਝ ਦਿੱਕਤਾਂ ਹਨ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਸਾਲਾਨਾ ਸਮਾਗਮ ਦਾ ਪੋਸਟਰ ਰਿਲੀਜ਼

**ਐਡਮਿੰਟਨ (ਜੋਰਾਵਰ ਸਿੰਘ ਬਾਂਸਲ)**– ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਇਸ ਸਾਲ ਦੀ ਪਲੇਠੀ ਮੀਟਿੰਗ ਜਨਰਲ ਸਕੱਤਰ ਰਣਜੀਤ ਸਿੰਘ ਨੇ ਨਵੇਂ ਸਾਲ ਦੀ ਵਧਾਈ ਨਾਲ ਸ਼ੁਰੂ ਕੀਤੀ। ਪ੍ਰਧਾਨਗੀ ਮੰਡਲ 'ਚ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਤੇ ਜੋਰਾਵਰ ਬਾਂਸਲ ਸ਼ਾਮਲ ਹੋਏ।

ਰਣਜੀਤ ਸਿੰਘ ਨੇ ਨਛੱਤਰ ਬਰਾੜ ਤੇ ਗੁਰਦਿਆਲ ਸਿੰਘ ਕੰਵਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਸਾਹਿਤਕ ਜੀਵਨ ਬਾਰੇ ਰੌਸ਼ਨੀ ਪਾਈ। ਇਸ ਤੋਂ ਇਲਾਵਾ ਮਲਕੀਤ ਚਿੱਤਰਕਾਰ ਨੂੰ ਸ਼ਰਧਾਜਲੀ ਦਿੰਦਿਆਂ ਗੁਰਬਚਨ ਬਰਾੜ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਆਪਣੀ ਗਜ਼ਲ 'ਜੁੰਗਨੂਆਂ ਦੇ ਵਾਂਗ' ਵੀ ਸਾਂਝੀ ਕੀਤੀ। ਦਵਿੰਦਰ ਮਲਹਾਂਸ ਨੇ ਗੁਰਪਾਲ ਲਿੱਟ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਸਾਹਿਤਕ ਯੋਗਦਾਨ ਬਾਰੇ ਲਿਖਿਆ ਆਪਣਾ ਪਰਚਾ ਪੜ੍ਹਿਆ।

ਇਸ ਤੋਂ ਬਾਅਦ ਮਨਮੋਹਨ ਬਾਠ ਨੇ ਸੁਰਿੰਦਰ ਗੀਤ ਦੀ ਲਿਖੀ ਕਵਿਤਾ ਤਰਨੁੰਮ 'ਚ ਪੇਸ਼ ਕੀਤੀ। ਨਛੱਤਰ ਪੁਰਬਾ ਨੇ ਆਪਣਾ ਲੇਖ 'ਭ੍ਰਿਸ਼ਟ ਰਾਜਨੀਤੀ' ਪੜ੍ਹਿਆ। ਬਲਜਿੰਦਰ ਸੰਘਾ ਨੇ 'ਬੱਚਿਆ ਵਿਚ ਪੰਜਾਬੀ ਬੋਲਣ ਦੀ ਮੁਹਾਰਤ' ਸਬੰਧੀ ਸਮਾਗਮ ਦੀ ਜਾਣਕਾਰੀ ਸਾਂਝੀ ਕੀਤੀ। ਇਸ ਵਿਚ ਭਾਗ ਲੈਣ ਲਈ ਗਰੇਡ ਦੋ ਤੋਂ





ਲੈ ਕੇ ਗਰੇਡ ਅੱਠ ਤੱਕ ਦੇ ਬੱਚਿਆਂ ਨੂੰ ਮੌਕਾ ਦਿੱਤਾ ਜਾਂਦਾ ਹੈ ਤੇ ਉਸ ਲਈ ਦਾਖਲਾ ਸ਼ੁਰੂ ਹੈ। ਇਹ ਸਮਾਗਮ 17 ਮਾਰਚ ਦਿਨ ਸ਼ਨੀਵਾਰ ਦੁਪਿਹਰ 12.30 ਤੋਂ 4 ਵਜੇ ਤੱਕ ਵਾਈਟਹੌਰਨ ਕਮਿਊਨਟੀ ਹਾਲ ਵਿਚ ਹੋਏਗਾ। ਸਭਾ ਦੇ ਮੈਂਬਰਾਂ ਤੇ ਬੱਚਿਆਂ ਵਲੋਂ 17 ਮਾਰਚ ਨੂੰ ਹੋਣ ਵਾਲੇ ਪ੍ਰੋਗਰਾਮ ਦਾ ਪੋਸਟਰ ਰਿਲੀਜ਼ ਕੀਤਾ ਗਿਆ।

ਗੁਰਮੀਤ ਸਰਪਾਲ ਨੇ ਆਪਣੀ 'ਸਿਬਲਿੰਗ ਯੂਨੀਵਰਸ' ਸੀ.ਡੀ. ਬਲਜਿੰਦਰ ਸੰਘਾ ਨੂੰ ਭੇਟ ਕੀਤੀ। ਗੁਰਦੀਸ਼ ਗਰੇਵਾਲ ਨੇ ਵੀ ਆਪਣੀ ਰਚਨਾ ਸਾਂਝੀ ਕੀਤੀ।

ਜੋਗਿੰਦਰ ਸੰਘਾ ਨੇ ਖੂਬਸੂਰਤ ਸੁਨੇਹਾ ਦਿੰਦੀ ਮਿੰਨੀ ਕਹਾਣੀ ਪੜ੍ਹੀ। ਗੁਦਿਆਲ ਖਹਿਰਾ ਨੇ ਗੀਤ ਸਾਂਝਾ ਕੀਤਾ ਤੇ ਤਰਲੋਕ ਸਿੰਘ ਚੁੰਘ ਨੇ ਹਮੇਸ਼ਾ ਦੀ ਤਰ੍ਹਾਂ ਚੁਟਕਲਿਆਂ ਦੀ ਝੜੀ ਲਾ ਕੇ ਮਾਹੌਲ ਖੁਸ਼ਗਵਾਰ ਬਣਾ ਦਿੱਤਾ।

ਮੰਗਲ ਚੱਠਾ, ਗੁਰਤਾਜ ਸਿੰਘ ਤੇ ਜਸਲੀਨ ਕੌਰ, ਖੁਸ਼ ਚਾਹਲ, ਤਰਲੋਚਨ ਸੈਂਭੀ, ਸੁਖਵਿੰਦਰ ਸਿੰਘ ਤੂਰ, ਜਸਵੀਰ ਸਹੋਤਾ, ਮਲਕੀਤ ਬਰਾੜ, ਲਖਵਿੰਦਰ ਸਿੰਘ ਜੌਹਲ ਤੇ ਮਨਜੀਤ ਕੰਡਾ ਨੇ ਆਪਣੀ ਆਪਣੀ ਰਚਨਾ ਤੇ ਸੁਨੇਹੇ ਨਾਲ ਹਾਜ਼ਰੀ ਲਵਾਈ। ਸਭਾ ਦੀ ਮੀਟਿੰਗ ਵਿਚ ਪ੍ਰਭਜੀਤ ਸੈਂਭੀ, ਗੁਰਪ੍ਰੀਤ ਸੈਂਭੀ, ਹਰਭਜਨ ਸੰਧੂ, ਗੁਰਪਾਲ ਕੌਰ, ਗੁਰਲਾਲ ਰੁਪਾਲੋਂ, ਮਨਜੀਤ ਸਿੰਘ, ਜੋਗਿੰਦਰ ਸਿੰਘ, ਮਨਜੀਤ ਕੌਰ ਖਹਿਰਾ, ਨਰਿੰਦਰ ਸਿੰਘ, ਜਸਰਾਜਵੀਰ ਸਿੰਘ, ਜਪਜੋਤ ਸਿੰਘ, ਰਵੀਚਰ ਕੌਰ, ਜਿਵਮਜੌਤ ਸਿੰਘ ਵੀ ਹਾਜ਼ਰ ਸਨ।

# ਪੰਜਾਬੀ ਬੋਲੀ ਦਾ ਸਭ ਤੋਂ ਵੱਧ ਨੁਕਸਾਨ ਫ਼ਿਰਕੂਵਾਦ ਨੇ ਕੀਤਾ : ਡਾ. ਸਾਧੂ ਸਿੰਘ

## ਪਲੀ ਨੇ 15ਵਾਂ ਕੌਮਾਂਤਰੀ ਮਾਂ-ਬੋਲੀ ਦਿਵਸ ਮਨਾਇਆ

**ਸਰੀ (ਹਰਪ੍ਰੀਤ ਸੇਖਾ)** : ਪੰਜਾਬੀ ਲੈਂਗੂਏਜ਼ ਐਜੂਕੇਸ਼ਨ ਐਸੋਸੀਏਸ਼ਨ (PLEA) ਵੱਲੋਂ 15ਵਾਂ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਬੀਤੇ ਦਿਨੀਂ ਡੈਲਟਾ ਰੀਕਰੀਏਸ਼ਨ ਸੈਂਟਰ ਡੈਲਟਾ ਬੀ.ਸੀ. 'ਚ ਮਨਾਇਆ ਗਿਆ। ਇਸ ਸਮਾਗਮ ਦੌਰਾਨ ਬੀ.ਸੀ. ਦੇ ਪਬਿਲਕ ਸਕੂਲਾਂ ਵਿਚ ਪੰਜਾਬੀ ਬੋਲੀ ਦੀ ਪੜ੍ਹਾਈ ਬਾਰੇ ਵਿਸ਼ੇਸ਼ ਵਿਚਾਰ-ਵਟਾਂਦਰਾ ਕੀਤਾ ਗਿਆ। ਸਮਾਗਮ ਦਾ ਸੰਚਾਲਨ ਪ੍ਰਭਜੋਤ ਕੌਰ ਨੇ ਕੀਤਾ।

ਪਲੀ ਦੇ ਪ੍ਰਧਾਨ ਬਲਵੰਤ ਸੰਘੇੜਾ ਨੇ ਪਲੀ ਵਲੋਂ ਇਸ ਸਾਲ ਦੇ ਮਿੱਥੇ ਮੁੱਖ ਨਿਸ਼ਾਨੇ ਬਾਰੇ ਦੱਸਿਆ ਕਿ ਕੋਸ਼ਿਸ਼ ਕੀਤੀ ਜਾਵੇਗੀ ਕਿ ਸਰੀ ਵਿਚ ਕੁਝ ਹੋਰ ਐਲੀਮੈਂਟਰੀ ਸਕੂਲਾਂ ਵਿਚ ਗਰੇਡ ਪੰਜ ਤੋਂ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਈ ਜਾ ਸਕੇ। ਸਮਾਗਮ ਦੇ ਵਿਸ਼ੇਸ਼ ਬੁਲਾਰੇ ਜੈਗ ਖੋਸਾ, ਜੋ ਕਿ ਸਥਾਨਕ ਪੁਲੀਸ ਅਫਸਰ ਅਤੇ ਕਮਿਊਨਿਟੀ ਐਕਟਵਿਸਟ ਹਨ, ਨੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਬੱਚਿਆਂ ਨਾਲ ਘਰ 'ਚ ਬਚਪਨ ਤੋਂ ਹੀ ਪੰਜਾਬੀ ਵਿਚ ਗੱਲਬਾਤ ਕਰਨੀ ਚਾਹੀਦੀ ਹੈ। ਵਿਦਵਾਨ ਡਾ. ਸਾਧੂ ਸਿੰਘ ਨੇ ਕਿਹਾ ਕਿ ਪੰਜਾਬੀ ਬੋਲੀ ਦਾ ਸਭ ਤੋਂ ਵੱਧ ਨੁਕਸਾਨ ਫਿਰਕੂਵਾਦ ਨੇ ਕੀਤਾ ਹੈ। ਪੰਜਾਬੀ ਜ਼ੁਬਾਨ ਦੀ ਅਮੀਰੀ ਦੀ ਗੱਲ ਕਰਦਿਆਂ ਉਨ੍ਹਾਂ ਨੇ ਪੰਜਾਬੀ ਵਿਚ ਰੰਗਾਂ ਸਬੰਧੀ ਸ਼ਬਦਾਂ ਬਾਰੇ ਆਪਣੀ ਪੁਸਤਕ 'ਪੰਜਾਬੀ ਬੋਲੀ ਦੀ ਵਿਰਾਸਤ' ਵਿਚੋਂ ਲੰਬੀ ਸੂਚੀ ਪੜ੍ਹ ਕੇ ਸੁਣਾਈ। ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਅਧਿਆਪਕ ਸੁਖਵੰਤ ਹੁੰਦਲ ਨੇ ਪੰਜਾਬੀ ਵਿਕੀਪੀਡੀਆ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਅਪੀਲ ਕੀਤੀ ਕਿ ਪੰਜਾਬੀਆਂ ਨੂੰ ਪੰਜਾਬੀ ਵਿਕੀਪੀਡੀਆ ਨੂੰ ਵਧਾਉਣ ਵਿਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ।

ਸਰੀ ਸਕੂਲ ਬੋਰਡ ਤੋਂ ਗੈਰੀ ਥਿੰਦ, ਸਰੀ ਸਕੂਲ ਅਧਿਆਪਕ ਰਬਿੰਦਰ ਬੋਪਾਰਾਏ ਅਤੇ ਮਾਪਿਆਂ ਵਲੋਂ ਕੇਵਲ ਤੱਗੜ ਨੇ ਇਕ ਪੈਨਲ ਵਿਚ ਹਿੱਸਾ ਲਿਆ ਜਿਸ ਦਾ ਸੰਚਾਲਨ ਸੁਖਵੰਤ ਹੁੰਦਲ ਨੇ ਕੀਤਾ। ਇਸ ਵਿਚ ਮੁੱਖ ਤੌਰ 'ਤੇ ਇਸ ਗੱਲ ਬਾਰੇ ਚਰਚਾ ਹੋਈ ਕਿ ਮਾਪਿਆਂ ਨੂੰ ਕਿਸ ਤਰ੍ਹਾਂ ਉਤਸਾਹਤ ਕੀਤਾ ਜਾਵੇ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਜਮਾਤਾਂ ਵਿਚ ਦਾਖਲ ਕਰਵਾਉਣ।

ਇਸ ਮੌਕੇ ਸਥਾਨਕ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੇ ਕਵਿਤਾਵਾਂ ਅਤੇ ਗੀਤ ਵੀ ਪੇਸ਼ ਕੀਤੇ ਅਤੇ ਪੰਜਾਬੀ ਮਸਲਿਆਂ ਬਾਰੇ ਗੱਲਬਾਤ ਵੀ ਕੀਤੀ। ਇਨ੍ਹਾਂ ਬੱਚਿਆਂ ਵਿਚ ਅਮਨ, ਤੰਨੂ, ਮੰਨੂ, ਸੁਖਮਨ ਕੈਂਬੋ, ਮਨਜੋਤ ਸਿੰਘ, ਪ੍ਰਭਲੀਨ ਕੌਰ ਗਰੇਵਾਲ, ਸ਼ਰਨ ਸੰਧੂ, ਹਮਕੀਰਤ ਗਿੱਲ, ਤਰਨ ਪੂਨੀਆਂ, ਸਨੀ ਜਤੀ, ਸਿਮਰਤ, ਅਮਰਿਤ, ਜਸਨੂਰ, ਸਾਹਿਬ, ਰਵਲੀਨ, ਸਮਰੀਤੀ, ਅਸ਼ਮੀਨ, ਪਰਲੀਨ, ਨਵਰੀਤ ਅਤੇ ਹਰਦੀਪ ਵਿਰਕ ਸ਼ਾਮਲ ਹੋਏ।

ਪਲੀ ਵਲੋਂ ਗਿਆਨ ਸਿੰਘ ਥਿੰਦ ਅਤੇ ਹਰਜਿੰਦਰ ਸਾਂਗਰਾ ਨੂੰ ਕਨੇਡਾ ਵਿਚ ਪੰਜਾਬੀ ਦੇ ਵਿਕਾਸ ਹਿਤ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

ਸ੍ਰੀ ਥਿੰਦ ਬਾਰੇ ਰੇਡੀਓ ਹੋਸਟ ਪ੍ਰੋਫੈਸਰ ਗੁਰਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਹ 1953 ਵਿਚ ਕਨੇਡਾ ਆਏ ਸਨ ਤੇ ਉਨ੍ਹਾਂ ਨੇ ਏਥੇ ਖੁਦ ਪੰਜਾਬੀ ਸਿੱਖ ਕੇ ਵੈਨਕੂਵਰ ਦੀ ਇਤਿਹਾਸਕ ਜਥੇਬੰਦੀ ਖਾਲਸਾ ਦੀਵਾਨ ਸੁਸਾਇਟੀ ਵਾਸਤੇ ਅਖਬਾਰ ਸ਼ੁਰੂ ਕੀਤਾ। ਹਰਜਿੰਦਰ ਸਾਂਗਰਾ ਬਾਰੇ ਸਾਧੂ ਬਿਨਿੰਗ ਨੇ ਦੱਸਿਆ ਕਿ ਕਨੇਡਾ ਦੀ ਜੰਮਪਲ ਹਰਜਿੰਦਰ ਨੇ ਖੁਦ ਪੰਜਾਬੀ ਸਿੱਖੀ, ਵੈਨਕੂਵਰ ਸੱਥ ਨਾਂ ਦੀ ਜਥੇਬੰਦੀ ਨਾਲ ਲੰਮਾ ਸਮਾਂ ਨਾਟਕ ਕੀਤੇ, ਯੂ ਬੀ ਸੀ ਵਿਚ ਬਾਲਗਾਂ ਨੂੰ ਪੰਜਾਬੀ ਪੜ੍ਹਾਈ ਅਤੇ ਹੁਣ ਉਹ ਲੰਮੇ ਸਮੇਂ ਤੋਂ ਵੈਨਕੂਵਰ ਵਿਚ ਅਧਿਆਪਕ ਹਨ ਅਤੇ ਹੋਰ ਵਿਸ਼ਿਆਂ ਦੇ ਨਾਲ ਨਾਲ ਪੰਜਾਬੀ ਵੀ ਪੜ੍ਹਾਉਂਦੇ ਹਨ।

ਅੰਤ ਵਿਚ ਬਲਵੰਤ ਸੰਘੇੜਾ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਪਲੀ ਦੇ ਮੈਂਬਰਾਂ ਪਰਵਿੰਦਰ ਧਾਰੀਵਾਲ, ਪ੍ਰਭਜੋਤ ਕੌਰ, ਰਜਿੰਦਰ ਪੰਧੇਰ, ਹਰਮਨ ਪੰਧੇਰ, ਰਣਬੀਰ ਜੌਹਲ, ਜਸ ਬਿਨਿੰਗ, ਪਾਲ ਬਿਨਿੰਗ, ਅਤੇ ਸਾਧੂ ਬਿਨਿੰਗ ਦਾ ਵੀ ਧੰਨਵਾਦ ਕੀਤਾ।

# ਸੇਲ ਟੈਕਸ ਨੂੰ ਲੈ ਕੇ ਅਲਬਰਟਾ ਪਾਰਟੀ ਦੇ ਉਮੀਦਵਾਰ ਆਗੂਆਂ ਵਿਚ ਮਤਭੇਦ

**ਐਡਮਿੰਟਨ (ਨਦਬ)** : ਪਿਛਲੇ ਦਿਨੀਂ ਅਲਬਰਟਾ ਪਾਰਟੀ ਦੇ ਆਗੂ ਦੀ ਚੋਣ ਲਈ ਪਹਿਲੀ ਬਹਿਸ ਹੋਈ। ਜਿਸ ਵਿਚ ਰਸਮੀਂ ਤੌਰ 'ਤੇ ਐਲਾਨੇ ਗਏ ਤਿੰਨ ਉਮੀਦਵਾਰਾਂ ਰਿਕ ਫਰੇਜ਼ਰ, ਕਾਰਾ ਲੀਵਿਸ ਅਤੇ ਸਟੀਫ਼ਨ ਮੈਂਡੇਲ ਨੇ ਵੱਖ ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਰੱਖੇ। ਪਰ ਬਹਿਸ ਵਿਚ ਧਿਆਨ ਦੇਣ ਵਾਲੀ ਗੱਲ ਇਹ ਸੀ ਕਿ ਕਈ ਮਸਲਿਆਂ ਵਿਚ ਇਨ੍ਹਾਂ ਸੰਭਾਵੀ ਆਗੂਆਂ ਦੇ ਵਿਚਾਰਾਂ ਵਿਚ ਮਤਭੇਦ ਸਾਹਮਣੇ ਆਏ। ਮੁੱਖ ਤੌਰ 'ਤੇ ਸੇਲ ਟੈਕਸ ਨੂੰ ਲੈ ਕੇ ਇਨ੍ਹਾਂ ਆਗੂਆਂ ਵਿਚ ਤਿੱਖੀ ਨੋਕ ਝੋਕ ਹੋਈ। ਬਹਿਸ ਵਿਚ ਭਾਗ ਲੈਂਦਿਆਂ ਉਮੀਦਵਾਰ ਕਾਰਾ ਲੀਵਿਸ ਨੇ ਕਿਹਾ ਬਜਟ ਨੂੰ ਸੰਤੁਲਤ ਕਰਨ ਲਈ ਆਖ਼ਰੀ ਰਾਹ ਵਜੋਂ ਸੂਬੇ ਨੂੰ ਦੋਵੇਂ ਤਰ੍ਹਾਂ ਦੇ ਸੇਲ ਟੈਕਸਾਂ ਰਿਹਾਇਸ਼ੀ ਅਤੇ ਵਿਜ਼ਟਰ ਦੀ ਪੜਚੋਲ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਨੂੰ ਕਰ ਨਾਲ ਜੁੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਦੀ ਜਰੂਰਤ ਹੈ ਤੇ ਉਨ੍ਹਾਂ ਨੂੰ ਲੈ ਕੇ ਗੱਲ ਹੋਣੀ ਚਾਹੀਦੀ ਹੈ ਤੇ ਇਸ ਗੱਲਬਾਤ ਵਿਚ ਐਚਐਸਟੀ ਵੀ ਸ਼ਾਮਲ ਕੀਤਾ ਜਾਵੇ। ਨਾਲ ਹੀ ਕਾਰਾ ਨੇ ਇਹ ਵੀ ਕਿਹਾ ਕਿ ਮੈਂ ਨਹੀਂ ਸੋਚਦੀ ਕਿ ਮੇਰੀ ਵਿਰੋਧੀ ਇਸ ਮਾਮਲੇ ਵਿਚ ਪਹਿਲ ਕਰਨ ਦਾ ਹੌਸਲਾ ਰੱਖਦੇ ਹਨ। ਇਨ੍ਹਾਂ ਵਿਚਾਰ 'ਤੇ ਰਿਕ ਫਰੇਜ਼ਰ ਅਤੇ ਸਟੀਫ਼ਨ ਮੈਂਡੇਲ ਨੇ ਅਸਹਿਮਤੀ ਪ੍ਰਗਟਾਈ।

ਐਡਮਿੰਟਨ ਦੇ ਸਾਬਕਾ ਮੇਅਰ ਅਤੇ ਯੂਸੀਪੀ ਦੇ ਸਿਹਤ ਮੰਤਰੀ ਸਟੀਫ਼ਨ ਮੈਂਡੇਲ ਨੇ ਕਿਹਾ ਕਿ ਸੇਲ ਟੈਕਸ ਸਬੰਧੀ ਨੀਤੀਆਂ ਨੂੰ ਲੈ ਕੇ ਜਨਮਤ ਹੀ ਜ਼ਿਆਦਾ ਕਾਰਗਰ ਹੈ। ਕਿਉਂਕਿ ਸਾਡੇ ਨਾਗਰਿਕ ਕੁਸ਼ਲ ਸਾਸ਼ਨ ਚਾਹੁੰਦੇ ਹਨ। ਤੀਸਰੇ ਉਮੀਦਵਾਰ ਰਿਕ ਫਰੇਜ਼ਰ ਨੇ ਉਪਰੋਕਤ ਵਿਚਾਰਾਂ ਦੀ ਨਾ ਪੁਸ਼ਟੀ ਕੀਤੀ ਤੇ ਨਾ ਹੀ ਆਲੋਚਨਾ ਪਰ ਉਨ੍ਹਾਂ ਨੇ ਪੱਤਰਕਾਰਾਂ ਦੁਆਰਾ ਸਵਾਲ ਪੁੱਛਣ 'ਤੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਲਬਰਟਾ ਦੇ ਵਾਸੀ ਟੈਕਸਾਂ ਹੇਠ ਦੱਬੇ ਗਏ ਹਨ ਪਰ ਕੁਝ ਹੱਦ ਤੱਕ ਉਨ੍ਹਾਂ ਨੇ ਮੈਂਡੇਲ ਦੇ ਜਨਮਤ ਵਾਲੇ ਵਿਚਾਰ ਨਾਲ ਸਹਿਮਤੀ ਪ੍ਰਗਟਾਈ।

PAKISTANI & EAST AFRICAN MENU
BEEF RIB, MOGO, MISHKAKI, CHOPS, CHAPPALI KABAB, SEEKH KABAB
Shafi Tandoori Grill
Party Hall Available
Catering in Town or Out of Town
Tuesday Closed
ASK For
780 462 3556
3444-93 Street, NW, Edmonton AB T6E 6A4, Fax : 780 462 3575, Toll Free : 1 866 362 3556

# ਪੈਦਲਾਂ ਲਈ ਸੜਕ ਪਾਰ ਕਰਨਾ ਹੋਇਆ ਮੁਸ਼ਕਲ

## ਲੋਕ 'ਬੇਗ ਬਟਨ' ਤੋਂ ਹਨ ਪ੍ਰੇਸ਼ਾਨ




**ਐਡਮਿੰਟਨ (ਨਦਬ) :** ਪੈਦਲ ਚੱਲਣ ਵਾਲਿਆਂ ਤੇ ਸਾਈਕਲ ਵਾਲਿਆਂ ਨੂੰ ਸੜਕ ਪਾਰ ਕਰਨ ਵਿਚ ਅਕਸਰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਉਨ੍ਹਾਂ ਨੂੰ ਜ਼ਿਆਦਾ ਇੰਤਜ਼ਾਰ ਕਰਨਾ ਪੈਂਦਾ ਹੈ ਜਿਸਦੀ ਵਜ੍ਹਾ ਕਾਰਣ ਉਨ੍ਹਾਂ ਦੀ ਬੱਸ ਖੁੰਝ ਜਾਂਦੀ ਹੈ ਤੇ ਕਈ ਵਾਰ ਉਹ ਆਪਣੀ ਮੰਜ਼ਿਲ 'ਤੇ ਦੇਰੀ ਨਾਲ ਪੁੱਜਦੇ ਹਨ। ਕੜਕਦੀ ਠੰਡ ਕਾਰਣ ਉਨ੍ਹਾਂ ਦੀਆਂ ਦਿੱਕਤਾਂ ਵਿਚ ਹੋਰ ਵੀ ਵਾਧਾ ਹੋ ਜਾਂਦਾ ਹੈ। ਸ਼ਹਿਰ ਵਿਚ ਇਸ ਸਮੱਸਿਆ ਨੂੰ ਲੈ ਕੇ ਲੰਮੇ ਸਮੇਂ ਤੋਂ ਬਹਿਸ ਹੋ ਰਹੀ ਹੈ ਪਰ ਅਜੇ ਤੱਕ ਇਸ ਮਾਮਲੇ ਵਿਚ ਸਾਰਥਿਕ ਸਿੱਟੇ ਸਾਹਮਣੇ ਨਹੀਂ ਆਏ।

ਇਸ ਮਾਮਲੇ ਨੂੰ ਲੈ ਕੇ ਅਲਬਰਟਾ ਯੂਨੀਵਰਸਿਟੀ ਦੇ ਵਿਭਾਗ ਮਨੁੱਖੀ ਭੂਗੋਲ ਅਤੇ ਯੋਜਨਾ ਦੇ ਇੱਕ ਵਿਦਿਆਰਥੀ ਨੇ ਕੰਮ ਕੀਤਾ ਹੈ। ਡਰਸੀ ਰੇਨਾਰਡ ਨਾਂ ਦੇ ਵਿਦਿਆਰਥੀ ਨੇ ਇੱਕ ਆਨਲਾਇਨ ਨਕਸ਼ਾ ਤਿਆਰ ਕੀਤਾ ਹੈ ਜਿਸ ਵਿਚ ਟਵਿੱਟਰ ਦੀ ਵਰਤੋਂ ਕਰਨ ਵਾਲਿਆਂ ਨੂੰ ਭਰਤੀ ਕੀਤਾ ਗਿਆ ਹੈ ਜਿਹੜੇ ਸ਼ਹਿਰ ਵਿਚ ਪੈਦਲ ਕਰਾਸਿੰਗ ਸਿਗਨਲਾਂ ਦੀ ਨਗਰਾਨੀ ਕਰਨਗੇ। ਰੇਨਾਰਡ 'ਬੇਗ ਬਟਨ' ਨੂੰ ਨਫ਼ਰਤ ਕਰਦਾ ਹੈ ਤੇ ਇਸਦਾ ਕੋਈ ਬਦਲ ਦੇਣ ਦੀ ਤਲਾਸ਼ ਵਿਚ ਹੈ। ਉਨ੍ਹਾਂ ਦੀ ਦਲੀਲ ਹੈ ਕਿ ਇਸ ਪ੍ਰਣਾਲੀ ਨਾਲ ਹਾਦਸਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ ਤੇ ਬਾਇਕ ਦੀ ਵਰਤੋਂ ਕਰਨ ਵਾਲੇ ਉਸ ਵਰਗੇ ਹੋਰ ਬਹੁਤ ਸਾਰੇ ਵਿਅਕਤੀਆਂ ਨੂੰ ਇਹ ਪ੍ਰਣਾਲੀ ਸੰਤੁਸ਼ਟ ਨਹੀਂ ਕਰਦੀ।

ਦੱਸਣਾ ਬਣਦਾ ਹੈ ਕਿ ਰੇਨਾਰਡ ਦੇ ਮੈਪ ਲਈ ਲੋਕਾਂ ਨੇ ਸੈਂਟਰਲ ਐਡਮਿੰਟਨ ਵਿਚ 134 ਪੁਆਇੰਟਾਂ ਬਾਰੇ ਰਿਪੋਰਟ ਜਮ੍ਹਾ ਕਰਵਾਈ ਹੈ ਜਿੱਥੇ ਜ਼ਿਆਦਾ ਤੋਂ ਜ਼ਿਆਦਾ 200 ਸੈਕਿੰਟ ਭਾਵ ਤਿੰਨ ਮਿੰਟ ਵੀਹ ਸੈਕਿੰਟ ਦਾ ਸਮਾਂ ਲੱਗਦਾ ਹੈ ਅਤੇ ਬਾਕੀ ਹੋਰਾਂ 'ਤੇ ਔਸਤਨ ਇੱਕ ਮਿੰਟ ਦਾ ਸਮਾਂ ਲੱਗਦਾ ਹੈ। ਇਸ ਮਾਮਲੇ ਵਿਚ ਕੌਂਸਲਰ ਐਂਡਰਿਓ ਨੈਕ ਦਾ ਕਹਿਣਾ ਹੈ ਕਿ ਇਹ ਨਾਗਰਿਕਤਾ ਵਿਗਿਆਨ ਨਾਲ ਜੁੜਿਆ ਮਸਲਾ ਹੈ ਤੇ ਉਨ੍ਹਾਂ ਨੇ ਪਿਛਲੇ ਦਿਨੀਂ ਇਸਨੂੰ ਕੌਂਸਲ ਦੇ ਏਜੰਡੇ ਵਿਚ ਰੱਖਿਆ ਸੀ। ਨੈਕ ਨੇ ਟਰੈਫ਼ਿਕ ਇੰਜ਼ਨੀਅਰਾਂ ਤੋਂ ਇਸ ਗੱਲ ਨੂੰ ਲੈ ਕੇ ਜਵਾਬ ਮੰਗਿਆ ਹੈ ਕਿ ਪੈਦਲ ਤੁਰਨ ਵਾਲਿਆਂ ਨੂੰ ਏਨਾ ਇੰਤਜ਼ਾਰ ਕਿਉਂ ਕਰਨਾ ਪੈਂਦਾ ਹੈ ਤੇ ਇਸ ਗੱਲ ਦੀ ਵਿਆਖਿਆ ਕਰਨ ਨੂੰ ਕਿਹਾ ਹੈ ਉਹ ਕਿਵੇਂ ਨਿਸ਼ਚਿਤ ਕਰਦੇ ਹਨ ਕਿ ਪੈਦਲ ਸਿਗਨਲ ਦੇ ਲਈ ਕਿੰਨਾ ਚਿਰ ਇੰਤਜ਼ਾਰ ਕਰਨਾ ਚਾਹੀਦਾ ਹੈ ਤੇ ਇਹ ਕਿਉਂ ਜ਼ਰੂਰੀ ਹੈ। ਇਸ ਮਾਮਲੇ ਨੂੰ ਲੈ ਕੇ ਰਿਪੋਰਟ ਅਜੇ ਅਗਲੇ ਹਫ਼ਤਿਆਂ ਦਰਮਿਆਨ ਆਵੇਗੀ।

ਨੈਕ ਦਾ ਕਹਿਣਾ ਹੈ ਕਿ ਤੁਸੀਂ ਹਰ ਵਾਰ ਕਾਰ 'ਚੋਂ ਉੱਤਰ ਕੇ ਬਟਨ ਨਹੀਂ ਦਬਾਅ ਸਕਦੇ। ਸਾਇਕਲ ਵਾਲਿਆਂ ਨਾਲ ਹੋਰ ਵੀ ਮਾੜੀ ਹੁੰਦੀ ਹੈ ਜੇ ਉਹ ਇੱਕ ਵਾਰ ਮੌਕਾ ਖੁੰਝਾ ਦੇਣ ਤਾਂ ਫਿਰ ਉਨ੍ਹਾਂ ਨੂੰ ਲੰਮਾਂ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ।

ਇਹ ਸਮੱਸਿਆ ਭਾਵੇਂ ਸਾਨੂੰ ਛੋਟੀ ਲੱਗਦੀ ਹੈ ਪਰ ਟ੍ਰੈਫ਼ਿਕ ਦੀ ਇਹ ਬਹੁਤ ਵੱਡੀ ਸਮੱਸਿਆ ਹੈ, ਸੜਕ 'ਤੇ ਹਰ ਰੋਜ਼ ਕਈ ਹਾਦਸੇ ਇਸ ਸਮੱਸਿਆ ਕਾਰਣ ਵਾਪਰਦੇ ਹਨ।

# ਮਸ਼ਹੂਰ ਅਧਿਆਪਕਾ ਸਾਨਾ ਗਨੀ ਨਹੀਂ ਰਹੀ

## ਸੜਕ ਹਾਦਸੇ 'ਚ ਮੌਤ

**ਐਡਮਿੰਟਨ (ਨਦਬ) :** ਕੁਝ ਵਿਅਕਤੀਤਵ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਗਤੀਸ਼ੀਲਤਾ ਸਮਾਜ ਨੂੰ ਗਰੀਸ ਦੇਣ ਦਾ ਕੰਮ ਕਰਦੀ ਹੈ। ਅਜਿਹੀਆਂ ਸ਼ਖ਼ਸ਼ੀਅਤਾਂ ਦੁਆਰਾ ਕੀਤੇ ਜਾਂਦੇ ਕਾਰਜਾਂ ਦਾ ਚਿਰਕਾਲੀ ਪ੍ਰਭਾਵ ਰਹਿੰਦਾ ਹੈ ਤੇ ਆਉਣ ਵਾਲੀਆਂ ਪੀੜ੍ਹੀਆਂ ਅਜਿਹੇ ਕਾਰਜਾਂ ਤੋਂ ਸੇਧ ਲੈਂਦੀਆਂ ਹਨ। ਜਦੋਂ ਅਜਿਹੇ ਵਿਅਕਤੀਤਵ ਇਸ ਦੁਨੀਆਂ ਤੋਂ ਚਲੇ ਜਾਂਦੇ ਹਨ ਤਾਂ ਮਾਯੂਸੀ ਦੀ ਲਹਿਰ ਦੌੜਨੀ ਸੁਭਾਵਿਕ ਹੁੰਦੀ ਹੈ। ਅਜਿਹੇ ਹੀ ਵਿਅਕਤੀਤਵ ਦੀ ਮਾਲਕ ਸੀ ਅਧਿਆਪਕਾ ਸਾਨਾ ਗਨੀ।



ਪਿਛਲੇ ਦਿਨੀਂ ਕੈਡੋਟ ਲੇਕ ਫਸਟ ਨੇਸ਼ਨ ਦੀ ਇਸ ਮਸ਼ਹੂਰ ਅਧਿਆਪਕਾ ਕਾਰ ਹਾਦਸੇ ਮੌਤ ਹੋ ਗਈ। ਉਨ੍ਹਾਂ ਦੀ ਉਮਰ 29 ਸਾਲ ਸੀ। ਉਨ੍ਹਾਂ ਨੂੰ ਵਿਦਿਆਰਥੀਆਂ ਦੀ ਮਦਦ ਕਰਨ ਕਰਕੇ ਜਾਣਿਆ ਜਾਂਦਾ ਹੈ। ਉਹ ਵਿਦਿਆਰਥੀਆਂ ਦੀਆਂ ਕਹਾਣੀਆਂ ਨੂੰ ਕਿਤਾਬੀ ਰੂਪ ਵਿਚ ਛਪਵਾਉਂਦੇ ਸਨ। ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਿਕ ਪਿਛਲੇ ਦਿਨੀਂ ਉਹ ਕਾਰ ਵਿਚ ਆਪਣੇ ਪਰਿਵਾਰ ਸਮੇਤ ਐਡਮਿੰਟਨ ਆ ਰਹੀ ਸੀ ਤੇ ਹਾਈਵੇ ਦੋ 'ਤੇ ਫਰੀਜ਼ਿੰਗ ਰੇਨ ਦੀ ਵਜ੍ਹਾ ਕਾਰਣ ਕਾਰ ਕਾਬੂ ਤੋਂ ਬਾਹਰ ਹੋ ਗਈ ਅਤੇ ਦੋ ਵਹੀਕਲਾਂ ਨਾਲ ਜਾ ਟਕਰਾਈ ਜਿਸ ਕਾਰਣ ਇਹ ਹਾਦਸਾ ਵਾਪਰਿਆ। ਹਾਦਸਾ ਦੱਖਣੀ ਪੱਛਮੀਂ ਸਲੇਵਲੇਕ ਤੋਂ ਲਗਭਗ 25 ਕਿਲੋਮੀਟਰ ਦੂਰੀ 'ਤੇ ਵਾਪਰਿਆ। ਹਾਦਸੇ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੇ ਦਮ ਤੋੜ ਦਿੱਤਾ।

ਉਹ ਵਿਦਿਆਰਥੀਆਂ ਲਈ ਮਿਹਨਤ ਕਰਨ ਕਰ ਕੇ ਸਮਾਜ ਵਿਚ ਕਾਫੀ ਸਤਿਕਾਰਤ ਸਨ। ਉਹ ਇਸ ਕਾਰਜ ਲਈ ਖ਼ੁਦ ਫੰਡ ਜੁਟਾਉਂਦੀ ਸੀ ਤੇ ਹੋਣਹਾਰ ਵਿਦਿਆਰਥੀਆਂ ਦੀਆਂ ਕਿਰਤਾਂ ਨੂੰ ਲੋਕਾਂ ਸਾਹਮਣੇ ਲੈ ਕੇ ਆਉਂਦੀ ਸੀ। ਉਨ੍ਹਾਂ ਦਾ ਇਹ ਯੋਗਦਾਨ ਕਦੇ ਭੁਲਾਇਆ ਨਹੀਂ ਜਾਵੇਗਾ।

# ਗਰਭਪਾਤ ਨੂੰ ਕੇਂਦਰ 'ਚ ਰੱਖ ਕੇ ਯੂਸੀਪੀ ਵੱਲੋਂ ਇੰਟਰਨਸ਼ਿਪਾਂ




**ਐਡਮਿੰਟਨ (ਨਦਬ) :** ਓਟਾਵਾ ਦੀ ਗਰਭਪਾਤ ਵਿਰੋਧੀ ਗਰੁੱਪ ਵੱਲੋਂ ਆਪਣੇ ਮੈਂਬਰਾਂ ਨੂੰ ਯੂਨਾਈਟਡ ਕੰਜ਼ਰਵੇਟਿਵ ਪਾਰਟੀ (ਯੂਸੀਪੀ) ਦੀ ਇੰਟਰਨਸ਼ਿਪਾਂ ਵਿਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਤੋਂ ਜੋ ਪੂਰਵ ਜ਼ਿੰਦਗੀ ਸਬੰਧੀ ਅਲਬਰਟਾ ਵਿਚ ਸੂਬਾਈ ਪੱਧਰੀ ਕਾਨੂੰਨ ਬਾਰੇ ਮੈਂਬਰਾਂ ਨੂੰ ਸਿੱਖਿਅਤ ਕੀਤਾ ਜਾ ਸਕੇ। ਗਰੁੱਪ ਦੇ ਮੈਂਬਰਾਂ ਨੇ ਈਮੇਲ ਰਾਹੀਂ ਦੱਸਿਆ ਕਿ ਸਾਡੇ ਕੋਲ ਨੌਜਵਾਨ ਮੈਂਬਰਾਂ ਲਈ ਦੋ ਭੁਗਤਾਨ ਵਾਲੀਆਂ ਰਾਜਨੀਤਿਕ ਇੰਟਰਨਸ਼ਿਪਾਂ ਲਈ ਮੌਕੇ ਹਨ ਤੇ ਇਸ ਤੋਂ ਇਲਾਵਾ ਤਿੰਨ ਹੋਰ ਮੌਕੇ ਅਲਬਰਟਾ ਵਿਚ ਹਨ।

ਜ਼ਿਕਰਯੋਗ ਹੈ ਕਿ ਯੂਸੀਪੀ ਵੱਲੋਂ ਸੈਕੰਡਰੀ ਅਤੇ ਗ੍ਰੇਜੂਏਟ ਵਿਦਿਆਰਥੀਆਂ ਨੂੰ ਇੰਟਰਨਸ਼ਿਪ ਦੀ ਪੇਸ਼ਕਸ਼ ਕੀਤੀ ਗਈ ਹੈ। ਪ੍ਰੋਗਰਾਮ ਪਾਰਟੀ ਦੇ ਵਰਕਰਾਂ ਵੱਲੋਂ ਚਲਾਇਆ ਜਾ ਰਿਹਾ ਹੈ ਤੇ ਇਸ ਵਿਚ ਹਿੱਸਾ ਲੈਣ ਵਾਲਿਆਂ ਕੋਲੋਂ ਹੀ ਇਸ 'ਤੇ ਹੋਣ ਵਾਲਾ ਖਰਚ ਵਸੂਲਿਆ ਜਾਣਾ ਹੈ। ਗਰੁੱਪ ਦੇ ਸਹਿ ਸੰਸਥਾਪਕ ਸਕੌਟ ਹੇਵਰਡ ਦਾ ਕਹਿਣਾ ਹੈ ਕਿ ਅਸੀਂ ਗਰੁੱਪ ਦੇ ਮੈਂਬਰਾਂ ਨੂੰ ਦੇਸ਼ ਵਿਚ ਰਾਜਨੀਤਿਕ ਇੰਟਰਨਸ਼ਿਪਾਂ ਵਿਚ ਹਿੱਸਾ ਲੈਣ ਲਈ ਇਸ ਕਰਕੇ ਉਤਸ਼ਾਹਿਤ ਕਰ ਰਹੇ ਹਾਂ ਤਾਂ ਜੋ ਉਹ ਪ੍ਰੋਗਰਾਮ ਨੂੰ ਸਮਝ ਸਕਣ ਤੇ ਅਮਲੀ ਤੌਰ 'ਤੇ ਇਸਦਾ ਉਪਯੋਗ ਕਰ ਸਕਣ। ਉਨ੍ਹਾਂ ਸਾਫ਼ ਕੀਤਾ ਹੈ ਕਿ ਉਨ੍ਹਾਂ ਦੇ ਗਰੁੱਪ ਦਾ ਯੂਸੀਪੀ ਜਾਂ ਕਿਸੇ ਹੋਰ ਰਾਜਨੀਤਿਕ ਧਿਰ ਨਾਲ ਕੋਈ ਸਬੰਧ ਨਹੀਂ ਹੈ।

ਦੱਸਣਾ ਬਣਦਾ ਹੈ ਕਿ ਯੂਸੀਪੀ ਦੇ ਆਗੂ ਜੇਸਨ ਕੈਨੀ ਵਿਦਿਆਰਥੀ ਜੀਵਨ ਤੋਂ ਗਰਭਪਾਤ ਦੇ ਵਿਰੋਧ ਵਿਚ ਬੋਲਦੇ ਰਹੇ ਹਨ ਤੇ ਇਸ ਮਾਮਲੇ ਨੂੰ ਲੈ ਕੇ ਉਹ ਸਰਗਰਮ ਕਾਰਕੁੰਨ ਵਜੋਂ ਵਿਚਰਦੇ ਰਹੇ ਹਨ। ਜਾਣਕਾਰੀ ਵਾਲੀ ਗੱਲ ਇਹ ਹੈ ਕਿ ਛੇਤੀ ਹੀ ਯੂਸੀਪੀ ਵੱਲੋਂ ਸੂਬਾਈ ਅਤੇ ਫੈਡਰਲ ਪੱਧਰ ਦੇ ਉਨ੍ਹਾਂ ਆਗੂਆਂ ਦੇ ਨਾਮ ਐਲਾਨੇ ਜਾਣਗੇ ਜਿਹੜੇ ਗਰਭਪਾਤ ਦੇ ਮਸਲਿਆਂ ਨੂੰ ਲੈ ਕੇ ਮੂਹਰੇ ਆਉਣਗੇ।

ਇੱਥੇ ਦੱਸਣਾ ਬਣਦਾ ਹੈ ਕਿ ਅਲਬਰਟਾ ਦੀ ਐਨਡੀਪੀ ਦਾ ਇੰਟਰਨਸ਼ਿਪ ਨੂੰ ਲੈ ਕੇ ਕੋਈ ਪ੍ਰੋਗਰਾਮ ਨਹੀਂ ਹੈ।

# ਪੈਸਟੀਸਾਈਡ ਸਬੰਧੀ ਪਾਰਦਰਸ਼ੀ ਯੋਜਨਾ ਦੀ ਲੋੜ

**ਐਡਮਿੰਟਨ (ਨਦਬ) :** ਐਡਮਿੰਟਨ ਦੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਵੱਲੋਂ ਦੋ ਸਾਲ ਪਹਿਲਾਂ ਮੱਛਰਾਂ ਨਾਲ ਲੜਨ ਲਈ ਨਿਊਰੋਟੋਕਸਿਨ ਡਰਸਬਨ ਦੀ ਵਰਤੋਂ 'ਤੇ ਪਾਬੰਦੀ ਲਾ ਦਿੱਤੀ ਸੀ। ਪਰ ਇਸਦੇ ਬਾਵਜੂਦ ਇਸ ਕੈਮੀਕਲ ਵਾਲੇ ਪੈਸਟੀਸਾਈਡ ਦੀ ਵਰਤੋਂ ਕੀਤੀ ਜਾ ਰਹੀ ਹੈ। ਪ੍ਰਸ਼ਾਸ਼ਨ ਇਸ ਮਾਮਲੇ ਵਿਚ ਜਨਤਾ ਨੂੰ ਸਫ਼ਾਈ ਦੇਣ ਵਿਚ ਅਸਫ਼ਲ ਹੈ।

ਇਸ ਮਾਮਲੇ ਨੂੰ ਲੈ ਕੇ ਪੈਸਟੀਸਾਈਡ ਵਿਰੋਧੀ ਵਕੀਲਾਂ ਨੇ ਕੌਂਸਲ ਦੀ ਆਡਿਟ ਕਮੇਟੀ ਸਾਹਮਣੇ ਵਿਰੋਧ ਜਿਤਾਉਂਦਿਆਂ ਕਿਹਾ ਕਿ ਜਨਤਾ ਨਾਲ ਖਿਲਵਾੜ ਹੋ ਰਿਹਾ ਹੈ। ਲੋਕਾਂ ਨੂੰ ਇਹ ਤੱਕ ਨਹੀਂ ਪਤਾ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦੇ ਨਤੀਜੇ ਭੁਗਤਣੇ ਪੈਣਗੇ। ਮਾਹਿਰਾਂ ਵੱਲੋਂ ਇਸ ਮਾਮਲੇ ਵਿਚ ਅਪਾਰਦਸ਼ੀ ਢੰਗ ਨਾਲ ਆਪਣੀ ਮਰਜ਼ੀ ਮੁਤਾਬਿਕ ਫੈਸਲੇ ਲਏ ਜਾਂਦੇ ਹਨ

ਇਸ ਸਬੰਧ ਵਿਚ ਡਾਕਟਰ ਰਾਕਵੈਲ ਫੀਰੋ ਦਾ ਕਹਿਣਾ ਹੈ ਕਿ ਮੌਜੂਦਾ ਨੀਤੀ ਇਸ ਗੱਲ 'ਤੇ ਅਧਾਰਿਤ ਹੈ ਕਿ "ਸਾਡੇ 'ਤੇ ਵਿਸ਼ਵਾਸ ਕਰੋ ਅਸੀਂ ਜੋ ਕਰਾਂਗੇ ਠੀਕ ਕਰਾਂਗੇ।" ਉਨ੍ਹਾਂ ਸੁਝਾਅ ਦਿੱਤਾ ਕਿ ਸਿਹਤ ਨਾਲ ਸਬੰਧਿਤ ਅਧਿਕਾਰੀਆਂ ਨੂੰ ਸਾਹਮਣੇ ਆ ਕੇ ਗੱਲ ਕਰਨੀ ਚਾਹੀਦੀ ਹੈ। ਖ਼ਾਸ ਕਰਕੇ ਉਨ੍ਹਾਂ ਨੂੰ ਜੋ ਬੱਚਿਆਂ ਦੀ ਸਿਹਤ ਅਤੇ ਵਾਤਾਵਰਣ ਦੇ ਮਾਹਿਰ ਹਨ।

ਕੌਂਸਲ ਨੇ ਸਿਟੀ ਦੇ ਆਡੀਟਰ ਡੇਵਿਡ ਵਿਓਨ ਨੂੰ ਸੁਣਿਆ ਤੇ ਡੇਵਿਡ ਨੇ ਸਵੀਕਾਰ ਕੀਤਾ ਕਿ ਪੈਸਟੀਸਾਈਡ ਦੇ ਸਬੰਧ ਵਿਚ ਐਡਮਿੰਟਨ ਦੀ ਨੀਤੀ ਅਸਪੱਸ਼ਟ ਹੈ ਤੇ ਇਸ ਵਿਚ ਪਾਰਦਰਸ਼ਤਾ ਦੀ ਘਾਟ ਹੈ। ਸਿਟੀ ਦੇ ਅਧਿਕਾਰੀਆਂ ਨੇ ਕਿਹਾ ਕਿ ਉਹ ਪੈਸਟੀਸਾਈਡ ਨਾਲ ਸਬੰਧਿਤ ਪ੍ਰਬੰਧ ਅਤੇ ਨੀਤੀਆਂ ਦੀ ਪੜਚੋਲ ਕਰਨਗੇ ਤੇ ਜੀਪੀਐਸ ਅਧਾਰਿਤ ਐਪ ਬਣਾਉਣਗੇ ਜਿਸ ਵਿਚ ਇਸ ਸਬੰਧ 'ਚ ਸਾਰੀ ਜਾਣਕਾਰੀ ਹੋਵੇਗੀ।

New Location of
K.P. ACCOUNTING & TAX SERVICES
SAVE YOUR TAX
FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ


Kapil Sharma

Ph. : 780-469-2677 Fax : 780-469-2026
9218 34 Ave in Plaza 34

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਸਰਕਾਰਾਂ 'ਸੰਸਾਰ ਸ਼ਾਹੂਕਾਰਾਂ' ਦੇ ਨਾਲ

ਬਾਜ਼ਾਰ ਦੀ ਸਤਾ ਨੂੰ ਅੱਜ ਜਿਸ ਤਰੀਕੇ ਨਾਲ ਪੂਰੇ ਗਲੋਬ 'ਤੇ ਸਥਾਪਤ ਕਰ ਦੇਣ ਦੀ ਕਾਹਲ ਦਿਖਾਈ ਜਾ ਰਹੀ ਹੈ, ਇਸ ਨੇ ਦੁਨੀਆ ਭਰ ਦੇ ਸਮਾਜਾਂ ਵਿਚ ਭਾਰੀ ਹਲਚਲ ਪੈਦਾ ਕਰ ਦਿੱਤੀ ਹੈ। ਸੰਸਾਰ ਦੀ ਕੁਲ ਪੂੰਜੀ ਅਤੇ ਸੰਪਤੀ ਦੇ ਲਗਭਗ 75 ਫੀਸਦੀ ਹਿੱਸੇ 'ਤੇ ਪਹਿਲਾਂ ਹੀ ਕਾਬਜ਼ ਇਹ 10 ਕੁ ਫੀਸਦੀ ਧਨ ਕੁਬੇਰ ਧਰਤੀ 'ਤੇ ਮੌਜੂਦ ਕੁਝ ਵੀ ਆਮ ਲੋਕਾਈ ਲਈ ਨਹੀਂ ਛੱਡਣਾ ਚਾਹੁੰਦੇ। ਇਹ ਲਾਲਚ ਦੀ ਸਿਖ਼ਰ ਹੈ। ਆਪਣੀ ਬਾਜ਼ਾਰੂ ਲਾਲਸਾ ਦੀ ਪੂਰਤੀ ਲਈ ਇਨ੍ਹਾਂ ਹਰ ਹਰਬਾ ਵਰਤਿਆ ਹੈ। ਇਹ ਧਨ ਕੁਬੇਰ ਹੀ ਹਨ ਜਿਹੜੇ ਦੁਨੀਆ ਭਰ ਦੀ ਸਤਾ ਸਿਆਸਤ ਨੂੰ ਚਲਾਉਂਦੇ ਹਨ। ਸਤਾ ਦੇ ਸਿਖਰਲੇ ਅਹੁਦਿਆਂ 'ਤੇ ਬਿਰਾਜਮਾਨ ਲੋਕ ਆਪਣੇ ਪਾਲਕ ਬਾਜ਼ਾਰ ਲਈ ਬੇਝਿਜਕ ਕੰਮ ਕਰਦੇ ਦਿਖਾਈ ਦਿੰਦੇ ਹਨ। ਬਾਜ਼ਾਰ ਨੇ ਕਿਉਂਕਿ ਹੁਣ ਇਕ ਗਲੋਬਲ ਰੂਪ ਅਖਤਿਆਰ ਕਰ ਲਿਆ ਹੈ, ਇਸ ਲਈ ਬਾਜ਼ਾਰ ਦੀ ਸਭ ਤੋਂ ਵੱਡੀ ਲੋੜ ਆਪਣੀ ਭਾਸ਼ਾ ਨੂੰ ਦੁਨੀਆ ਭਰ ਵਿਚ ਸਥਾਪਤ ਕਰਨ ਦੀ ਹੈ। ਜਦ ਮੰਡੀ ਆਪਣੀ ਭਾਸ਼ਾ ਨੂੰ ਪੂਰੇ ਗਲੋਬ 'ਤੇ ਫੈਲਾਉਣ ਦੀ ਕੋਸ਼ਿਸ਼ ਵਿਚ ਹੈ ਤਾਂ ਲਾਜ਼ਮੀ ਹੀ ਲੋਕ ਭਾਸ਼ਾਵਾਂ ਲਈ ਵੱਡੇ ਖ਼ਤਰੇ ਪੈਦਾ ਹੋਣੇ ਹਨ। ਮੰਡੀ ਦੀ ਭਾਸ਼ਾ ਨੂੰ ਸਥਾਪਤ ਕਰਨ ਦੀ ਇਸ ਕੋਸ਼ਿਸ਼ ਵਿਚ ਸਰਕਾਰਾਂ 'ਸੰਸਾਰ ਸ਼ਾਹੂਕਾਰਾਂ' ਦੇ ਨਾਲ ਹਨ। ਮੰਡੀ ਦੀ ਇਸ ਮਾਰ ਹੇਠ ਭਾਰਤੀ ਭਾਸ਼ਾਵਾਂ/ ਬੋਲੀਆਂ ਵੀ ਹਨ ਤੇ ਪੰਜਾਬੀ ਵੀ ਇਸ ਤੋਂ ਬਚੀ ਹੋਈ ਨਹੀਂ ਹੈ।

ਕਿਸੇ ਵੀ ਭਾਸ਼ਾ ਦਾ ਕੋਈ ਵਿਰੋਧ ਨਹੀਂ ਹੈ। ਭਾਸ਼ਾਵਾਂ/ਬੋਲੀਆਂ ਜਿੰਨੀਆਂ ਸਿੱਖੀਆਂ ਜਾਣ, ਚੰਗਾ ਹੀ ਹੈ ਪਰ ਮਾਂ ਬੋਲੀ/ਭਾਸ਼ਾ ਦੀ ਕੀਮਤ 'ਤੇ ਇਹ ਕਿਵੇਂ ਪ੍ਰਵਾਨ ਕੀਤਾ ਜਾ ਸਕਦਾ ਹੈ। ਅੰਗਰੇਜ਼ੀ, ਪੰਜਾਬੀ ਬੰਦੇ ਤੱਕ ਗਿਆਨ ਦੇ ਪਹੁੰਚਣ ਵਿਚ ਵੱਡਾ ਅੜਿਕਾ ਹੈ ਤੇ ਆਮ ਬੰਦੇ ਦੀ ਸਤਾ ਵਿਚ ਹਿੱਸੇਦਾਰੀ ਨੂੰ ਰੋਕਣ ਵਾਲੀ ਹੈ। ਵਿਗਿਆਨਕ ਤੱਥ ਹੈ ਕਿ ਸਮਾਜ ਉਹ ਹੀ ਤਰੱਕੀ ਕਰਦੇ ਹਨ ਜਿਹੜੇ ਆਪਣੀ ਭਾਸ਼ਾ ਵਿਚ ਪੜ੍ਹਦੇ ਲਿਖਦੇ ਹਨ।

ਸਾਫ਼ ਜਿਹੀ ਗੱਲ ਹੈ ਕਿ ਜਿੱਥੇ ਕਿਤੇ ਵੀ ਹਕੂਮਤ ਦੀ ਭਾਸ਼ਾ ਅਤੇ ਲੋਕਾਂ ਦੀ ਭਾਸ਼ਾ ਇਕ ਨਹੀਂ ਹੁੰਦੀ, ਉਥੇ ਜਨ ਭਾਸ਼ਾ ਲਈ ਖ਼ਤਰੇ ਹੀ ਖ਼ਤਰੇ ਹਨ। ਪੰਜਾਬ ਵਿਚ ਪੰਜਾਬੀ ਭਾਸ਼ਾ ਅਤੇ ਬੋਲੀ ਨਾਲ ਹੁਣ ਤੱਕ ਦੀਆਂ ਸਰਕਾਰਾਂ ਦਾ ਜਿਵੇਂ ਮਤਰੇਆ ਵਿਹਾਰ ਰਿਹਾ ਹੈ, ਇਹ ਦਰਸਾਉਂਦਾ ਹੈ ਕਿ ਸਰਕਾਰਾਂ ਦਾ ਮਕਸਦ ਪੰਜਾਬੀ ਨੂੰ ਆਪਣੇ ਘਰੋਂ ਬੇਘਰ ਕਰ ਕੇ ਮੰਡੀ ਦੀ ਭਾਸ਼ਾ ਨੂੰ ਸਿਰ 'ਤੇ ਬਿਠਾਉਣਾ ਹੈ।

ਪੰਜਾਬੀ ਭਾਸ਼ਾ ਦੀ ਪੰਜਾਬ 'ਚ ਹੀ ਹਾਲਤ ਤਰਸਯੋਗ ਬਣਾ ਦਿੱਤੀ ਗਈ ਹੈ ਤੇ ਮਾਂ-ਬੋਲੀ ਪੰਜਾਬੀ ਨੂੰ ਹੋਰ ਨੁਕਸਾਨ ਪਹੁੰਚਾਉਣ ਲਈ ਲਗਾਤਾਰ ਹਮਲੇ ਦਰ ਹਮਲੇ ਕੀਤੇ ਜਾ ਰਹੇ ਹਨ। ਸੈਂਕੜੇ ਸਰਕਾਰੀ ਸਕੂਲਾਂ 'ਚ ਮਾਧਿਅਮ ਵਜੋਂ ਅੰਗਰੇਜ਼ੀ ਨੂੰ ਵਰਤਣ ਦੀ ਖੁੱਲ੍ਹ, ਪਹਿਲੀ ਤੋਂ ਗਣਿਤ ਤੇ ਵਿਗਿਆਨ ਦਾ ਮਾਧਿਅਮ ਅੰਗਰੇਜ਼ੀ ਬਣਾਉਣ, ਮਿਡਲ ਸਕੂਲਾਂ 'ਚ ਪੰਜਾਬੀ ਤੇ ਹਿੰਦੀ ਅਧਿਆਪਕਾਂ 'ਚੋਂ ਇਕ ਰੱਖਣ ਅਤੇ ਅੰਗਰੇਜ਼ੀ ਮਾਧਿਅਮ ਸਕੂਲਾਂ 'ਚ ਪੰਜਾਬੀ ਬੋਲਣ 'ਤੇ ਲਗਾਈ ਪਾਬੰਦੀ ਆਦਿ ਕਦਮ ਮਾਂ-ਬੋਲੀ ਪੰਜਾਬੀ ਦਾ ਘੋਰ ਨਿਰਾਦਰ ਤੇ ਜਮਹੂਰੀ ਹੱਕਾਂ ਦਾ ਘਾਣ ਹੈ। ਪੰਜਾਬ ਸਰਕਾਰ ਦੇ ਦਫ਼ਤਰਾਂ, ਸਰਕਾਰੀ, ਅਰਧ-ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਅਤੇ ਪ੍ਰਾਈਵੇਟ ਕੰਪਨੀਆਂ ਦੇ ਦਫ਼ਤਰਾਂ 'ਚ ਪੰਜਾਬੀ ਭਾਸ਼ਾ ਦੀ ਵਰਤੋਂ ਨਾ ਕਰਨੀ ਜਾਂ ਬੇਹੱਦ ਮਾਮੂਲੀ ਕਰਨੀ ਬੇਹੱਦ ਚਿੰਤਾ ਦਾ ਵਿਸ਼ਾ ਹੈ। ਰਾਜ ਭਾਸ਼ਾ ਪੰਜਾਬੀ ਸਬੰਧੀ ਬਣੇ ਕਾਨੂੰਨਾਂ ਦਾ ਘੋਰ ਉਲੰਘਣ ਜਾਰੀ ਹੈ। ਪੰਜਾਬੀ ਭਾਸ਼ਾ ਦੀ ਵਰਤੋਂ ਨਾ ਕਰਨ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਰੁੱਧ ਅਮਲ 'ਚ ਕੋਈ ਵਿਵਸਥਾ ਹੀ ਨਹੀਂ ਹੈ ਅਤੇ ਭਾਸ਼ਾ ਵਿਭਾਗ 'ਚ 60% ਤੋਂ ਵੱਧ ਅਸਾਮੀਆਂ ਵਰ੍ਹਿਆਂ ਤੋਂ ਖਾਲੀ ਪਈਆਂ ਹਨ। ਭਾਸ਼ਾ ਵਿਭਾਗ ਪੰਜਾਬ ਲਗਾਤਾਰ ਵਿੱਤੀ ਸੰਕਟ ਕਾਰਨ ਖ਼ਤਮ ਹੋਣ ਕਿਨਾਰੇ ਹੈ। ਇਹ ਪੰਜਾਬ ਵਿਚ ਪੰਜਾਬੀ ਭਾਸ਼ਾ ਅਤੇ ਬੋਲੀ ਦੀ ਬਣਾ ਦਿੱਤੀ ਗਈ ਤਰਸਯੋਗ ਹਾਲਤ ਦੀ ਸੰਖੇਪ ਵਾਰਤਾ ਹੈ।

ਜਿਵੇਂ ਵੱਖ ਵੱਖ ਖੇਤਰਾਂ ਵਿਚ ਆਮ ਬੰਦੇ ਦੀ ਹਾਲਤ ਬੇਹੱਦ ਖਸਤਾ ਬਣਾ ਦਿੱਤੀ ਗਈ ਹੈ ਤੇ ਉਹ ਆਪੋ ਆਪਣੇ ਹਿੱਸਿਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਜਨ-ਅੰਦੋਲਨਾਂ ਦਾ ਹਿੱਸਾ ਬਣ ਰਿਹਾ ਹੈ, ਉਵੇਂ ਵੀ ਪੰਜਾਬੀ ਭਾਸ਼ਾ ਦੀ ਲੜਾਈ ਨੂੰ ਜਨਤਕ ਲੜਾਈ ਵਿਚ ਤਬਦੀਲ ਕਰਨ ਦੇ ਯਤਨ ਇਨ੍ਹੀਂ ਦਿਨੀਂ ਸ਼ੁਰੂ ਹੋਏ ਹਨ।

☛ ਬਾਕੀ ਸਫ਼ਾ 41 'ਤੇ

# ਨਿਆਂਪਾਲਕਾ ਦੀ ਭਰੋਸੇਯੋਗਤਾ ਦੀ ਰਾਖੀ ਲਈ ਚਾਰ ਜੱਜਾਂ ਦੀ ਦਲੇਰਾਨਾ ਪਹਿਲਕਦਮੀ

ਮੰਗਤ ਰਾਮ ਪਾਸਲਾ
+91-98141-82998
sangrami.lehar@gmail.com



ਜਦੋਂ ਦੇਸ਼ ਦੀ ਸਰਵ ਉਚ ਅਦਾਲਤ ਦੇ ਚਾਰ ਸੀਨੀਅਰ ਜੱਜਾਂ ਨੇ ਚੀਫ ਜਸਟਿਸ ਆਫ ਇੰਡੀਆ ਨੂੰ ਉਨ੍ਹਾਂ ਦੁਆਰਾ ਅਦਾਲਤ ਦੀ ਕਾਰਵਾਈ ਦੌਰਾਨ ਕੀਤੀਆਂ ਜਾ ਰਹੀਆਂ ਬੇਨਿਯਮੀਆਂ ਨੂੰ ਪ੍ਰੈਸ ਕਾਨਫਰੰਸ ਰਾਹੀਂ ਜਨਤਕ ਕਰਦਿਆਂ ਇਸ ਨੂੰ ਦੇਸ਼ ਦੇ ਲੋਕਰਾਜੀ ਢਾਂਚੇ ਲਈ 'ਵੱਡਾ ਖ਼ਤਰਾ' ਦੱਸਿਆ, ਤਦ ਰਾਜਨੀਤਕ ਖੇਤਰਾਂ ਵਿਚ ਭੂਚਾਲ ਜਿਹਾ ਆ ਗਿਆ। ਭਾਰਤੀ ਇਤਿਹਾਸ ਵਿਚ ਵਾਪਰੀ ਇਹ ਪਹਿਲੀ ਤੇ ਨਿਵੇਕਲੀ ਘਟਨਾ ਹੈ, ਜਦੋਂ ਅਦਾਲਤੀ ਫੈਸਲਿਆਂ 'ਤੇ ਪੀੜਤ ਲੋਕਾਂ ਵਲੋਂ ਨਹੀਂ, ਬਲਕਿ ਖੁਦ ਫੈਸਲੇ ਸੁਣਾਉਣ ਵਾਲੇ ਜੱਜਾਂ ਵਲੋਂ ਇਨਸਾਫ ਨਾਲ ਹੋ ਰਹੇ ਖਿਲਵਾੜ ਦੀ ਗੋਹਾਰ ਲਗਾਈ ਹੈ। ਕਈ ਲੋਕਾਂ, ਖਾਸਕਰ ਆਪਣੇ ਸੁਆਰਥੀ ਹਿਤਾਂ ਲਈ ਸਥਾਪਤੀ ਨਾਲ ਖਲੋਣ ਵਾਲੇ ਗੁੱਡੀ ਲੁੱਟਾਂ ਵਲੋਂ, ਇਸ ਕਦਮ ਨੂੰ 'ਅਦਾਲਤ ਦੀ ਮਾਣਹਾਨੀ' ਤੇ 'ਦੇਸ਼ ਧ੍ਰੋਹੀ' ਵਰਗੇ ਵਿਸ਼ੇਸ਼ਣ ਲਗਾ ਕੇ ਨਿੰਦਿਆ ਗਿਆ ਹੈ। ਨਾਲ ਹੀ ਇਸ ਅਤੀ ਗੰਭੀਰ ਤੇ ਸੰਵੇਦਨਸ਼ੀਲ ਮੁੱਦੇ ਨੂੰ ਅਦਾਲਤਾਂ ਦਾ 'ਅੰਦਰੂਨੀ' ਮਾਮਲਾ ਕਹਿਕੇ ਮਿੱਟੀ ਪਾਉਣ ਦਾ ਯਤਨ ਵੀ ਕੀਤਾ ਜਾ ਰਿਹਾ ਹੈ। ਜਦੋਂ ਕਿ ਚਾਰ ਜੱਜਾਂ ਦੁਆਰਾ ਕੀਤੇ ਖੁਲਾਸਿਆਂ ਦਾ ਦੇਸ਼ ਦੇ ਜਮਹੂਰੀ, ਧਰਮ ਨਿਰਪੱਖ ਤੇ ਅਦਾਲਤਾਂ ਦੀ ਆਜ਼ਾਦੀ ਵਰਗੇ ਬੁਨਿਆਦੀ ਸਰੋਕਾਰਾਂ ਨਾਲ ਗਹਿਰਾ ਸੰਬੰਧ ਹੈ। ਇਹ ਦੇਸ਼ ਦੇ ਇਕ ਸੌ ਚਾਲੀ ਕੋਰੜ ਦੇ ਕਰੀਬ ਵਸਨੀਕਾਂ ਦੇ ਰਾਜਸੀ, ਸਭਿਆਚਾਰਕ ਤੇ ਸਮਾਜਿਕ ਭਵਿੱਖ ਨਾਲ ਜੁੜਿਆ ਮੁੱਦਾ ਵੀ ਹੈ। ਇਹ ਤਸੱਲੀ ਵਾਲੀ ਗੱਲ ਹੈ ਕਿ ਦੇਸ਼ ਦੇ ਮੰਨੇ ਪ੍ਰਮੰਨੇ ਕਾਨੂੰਨਦਾਨਾਂ, ਸਾਬਕਾ ਜੱਜਾਂ ਅਤੇ ਜਮਹੂਰੀ ਸੋਚਣੀ ਵਾਲੀਆਂ "ਸ਼ਖਸੀਅਤਾਂ" ਨੇ ਚਾਰ ਜੱਜਾਂ ਵਲੋਂ ਕੀਤੇ ਖੁਲਾਸਿਆਂ ਬਾਰੇ ਬਹੁਤ ਗੰਭੀਰਤਾ ਦਿਖਾਈ ਹੈ ਤੇ ਇਸ ਸਾਰੇ ਕਾਂਡ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ।

ਆਰ.ਐਸ.ਐਸ. ਤੇ ਉਸ ਦੇ ਪਰਿਵਾਰ ਦੀ ਰਾਜਸੀ ਸ਼ਾਖਾ, ਭਾਜਪਾ, ਪ੍ਰਸ਼ਾਸਨ ਦੇ ਤਿੰਨਾਂ ਹੀ ਅੰਗਾਂ-ਕਾਰਜਕਰਨੀ, ਵਿਧਾਨ ਪਾਲਕਾ ਤੇ ਨਿਆਂਪਾਲਕਾ-ਉਪਰ ਪੂਰਾ ਕੰਟਰੋਲ ਕਰਕੇ ਦੇਸ਼ ਨੂੰ ਇਕ ਧਰਮ ਅਧਾਰਤ ਦੇਸ਼ "ਹਿੰਦੂ ਰਾਸ਼ਟਰ" ਵਿਚ ਤਬਦੀਲ ਕਰਨਾ ਚਾਹੁੰਦੀ ਹੈ। ਇਸ ਲਈ ਸੁਪਰੀਮ ਕੋਰਟ ਵਿਚ ਚਲ ਰਹੇ ਘਟਨਾਕਰਮ ਨੂੰ ਨਿਆਂ ਪਾਲਕਾ ਦਾ ਅੰਦਰੂਨੀ ਮਸਲਾ ਦੱਸ ਕੇ ਇਸ ਉਪਰ ਪਰਦਾ ਪਾਉਣਾ ਜਾਂ ਚਾਰ ਸੀਨੀਆਰ ਜੱਜਾਂ ਦੀ ਇਹ ਦਲੇਰਾਨਾ ਤੇ ਦਰੁਸਤ ਕਾਰਵਾਈ ਨੂੰ ਜਿਸ ਰਾਹੀਂ ਸਿਰੇ ਦੀ ਬੁਰਿਆਈ ਉਪਰ ਉਂਗਲ ਰੱਖਕੇ ਦਿਖਾਏ ਗਏ ਵੱਡੇ ਜੋਖ਼ਮ ਭਰੇ ਹੌਸਲੇ ਨੂੰ ਕਿਸੇ ਰੂਪ ਵਿਚ ਵੀ ਨਿੰਦਣਾ ਦੇਸ਼ ਦੇ ਵਡੇਰੇ ਹਿੱਤਾਂ ਨਾਲ ਖਿਲਵਾੜ ਕਰਨ ਸਮਾਨ ਹੋਵੇਗਾ।

ਸਰਵ ਉਚ ਅਦਾਲਤ ਦੇ ਜੱਜ ਸਾਹਿਬਾਨਾਂ ਵਲੋਂ, ਆਪਣੇ ਢੰਗ ਨਾਲ, ਕੇਂਦਰੀ ਸਰਕਾਰ ਵਲੋਂ ਅਦਾਲਤੀ ਪ੍ਰਕਿਰਿਆ ਵਿਚ ਕੀਤੀ ਜਾ ਰਹੀ ਦਖ਼ਲ ਅੰਦਾਜ਼ੀ ਨੂੰ ਸਥਾਪਤ ਲੋਕ ਰਾਜੀ ਵਿਵਸਥਾ ਅਤੇ ਫਿਰਕੂ ਤਾਕਤਾਂ ਦੇ ਵੱਧ ਰਹੇ ਫਾਸ਼ੀਵਾਦੀ ਰੁਝਾਨਾਂ ਦਰਮਿਆਨ ਟਕਰਾਅ ਦੇ ਰੂਪ ਵਿਚ ਵੀ ਦੇਖਿਆ ਜਾ ਸਕਦਾ ਹੈ। ਮੰਨ ਲਓ ਜੇਕਰ ਕੁਝ ਅਣਕਿਆਸੇ ਕਾਰਨਾਂ ਕਰਕੇ ਨਿਆਪਾਲਕਾਂ ਵਿਚ ਚਲ ਰਿਹਾ ਇਹ ਵਿਵਾਦ ਨਿਆਪਾਲਕਾਂ ਦੀ ਆਜ਼ਾਦੀ ਉਪਰ ਸੰਨ੍ਹ ਲਾਉਣ ਵਾਲੀ ਕੇਂਦਰੀ ਸਰਕਾਰ ਦੀ ਕਿਸੇ ਭਵਿੱਖੀ ਕੋਸ਼ਿਸ਼ ਨੂੰ ਨਾਕਾਮ ਕਰਨ ਲਈ ਪੇਸ਼ਬੰਦੀਆਂ ਨਹੀਂ ਸੁਝਾਉਂਦਾ ਤੇ ਸਾਰਾ ਮਾਮਲਾ 'ਬੁੱਕਲ ਵਿਚ ਲੱਡੂ ਭੰਨਣ' ਵਾਂਗਰ ਖਤਮ ਕਰ ਦਿੱਤਾ ਜਾਂਦਾ ਹੈ, ਤਦ ਵੀ ਇਹ ਕਵਾਇਦ ਸਮੁੱਚੀ ਨਿਆਪਾਲਕਾਂ ਉਪਰ ਲੋਕਾਂ ਦੀ ਭਰੋਸੇਯੋਗਤਾ ਨੂੰ ਮੁੜ ਬਹਾਲ ਨਹੀਂ ਕਰ ਸਕੇਗੀ। ਮੌਜੂਦਾ ਪ੍ਰਬੰਧ ਦੀਆਂ ਸੀਮਾਵਾਂ ਨੂੰ ਜਾਣਦੇ ਹੋਏ ਵੀ ਅਜੇ ਤੱਕ ਜਨ ਸਧਾਰਨ ਦੀ ਸਰਕਾਰ ਦੇ ਦੂਸਰੇ ਦੋ ਅੰਗਾਂ, ਕਾਰਜਪਾਲਕਾ ਤੇ ਵਿਧਾਨਪਾਲਕਾ, ਦੇ ਮੁਕਾਬਲੇ ਨਿਆਂ ਪ੍ਰਣਾਲੀ ਉਪਰ ਕਾਫੀ ਹੱਦ ਤੱਕ ਭਰੋਸੇਯੋਗਤਾ ਬਣੀ ਹੋਈ ਹੈ।

ਸਵਾਲ ਇਕਲੀ ਨਿਆਂਪਾਲਾਕਾ ਦੀ ਆਜ਼ਾਦੀ ਤੇ ਨਿਰਪੱਖਤਾ ਦਾ ਹੀ ਨਹੀਂ ਹੈ। ਮੋਦੀ ਸਰਕਾਰ ਵਲੋਂ, ਜੋ ਸੰਘ ਦੇ ਹਿੰਦੂਤਵ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਇਕ ਸਾਧਨ ਮਾਤਰ ਹੈ, ਹਰ ਉਸ ਸੰਸਥਾ, ਰਵਾਇਤ ਤੇ ਪ੍ਰਕਿਰਿਆ ਨੂੰ ਬਦਲਿਆ ਜਾ ਰਿਹਾ ਹੈ, ਜੋ ਜਮਹੂਰੀਅਤ, ਧਰਮ ਨਿਰਪੱਖਤਾ ਤੇ ਹਕੀਕੀ ਦੇਸ਼ ਭਗਤ ਕਦਰਾਂ ਕੀਮਤਾਂ ਨਾਲ ਜੁੜਿਆ ਹੋਇਆ ਹੈ। ਸੰਘ ਮੁਖੀ ਵਲੋਂ ਭਾਰਤੀ ਇਤਿਹਾਸ, ਵਿਦਿਅਕ ਪਾਠਕਰਮਾਂ ਤੇ ਪ੍ਰਚੱਲਤ ਵਿਗਿਆਨਕ-ਤਰਕਸ਼ੀਲ ਸਥਾਪਨਾਵਾਂ ਨੂੰ ਅੰਧ ਵਿਸ਼ਵਾਸ ਦੇ ਚਸ਼ਮਿਆਂ ਨਾਲ 'ਵਿਦੇਸ਼ੀ' ਕਹਿਕੇ ਨਿੰਦਿਆ ਜਾ ਰਿਹਾ ਹੈ। ਇਸਦੀ ਜਗ੍ਹਾ ਦੇਸ਼ ਨੂੰ ਮੁੜ ਮੱਧ ਯੁਗ ਵਿਚ ਧਕੇਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿੱਥੇ ਅੰਧ ਵਿਸ਼ਵਾਸ, ਮਨੂੰਵਾਦੀ ਸਮਾਜਿਕ ਵਿਵਸਥਾ ਤੇ ਔਰਤ ਵਿਰੋਧੀ ਮਾਨਸਿਕਤਾ ਤੇ ਰਸਮੋ ਰਿਵਾਜ਼ ਪਣਪੇ ਸਨ।

ਮਿਥਿਹਾਸ, ਕੂੜ ਕਹਾਣੀਆਂ, ਕੁਸੱਚ ਕਥਾਵਾਂ ਤੇ ਦਕਿਆਨੂਸੀ ਵਿਚਾਰਾਂ ਨੂੰ ਇਤਿਹਾਸ ਦੱਸਕੇ ਵਿਦਿਅਕ ਸੰਸਥਾਵਾਂ ਅੰਦਰ ਪੜ੍ਹਾਏ ਜਾਂਦੇ ਪਾਠਕਰਮਾਂ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਸੁਰੱਖਿਆ ਏਜੰਸੀਆ, ਚੋਣ ਕਮਿਸ਼ਨ, ਯੋਜਨਾ ਕਮਿਸ਼ਨ, ਇਤਿਹਾਸ ਨਾਲ ਜੁੜੇ ਅਦਾਰਿਆਂ ਤੇ ਸਮੁੱਚੇ ਪ੍ਰਚਾਰ ਸਾਧਨਾਂ ਨੂੰ ਸੰਘ ਦੀ ਵਿਚਾਰਧਾਰਾ ਦੇ ਅਨੁਰੂਪ ਬਣਾਇਆ ਜਾ ਰਿਹਾ ਹੈ। ਮੋਦੀ ਸਰਕਾਰ ਦੇ ਅਣਉਚਿਤ ਫਰਮਾਨਾਂ ਦੀ ਹੁਕਮ ਅਦੂਲੀ ਕਰਨ ਵਾਲਿਆਂ ਨੂੰ 'ਦੇਸ਼ ਧ੍ਰੋਹੀ' ਤੇ ਵਿਕਾਸ ਵਿਰੋਧੀ ਆਖਕੇ ਬਾਹਰ ਦਾ ਰਾਹ ਦਿਖਾ ਦਿੱਤਾ ਜਾਂਦਾ ਹੈ। ਮੋਦੀ ਸਰਕਾਰ ਵਲੋਂ ਸੀ.ਬੀ.ਆਈ. ਰੂਪੀ ਤੋਤੇ ਵਾਂਗਰ ਅਦਾਲਤਾਂ ਨੂੰ ਵੀ 'ਪਿੰਜਰੇ' ਵਿਚ ਕੈਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦੇ ਮੂੰਹੋਂ ਮਨ ਮਰਜੀ ਦੀ ਕਾਰਵਾਈ ਕਰਾਉਣਾ ਮੋਦੀ ਸਰਕਾਰ ਅਪਣਾ 'ਸੰਵਿਧਾਨਕ ਅਧਿਕਾਰ' ਸਮਝਦੀ ਹੈ।

ਧਰਮ ਅਧਾਰਤ 'ਹਿੰਦੂ ਰਾਸ਼ਟਰ' ਬਣਾਉਣ ਲਈ ਯੋਜਨਾਬੱਧ ਢੰਗ ਨਾਲ ਸਮੁੱਚੀਆਂ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਤੇ ਅਗਾਂਹਵਧੂ ਵਿਅਕਤੀਆ ਨੂੰ ਸੰਘੀ ਸੈਨਾਵਾਂ ਆਪਣੀ ਬਰਬਰਤਾ ਦਾ ਨਿਸ਼ਾਨਾ ਬਣਾ ਰਹੀਆਂ ਹਨ। ਅਜਿਹੇ ਅਨਸਰਾਂ ਵਲੋਂ ਸਮਾਜ ਵਿਰੋਧੀ ਕੀਤੀ ਗਈ ਕਿਸੇ ਅਪਰਾਧਿਕ ਕਾਰਵਾਈ ਬਾਰੇ ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਸੰਵਿਧਾਨਕ ਮਜ਼ਬੂਰੀ ਵੱਸ ਕੋਈ ਨਿੰਦਣ ਵਾਲਾ ਬਿਆਨ ਦੇ ਵੀ ਦਿੰਦੇ ਹਨ, ਤਦ ਇਸਨੂੰ ਫਿਰਕੂ ਤੱਤ ਹੋਰ ਵਧੇਰੇ ਆਕਰਮਕ ਹੋਣ ਦਾ ਸੰਕੇਤ ਸਮਝ ਕੇ ਅਪਣੀਆਂ ਹਿੰਸਕ ਗਤੀਵਿਧੀਆਂ ਨੂੰ ਤੇਜ਼ ਕਰ ਦਿੰਦੇ ਹਨ। ਮੋਦੀ-ਅਮਿਤ ਸ਼ਾਹ ਜੋੜੀ ਦੇ ਅਧਿਕਾਰ ਖੇਤਰ ਵਾਲੇ ਸੰਘੀ ਖੇਮੇ ਨੇ ਹੁਣ ਸੰਘ ਵਿਚਲੇ ਆਪਣੇ ਵਿਰੋਧੀਆਂ ਵਿਰੁੱਧ ਵੀ ਸਿੱਧੇ ਹਮਲੇ ਸ਼ੁਰੂ ਕਰ ਦਿੱਤੇ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਤੋਗੜੀਆ ਅਤੇ ਭਾਜਪਾ ਸੰਸਦ ਮੈਂਬਰ ਸ਼ਤਰੂਘਨ ਸਿਨਹਾ ਵਲੋਂ ਦਿੱਤੇ ਗਏ ਹਾਲੀਆ ਬਿਆਨ ਸੰਘ ਪਰਿਵਾਰ ਵਿਚਲੇ ਇਸੇ ਘਮਸਾਣ ਵੱਲ ਸਾਡਾ ਧਿਆਨ ਖਿੱਚਦੇ ਹਨ।

ਸਾਮਰਾਜ ਨਿਰਦੇਸ਼ਤ ਨਵ ਉਦਾਰਵਾਦੀ ਆਰਥਕ ਨੀਤੀਆ ਦੇ ਅਲੰਬਦਾਰ ਕਾਰਪੋਰੇਟ ਘਰਾਣੇ ਆਪਣੀ ਲੁੱਟ ਖਸੁੱਟ ਜਾਰੀ ਰੱਖਣ ਲਈ ਮੋਦੀ ਸਰਕਾਰ ਦੇ ਫਿਰਕੂ ਫਾਸ਼ੀਵਾਦੀ ਅਮਲਾਂ ਨੂੰ ਪੂਰਾ-ਪੂਰਾ ਸਮਰਥਨ ਦੇ ਰਹੇ ਹਨ। ਪਹਿਲੀ ਵਾਰ ਦੇਸ਼ ਨੂੰ ਇਕੋ ਸਮੇਂ ਦੋਹਰੇ ਖ਼ਤਰੇ, ਆਰਥਕ ਲੁੱਟ ਖਸੁੱਟ ਤੇ ਫਿਰਕੂ ਫਾਸ਼ੀਵਾਦੀ ਤਾਕਤਾਂ ਹੱਥ ਸੱਤਾ ਦੀ ਵਾਗਡੋਰ, ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਲੋਕ ਰਾਜੀ ਤੇ ਧਰਮ ਨਿਰਪੱਖਤਾ ਦੇ ਸਰੋਕਾਰਾਂ ਨਾਲ ਜੁੜੇ ਲੋਕਾਂ ਨੇ ਫਿਰਕੂ ਫਾਸ਼ੀਵਾਦੀ ਤਾਕਤਾਂ ਵਿਰੁੱਧ ਸੰਘਰਸ਼ ਰਾਹੀਂ ਉਨ੍ਹਾਂ ਨੂੰ ਹਰ ਖੇਤਰ ਵਿਚ ਮਾਤ ਦੇਣੀ ਹੈ, ਉਥੇ ਕਿਸੇ ਵੀ ਐਸੇ ਮੁੱਦੇ ਨੂੰ ਅਣਡਿੱਠਿਆ ਨਹੀਂ ਕੀਤਾ ਜਾਣ ਦੇਣਾ ਚਾਹੀਦਾ, ਜੋ ਇਨ੍ਹਾਂ ਦੇਸ਼ ਵਿਰੋਧੀ ਤਾਕਤਾਂ ਦੇ ਪਾਜ ਉਘਾੜਦਾ ਹੋਵੇ। ਜਿਵੇਂ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜ ਸਾਹਿਬਾਨਾਂ ਨੇ ਹੌਸਲੇ ਨਾਲ ਕੀਤਾ ਹੈ।

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਕਮਲ ਦੁਸਾਂਝ, ਰਾਮਾ ਕਾਂਤ ਡਾਵਰ
ਸਲਾਹਕਾਰ ਬੋਰਡ: ਡਾ. ਕਰਮਜੀਤ ਸਿੰਘ (ਹੁਸ਼ਿਆਰਪੁਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਵੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਮੋਹਿੰਦਰ ਸਿੰਘ ਕੰਡਾ (ਫਰਿਜ਼ਨੋ ਪ੍ਰਤੀਨਿਧ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧ)

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

*Editorial Board : Navtej, Dalbir Sangione, Kamal Dosanjh, Rama Kant Dawar*
*Advisory Board : Dr. Karamjeet Singh (Hushiarpur)*
*Prof. Rakesh Raman (Ludhiana)*
*Sulakhan Sarhadi (Gurdaspur)*
*Jasvir Deol (Edmonton)*
*Kirtmeet Kohar (Edmonton)*
*Jessie Singh (Calgary)*
*Mohinder Singh Kanda (Fresno Representative)*
*Jagtar Saalam (Special Correspondent)*

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ 'ਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬ ਨੂੰ 'ਪੰਜਾਬੀ ਸੂਬਾ' ਰਹਿਣ ਦਿਉ, ਅੰਗਰੇਜ਼ੀ ਸੂਬਾ ਨਾ ਬਣਾਉ !


ਮੱਖਣ ਕੁਹਾੜ
+91-95013-65522
makhansinghkohar@gmail.com

ਪੰਜਾਬ ਸਰਕਾਰ ਵੱਲੋਂ 2750 ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ ਰਾਹੀਂ ਸਿੱਖਿਆ ਦਿੱਤੇ ਜਾਣ ਦੇ ਆਦੇਸ਼ ਜਾਰੀ ਹੋਏ ਹਨ। ਹਰ ਸਿੱਖਿਆ ਬਲਾਕ ਵਿਚ ਤਿੰਨ ਮਿਡਲ, ਤਿੰਨ ਹਾਈ ਤੇ ਤਿੰਨ ਸਕੈਂਡਰੀ ਸਕੂਲਾਂ ਵਿਚ ਇਹ 'ਪਵਿੱਤਰ ਕਾਰਜ' ਆਰੰਭ ਕੀਤਾ ਜਾ ਰਿਹਾ ਹੈ। ਕਾਰਨ ਇਹ ਦੱਸਿਆ ਗਿਆ ਹੈ ਕਿ ਨਿੱਜੀ ਅੰਗਰੇਜ਼ੀ ਸਕੂਲਾਂ ਦਾ ਮੁਕਾਬਲਾ ਕਰਨਾ ਹੈ ਅਤੇ ਬੱਚਿਆਂ ਨੂੰ ਨਿੱਜੀ ਸਕੂਲਾਂ ਦੇ ਬੱਚਿਆਂ ਵਾਂਗ 'ਫਰਾਟੇਦਾਰ' ਅੰਗਰੇਜ਼ੀ ਬੋਲਣਯੋਗ ਬਣਾਉਣਾ ਹੈ। ਭਾਵ ਕਿ ਹੁਣ ਅਸੀਂ ਜੰਮਦੇ ਹੀ ਪੰਜਾਬ ਦੇ ਬੱਚਿਆਂ ਨੂੰ ਅੰਗਰੇਜ਼ ਬਣਾਉਣਾ ਹੈ। ਸੁਣਨ ਨੂੰ ਤਾਂ ਲੱਗਦਾ ਹੈ ਕਿ ਇਹ ਫ਼ੈਸਲਾ ਬਹੁਤ ਵਧੀਆ ਹੈ, ਜੋ ਗਰੀਬਾਂ ਦੇ ਬੱਚੇ ਨਿੱਜੀ ਅੰਗਰੇਜ਼ੀ ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ ਰਾਹੀਂ ਸਿੱਖਿਆ ਹਾਸਲ ਨਹੀਂ ਕਰ ਸਕਦੇ, ਉਹ ਹੁਣ ਸਰਕਾਰੀ ਸਕੂਲਾਂ ਵਿਚ ਹੀ ਅੰਗਰੇਜ਼ੀ ਸਕੂਲਾਂ ਦੀ ਰੀਸ ਕਰ ਕੇ ਸੌਖਿਆਂ ਤੇ ਸਸਤੇ ਭਾਅ ਹੀ 'ਅੰਗਰੇਜ਼' ਬਣ ਜਾਣਗੇ ਅਤੇ ਅੰਗਰੇਜ਼ੀ ਰਾਹੀਂ ਉੱਚ ਸਿੱਖਿਆ ਹਾਸਲ ਕਰਨ ਦੇ ਸਮਰੱਥ ਹੋ ਜਾਣਗੇ। 'ਫਰਾਟੇਦਾਰ' ਅੰਗਰੇਜ਼ੀ ਬੋਲਣਗੇ? ਸਰਕਾਰ ਨੇ ਇਹ ਮਨਸ਼ਾ ਵੀ ਸਪਸ਼ਟ ਕੀਤੀ ਹੈ ਕਿ ਨਿੱਜੀ ਅੰਗਰੇਜ਼ੀ ਸਕੂਲਾਂ ਵਿਚ ਬੱਚਿਆਂ ਨੂੰ ਦਾਖਲ ਕਰਾਉਣ ਦੀ ਰੀਝ ਤੇ ਰੁਝਾਨ ਨੂੰ ਘਟਾਉਣਾ ਹੈ। ਪਹਿਲੀ ਨਜ਼ਰ ਤਾਂ ਇਹ ਫੈਸਲਾ ਆਮ ਲੋਕਾਂ ਨੂੰ ਖਿੱਚ ਪਾਉਂਦਾ ਲੱਗਦਾ ਹੈ। ਪਰ ਅਸਲ ਵਿਚ ਘੋਖਿਆਂ ਇਹ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਤੋਂ ਵਿਰਵੇ ਕਰਨ ਦਾ ਖਤਰਨਾਕ ਫ਼ੈਸਲਾ ਹੈ। ਇਸ ਦਾ ਹਰ ਹੀਲੇ ਵਿਰੋਧ ਕਰਨਾ ਬਣਦਾ ਹੈ। ਪਹਿਲਾ ਸਵਾਲ ਤਾਂ ਇਹ ਹੈ ਕਿ ਅੰਗਰੇਜ਼ੀ ਰਾਹੀਂ ਸਿੱਖਿਆ ਕਿਉਂ? ਮਾਂ ਬੋਲੀ ਰਾਹੀਂ ਕਿਉਂ ਨਹੀਂ? ਕੀ ਇਸ ਤਰ੍ਹਾਂ ਅਮੀਰ ਲੋਕਾਂ ਦਾ ਰੁਝਾਨ ਅੰਗਰੇਜ਼ੀ ਸਕੂਲਾਂ ਵੱਲ ਘੱਟ ਜਾਵੇਗਾ?

ਕੀ ਅੰਗਰੇਜ਼ੀ ਸਕੂਲਾਂ ਦੇ ਬੱਚੇ 'ਫਰਾਟੇਦਾਰ' ਅੰਗਰੇਜ਼ੀ ਹੀ ਬੋਲਦੇ ਹਨ - ਮਾਂ ਬੋਲੀ ਪੰਜਾਬੀ ਵਾਂਗਰ ਹੀ; ਅਤੇ ਕੀ 'ਫਰਾਟੇਦਾਰ' ਅੰਗਰੇਜ਼ੀ ਪੜ੍ਹਾਈ ਦਾ ਸਹੀ ਪੈਮਾਨਾ ਹੈ। ਆਖਰ ਸਰਕਾਰ ਕਹਿਣਾਂ ਕੀ ਚਾਹੁੰਦੀ ਹੈ ਅਤੇ ਕਰਨਾ ਕੀ ਚਾਹੁੰਦੀ ਹੈ? ਅਸਲੀਅਤ ਤਾਂ ਇਹ ਹੈ ਕਿ ਅੰਗਰੇਜ਼ੀ ਮਾਧਿਅਮ ਰਾਹੀਂ ਪੜ੍ਹ ਰਹੇ ਬੱਚੇ 'ਚਿਰੜ-ਘੁੱਗ' ਹੀ ਬਣ ਰਹੇ ਹਨ। ਜਿਵੇਂ ਇਕ ਵਾਰ ਉਡਦੀ ਜਾਂਦੀ ਚਿੜੀ ਨੂੰ ਮਜਬੂਰੀ ਵੱਸ ਘੁੱਗੀ ਦੇ ਆਲਣੇ ਵਿਚ ਆਂਡਾ ਦੇਣਾ ਪਿਆ। ਜਦ ਬੱਚਾ ਨਿਕਲਿਆ ਤਾਂ ਉਹ ਵਰਾਸਤੀ ਮਾਂ ਬੋਲੀ ਵਿਚ 'ਚਿਰੜ-ਚਿਰੜ' ਕਰੇ, ਪਰ ਘੁੱਗੀ ਉਸ ਦੇ ਸਿਰ ਵਿਚ 'ਘੁੱਗ-ਘੁੱਗ' ਕਹਿਣ ਲਈ ਠੂੰਗੇ ਮਾਰੇ। ਅਖੀਰ ਉਹ 'ਚਿਰੜ-ਘੁੱਗ' 'ਚਿਰੜ-ਘੁੱਗ' ਹੀ ਕਹਿਣ ਲੱਗ ਪਿਆ। ਨਾ ਮਾਂ ਬੋਲੀ ਚੰਗੀ ਤਰ੍ਹਾਂ ਬੋਲਣੀ ਆਈ ਨਾ ਬੇਗਾਨੀ ਬੋਲੀ। ਅੰਗਰੇਜ਼ੀ ਸਕੂਲਾਂ 'ਚੋਂ ਪੜ੍ਹ ਕੇ ਨਿਕਲਦੇ ਬੱਚਿਆਂ ਦਾ ਵੀ ਇਹੀ ਹਾਲ ਹੈ। ਬੱਚੇ ਪੰਜਾਬੀ ਸਾਹਿਤ, ਸਭਿਆਚਾਰ ਤੋਂ ਤਾਂ ਕੋਰੇ ਹਨ ਹੀ, ਉਹ ਆਪਣੇ ਮਨੋ ਭਾਵ ਅੰਗਰੇਜ਼ੀ ਵਿਚ ਖੁੱਲ੍ਹ ਕੇ ਪ੍ਰਗਟ ਕਰਨ ਦੇ ਸਮਰੱਥ ਵੀ ਨਹੀਂ ਬਣ ਰਹੇ।

ਸਭ ਤੋਂ ਜ਼ਰੂਰੀ ਤਾਂ ਹੈ ਬੱਚੇ ਨੂੰ ਉਸ ਦੀ ਮਾਂ ਬੋਲੀ ਰਾਹੀਂ ਹੀ ਸਿੱਖਿਆ ਦਿੱਤੇ ਜਾਣਾ। ਦੁਨੀਆ ਭਰ ਦੇ ਸਾਰੇ ਹੀ ਦਾਰਸ਼ਨਿਕ ਤੇ ਸਿੱਖਿਆ ਸ਼ਾਸਤਰੀ ਕੇਵਲ ਇਸੇ ਹੀ ਰਾਇ ਦੇ ਹਨ ਕਿ ਬੱਚੇ ਨੂੰ ਉਸ ਦੀ ਮਾਂ ਬੋਲੀ ਰਾਹੀਂ ਹੀ ਸਿੱਖਿਆ ਦਿਤੀ ਜਾਣੀ ਚਾਹੀਦੀ ਹੈ। ਮਾਂ ਬੋਲੀ ਦੇ ਨਾਲ-ਨਾਲ ਹੋਰ ਜਿਹੜੀ ਵੀ ਚਾਹੇ ਉਹ ਬੋਲੀ ਸਿੱਖ ਲਵੋ। ਦੁਨੀਆ ਦੇ ਵਿਕਸਤ ਦੇਸ਼ਾਂ ਦੇ ਵਿਕਾਸ ਕਰਨ ਦਾ ਇਹ ਵੀ ਇਕ ਮੁੱਖ ਕਾਰਨ ਹੈ ਕਿ ਉਨ੍ਹਾਂ ਨੇ ਆਪਣੇ ਨਾਗਰਿਕਾਂ ਨੂੰ ਮਾਂ ਬੋਲੀ ਰਾਹੀਂ ਹੀ ਸਿੱਖਿਆ ਦਿੱਤੀ ਹੈ। ਜਾਪਾਨ, ਚੀਨ, ਇਟਲੀ, ਯੂਨਾਨ, ਬਰਤਾਨੀਆ, ਅਮਰੀਕਾ, ਕਨੇਡਾ, ਫਰਾਂਸ, ਜਰਮਨੀ ਸਾਰੇ ਹੀ ਮੁਲਕ ਉਸ ਨੂੰ ਆਪੋ-ਆਪਣੀ ਮਾਂ ਬੋਲੀ ਰਾਹੀਂ ਸਿੱਖਿਆ ਦਿੰਦੇ ਹਨ। ਫਿਰ ਸਾਡਾ ਦੇਸ਼ ਭਾਰਤ ਐਸਾ ਲਾਜ਼ਮੀ ਕਿਉਂ ਨਹੀਂ ਕਰ ਰਿਹਾ। ਪੰਜਾਬ ਕਿਉਂ ਨਹੀਂ ਕਰ ਰਿਹਾ। ਇਹ ਸਵਾਲ ਹੁਣ ਅਰਥ ਗਵਾ ਚੁੱਕਾ ਹੈ ਕਿ ਉੱਚ ਸਿੱਖਿਆ ਸਿਰਫ਼ ਅੰਗਰੇਜ਼ੀ ਵਿਚ ਹੀ ਦਿੱਤੀ ਜਾ ਸਕਦੀ ਹੈ ਅਤੇ ਫਰਾਟੇਦਾਰ ਅੰਗਰੇਜ਼ੀ ਰਾਹੀਂ ਗੱਲ ਕਰਨਾ ਕਿਸੇ ਦੇ ਵਿਦਵਾਨ ਹੋਣ ਦਾ ਪੈਮਾਨਾ ਹੈ। ਮਾਂ ਬੋਲੀ ਰਾਹੀਂ ਸਿੱਖਣਾ ਬੱਚੇ ਦਾ ਜਨਮ ਸਿੱਧ ਅਧਿਕਾਰ ਹੈ। ਹਰ ਕੋਈ ਆਪਣੀ ਮਾਂ ਬੋਲੀ ਰਾਹੀਂ ਹੀ ਭਾਵਨਾ ਪ੍ਰਗਟ ਕਰਦਾ ਤੇ ਸੋਚਦਾ ਹੈ। ਮਨੋ ਭਾਵ ਗ੍ਰਹਿਣ ਅਤੇ ਪ੍ਰਗਟ ਕਰਦਾ ਹੈ। ਮਾਂ ਬੋਲੀ ਰਾਹੀਂ ਹੀ ਸੁਪਨੇ ਲੈਂਦਾ, ਸਜਾਉਂਦਾ ਅਤੇ ਉਨ੍ਹਾਂ ਦੀ ਪੂਰਤੀ ਲਈ ਢੰਗ ਤਰੀਕੇ ਢੂੰਡਦਾ-ਲੋਚਦਾ ਹੈ। ਇਸ ਬੋਲੀ ਦੀ ਮਦਦ ਨਾਲ ਹੀ ਉਹ ਆਪਣੇ ਚੁਫੇਰੇ ਬਾਰੇ, ਦੁਨੀਆਂ ਬਾਰੇ, ਆਪਣੇ ਸਭਿਆਚਾਰ ਤੇ ਸਾਹਿਤ ਬਾਰੇ, ਮਾਨਵੀ ਕਦਰਾਂ ਅਤੇ ਸਰਬਵਿਆਪੀ ਵਰਤਾਰਿਆਂ, ਹੱਕਾਂ, ਹਿਤਾਂ ਤੇ ਜ਼ਿੰਮੇਵਾਰੀਆਂ ਨਾਲ ਰੂ-ਬ-ਰੂ ਹੁੰਦਾ ਹੈ। ਸਿਰਫ਼ ਤੇ ਸਿਰਫ਼ ਮਾਂ ਬੋਲੀ ਹੀ ਮਨੁੱਖ ਦੇ ਸਰਬਪੱਖੀ ਵਿਕਾਸ ਦਾ ਆਧਾਰ ਬਣਦੀ ਹੈ।

ਜੇ ਵਿਕਸਤ ਦੇਸ਼ ਉੱਚ ਸਿੱਖਿਆ ਦਾ ਪ੍ਰਬੰਧ ਆਪਣੀ ਮਾਂ ਬੋਲੀ ਰਾਹੀਂ ਕਰ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ। ਤਰਜਮਾ ਹੋ ਸਕਦਾ ਹੈ। ਨਵੇਂ ਸ਼ਬਦ ਘੜੇ/ਲੱਭੇ ਜਾ ਸਕਦੇ ਹਨ। ਇਸ ਬਾਰੇ ਤਾਂ ਬਹਿਸ ਹੀ ਫਜ਼ੂਲ ਹੈ ਕਿ ਮਾਂ ਬੋਲੀ ਰਾਹੀਂ ਉੱਚ ਸਿੱਖਿਆ ਸੰਭਵ ਨਹੀਂ ਹੈ। ਨਿੱਕੇ ਜਿਹੇ ਦੇਸ਼ ਕਿਊਬਾ ਦੀ ਮਸਾਲ ਸਭ ਦੇ ਸਾਹਮਣੇ ਹੈ। ਉਹ ਤਾਂ ਹੋਰ ਵੀ ਅਨੇਕਾਂ ਦੇਸ਼ਾਂ ਨੂੰ ਉੱਚ ਡਾਕਟਰੀ ਸਿੱਖਿਆ ਆਪਣੀ ਮਾਂ ਬੋਲੀ ਰਾਹੀਂ ਦੇ ਰਿਹਾ ਹੈ। ਮਨੁੱਖੀ ਵਿਕਾਸ ਹੀ ਦੇਸ਼ ਵਿਕਾਸ ਹੁੰਦਾ ਹੈ। ਮਨੁੱਖ ਦਾ ਵਿਨਾਸ਼ ਮੁਲਕ ਦੇ ਵਿਨਾਸ਼ ਦਾ ਆਧਾਰ ਬਣਦਾ ਹੈ। ਲੱਗਦਾ ਹੈ ਕਿ ਪੰਜਾਬ ਦੀ ਕੈਪਟਨ ਸਰਕਾਰ ਮਨੁੱਖੀ-ਬੌਧਿਕ ਵਿਕਾਸ ਵਿਚ ਜਾਣਬੁੱਝ ਕੇ ਰੁਕਾਵਟਾਂ ਖੜ੍ਹੀਆਂ ਕਰਨਾ ਚਾਹੁੰਦਾ ਹੈ। ਐਸੀ ਹੀ ਮਹਾਨ ਗਲਤੀ ਪਹਿਲਾਂ ਅਕਾਲੀ ਸਰਕਾਰ ਨੇ ਸ. ਤੋਤਾ ਸਿੰਘ ਸਿੱਖਿਆ ਮੰਤਰੀ ਰਾਹੀਂ ਸਰਕਾਰੀ ਸਕੂਲਾਂ ਵਿਚ ਪਹਿਲੀ ਤੋਂ ਅੰਗਰੇਜ਼ੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਦੀ ਕੀਤੀ ਸੀ।

ਜੇ ਅਜਿਹਾ ਕੇਵਲ ਇਸ ਲਈ ਹੀ ਕੀਤਾ ਜਾ ਰਿਹਾ ਹੈ ਕਿ ਨਿੱਜੀ ਅੰਗਰੇਜ਼ੀ ਸਕੂਲਾਂ ਵੱਲ ਜਾਣ ਦਾ ਮਾਪਿਆਂ ਤੇ ਬੱਚਿਆਂ ਦਾ ਰੁਝਾਨ ਘਟਾਉਣਾ ਹੈ ਤਾਂ ਇਹ ਐਸਾ ਭੁਲੇਖਾ ਹੈ, ਜੋ ਸੋਚਣ ਦੇ ਢੰਗ ਅਤੇ ਬੌਧਿਕ ਸਮਰੱਥਾ ਪ੍ਰਤੀ ਪ੍ਰਸ਼ਨ ਚਿੰਨ ਖੜ੍ਹੇ ਕਰਦਾ ਹੈ। ਐਸਾ ਹੀ ਬਾਦਲ ਸਰਕਾਰ ਨੇ 2002 'ਚ ਸੋਚਿਆ ਸੀ ਅਤੇ ਪਹਿਲੀ ਤੋਂ ਅੰਗਰੇਜ਼ੀ ਲਾਜ਼ਮੀ ਕਰ ਦਿੱਤੀ ਸੀ। ਕੀ ਇਸ ਨਾਲ ਕੋਈ ਫਰਕ ਪਿਆ ਸੀ? ਇਸ ਬਾਅਦ 400 ਸਕੂਲਾਂ ਵਿਚ ਕੇਵਲ ਅੰਗਰੇਜ਼ੀ ਰਾਹੀਂ ਪੜ੍ਹਾਉਣ ਦਾ ਫ਼ੈਸਲਾ ਕੀਤਾ, ਕੀ ਇਸ ਨਾਲ ਕੋਈ ਫਰਕ ਪਿਆ? ਕੀ ਆਦਰਸ਼ ਸਕੂਲ ਖੋਲ੍ਹਣ ਨਾਲ ਕੋਈ ਨਿੱਜੀ ਅੰਗਰੇਜ਼ੀ ਸਕੂਲਾਂ ਦੀ ਗਿਣਤੀ ਘਟੀ ਹੈ? ਕੀ ਮੈਰੀਟੋਰੀਅਸ ਸਕੂਲ ਖੋਲ੍ਹਣ ਨਾਲ ਨਿੱਜੀ ਅੰਗਰੇਜ਼ੀ ਸਕੂਲ ਘਟੇ ਹਨ? ਕੀ ਸਰਬ ਸਿੱਖਿਆ ਅਭਿਆਨ ਲਾਗੂ ਕਰਨ ਨਾਲ ਕੋਈ ਫ਼ਰਕ ਪਿਆ ਹੈ? ਸਰਕਾਰਾਂ ਤਜਰਬੇ ਦਰ ਤਜਰਬੇ ਕਰਕੇ ਭਵਿੱਖੀ ਪੀੜ੍ਹੀਆਂ ਦਾ ਨਾਸ ਕਰ ਰਹੀਆਂ ਹਨ। ਦੇਸ਼ ਦਾ ਭਵਿੱਖ ਪਹਿਲਾਂ ਹੀ ਖਤਰੇ ਵਿਚ ਹੈ। ਅੱਗੋਂ ਧੋਖੇ ਭਰੇ ਤੇ ਭੁਲੇਖਾ ਪਾਊ ਫ਼ੈਸਲੇ ਕਰਕੇ ਦੇਸ਼ ਦੇ ਭਵਿੱਖ ਨੂੰ ਤਬਾਹੀ ਵੱਲ ਧਕਿਆ ਜਾ ਰਿਹਾ ਹੈ। ਹੁਣ 800 ਸਕੂਲ ਤੋੜ ਕੇ, 400 ਸਕੂਲਾਂ ਵਿਚ ਅੰਗਰੇਜ਼ੀ ਭਾਸ਼ਾ ਰਾਹੀਂ ਸਾਰੀ ਸਿੱਖਿਆ ਦੇਣ ਅਤੇ 2750 ਸਕੂਲਾਂ 'ਚ ਵੱਖਰੇ ਅੰਗਰੇਜ਼ੀ ਭਾਸ਼ਾ ਰਾਹੀਂ ਸਿੱਖਿਆ ਦੇਣ ਦੇ ਹੁਕਮਾਂ ਦੇ ਨਾਲ-ਨਾਲ ਸਕੂਲਾਂ ਦੀ ਦਸ਼ਾ ਸੁਧਾਰਨ ਦੀ ਥਾਂ ਪੰਜਾਬ ਦੇ ਸਾਰੇ ਹੀ ਮਿਡਲ ਸਕੂਲਾਂ ਵਿਚ ਸਿਰਫ਼ 4 ਅਧਿਆਪਕ ਹੀ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਇਕ ਮਿਡਲ ਸਕੂਲ 'ਚ ਪੰਜਾਬੀ ਜਾਂ ਹਿੰਦੀ ਅਧਿਆਪਕ ਹੀ ਹੋਵੇਗਾ। ਭਾਵ ਬਹੁਤੇ ਸਕੂਲਾਂ ਵਿਚ ਪੰਜਾਬੀ ਦਾ ਵਿਸ਼ਾ ਹਿੰਦੀ ਅਧਿਆਪਕ ਪੜ੍ਹਾਵੇਗਾ। ਵਿਸ਼ਾ, ਸਰੀਰਕ ਸਿੱਖਿਆ ਵਿਸ਼ੇ ਵਾਲਾ ਅਧਿਆਪਕ ਹੀ ਪੜ੍ਹਾਏਗਾ। ਪਰ ਜੇ ਪੰਜਾਬੀ ਅਧਿਆਪਕ ਨਹੀਂ ਹੈ ਤਾਂ ਕੀ ਬੱਚਾ ਪੰਜਾਬੀ ਭਾਸ਼ਾ ਸਹੀ ਤਰ੍ਹਾਂ ਸਿੱਖ ਸਕੇਗਾ? ਇਸ ਨਾਦਰਸ਼ਾਹੀ ਫ਼ੁਰਮਾਨ ਨਾਲ ਚਿਰਾਂ ਤੋਂ ਚਲ ਰਹੇ 7 ਅਧਿਆਪਕੀ ਮਿਡਲ ਸਕੂਲਾਂ ਵਿਚ ਹਾਹਾਕਾਰ ਮਚ ਗਈ ਹੈ। ਇੰਜ ਮਿਡਲ ਸਕੂਲਾਂ ਵਿਚੋਂ ਪੰਜਾਬੀ ਅਧਿਆਪਕ ਦੀ ਆਸਾਮੀ ਹੀ ਖਤਮ ਕਰ ਦਿੱਤੀ ਗਈ ਹੈ। ਇਹ ਫ਼ੈਸਲਾ ਜ਼ਾਹਰ ਕਰਦਾ ਹੈ ਕਿ ਹੁਣ ਪੰਜਾਬੀ ਮਾਂ ਬੋਲੀ ਦਾ ਸਰਕਾਰੀ ਸਕੂਲਾਂ 'ਚ ਕੋਈ ਬੇਲੀ ਨਹੀਂ ਰਹੇਗਾ। ਕਾਂਗਰਸ ਦੀ ਕੈਪਟਨ ਸਰਕਾਰ ਮਾਂ ਬੋਲੀ ਪੰਜਾਬੀ ਦਾ ਪੰਜਾਬ 'ਚੋਂ ਬੀਜ ਨਾਸ ਕਰਨ 'ਤੇ ਤੁਲ ਗਈ ਹੈ। ਜੇ ਵਿਰੋਧ ਨਾ ਕੀਤਾ ਤਾਂ ਗਰੀਬਾਂ ਤੋਂ ਸਿੱਖਿਆ ਖੁੱਸ ਜਾਵੇਗੀ, ਜੋ ਪਹਿਲਾਂ ਹੀ ਹਾਸ਼ੀਏ 'ਤੇ ਹੈ। ਨਾਲ ਹੀ ਸਹਿਜੇ-ਸਹਿਜੇ ਪੰਜਾਬ 'ਚੋਂ ਪੰਜਾਬੀ ਮੁੱਕ ਜਾਵੇਗੀ।

ਨਿੱਜੀ ਸਕੂਲਾਂ ਵੱਲ ਜਾਣ ਦਾ ਰੁਝਾਨ ਉਥੋਂ ਦਾ ਬਾਹਰੀ ਤੌਰ 'ਤੇ ਲੱਗ ਰਿਹਾ ਵਧੀਆ ਪ੍ਰਬੰਧ ਹੈ। ਜੋ ਕੇਵਲ ਮਾਪਿਆਂ ਦੀ ਲੁੱਟ 'ਤੇ ਹੀ ਆਧਾਰਤ ਹੈ। 'ਉੱਚੀ ਦੁਕਾਨ-ਫਿੱਕਾ ਪਕਵਾਨ'। ਜਦ ਸਿੱਖਿਆ ਵਪਾਰੀ ਵਸਤੂ ਬਣਾ ਦਿੱਤੀ ਗਈ ਹੈ ਤਾਂ ਇਹੀ ਕੁਝ ਵਾਪਰਦਾ ਹੈ। ਨਿੱਜੀ ਅੰਗਰੇਜ਼ੀ ਸਕੂਲ ਮਾਪਿਆਂ ਤੇ ਅਧਿਆਪਕਾਂ ਦਾ ਖੂਬ ਤੇ ਬੇਖੌਫ਼ ਸ਼ੋਸ਼ਣ ਕਰਦੇ ਹਨ। ਜੇ ਉਧਰ ਜਾਣ ਦੇ ਰੁਝਾਨ ਨੂੰ ਠੱਲ ਪਾਉਣੀ ਹੈ ਅਤੇ ਸੱਚਮੁੱਚ ਹੀ ਜੇ ਦੇਸ਼ ਦਾ ਤੇ ਗਰੀਬਾਂ ਦਾ ਕੁਝ ਸੰਵਾਰਨਾ ਹੈ ਤਾਂ ਸਰਕਾਰੀ ਸਕੂਲਾਂ ਦੇ ਸੁਧਾਰਾਂ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸਿਰਫ਼ ਮਾਂ ਬੋਲੀ ਰਾਹੀਂ ਹਰ ਤਰ੍ਹਾਂ ਦੀ ਉੱਚ ਸਿੱਖਿਆ ਦੇਣ ਦਾ ਪ੍ਰਬੰਧ ਕਰਨ ਦੇ ਨਾਲ-ਨਾਲ 'ਤੁਗਲਕੀ' ਤਜ਼ਰਬੇ ਬੰਦ ਕਰਕੇ ਅਧਿਆਪਕਾਂ ਦੀ ਕਮੀ ਪੂਰੀ ਕਰਨੀ ਚਾਹੀਦੀ ਹੈ। ਲੰਬੇ ਸਮੇਂ ਤੋਂ ਖਾਲੀ ਪਈਆਂ ਅਧਿਆਪਕਾਂ ਦੀਆਂ ਆਸਾਮੀਆਂ ਭਰਨੀਆਂ ਹੋਣਗੀਆਂ। ਇਕ ਦਿਨ ਲਈ ਵੀ ਕੋਈ ਅਧਿਆਪਕ ਛੁੱਟੀ 'ਤੇ ਹੋਵੇ, ਬਦਲਵਾਂ ਪ੍ਰਬੰਧ ਹੋਵੇ। ਹਰ ਕਲਾਸ ਵਿਚ 1:25 ਵਿਦਿਆਰਥੀ ਹੀ ਰੱਖੇ ਜਾਣ। ਵੱਖਰਾ ਕਲਾਸ ਰੂਮ ਹੋਵੇ। ਠੇਕੇ 'ਤੇ ਭਰਤੀ ਦਾ ਕਹਿਰ ਬੰਦ ਕਰਨਾ ਹੋਵੇਗਾ। ਪੂਰੀ ਤੇ ਹੋਰ ਸਭ ਨਾਲੋਂ ਵਧੀਆ ਤਨਖਾਹ ਦੇਣੀ ਹੋਵੇਗੀ। ਸਾਰੀਆਂ ਮੁਢਲੀਆਂ ਸਹੂਲਤਾਂ, ਖੇਡਾਂ ਦਾ ਮੈਦਾਨ, ਪਾਣੀ, ਏ.ਸੀ. ਕਮਰੇ (ਗਰਮੀਆਂ 'ਚ ਠੰਢੇ ਤੇ ਸਰਦੀਆਂ 'ਚ ਗਰਮ) ਹਰ ਪਿੰਡ ਵੱਖਰਾ ਸਕੂਲ ਹੋਵੇ। ਸਭ ਤੋਂ ਮਹੱਤਵਪੂਰਨ ਕਿ ਅਖੌਤੀ ਨਿੱਜੀ ਅੰਗਰੇਜ਼ੀ ਸਕੂਲ, ਜੋ ਹਕੀਕਤ ਵਿਚ ਲੋਟੂ ਦੁਕਾਨਾਂ ਹਨ, ਉੱਪਰ ਕੋਈ ਕਾਇਦਾ ਕਾਨੂੰਨ ਲਾਗੂ ਹੋਵੇ। ਨਿੱਜੀ ਸਕੂਲਾਂ ਵਿਚ ਬੱਚੇ ਦੀ ਫੀਸ ਤੇ ਅਧਿਆਪਕ ਦੀ ਘੱਟੋ-ਘੱਟ ਤਨਖਾਹ ਦਾ ਨਿਯਮ ਹਕੀਕੀ ਰੂਪ ਵਿਚ ਬਕਾਇਦਾ ਸਰਕਾਰੀ ਸਕੂਲਾਂ ਵਰਗੇ ਹੋਣ। ਇਨ੍ਹਾਂ ਦੁਕਾਨਾਂ ਰੂਪੀ ਸਕੂਲਾਂ 'ਤੇ ਸਖਤ ਨਿਗਰਾਨੀ ਹੋਵੇ ਅਤੇ ਇਨ੍ਹਾਂ ਨੂੰ ਨਿਰਉਤਸਾਹਤ ਕੀਤਾ ਜਾਵੇ। ਸਰਕਾਰ ਸਿੱਖਿਆ ਉੱਪਰ ਜੀ.ਡੀ.ਪੀ. ਦਾ 6% ਤੇ ਬਜਟ ਦਾ 10% ਘੱਟੋ-ਘੱਟ ਖਰਚ ਕਰੇ। ਵਧੇਰੇ ਗੁੜ ਪਾਓਗੇ ਤਾਂ ਹੀ ਵਧੇਰੇ ਮਿੱਠਾ ਹੋਵੇਗਾ। ਜੇ ਸਰਕਾਰੀ ਸਿੱਖਿਆ ਤੰਤਰ ਲਈ ਖਰਚਾ ਵਧੇਰੇ ਕੀਤਾ ਜਾਵੇਗਾ, ਵਧੇਰੇ ਚੰਗੇ ਸਿੱਟੇ ਨਿਕਲਣਗੇ। ਗਰੀਬਾਂ ਦਾ ਕਲਿਆਣ ਹੋਵੇਗਾ। ਗਰੀਬੀ ਦੂਰ ਹੋਵੇਗੀ। ਦੇਸ਼ ਖੁਸ਼ਹਾਲ ਹੋਵੇਗਾ। ਪੰਜਾਬ ਖੁਸ਼ਹਾਲ ਹੋਵੇਗਾ।




ਉਂਜ ਜਿਵੇਂ ਪਹਿਲੀ ਤੋਂ ਅੰਗਰੇਜ਼ੀ ਲਾਗੂ ਕਰਨ ਅਤੇ ਮੈਰੀਟੋਰੀਅਸ ਤੇ ਆਦਰਸ਼ ਸਕੂਲਾਂ ਦੇ ਤਜ਼ਰਬੇ ਫੇਲ ਹੋਏ ਹਨ, 2750 ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਰਾਹੀਂ ਸਿੱਖਿਆ ਦੇਣ ਦਾ ਤਜ਼ਰਬਾ ਵੀ ਬੇਹੱਦ ਬੁਰੀ ਤਰ੍ਹਾਂ ਫੇਲ ਹੋਵੇਗਾ, ਪਰ ਜਦ ਤਕ ਇਸ ਸਚਾਈ ਦਾ ਪਤਾ ਲੱਗੇਗਾ, ਉਦੋਂ ਤਕ ਬੇਹੱਦ ਨੁਕਸਾਨ ਹੋ ਚੁੱਕਾ ਹੋਵੇਗਾ। ਪਹਿਲਾਂ ਹੀ ਬਹੁਤ ਸਾਰੇ ਪ੍ਰਾਇਮਰੀ ਤੇ ਮਿਡਲ ਸਕੂਲਾਂ 'ਚ ਇਕ-ਇਕ ਅਧਿਆਪਕ ਹੀ ਕੰਮ ਕਰ ਰਿਹਾ ਹੈ। ਕੀ ਅਧਿਆਪਕਾਂ ਦੀ ਹੋਰ ਭਰਤੀ ਤੇ ਅੰਗਰੇਜ਼ੀ ਨਿੱਜੀ ਸਕੂਲਾਂ ਵਰਗਾ ਪ੍ਰਬੰਧ ਸਰਕਾਰ ਕਰ ਸਕੇਗੀ?

ਦੁਨੀਆ ਭਰ ਦੇ ਸਿੱਖਿਆ ਮਾਹਰਾਂ ਦਾ ਕਹਿਣਾ ਹੈ ਕਿ ਬੱਚੇ ਨੂੰ ਉਸ ਦੀ ਮਾਂ ਬੋਲੀ ਰਾਹੀਂ ਹੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਉਂਜ ਵਿਦਿਆਰਥੀ ਨੂੰ 6ਵੀਂ ਕਲਾਸ ਤੋਂ ਕੋਈ ਵੱਖਰੀ ਭਾਸ਼ਾ ਵੀ ਨਾਲੋ-ਨਾਲ ਪੜ੍ਹਾਈ ਜਾ ਸਕਦੀ ਹੈ। ਇਹ ਦੱਸਣ ਦੀ ਲੋੜ ਨਹੀਂ ਕਿ ਹਰ ਮਨੁੱਖ ਪਹਿਲਾਂ ਮਾਂ ਬੋਲੀ ਰਾਹੀਂ ਹੀ ਗੱਲ ਨੂੰ ਸਮਝਦਾ ਹੈ ਅਤੇ ਫਿਰ ਦੂਜੀ ਭਾਸ਼ਾ 'ਚ ਤਰਜ਼ਮਾ ਕਰਕੇ ਉਸ ਬਾਰੇ ਲਿਖਤੀ ਜਾਂ ਜ਼ੁਬਾਨੀ ਪ੍ਰਤੀਕਿਰਿਆ ਦਿੰਦਾ ਹੈ। ਪਰ ਫਿਰ ਵੀ ਉਹ ਦੂਜੀ ਭਾਸ਼ਾ ਰਾਹੀਂ ਅਜਿਹਾ ਨਿਪੁੰਨਤਾ ਨਾਲ ਨਹੀਂ ਕਰ ਸਕਦਾ।

ਜੇ ਵਿਦੇਸ਼ ਜਾਣ ਲਈ ਅੰਗਰੇਜ਼ੀ ਪੜ੍ਹਾਉਣੀ ਹੈ ਤਾਂ ਪਹਿਲਾਂ ਇਹ ਸੰਕਲਪ ਹੀ ਮਾੜਾ ਹੈ। ਆਪਣੇ ਦੇਸ਼ ਵਿਚ ਹੀ ਰੁਜ਼ਗਾਰ ਦਾ ਪ੍ਰਬੰਧ ਕਿਉਂ ਨਾ ਹੋਵੇ? ਉਂਜ ਵੀ ਇਥੇ ਨਿੱਜੀ ਅੰਗਰੇਜ਼ੀ ਸਕੂਲਾਂ ਰਾਹੀਂ ਤਕਨੀਕੀ, ਕੰਪਿਊਟਰੀ ਤੇ ਮੈਡੀਕਲ ਤੇ ਹੋਰ ਉੱਚ ਪੜ੍ਹਾਈਆਂ ਕਰਕੇ ਵਿਹਲੇ ਫਿਰਦੇ ਹਨ। ਫਰਾਟੇਦਾਰ ਅੰਗਰੇਜ਼ੀ ਤਾਂ ਕੀ ਉਨ੍ਹਾਂ 'ਚੋਂ ਬਹੁਤਿਆਂ ਕੋਲੋਂ ਆਈਲੈਟਸ ਟੈਸਟ ਵੀ ਪਾਸ ਨਹੀਂ ਹੁੰਦਾ। ਦੂਸਰਾ ਕਿ ਹਰ ਕਿਸੇ ਨੇ ਬਰਤਾਨੀਆ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਆਦਿ ਹੀ ਨਹੀਂ ਜਾਣਾ, ਜਿੱਥੇ ਅੰਗਰੇਜ਼ੀ ਮਾਧਿਅਮ ਹੈ। ਕੀ ਹਰ ਕਿਸੇ ਨੂੰ ਅਰਬੀ, ਇਟਾਲੀਅਨ, ਫਰੈਂਚ, ਚੀਨੀ, ਜਾਪਾਨੀ, ਜਰਮਨ ਭਾਸ਼ਾਵਾਂ ਦੇ ਸਕੂਲ ਵੀ ਖੋਲ੍ਹਣੇ ਹੋਣਗੇ? ਦੂਸਰਾ ਕਿ ਸਵਾ ਅਰਬ ਦੀ ਆਬਾਦੀ 'ਚੋਂ ਇਕ ਕਰੋੜ ਤੋਂ ਘੱਟ (80 ਕੁ ਲੱਖ) ਲੋਕ ਹੀ ਭਾਰਤ ਤੋਂ ਬਾਹਰ ਰਹਿ ਰਹੇ ਹਨ। ਜੋ 1% ਤੋਂ ਵੀ ਘੱਟ ਬਣਦੇ ਹਨ। ਪੰਜਾਬ ਦੇ ਤਾਂ .1% ਦੇ ਕਰੀਬ ਹੀ ਬਣਦੇ ਹਨ। ਫਿਰ ਐਸੀ ਹਾਲਤ ਵਿਚ ਸਾਰਿਆਂ ਨੂੰ ਹੀ ਅੰਗਰੇਜ਼ੀ ਮਾਧਿਅਮ ਸਕੂਲ ਦੀ ਚੱਕੀ 'ਚ ਕਿਉਂ ਪੀਸਿਆ ਜਾਵੇ। ਇਥੇ ਇਹ ਗੱਲ ਵੀ ਸਾਹਮਣੇ ਰੱਖਣੀ ਚਾਹੀਦੀ ਹੈ ਕਿ ਅਸੀਂ ਪੱਛਮੀ ਸਭਿਆਚਾਰਕ ਹਮਲੇ ਦਾ ਸਾਹਮਣਾ ਕਰ ਰਹੇ ਹਾਂ। ਸਭਿਆਚਾਰ ਦਾ ਮੁੱਖ ਆਧਾਰ ਭਾਸ਼ਾ ਹੁੰਦੀ ਹੈ। ਜੇ ਆਪਣੀ ਪੰਜਾਬੀ ਭਾਸ਼ਾ ਨੂੰ ਅਸੀਂ ਆਪ ਹੀ ਅਪਾਹਜ ਕਰ ਦਿੱਤਾ ਤਾਂ ਸਾਨੂੰ ਇਸ ਹਮਲੇ ਤੋਂ ਕੋਈ ਬਚਾ ਨਹੀਂ ਸਕਦਾ। ਅੱਜ ਵੱਧ ਰਹੀ ਅਸ਼ਲੀਲਤਾ, ਲੁੱਟਖੋਹ, ਮਾਰਧਾੜ, ਮਾਨਵੀ ਕਦਰਾਂ ਦਾ ਘਾਣ, ਅਸਹਿਣਸ਼ੀਲਤਾ, ਅਮੀਰ ਤੇ ਹੋਰ ਅਮੀਰ ਹੋਣ ਦੀ ਲਾਲਸਾ ਵੀ ਇਸੇ ਅੰਗਰੇਜ਼ੀ ਸਾਮਰਾਜੀ ਸਭਿਆਚਾਰ ਦੀ ਹੀ ਦੇਣ ਹੈ।

ਅਸਲੀਅਤ ਤਾਂ ਇਹ ਹੈ ਕਿ ਪੰਜਾਬ ਦੀਆਂ ਸਰਕਾਰਾਂ ਜਿਸ ਮਕਸਦ ਲਈ ਪੰਜਾਬੀ ਸੂਬਾ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਬਣਿਆ ਸੀ, ਉਸ ਤੋਂ ਕਿਨਾਰਾ ਕਰ ਗਈਆਂ ਹਨ। ਰਾਜ ਭਾਸ਼ਾ ਐਕਟ 1967 'ਤੇ ਸੋਧਿਆ ਐਕਟ 2008 ਲਾਗੂ ਕਰਨ ਤੋਂ ਅੰਦਰੋਂ-ਅੰਦਰ ਨਾਹ ਕਰ ਰਹੀਆਂ ਹਨ ਅਤੇ ਹੁਣ ਅਗਰੇਜ਼ੀ ਭਾਸ਼ਾ ਰਾਹੀਂ ਸਿੱਖਿਆ ਦੇ ਐਲਾਨ ਨਾਲ ਬਿੱਲੀ ਥੈਲਿਉਂ ਬਾਹਰ ਆ ਗਈ ਹੈ। ਸਭ ਤੋਂ ਵੱਧ ਪੰਜਾਬ ਵਿਚ ਪੰਜਾਬੀ ਦਾ ਨੁਕਸਾਨ ਉਨ੍ਹਾਂ ਨੇ ਹੀ ਕੀਤਾ ਹੈ, ਜੋ 'ਪੰਜਾਬੀ ਸੂਬੇ' ਦੀ ਵਧੇਰੇ ਵਕਾਲਤ ਕਰਦੇ ਸਨ। ਜਦ ਪੰਜਾਬ ਰਾਜ ਭਾਸ਼ਾ ਐਕਟ ਵਿਚ ਦਰਜ ਹੈ ਕਿ 10ਵੀਂ ਤੱਕ ਪੰਜਾਬੀ ਰਾਹੀਂ ਹੀ ਸਿੱਖਿਆ ਦਿੱਤੀ ਜਾਣੀ ਹੈ, ਫਿਰ ਐਸਾ ਕਿਉਂ ਕੀਤਾ ਜਾ ਰਿਹਾ ਹੈ? ਕੀ ਦਫ਼ਤਰਾਂ ਵਿਚ ਪੰਜਾਬੀ ਰਾਹੀਂ ਕਾਰ ਵਿਹਾਰ ਹੋ ਰਿਹਾ ਹੈ? ਕੀ ਅਦਾਲਤੀ ਕੰਮਕਾਜ ਪੰਜਾਬੀ ਭਾਸ਼ਾ ਰਾਹੀਂ ਹੀ ਕੀਤਾ ਜਾ ਰਿਹਾ ਹੈ?

(ਬਾਕੀ ਸਫ਼ਾ 41 'ਤੇ)

# ਕੀ ਆਮ ਲੋਕਾਂ ਦਾ ਵਿਕਾਸ ਹੁਣ ਕਾਰਪੋਰੇਟ ਤਾਕਤਾਂ ਕਰਨਗੀਆਂ ?

ਗੁਰਚਰਨ ਸਿੰਘ ਨੂਰਪੁਰ
ਮੋਬਾਈਲ : 98550-51099

ਹੁਣ ਤੱਕ ਅਸੀਂ ਅਮੀਰੀ-ਗ਼ਰੀਬੀ ਦੇ ਪਾੜੇ ਦੀ ਗੱਲ ਕਰਦੇ ਆਏ ਹਾਂ ਪਰ ਹੁਣ ਗੱਲ ਉਸ ਤੋਂ ਅਗਾਂਹ ਲੰਘ ਗਈ ਹੈ। ਹੁਣ ਸਥਿਤੀ ਇਹ ਹੈ ਕਿ ਪੂੰਜੀ ਦੀ ਵੰਡ ਵਿਚ ਇਕ ਪਾਸੇ ਪੂਰੀ ਦੁਨੀਆ ਦੇ ਲੋਕ ਅਤੇ ਦੂਜੇ ਪਾਸੇ ਗਿਣਤੀ ਦੀਆਂ ਕਾਰਪੋਰੇਟ ਤਾਕਤਾਂ ਹਨ, ਜੋ ਵਿਸ਼ਵ ਦੀ ਅਰਥ-ਵਿਵਸਥਾ ਨੂੰ ਕੰਟਰੋਲ ਕਰ ਰਹੀਆਂ ਹਨ।

ਸਰਕਾਰਾਂ ਹੁਣ ਸਿੱਧੇ ਤੌਰ ’ਤੇ ਲੋਕਾਂ ਨੂੰ ਕਹਿਣ ਲੱਗ ਪਈਆਂ ਹਨ ਕਿ ਪ੍ਰਾਈਵੇਟ ਕੰਪਨੀਆਂ ਦੇਸ਼ ਵਿਚ ਪੂੰਜੀ ਲਾਉਣਗੀਆਂ ਅਤੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਭਾਵ ਲੋਕਾਂ ਦਾ ਵਿਕਾਸ ਹੁਣ ਸਰਕਾਰਾਂ ਨਹੀਂ, ਬਲਕਿ ਕਾਰਪੋਰੇਟ ਤਾਕਤਾਂ ਕਰਨਗੀਆਂ। ਸਾਫ਼ ਜ਼ਾਹਰ ਹੈ ਕਿ ਸਰਕਾਰਾਂ ਨੇ ਹੁਣ ਆਮ ਲੋਕਾਂ ਨੂੰ ਸਰਕਾਰੀ ਨੌਕਰੀਆਂ ਦੇਣ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਤੋਂ ਹੱਥ ਪਿਛਾਂਹ ਖਿੱਚ ਲਏ ਹਨ। ਵਪਾਰਕ ਕੰਪਨੀਆਂ ਨੂੰ ਖੁੱਲ੍ਹਾਂ ਦੇਣ ਦੇ ਖ਼ਿਲਾਫ਼ ਜੇਕਰ ਕੋਈ ਗੱਲ ਕਰਦਾ ਹੈ ਤਾਂ ਉਸ ਨੂੰ ਵਿਕਾਸ ਵਿਰੋਧੀ ਕਿਹਾ ਜਾਂਦਾ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਆਮ ਲੋਕਾਂ ਦਾ ਵਿਕਾਸ ਹੁਣ ਕਾਰਪੋਰੇਟ ਤਾਕਤਾਂ ਦਾ ਮੁਥਾਜ ਹੋ ਕੇ ਰਹਿ ਗਿਆ ਹੈ ?

ਪੂਰੇ ਦੇਸ਼ ਵਿਚ ਇਸ ਵੇਲੇ ਭੂਮੀ ਅਧਿਗ੍ਰਹਿਣ ਬਿੱਲ ਦਾ ਵਿਰੋਧ ਹੋ ਰਿਹਾ ਹੈ। ਇਹ ਬਿੱਲ, ਜਿਸ ਵਿਚ ਸ਼ਾਹ ਮਾਰਗ ਦੇ ਨੇੜਲੇ ਇਕ ਕਿਲੋਮੀਟਰ ਦੇ ਘੇਰੇ ਵਿਚ ਆਉਂਦੀ ਜ਼ਮੀਨ ਨੂੰ ਗ੍ਰਹਿਣ ਕਰਨ ਲਈ ਕਿਸਾਨ ਦੀ ਸਹਿਮਤੀ ਦੀ ਜ਼ਰੂਰਤ ਨਹੀਂ ਰਹੇਗੀ, ਵਰਤਮਾਨ ਭਾਜਪਾ ਸਰਕਾਰ ਨੇ ਲੋਕ ਸਭਾ ਵਿਚ ਪਾਸ ਕਰਵਾ ਲਿਆ ਹੈ ਪਰ ਰਾਜ ਸਭਾ ਵਿਚ ਇਸ ਲਈ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਹਨ।

‘ਸਭ ਕਾ ਸਾਥ ਸਭ ਕਾ ਵਿਕਾਸ’ ਅਤੇ ਦੇਸ਼-ਵਾਸੀਆਂ ਲਈ ‘ਅੱਛੇ ਦਿਨ’ ਲਿਆਉਣ ਦਾ ਵਾਅਦਾ ਕਰਨ ਵਾਲੀ ਮੋਦੀ ਸਰਕਾਰ ਦਾ ਸਾਰਾ ਜ਼ੋਰ ਹੁਣ ਇਸ ਗੱਲ ’ਤੇ ਲੱਗਿਆ ਹੋਇਆ ਹੈ ਕਿਵੇਂ ਨਾ ਕਿਵੇਂ ਕੁਝ ਕੁ ਸੋਧਾਂ ਕਰਨ ਤੋਂ ਬਾਅਦ ਇਹ ਬਿੱਲ ਪਾਸ ਹੋ ਜਾਵੇ। ਸਰਕਾਰ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਬਿੱਲ ਕਿਸਾਨ ਪੱਖੀ ਹੈ ਅਤੇ ਇਸ ਸਬੰਧੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਸਬੰਧੀ ਸਰਕਾਰ ਵੱਲੋਂ ਜਾਰੀ ਕੀਤੇ ਗਏ ਆਰਡੀਨੈਂਸ ਦੀ ਮਿਆਦ ਲੰਘ ਗਈ ਹੈ, ਪਰ ਅਜੇ ਤੱਕ ਰਾਜ ਸਭਾ ਵੱਲੋਂ ਉਕਤ ਆਰਡੀਨੈਂਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ। ਆਰਡੀਨੈਂਸ ਦੀ ਮਿਆਦ ਲੰਘ ਜਾਣ ਕਾਰਨ ਸਰਕਾਰ ਨੂੰ ਰਾਸ਼ਟਰਪਤੀ ਤੋਂ ਮੁੜ ਆਰਡੀਨੈਂਸ ਜਾਰੀ ਕਰਵਾਉਣਾ ਪਿਆ ਹੈ।

ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਲੋਕਾਂ ਦੇ ਸਰਬਪੱਖੀ ਵਿਕਾਸ ਦੇ ਦਾਅਵੇ ਕਰ ਰਹੀ ਸੀ ਪਰ ਆਪਣੇ ਤਾਜ਼ੇ ਬਜਟ ਵਿਚ ਇਸ ਨੇ ਨੌਕਰੀਪੇਸ਼ਾ ਲੋਕਾਂ ਤੇ ਮੱਧ ਵਰਗ ਲਈ ਟੈਕਸਾਂ ਵਿਚ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਦਿੱਤੀ ਜਦੋਂ ਕਿ ਪੂੰਜੀਪਤੀ ਕੰਪਨੀਆਂ ਨੂੰ ਟੈਕਸ ਵਿਚ ਪੰਜ ਫੀਸਦੀ ਰਿਆਇਤ ਦਿੱਤੀ ਗਈ ਹੈ। ਇਹ ਸਭ ਕੁਝ ਸਰਕਾਰ ਦੀ ਧਨਾਢ ਕਾਰਪੋਰੇਸ਼ਨਾਂ ਅਤੇ ਆਮ ਲੋਕਾਂ ਪ੍ਰਤੀ ਨੀਅਤ ਅਤੇ ਨੀਤੀ ਨੂੰ ਜ਼ਾਹਰ ਕਰਦਾ ਹੈ।

ਭਾਜਪਾ ਦੀ ਸਰਕਾਰ ਅੱਜ ਲੋਕਾਂ ਦੇ ਵਿਰੋਧ ਦੇ ਬਾਵਜੂਦ ਇਸ ਬਿੱਲ ਨੂੰ ਪਾਸ ਕਰਵਾਉਣ ਲਈ ਤਰਲੋਮੱਛੀ ਕਿਉਂ ਹੋ ਰਹੀ ਹੈ ? ਹਕੀਕਤ ਅਸਲ ਵਿਚ ਇਹ ਹੈ ਕਿ ਦੁਨੀਆ ਇਸ ਸਮੇਂ ਇਕ ਬੇਹੱਦ ਨਾਜ਼ੁਕ ਦੌਰ ’ਚੋਂ ਗੁਜ਼ਰ ਰਹੀ ਹੈ। ਸਰਕਾਰਾਂ ਨੂੰ ਚੁਣਨ ਦਾ ਭਰਮ ਭਾਵੇਂ ਆਮ ਲੋਕ ਪਾਲਦੇ ਹਨ, ਪਰ ਉਨ੍ਹਾਂ ਨੂੰ ਸੰਚਾਲਤ ਕਾਰਪੋਰੇਟ ਤਾਕਤਾਂ ਕਰਦੀਆਂ ਹਨ। ਦੁਨੀਆ ਦੇ ਬਹੁਗਿਣਤੀ ਦੇਸ਼ਾਂ ਨੂੰ ਇਕ ਅਜਿਹੀ ਅਦਿੱਖ ਗੁਲਾਮੀ ਵੱਲ ਧੱਕਿਆ ਜਾ ਰਿਹਾ ਹੈ, ਜਿਸ ਦਾ ਆਮ ਜਨ ਸਾਧਾਰਨ ਨੂੰ ਇਲਮ ਨਹੀਂ ਹੈ। ਪਿਛਲੇ ਕੁਝ ਅਰਸੇ ਤੋਂ ਬੜੀ ਤੇਜ਼ੀ ਨਾਲ ਦੁਨੀਆ ਦੀ ਦੌਲਤ ਕੁਝ ਕੁ ਹੱਥਾਂ ਵੱਲ ਖਿਸਕ ਗਈ ਹੈ। ਹਾਲਾਤ ਇਹ ਹਨ ਕਿ 3.5 ਅਰਬ ਲੋਕਾਂ ਦੇ ਮੁਕਾਬਲੇ ਕੇਵਲ 85 ਵਿਅਕਤੀ ਦੁਨੀਆ ਦੇ ਸਰਮਾਏ ਦੇ ਮਾਲਕ ਹਨ। ਧਨਾਢ ਕਾਰਪੋਰੇਸ਼ਨਾਂ, ਜਿਨ੍ਹਾਂ ਵਿਚ ਦੁਨੀਆ ਦੇ ਬਹੁਤ ਸਾਰੇ ਰਾਜਨੀਤਕਾਂ ਦੀਆਂ ਹਿੱਸੇਦਾਰੀਆਂ ਹਨ, ਕੋਲ ਇੰਨਾ ਸਰਮਾਇਆ ਇਕੱਠਾ ਹੋ ਗਿਆ ਹੈ ਕਿ ਉਹ ਇਸ ਸਰਮਾਏ ਨੂੰ ਵੱਧ ਤੋਂ ਵੱਧ ਸੁਰੱਖਿਅਤ ਕਰਨ ਦੀਆਂ ਕੋਸ਼ਿਸ਼ ਵਿਚ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਦੁਨੀਆ ਦੀਆਂ ਕੁਝ ਗਿਣਤੀ ਦੀ ਕਾਰਪੋਰੇਟ ਕੰਪਨੀਆਂ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਤੋਂ ਵੱਧ ਅਮੀਰ ਹਨ।



ਸਰਕਾਰਾਂ ਨੂੰ ਚੁਣਨ ਦਾ ਭਰਮ ਭਾਵੇਂ ਆਮ ਲੋਕ ਪਾਲਦੇ ਹਨ, ਪਰ ਉਨ੍ਹਾਂ ਨੂੰ ਸੰਚਾਲਤ ਕਾਰਪੋਰੇਟ ਤਾਕਤਾਂ ਕਰਦੀਆਂ ਹਨ। ਦੁਨੀਆ ਦੇ ਬਹੁਗਿਣਤੀ ਦੇਸ਼ਾਂ ਨੂੰ ਇਕ ਅਜਿਹੀ ਅਦਿੱਖ ਗੁਲਾਮੀ ਵੱਲ ਧੱਕਿਆ ਜਾ ਰਿਹਾ ਹੈ, ਜਿਸ ਦਾ ਆਮ ਜਨ ਸਾਧਾਰਨ ਨੂੰ ਇਲਮ ਨਹੀਂ ਹੈ। ਪਿਛਲੇ ਕੁਝ ਅਰਸੇ ਤੋਂ ਬੜੀ ਤੇਜ਼ੀ ਨਾਲ ਦੁਨੀਆ ਦੀ ਦੌਲਤ ਕੁਝ ਕੁ ਹੱਥਾਂ ਵੱਲ ਖਿਸਕ ਗਈ ਹੈ। ਹਾਲਾਤ ਇਹ ਹਨ ਕਿ 3.5 ਅਰਬ ਲੋਕਾਂ ਦੇ ਮੁਕਾਬਲੇ ਕੇਵਲ 85 ਵਿਅਕਤੀ ਦੁਨੀਆ ਦੇ ਸਰਮਾਏ ਦੇ ਮਾਲਕ ਹਨ। ਧਨਾਢ ਕਾਰਪੋਰੇਸ਼ਨਾਂ, ਜਿਨ੍ਹਾਂ ਵਿਚ ਦੁਨੀਆ ਦੇ ਬਹੁਤ ਸਾਰੇ ਰਾਜਨੀਤਕਾਂ ਦੀਆਂ ਹਿੱਸੇਦਾਰੀਆਂ ਹਨ, ਕੋਲ ਇੰਨਾ ਸਰਮਾਇਆ ਇਕੱਠਾ ਹੋ ਗਿਆ ਹੈ ਕਿ ਉਹ ਇਸ ਸਰਮਾਏ ਨੂੰ ਵੱਧ ਤੋਂ ਵੱਧ ਸੁਰੱਖਿਅਤ ਕਰਨ ਦੀਆਂ ਕੋਸ਼ਿਸ਼ ਵਿਚ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਦੁਨੀਆ ਦੀਆਂ ਕੁਝ ਗਿਣਤੀ ਦੀ ਕਾਰਪੋਰੇਟ ਕੰਪਨੀਆਂ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਤੋਂ ਵੱਧ ਅਮੀਰ ਹਨ।

ਮਿਸਾਲ ਵਜੋਂ ‘ਜਨਰਲ ਮੋਟਰਜ਼’ ਦਾ ਬਜਟ ਬੰਗਲਾਦੇਸ਼ ਤੋਂ, ‘ਕੋਨਾਕੋ’ ਫਿਲਪਸ ਪਾਕਿਸਤਾਨ ਤੋਂ, ‘ਵਾਲਮਾਰਟ’ ਨਾਰਵੇ ਤੋਂ, ‘ਇਕਸ਼ਨ ਮੋਬਾਈਲ’ ਥਾਈਲੈਂਡ ਤੋਂ ਅਤੇ ਅਮਰੀਕੀ ਕੰਪਨੀ ਮੋਨਸੈਂਟੋ ਦਾ ਬਜਟ ਭਾਰਤ ਦੇ ਬਜਟ ਤੋਂ ਵੱਧ ਹੈ। 2007 ਤੋਂ ਬਾਅਦ ਦੁਨੀਆ ਭਰ ਵਿਚ ਆਏ ਮੰਦੀ ਦੇ ਰੁਝਾਨ ਨਾਲ ਦੁਨੀਆ ਦੇ ਬਹੁਤ ਸਾਰੇ ਦੇਸ਼ ਆਰਥਕ ਮੰਦਹਾਲੀ ਦਾ ਸ਼ਿਕਾਰ ਹੋਏ ਹਨ। ਸਰਕਾਰੀ ਨੌਕਰੀਆਂ ’ਤੇ ਰੋਕਾਂ ਲੱਗੀਆਂ ਹਨ। ਲੋਕਾਂ ਲਈ ਰੁਜ਼ਗਾਰ ਦੇ ਮੌਕੇ ਘਟੇ ਹਨ। ਪਰ ਇਸ ਦੇ ਬਾਵਜੂਦ ਇਨ੍ਹਾਂ ਕੰਪਨੀਆਂ ਦੀ ਪੂੰਜੀ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ।

ਆਰਥਕ ਮੰਦੀ ਦੇ ਰੁਝਾਨ ਤੋਂ ਬਾਅਦ ਕਾਰਪੋਰੇਟ ਕੰਪਨੀਆਂ ਕਾਰਖਾਨੇ, ਫੈਕਟਰੀਆਂ ਅਤੇ ਹੋਰ ਪ੍ਰਾਜੈਕਟ ਲਾਉਣ, ਜਿਨ੍ਹਾਂ ਵਿਚ ਕੁਝ ਹੱਦ ਤੱਕ ਕੁਝ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਦੇ ਵੀ ਹਨ, ਵਿਚ ਕੋਈ ਰੁਚੀ ਨਹੀਂ ਦਿਖਾ ਰਹੀਆਂ। ਉਨ੍ਹਾਂ ਦੀ ਮਨਸ਼ਾ ਹੁਣ ਲੋਕਾਂ ਦੀਆਂ ਮੂਲ ਜ਼ਰੂਰਤਾਂ ਦੇ ਸੋਮਿਆਂ ’ਤੇ ਕਾਬਜ਼ ਹੋ ਜਾਣ ਦੀ ਹੈ। ਇਸ ਵਿਚ ਜਲ, ਜੰਗਲ, ਜ਼ਮੀਨ, ਬਿਜਲੀ, ਪਾਣੀ, ਤੇਲ, ਖਾਦ ਅਤੇ ਸੰਚਾਰ ਸਾਧਨ ਹਨ, ਜਿਨ੍ਹਾਂ ’ਤੇ ਤੇਜ਼ੀ ਨਾਲ ਇਹ ਕੰਪਨੀਆਂ ਕਾਬਜ਼ ਹੋ ਰਹੀਆਂ ਹਨ।

ਦੇਸ਼ ਭਰ ਵਿਚ ਸਾਲ 2006 ਤੋਂ 2012 ਤੱਕ ਵੱਖ-ਵੱਖ ਪ੍ਰਾਜੈਕਟਾਂ ਲਈ ਪ੍ਰਾਪਤ ਕੀਤੀ ਭੂਮੀ ’ਚੋਂ ਅੱਧੀ ਅਣਵਰਤੀ ਹੀ ਪਈ ਹੈ। ਬਹੁਤ ਥਾਈਂ ਅਜਿਹਾ ਹੋਇਆ ਕਿ ਸਰਕਾਰੀ ਜ਼ਮੀਨ, ਜੋ ਹਕੀਕਤ ਵਿਚ ਸਥਾਨਕ ਲੋਕਾਂ ਦੀ ਸਾਂਝੀ ਜ਼ਮੀਨ ਹੁੰਦੀ ਹੈ, ਕੌਡੀਆਂ ਦੇ ਭਾਅ ਵਪਾਰਕ ਕੰਪਨੀਆਂ ਨੂੰ ਵੱਡੇ ਪ੍ਰਾਜੈਕਟ ਲਾਉਣ ਦੀ ਆੜ ਹੇਠ ਦੇ ਦਿੱਤੀ ਗਈ ਪਰ ਬਾਅਦ ਵਿਚ ਉਸ ਖਾਲੀ ਪਈ ਜ਼ਮੀਨ ਤੋਂ ਹੀ ਕੰਪਨੀਆਂ ਵੱਲੋਂ ਕਰੋੜਾਂ ਰੁਪਏ ਬਣਾ ਲਏ ਗਏ। ਇਹ ਤਾਕਤਾਂ ਇਜਾਰੇਦਾਰੀ ਕਰਕੇ ਜ਼ਰੂਰੀ ਵਰਤੋਂ ਦੀਆਂ ਵਸਤਾਂ ਦੇ ਭਾਅ ਵਧਾਉਣ, ਡੇਗਣ ਅਤੇ ਬਹੁਤਾਤ ਹੋਣ ਦੇ ਬਾਵਜੂਦ ਵੀ ਥੁੜ੍ਹ ਪੈਦਾ ਕਰਨ ਦੇ ਸਮਰੱਥ ਹੀ ਨਹੀਂ ਹਨ, ਬਲਕਿ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਬਣਾਉਣ ਅਤੇ ਡੇਗਣ ਦੇ ਵੀ ਸਮਰੱਥ ਹਨ।

ਦੁਨੀਆ ਭਰ ਦੀਆਂ ਬਹੁਤ ਸਾਰੀਆਂ ਸਰਕਾਰਾਂ ਇਨ੍ਹਾਂ ਪ੍ਰਾਈਵੇਟ ਕਾਰਪੋਰੇਸ਼ਨਾਂ ’ਤੇ ਨਿਰਭਰ ਹੋ ਕੇ ਰਹਿ ਗਈਆਂ ਹਨ। ਸਰਕਾਰਾਂ ਲੋਕਾਂ ਦੀਆਂ ਸਰਕਾਰਾਂ ਨਾ ਹੋ ਕੇ ਇਕ ਤਰ੍ਹਾਂ ਨਾਲ ਇਨ੍ਹਾਂ ਧਨਾਢ ਕੰਪਨੀਆਂ ਦੇ ਸਹਾਇਕ ਵਜੋਂ ਕੰਮ ਕਰ ਰਹੀਆਂ ਹਨ। ਮੌਜੂਦਾ ਸਰਕਾਰ ਦਾ ਭੂਮੀ ਪ੍ਰਾਪਤੀ ਬਿੱਲ ਵੀ ਇਨ੍ਹਾਂ ਤਰਜੀਹਾਂ ਦੀ ਹੀ ਇਕ ਕੜੀ ਹੈ। ਦੇਸ਼ ਵਿਚ ਹਜ਼ਾਰਾਂ ਏਕੜ ਬੰਜਰ ਅਤੇ ਰੇਤਲੀ ਜ਼ਮੀਨ ਪਈ ਹੈ, ਜਿਸ ਵਿਚ ਸਰਕਾਰੀ ਅਤੇ ਗ਼ੈਰ-ਸਰਕਾਰੀ ਕਾਰਖਾਨੇ, ਫੈਕਟਰੀਆਂ ਅਤੇ ਹੋਰ ਪ੍ਰਾਜੈਕਟ ਲਾਏ ਜਾ ਸਕਦੇ ਹਨ ਅਤੇ ਲਾਏ ਜਾਣੇ ਚਾਹੀਦੇ ਹਨ। ਰਾਜਸਥਾਨ ਦੇ ਰੇਤਲੇ ਟਿੱਬਿਆਂ ਵਿਚ ਬਿਜਲੀ ਪੈਦਾ ਕਰਨ ਦੇ ਵੱਡੇ ਪ੍ਰਾਜੈਕਟ ਲਾਏ ਜਾ ਸਕਦੇ ਹਨ, ਜਿਸ ਨਾਲ ਸਾਰੇ ਦੇਸ਼ ਦੀ ਬਿਜਲੀ ਦੀ ਮੰਗ ਨੂੰ ਪੂਰਾ ਕੀਤਾ ਜਾ ਸਕਦਾ ਹੈ। ਪਰ ਅਜਿਹੀਆਂ ਤਰਜੀਹਾਂ ਸਰਕਾਰੀ ਨੀਤੀ ਦਾ ਹਿੱਸਾ ਨਹੀਂ ਹਨ, ਸਗੋਂ ਸਰਕਾਰ ਦਾ ਸਾਰਾ ਜ਼ੋਰ ਕਾਰਪੋਰੇਟ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਵਿਚ ਲੱਗਾ ਹੋਇਆ ਹੈ। ਹਾਲਾਤ ਇਹ ਬਣ ਰਹੇ ਹਨ ਕਿ ਇਕ ਪਾਸੇ ਦੌਲਤ ਲਗਾਤਾਰ ਇਕੱਠੀ ਹੋ ਰਹੀ ਹੈ ਦੂਜੇ ਪਾਸੇ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ ਬੇਰੁਜ਼ਗਾਰੀ, ਮੰਦਹਾਲੀ, ਗ਼ਰੀਬੀ ਅਤੇ ਅਗਿਆਨਤਾ ਆਪਣੇ ਪੈਰ ਪਸਾਰ ਰਹੀ ਹੈ।

ਸਥਿਤੀ ਇਸ ਗੱਲ ਵੱਲ ਇਸ਼ਾਰਾ ਕਰ ਰਹੀ ਹੈ ਕਿ ਆਉਣ ਵਾਲਾ ਸਮਾਂ ਹੋਰ ਵੀ ਭਿਆਨਕ ਹੋ ਸਕਦਾ ਹੈ। ਜਿਨ੍ਹਾਂ ਸਰਕਾਰਾਂ ਨੇ ਜਨ ਸਧਾਰਨ ਦੇ ਹੱਕਾਂ-ਹਕੂਕਾਂ ਦੀ ਗੱਲ ਕਰਨੀ ਹੁੰਦੀ ਹੈ, ਲੋਕਾਂ ਦੀਆਂ ਜਿਊਣ ਹਾਲਤਾਂ ਨੂੰ ਸੁਧਾਰਨ ਲਈ ਯਤਨਸ਼ੀਲ ਹੋਣਾ ਹੁੰਦਾ ਹੈ, ਲੋਕਾਂ ਲਈ ਰੁਜ਼ਗਾਰ ਅਤੇ ਨੌਕਰੀਆਂ ਦਾ ਪ੍ਰਬੰਧ ਕਰਨਾ ਹੁੰਦਾ ਹੈ, ਦੇਸ਼ ਦੇ ਜਲ, ਜੰਗਲ ਅਤੇ ਵਾਤਾਵਰਨ ਪ੍ਰਤੀ ਆਮ ਜਨ ਸਾਧਾਰਨ ਨੂੰ ਸੁਚੇਤ ਕਰਨਾ ਹੁੰਦਾ ਹੈ ਉਹ ਸਰਕਾਰਾਂ ਹੀ ਜਦੋਂ ਬੇਗਾਨਿਆਂ ਦਾ ਪੱਖ ਪੂਰਨ ਤੁਰ ਪੈਣ ਤਾਂ ਆਉਣ ਵਾਲੇ ਸਮੇਂ ਦਾ ਊਠ ਕਿਸ ਕਰਵਟ ਬੈਠੇਗਾ ਇਸ ਦਾ ਅੰਦਾਜ਼ਾ ਸੌਖਿਆਂ ਹੀ ਲਾਇਆ ਜਾ ਸਕਦਾ ਹੈ।

ਹਾਲਾਤ ਇਸ ਗੱਲ ਵੱਲ ਇਸ਼ਾਰਾ ਕਰ ਰਹੇ ਹਨ ਕਿ ਆਉਣ ਵਾਲੇ ਸਮੇਂ ਵਿਚ ਜਨ ਸਧਾਰਨ ਨੂੰ ਆਪਣੇ ਦੁੱਖਾਂ-ਦਰਦਾਂ ਵਿਚ ਕੋਈ ਰਾਹਤ ਮਿਲਣ ਦੀ ਉਮੀਦ ਨਹੀਂ ਹੈ। ਆਮ ਲੋਕ ਹਰ ਪੰਜ ਸਾਲ ਬਾਅਦ ਵੋਟਾਂ ਪਾ ਕੇ ਆਪਣੇ ਗੁੱਸੇ ਦਾ ਉਬਾਲ ਸ਼ਾਂਤ ਕਰਦੇ ਹਨ। ਸੱਤਾ ਤੋਂ ਬਾਹਰ ਚੱਲ ਰਹੀ ਰਾਜਨੀਤਕ ਪਾਰਟੀ ਦੇ ਕਿਸੇ ਨੇਤਾ ਨੂੰ ਆਪਣਾ ਮਸੀਹਾ ਮੰਨਣ ਲੱਗ ਪੈਂਦੇ ਹਨ। ਪਰ ਨਵੀਂ ਸਰਕਾਰ ਬਣਦਿਆਂ ਜਦੋਂ ਲੋਕਾਂ ਦੀਆਂ ਆਸਾਂ ਨੂੰ ਦੂਰ-ਦੂਰ ਤੱਕ ਵੀ ਕਿਤੇ ਬੂਰ ਪਿਆ ਨਜ਼ਰ ਨਹੀਂ ਆਉਂਦਾ ਤਾਂ ਜਲਦੀ ਹੀ ਉਨ੍ਹਾਂ ਦਾ ਮੋਹ ਭੰਗ ਹੋਣ ਲੱਗ ਪੈਂਦਾ ਹੈ। ਇਹ ਸਿਲਸਿਲਾ ਦਹਾਕਿਆਂ ਤੋਂ ਚੱਲ ਰਿਹਾ ਹੈ।

ਅਸੀਂ ਭਾਰਤੀ ਲੋਕਾਂ ਨੇ 67 ਸਾਲ ਪਹਿਲਾਂ ਬਸਤੀਵਾਦੀ ਅੰਗਰੇਜ਼ ਹਕੂਮਤ ਤੋਂ ਆਜ਼ਾਦੀ ਹਾਸਲ ਕੀਤੀ ਪਰ ਅੱਜ ਹਾਲਾਤ ਇਹ ਹਨ ਕਿ ਆਜ਼ਾਦ ਭਾਰਤ ਦੇ ਬਸ਼ਿੰਦੇ ਦੇਸ਼ ਦੀਆਂ ਬਹੁਤ ਸਾਰੀਆਂ ਸੜਕਾਂ ’ਤੇ ਚੱਲਣ ਲਈ ਵੀ ਪੈਸੇ ਅਦਾ ਕਰਦੇ ਹਨ। ਇਸ ਤੋਂ ਵੱਡੀ ਜ਼ਲਾਲਤ ਹੋਰ ਕੀ ਹੋ ਸਕਦੀ ਹੈ ਭਲਾ ?

ਜਨਤਕ ਅਦਾਰਿਆਂ ਦਾ ਬੜੀ ਤੇਜ਼ੀ ਨਾਲ ਭੋਗ ਪਾਇਆ ਜਾ ਰਿਹਾ ਹੈ। ਲੱਖਾਂ ਲੋਕ ਪੜ੍ਹ-ਲਿਖ ਕੇ ਬੇਕਾਰੀ ਦਾ ਜੀਵਨ ਜਿਊ ਰਹੇ ਹਨ। ਪੜ੍ਹੇ-ਲਿਖੇ ਨੌਜਵਾਨ ਬੇਕਾਰੀ ਦੀ ਹਾਲਤ ਵਿਚ ਮਨੋਵਿਕਾਰਾਂ ਦਾ ਸ਼ਿਕਾਰ ਹੋ ਰਹੇ ਹਨ। ਛੋਟੀ ਕਿਸਾਨੀ ਦਾ ਬੜੀ ਤੇਜ਼ੀ ਨਾਲ ਖ਼ਾਤਮਾ ਹੋ ਰਿਹਾ ਹੈ। ਮਜ਼ਦੂਰ, ਕਿਸਾਨ ਆਤਮ-ਹੱਤਿਆਵਾਂ ਕਰਨ ਲਈ ਮਜਬੂਰ ਹਨ। ਛੋਟੇ ਦੁਕਾਨਦਾਰਾਂ ਅਤੇ ਕਾਰੋਬਾਰੀਆਂ ਦੇ ਕੰਮਾਂ ਨੂੰ ਵੱਡੇ ਬਾਜ਼ਾਰ ਮਾਲਜ਼ ਅਤੇ ਮਲਟੀਪਰਪਜ਼ ਕਾਰੋਬਾਰੀ ਨਿਗਲ ਰਹੇ ਹਨ। ਹੱਕਾਂ-ਹਕੂਕਾਂ ਦੀ ਗੱਲ ਕਰਦੇ ਲੋਕਾਂ ਨੂੰ ਪੁਲਿਸ ਦੇ ਜਬਰ ਨਾਲ ਦਬਾਇਆ ਜਾਂਦਾ ਹੈ। ਕਿਸੇ ਵੀ ਤਰ੍ਹਾਂ ਦੀ ਬੇਇਨਸਾਫ਼ੀ, ਲੁੱਟ-ਖਸੁੱਟ ਜਾਂ ਧਾਂਦਲੀ ਖਿਲਾਫ਼ ਬੋਲਣ/ਖੜ੍ਹੇ ਹੋਣ ਵਾਲਿਆਂ ਨੂੰ ਜਾਂ ਤਾਂ ਕਤਲ ਕਰ ਦਿੱਤਾ ਜਾਂਦਾ ਹੈ ਜਾਂ ਝੂਠੇ ਮੁਕੱਦਮਿਆਂ ਵਿਚ ਉਲਝਾਇਆ ਜਾਂਦਾ ਹੈ। ਸਮਾਜ ਵਿਚ ਲਗਾਤਾਰ ਅਸੰਤੋਸ਼, ਬੇਗਾਨਗੀ ਅਤੇ ਨਿਰਾਸ਼ਾ ਦੀ ਭਾਵਨਾ ਵਧ ਰਹੀ ਹੈ।

ਹਰ ਪੰਜ ਸਾਲ ਬਾਅਦ ਵੋਟਾਂ ਬਟੋਰਨ ਦੀ ਮਨਸ਼ਾ ਨਾਲ ਰਾਜਸੀ ਪਾਰਟੀਆਂ ਵੱਲੋਂ ਆਮ ਲੋਕਾਂ ਨੂੰ ਦਾਲ, ਚੌਲ, ਆਟੇ ਦੇ ਮੁਥਾਜ ਅਤੇ ਸਾਧਨਹੀਣ ਬਣਾ ਦਿੱਤਾ ਗਿਆ ਹੈ। ਵਿਕਾਸ ਦੀ ਆੜ ਵਿਚ ਆਮ ਲੋਕਾਂ ਨੂੰ ਜਲ, ਜ਼ਮੀਨ ਅਤੇ ਜੰਗਲ ਤੋਂ ਵਾਂਝਿਆਂ ਹੀ ਨਹੀਂ ਕੀਤਾ ਜਾ ਰਿਹਾ, ਸਗੋਂ ਬੜੀ ਤੇਜ਼ੀ ਨਾਲ ਧਰਤੀ ਹੇਠਲੇ ਖਣਿਜਾਂ ਅਤੇ ਜੰਗਲਾਂ ਦਾ ਸਫ਼ਾਇਆ ਕਰਕੇ ਵਾਤਾਵਰਣਿਕ ਵਿਗਾੜਾਂ ਦਾ ਵੀ ਮੁੱਢ ਬੰਨ੍ਹ ਦਿੱਤਾ ਗਿਆ ਹੈ।

ਅੱਜ ਸਮਾਜ ਦਾ ਭਲਾ ਚਾਹੁਣ ਵਾਲੀਆਂ ਤਨਜ਼ੀਮਾਂ, ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਨੂੰ ਥੋਥੇ ਵਿਕਾਸ ਦੀ ਆੜ ਹੇਠ ਲੋਕਾਂ ਨੂੰ ਵਰਗਲਾਉਣ ਵਾਲੀਆਂ ਤਾਕਤਾਂ ਦੀ ਸ਼ਨਾਖ਼ਤ ਕਰਨੀ ਚਾਹੀਦੀ ਹੈ। ਆਮ ਜਨ ਸਾਧਾਰਨ ਨੂੰ ਇਸ ਸਾਰੀ ਸਥਿਤੀ ਤੋਂ ਜਾਗਰੂਕ ਕਰਾਉਣ ਲਈ ਵੱਡੇ ਉਪਰਾਲੇ ਕਰਨ ਦੀ ਲੋੜ ਹੈ। ਤੇਜ਼ੀ ਨਾਲ ਬਦਲ ਰਹੇ ਸਮਾਜਿਕ, ਰਾਜਨੀਤਕ, ਸਭਿਆਚਾਰਕ ਅਤੇ ਤਕਨੀਕੀ ਵਰਤਾਰਿਆਂ ਦੀ ਥਾਹ ਪਾਉਣ ਲਈ ਸਾਨੂੰ ਸਮੇਂ ਦੇ ਹਾਣੀ ਬਣਨ ਦੀ ਲੋੜ ਹੈ। ਸਮਾਜ ਦੇ ਵੱਡੇ ਵਰਗ ਨੂੰ ਉਸਾਰੂ ਸਾਹਿਤ ਨਾਲ ਜੋੜਨ ਦੀ ਲੋੜ ਹੈ। ਚੰਗੀਆਂ ਅਖ਼ਬਾਰਾਂ ਜੋ ਮਾਤ ਭਾਸ਼ਾ ਵਿਚ ਛਪਦੀਆਂ ਹਨ ਉਹ ਇਸ ਸਬੰਧੀ ਉਸਾਰੂ ਰੋਲ ਨਿਭਾਅ ਸਕਦੀਆਂ ਹਨ।

# ਵਿਗਿਆਨ ਦੇ ਅੰਬਰਾਂ ਦਾ ਰੌਸ਼ਨ ਸਿਤਾਰਾ ਚਾਰਲਸ ਡਾਰਵਿਨ

ਨਵਗੀਤ

24 ਨਵੰਬਰ, 1859 ਨੂੰ ਇੰਗਲੈਂਡ ਵਿਚ ਇਕ ਕਿਤਾਬ ਪ੍ਰਜਾਤੀਆਂ ਦੀ ਉਤਪਤੀ (The Origin of Species) ਛਪਦੀ ਹੈ ਜਿਸਦੀਆਂ ਪਹਿਲੀ ਛਾਪ ਵਿਚ ਸਿਰਫ਼ 1250 ਕਾਪੀਆਂ ਛਪੀਆਂ, ਪਰ ਇਹ ਸਾਰੀਆਂ ਦੀਆਂ ਸਾਰੀਆਂ ਇਕੋ ਦਿਨ ਵਿਚ ਵਿਕ ਜਾਂਦੀਆਂ ਹਨ। ਇਸ ਥੋੜੀ ਗਿਣਤੀ ਵਿਚ ਛਪੀ ਕਿਤਾਬ ਵਿਚੋਂ ਇਕ ਕਾਪੀ ਫਰੈਂਡਰਿਕ ਏਂਗਲਜ਼ ਕੋਲ਼ ਪਹੁੰਚਦੀ ਹੈ। ਏਂਗਲਜ਼ ਪੜ੍ਹਨ ਤੋਂ ਬਾਅਦ ਜਾਣ ਜਾਂਦੇ ਹਨ ਕਿ ਇਸ ਕਿਤਾਬ ਤੋਂ ਬਾਅਦ ਵਿਗਿਆਨ ਸਦਾ ਲਈ ਬਦਲ ਗਿਆ ਹੈ, ਤਿੰਨ ਹਫ਼ਤਿਆਂ ਬਾਅਦ ਉਹ ਆਪਣੇ ਦੋਸਤ ਕਾਰਲ ਮਾਰਕਸ ਨੂੰ ਲਿਖਦੇ ਹਨ, ਡਾਰਵਿਨ, ਜਿਸ ਨੂੰ ਕਿ ਮੈਂ ਪੜ੍ਹ ਰਿਹਾ ਹਾਂ, ਕਮਾਲ ਹੈ। ਉਦੇਸ਼ਵਾਦ ਦਾ ਇਕ ਪੱਖ ਜਿਹੜਾ ਅਜੇ ਰੱਦ ਕਰਨਾ ਬਾਕੀ ਸੀ, ਹੁਣ ਪੂਰੀ ਤਰ੍ਹਾਂ ਹੂੰਝ ਦਿੱਤਾ ਗਿਆ ਹੈ। ਕੁਦਰਤ ਵਿਚ ਇਤਿਹਾਸਕ ਵਿਗਾਸ ਨੂੰ ਸਿੱਧ ਕਰਨ ਲਈ ਇੰਨੀ ਵੱਡੀ ਕੋਸ਼ਿਸ਼ ਅਤੇ ਨਿਸ਼ਚਿਤ ਤੌਰ 'ਤੇ ਇੰਨੀ ਪ੍ਰਭਾਵਕਾਰੀ ਕੋਸ਼ਿਸ਼ ਪਹਿਲਾਂ ਕਦੇ ਨਹੀਂ ਹੋਈ।' ਇਹ ਸ਼ਬਦ ਦਿਖਾਉਂਦੇ ਹਨ ਕਿ ਇਸ ਕਿਤਾਬ ਨੇ ਕਿੰਨੀ ਮਹਾਨ ਲੱਭਤ ਆਪਣੇ ਅੰਦਰ ਸਮੋਈ ਹੋਵੇਗੀ ਤੇ ਬਿਲਕੁਲ ਸਹੀ ਹੀ ਇਹ ਕਿਤਾਬ ਮਨੁੱਖੀ ਗਿਆਨ ਦੇ ਸ਼ਾਹਰਾਹ ਦਾ ਇਕ ਮੀਲ-ਪੱਥਰ ਨਾ ਹੋ ਕਿ ਮੀਨਾਰ ਸਾਬਿਤ ਹੋਈ। ਇਸ ਕਿਤਾਬ ਦੇ ਲੇਖਕ ਸਨ, ਅੰਗ੍ਰੇਜ਼ ਕੁਦਰਤੀ-ਵਿਗਿਆਨੀ ਚਾਰਲਸ ਡਾਰਵਿਨ ਅਤੇ ਇਹ ਕਿਤਾਬ ਉਨ੍ਹਾਂ ਦੀ ਲਗਭਗ ਤਿੰਨ ਦਹਾਕਿਆਂ ਦੀ ਮਿਹਨਤ ਦਾ ਨਿਚੋੜ ਸੀ। 12 ਫ਼ਰਵਰੀ ਨੂੰ ਚਾਰਲਸ ਡਾਰਵਿਨ ਦਾ ਜਨਮਦਿਨ ਹੈ ਜਿਸਨੂੰ 2009 ਤੋਂ ਬਾਅਦ (ਜਿਸ ਸਾਲ ਉਨ੍ਹਾਂ ਦੇ ਜਨਮ ਦੀ 200 ਵੀਂ ਵਰ੍ਹੇਗੰਢ ਸੀ) ਕੌਮਾਂਤਰੀ ਡਾਰਵਿਨ ਦਿਵਸ ਦੇ ਰੂਪ ਵਿਚ ਮਨਾਇਆ ਜਾਣ ਲੱਗਾ ਹੈ। ਇਹ ਦਿਨ ਸਿਰਫ਼ ਡਾਰਵਿਨ ਦਾ ਜਨਮ ਦਿਨ ਹੀ ਨਹੀਂ ਹੈ, ਇਹ ਮਨੁੱਖ ਦੁਆਰਾ ਵਿਗਿਆਨ ਦੇ ਖੇਤਰ ਵਿਚ ਪੁੱਟੀਆਂ ਲਾਮਿਸਾਲ ਪੁਲਾਂਘਾਂ ਨੂੰ ਯਾਦ ਕਰਨ ਦਾ ਦਿਨ ਹੈ ਅਤੇ ਨਾਲ਼ ਹੀ ਵਿਗਿਆਨ ਦੇ ਅਦੁੱਤੀ ਵਿਕਾਸ ਦੇ ਬਾਵਜੂਦ ਅੱਜ ਅਗਿਆਨਤਾ ਦੇ ਹਨੇਰੇ ਵਿਚ ਜਿਉਂਦੀ ਬਹੁਗਿਣਤੀ ਮਨੁੱਖਤਾ ਕੋਲ਼ ਗਿਆਨ ਦਾ ਚਾਨਣ ਲੈ ਕੇ ਜਾਣ ਲਈ ਵਚਨਬੱਧ ਹੋਣ ਦਾ ਪ੍ਰਣ ਲੈਣ ਦਾ ਵੀ ਦਿਨ ਹੈ।

ਧਰਤੀ ਉੱਤੇ ਜੀਵਨ ਦੀ ਸ਼ੁਰੂਆਤ ਕਿਵੇਂ ਹੋਈ, ਇਹ ਸਵਾਲ ਸ਼ਾਇਦ ਮਨੁੱਖ ਦੇ ਮਨ ਵਿਚ ਉਸ ਸਮੇਂ ਹੀ ਉੱਠ ਖੜ੍ਹਾ ਹੋਇਆ ਹੋਵੇਗਾ ਜਿਸ ਦਿਨ ਉਸਨੂੰ ਖ਼ੁਦ ਦੇ ਜ਼ਿੰਦਾ ਹੋਣ ਦੀ ਚੇਤਨਾ ਹਾਸਲ ਹੋਈ ਹੋਵੇਗੀ। ਪਰ ਜਿਵੇਂ ਕਿ ਕੁਦਰਤ ਦੇ ਬਾਕੀ ਭੇਦਾਂ ਨੂੰ ਖੋਜਣ, ਜਾਣਨ ਦੀ ਰਫ਼ਤਾਰ ਮਨੁੱਖੀ ਇਤਿਹਾਸ ਦੇ ਉਸ ਦੌਰ ਵਿਚ ਆ ਕੇ ਤੇਜ਼ ਹੁੰਦੀ ਹੈ ਜਿਸ ਦੌਰ ਵਿਚ ਮੱਧਯੁਗੀ ਜਗੀਰੂ ਢਾਂਚਾ ਆਪਣੇ ਆਖ਼ਰੀ ਸਾਹ ਗਿਣ ਰਿਹਾ ਸੀ, ਉਸੇ ਤਰ੍ਹਾਂ ਇਸ ਸਵਾਲ ਉੱਤੇ ਵੀ ਡੂੰਘਾ ਤੇ ਵਿਗਿਆਨਕ ਚਿੰਤਨ ਇਸੇ ਦੌਰ ਵਿਚ ਸ਼ੁਰੂ ਹੁੰਦਾ ਹੈ। ਜਗੀਰਦਾਰੀ ਦੌਰ ਦੇ ਖ਼ਤਮ ਹੋਣ ਤੱਕ ਮਨੁੱਖੀ ਇਤਿਹਾਸ ਦੇ ਵਿਕਾਸ ਦੀ ਗਤੀ ਇੰਨੀ ਧੀਮੀ ਸੀ ਕਿ ਸਭ ਕੁਝ ਰੁਕਿਆ ਲੱਗਦਾ ਸੀ, ਇਸੇ ਦਾ ਪ੍ਰਗਟਾਵਾ ਮਨੁੱਖੀ ਚੇਤਨਾ ਵਿਚ ਵੀ ਹੁੰਦਾ ਹੈ। ਮਨੁੱਖ ਦਾ ਕੁਦਰਤ ਬਾਰੇ ਅਤੇ ਖ਼ੁਦ ਨੂੰ ਜਾਣਨ ਦਾ ਨਜ਼ਰੀਆ ਧਾਰਮਕ ਨਜ਼ਰੀਆ ਸੀ ਜੋ ਕਿ ਇਸ ਕਾਲ ਵਿਚ ਕਿਸੇ ਵੀ ਵਰਤਾਰੇ ਨੂੰ ਸਮਝਣ ਲਈ ਚੌਖਟਾ ਮੁਹੱਈਆ ਕਰਵਾਉਂਦਾ ਸੀ। ਧਰਤੀ ਉੱਤੇ ਜੀਵਨ ਦੀ ਉਤਪਤੀ ਸਬੰਧੀ ਮਨੁੱਖ ਦੇ ਸੰਕਲਪ ਇਸੇ ਚੌਖਟੇ ਅਧੀਨ ਸਨ ਜਿਸ ਅਨੁਸਾਰ ਧਰਤੀ ਉੱਤੇ ਜੋ ਕੁਝ ਵੀ ਮੌਜੂਦ ਹੈ ਉਹ ਆਦਿ ਕਾਲ ਤੋਂ ਅਬਦਲ ਹੈ, ਸਭ ਕੁਝ ਜਿਵੇਂ ਪੈਦਾ ਹੋਇਆ, ਉਵੇਂ ਦੀ ਉਵੇਂ ਅੱਗੇ ਚੱਲਦਾ ਆਇਆ ਹੈ ਅਤੇ ਚੱਲਦਾ ਜਾਵੇਗਾ, ਜੇ ਕੋਈ ਬਦਲਾਅ ਦਿਖਦਾ ਹੈ ਤਾਂ ਇਕ ਨੇਮ ਨਹੀਂ ਸਗੋਂ ਛੋਟ ਵਜੋਂ ਹੈ ਤੇ ਛਿਣਾਂ ਦਾ ਪ੍ਰਾਹੁਣਾ ਹੈ, ਧਰਤੀ ਉੱਤੇ ਜੀਵਨ ਵੀ ਇਸ ਤੋਂ ਅਲੱਗ ਨਹੀਂ ਹੈ। ਇਸ ਵਿਚਾਰ ਨੂੰ ਫਲਸਫ਼ੇ ਦੀ ਭਾਸ਼ਾ ਵਿਚ ਸਾਰਤੱਤਵਾਦ (Essentialism) ਕਹਿੰਦੇ ਹਨ। ਇਸ ਸਮਝ ਦਾ ਦੂਸਰਾ ਬਿੰਦੂ ਇਹ ਸੀ ਕਿ ਸਭ ਕੁਝ ਪਿੱਛੇ ਇਕ ਰੱਬੀ ਉਦੇਸ਼ ਹੈ, ਉਸਨੇ ਕਿਸੇ ਦੈਵੀ ਮਕਸਦ ਲਈ ਸਭ ਲੀਲਾ ਰਚਾਈ ਹੈ ਜਿਸਨੂੰ ਜਾਣਨਾ ਨਾ ਤਾਂ ਮਨੁੱਖ ਲਈ ਸੰਭਵ ਹੈ ਤੇ ਨਾ ਹੀ ਮਨੁੱਖ ਦਾ ਕੰਮ ਹੈ। ਫਲਸਫ਼ੇ ਦੀ ਭਾਸ਼ਾ ਵਿਚ ਇਸਨੂੰ ਉਦੇਸ਼ਵਾਦ (Teleology) ਕਹਿੰਦੇ ਹਨ। ਕੁੱਲ ਮਿਲ਼ਾ ਕੇ ਜੀਵਨ ਦੀ ਉਤਪਤੀ ਸਬੰਧੀ ਮਨੁੱਖ ਦੀ ਸਮਝ ਸਾਰਤੱਤਵਾਦ ਤੇ ਉਦੇਸ਼ਵਾਦ ਦਾ ਮਿਸ਼ਰਣ ਸੀ ਜਿਸ ਅਨੁਸਾਰ ਰੱਬ ਨੇ ਇਹ ਦੁਨੀਆ (ਤੇ ਬ੍ਰਹਿਮੰਡ) ਕਿਸੇ ਉਦੇਸ਼ ਅਧੀਨ ਆਪਣੀ ਇੱਛਾ ਅਨੁਸਾਰ ਉਪਜਾਈ ਹੈ ਤੇ ਇਹ ਅਬਦਲ ਹੈ। ਅਸਲ ਵਿਚ ਇਹ ਨਜ਼ਰੀਆ ਜਗੀਰੂ ਯੁੱਗ ਵਿਚ ਹਕੂਮਤ ਕਰ ਰਹੀਆਂ ਰਾਜਾਸ਼ਾਹੀਆਂ ਤੇ ਜਗੀਰਦਾਰਾਂ ਦੀ ਸੱਤ੍ਹਾ ਲਈ ਇਕ ਵਾਜਬੀਅਤ (ਲੋਕਾਈ ਦੁਆਰਾ ਹਕੂਮਤ ਕਰਨ ਲਈ ਸਹਿਮਤੀ ਦੇਣਾ) ਹਾਸਲ ਕਰਨ, ਉਸ ਢਾਂਚੇ ਦੇ ਸਦੀਵੀ ਹੋਣ ਦੇ ਵਿਚਾਰ ਨੂੰ ਲੋਕ-ਮਾਨਸਿਕਤਾ ਦਾ ਹਿੱਸਾ ਬਣਾਉਣ ਦੀ ਵਿਚਾਰਧਾਰਾ ਸੀ, ਜਦੋਂ ਜਗੀਰੂ ਢਾਂਚੇ ਅੰਦਰ ਮਨੁੱਖੀ ਵਿਕਾਸ ਦੀ ਅਗਲੀ ਮੰਜ਼ਿਲ ਸਰਮਾਏਦਾਰੀ ਦੇ ਅੰਸ਼ ਪਨਪਣ ਲੱਗੇ ਤਾਂ ਇਸ ਨਜ਼ਰੀਏ ਦਾ ਵਿਰੋਧ ਹੋਣਾ ਸ਼ੁਰੂ ਹੋਇਆ। ਸਰਮਾਏਦਾਰੀ ਲਈ ਜਿੱਥੇ ਇਕ ਪਾਸੇ ਪੈਦਾਵਾਰ ਦੇ ਖੇਤਰ ਵਿਚ ਖੜੋਤ ਮੌਤ ਬਰਾਬਰ ਹੈ, ਜਿਸ ਕਰਕੇ ਤਕਨੀਕੀ ਵਿਕਾਸ ਨੂੰ ਤੇ ਸਿੱਟੇ ਵਜੋਂ ਵਿਗਿਆਨ ਦੇ ਵਿਕਾਸ ਨੂੰ ਹੁਲਾਰਾ ਮਿਲ਼ਿਆ, ਉੱਥੇ ਹੀ ਫਲਸਫ਼ੇ ਤੇ ਵਿਚਾਰਧਾਰਾ ਦੇ ਖੇਤਰ ਵਿਚ ਵੀ ਸਰਮਾਏਦਾਰੀ ਨੇ ਜਗੀਰੂ ਢਾਂਚੇ ਦੇ ਵਿਚਾਰਾਂ ਨੂੰ ਟੱਕਰ ਦੇਣੀ ਸ਼ੁਰੂ ਕੀਤੀ।

ਵਿਗਿਆਨ ਦੇ ਵਿਕਾਸ ਨੇ ਨਵੇਂ ਫਲਸਫ਼ੇ ਤੇ ਵਿਚਾਰਧਾਰਾ ਨੂੰ ਕੁਦਰਤ ਦੇ ਭੇਤ ਖੋਲਦੇ ਤੱਥ ਤੇ ਪ੍ਰਮਾਣ ਮੁਹੱਈਆ ਕਰਵਾਏ ਅਤੇ ਮੋੜਵੇਂ ਰੂਪ ਵਿਚ ਫਲਸਫ਼ੇ ਤੇ ਵਿਚਾਰਧਾਰਾ ਨੇ ਵਿਗਿਆਨ ਨੂੰ ਸੋਚਣ ਦਾ ਚੌਖਟਾ ਪ੍ਰਦਾਨ ਕੀਤਾ, ਨਵੇਂ-ਨਵੇਂ ਸਵਾਲਾਂ ਉੱਤੇ ਸੋਚਣ, ਛਾਣਬੀਣ ਕਰਨ ਦੀ ਪ੍ਰੇਰਨਾ ਦਿੱਤੀ। ਫਿਰ ਜਦੋਂ ਸਾਰਤੱਤਵਾਦ ਤੇ ਉਦੇਸ਼ਵਾਦ ਜਿਹੇ ਮੱਧਯੁਗੀ ਵਿਚਾਰਾਂ ਉੱਤੇ ਸਵਾਲ ਉੱਠੇ ਤਾਂ ਸੁਭਾਵਕ ਸੀ ਕਿ ਧਰਤੀ, ਤਾਰਿਆਂ ਭਾਵ ਬ੍ਰਹਿਮੰਡ ਦੀ ਉਤਪਤੀ, ਜੀਵਨ ਦੀ ਉਤਪਤੀ ਤੇ ਮਨੁੱਖੀ ਸਮਾਜ ਦੇ ਵਿਕਾਸ ਦੇ ਸਵਾਲ ਵਿਗਿਆਨ ਸਾਹਮਣੇ ਆਉਣੇ ਹੀ ਸਨ। ਜਰਮਨੀ ਦੇ ਫ਼ਿਲਾਸਫਰ ਇਮਾਨੁਲ ਕਾਂਤ ਨੇ ਤਾਰਿਆਂ ਦੀ ਉਤਪਤੀ ਤੇ ਵਿਨਾਸ਼ ਹੋਣ ਦਾ ਸਿਧਾਂਤ ਪੇਸ਼ ਕਰਕੇ ਬ੍ਰਹਿਮੰਡ ਦੇ ਸਦਾ ਸਥਾਈ ਹੋਣ ਦੇ ਵਿਚਾਰ ਦਾ ਅੰਤ ਕਰ ਦਿੱਤਾ। ਇਸੇ ਤਰ੍ਹਾਂ 17-18ਵੀਂ ਸਦੀ ਦੌਰਾਨ ਦਿਦਰੋ, ਬੁਫੋਂ ਤੇ ਹੋਰ ਕਈ ਫਿਲਾਸਫਰਾਂ, ਲੇਖਕਾਂ ਨੇ ਧਰਤੀ ਉੱਤੇ ਜੀਵਨ ਦੇ ਵਿਕਾਸ ਨੂੰ ਲੈ ਕੇ ਸਿਧਾਂਤ ਤੇ ਵਿਚਾਰ ਪੇਸ਼ ਕੀਤੇ ਜਿਨ੍ਹਾਂ ਦਾ ਤੱਤ ਰੂਪ ਇਹ ਸੀ ਕਿ ਧਰਤੀ ਉਤਲਾ ਜੀਵਨ ਸਦਾ ਅਬਦਲ ਨਹੀਂ ਰਿਹਾ, ਸਗੋਂ ਇਹ ਬਦਲਦਾ ਆਇਆ ਹੈ ਤੇ ਅੱਗੇ ਵੀ ਬਦਲੇਗਾ। ਇਸ ਦਾ ਸਿੱਧਾ ਅਰਥ ਇਹ ਸੀ ਕਿ ਜਗੀਰੂ ਢਾਂਚੇ ਦੀ ਸਦੀਵਤਾ ਦਾ ਵਿਚਾਰ ਮਿੱਥ ਹੈ, ਇਹ ਢਾਂਚਾ ਜਾਵੇਗਾ ਤੇ ਨਵਾਂ ਆਵੇਗਾ। ਪਰ ਇਨ੍ਹਾਂ ਫਿਲਾਸਫਰਾਂ ਦੇ ਸਿਧਾਂਤ ਤੱਥਾਂ ਉੱਤੇ, ਕੁਦਰਤ ਦੀ ਡੂੰਘੀ ਛਾਣਬੀਣ ਉੱਤੇ ਅਧਾਰਤ ਨਹੀਂ ਸਨ। ਜੀਵਾਂ ਦੇ ਵਿਗਸਣ ਦੇ ਸਿਧਾਂਤ ਨੂੰ ਤੱਥਾਂ ਦੀ ਬੁਨਿਆਦ ਉੱਤੇ ਟਿਕਾਉਣ ਦਾ ਕੰਮ ਸਭ ਤੋਂ ਪਹਿਲਾਂ ਫਰਾਂਸੀਸੀ ਕੁਦਰਤੀ-ਵਿਗਿਆਨੀ ਜਾਂ-ਬਿਪਤਿਸਤ ਲੈਮਾਰਕ ਨੇ ਕੀਤਾ। ਉਸਨੇ ਜਿਰਾਫ਼ ਦੀ ਗਰਦਨ ਕ੍ਰਮਵਾਰ ਲੰਬੀ ਹੁੰਦੀ ਜਾਣ ਦੇ ਪ੍ਰਮਾਣ ਇਕੱਠੇ ਕੀਤੇ, ਉਸ ਨੇ ਦਿਖਾਇਆ ਕਿ ਹਨੇਰੀਆਂ ਥਾਵਾਂ ਵਿਚ ਰਹਿਣ ਵਾਲੀਆਂ ਮੱਛੀਆਂ ਦੀ ਨਜ਼ਰ ਖਤਮ ਹੋ ਗਈ। ਇਸ ਤਰ੍ਹਾਂ ਦੇ ਹੀ ਹੋਰ ਕਈ ਪ੍ਰਮਾਣਾਂ ਦੇ ਆਧਾਰ ਉੱਤੇ ਲੈਮਾਰਕ ਨੇ ਇਹ ਸਿਧਾਂਤ ਪੇਸ਼ ਕੀਤਾ ਕਿ ਚੌਗਿਰਦੇ ਦੀਆਂ ਹਾਲਤਾਂ ਜੀਵਾਂ ਨੂੰ ਬਦਲਣ, ਵਧੇਰੇ ਅਨੁਕੂਲ ਹੁੰਦੇ ਜਾਣ ਲਈ ਮਜਬੂਰ ਕਰਦੀਆਂ ਹਨ। ਇਸ ਪ੍ਰਕਿਰਿਆ ਦੌਰਾਨ ਹੀ ਜੀਵਾਂ ਦੀਆਂ ਪਹਿਲੋਂ ਮੌਜੂਦ ਪ੍ਰਜਾਤੀਆਂ ਵਿਚੋਂ ਨਵੀਆਂ ਪ੍ਰਜਾਤੀਆਂ ਪੈਦਾ ਹੁੰਦੀਆਂ ਹਨ ਅਤੇ ਇਸੇ ਪ੍ਰਕਿਰਿਆ ਦੇ ਸਿੱਟੇ ਵਜੋਂ ਹੀ ਘੱਟ ਗੁੰਝਲ਼ਦਾਰ ਬਣਤਰ ਵਾਲ਼ੇ ਜੀਵਾਂ ਤੋਂ ਵਧੇਰੇ ਗੁੰਝਲ਼ਦਾਰ ਬਣਤਰ ਵਾਲ਼ੇ ਜੀਵ ਵਿਗਸ ਦੇ ਗਏ। ਉਸ ਦੇ ਵਿਚਾਰਾਂ ਨੇ ਧਰਤੀ ਉਤਲੇ ਜੀਵਨ ਦੇ ਸਦਾ ਅਬਦਲ ਰਹਿਣ ਦੇ ਵਿਚਾਰ ਨੂੰ ਸੱਟ ਮਾਰੀ। ਸੁਭਾਵਕ ਸੀ ਕਿ ਲੈਮਾਰਕ ਦੇ ਇਹ ਵਿਚਾਰ ਆਪਣੇ ਸਮੇਂ ਦੀ ਇਨਕਲਾਬੀ ਜਮਾਤ, ਸਰਮਾਏਦਾਰ ਜਮਾਤ ਲਈ ਬੇਸ਼ਕੀਮਤੀ ਸਨ ਕਿਉਂਕਿ ਉਸ ਦੇ ਵਿਚਾਰਾਂ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਸੀ ਕਿ ਜੇ ਧਰਤੀ ਉਤਲਾ ਜੀਵਨ ਅਬਦਲ ਨਹੀਂ ਹੈ ਤਾਂ ਜਗੀਰੂ ਢਾਂਚਾ ਵੀ ਅਬਦਲ ਨਹੀਂ ਹੈ। 1789 ਦੇ ਫਰਾਂਸੀਸੀ ਇਨਕਲਾਬ ਤੋਂ ਤੁਰੰਤ ਬਾਅਦ ਲੈਮਾਰਕ ਨੂੰ ਵਿਗਿਆਨ ਨਾਲ਼ ਜੁੜੇ ਅਹਿਮ ਅਹੁਦਿਆਂ ਉੱਤੇ ਨਿਯੁਕਤ ਕੀਤਾ ਗਿਆ। ਲੈਮਾਰਕ ਦੇ ਸਿਧਾਂਤ ਵਿਚ ਕਈ ਘਾਟਾਂ, ਅਣ-ਵਿਆਖਿਅਤ ਗੱਲਾਂ ਸਨ ਜੋ ਕਿ ਉਸ ਸਮੇਂ ਸੁਭਾਵਕ ਹੀ ਸੀ ਜਿਸ ਕਰਕੇ ਵਿਗਿਆਨੀਆਂ ਵੱਲੋਂ ਉਸ ਦੇ ਸਿਧਾਂਤ ਨੂੰ ਬਹੁਤੀ ਮਾਨਤਾ ਨਹੀਂ ਮਿਲ਼ੀ, ਪਰ ਉਸ ਦੇ ਵਿਚਾਰਾਂ ਨੇ ਯੂਰਪ ਦੇ ਰੈਡੀਕਲ ਤੱਤਾਂ, ਸਮਾਜਵਾਦੀ ਦਾਇਰਿਆਂ ਅੰਦਰ ਚੋਖੀ ਜਗ੍ਹਾ ਬਣਾ ਲਈ ਸੀ, ਉਸ ਦੇ ਵਿਚਾਰ ਰਾਜਸੱਤ੍ਹਾਵਾਂ ਤੇ ਧਰਮਾਂ ਦੇ ਗੈਰ-ਜਮਹੂਰੀ ਖਾਸੇ ਦੀ ਆਲੋਚਨਾ ਦਾ ਆਧਾਰ ਬਣਨ ਲੱਗੇ।

ਬਿਲਕੁਲ ਇਸੇ ਸਮੇਂ ਹੀ ਡਾਰਵਿਨ ਦਾ ਜਨਮ ਹੁੰਦਾ ਹੈ। 1809 ਵਿਚ ਜਨਮੇ ਡਾਰਵਿਨ ਜਦੋਂ ਵਿਗਿਆਨ ਦੇ ਖੇਤਰ ਵਿਚ ਦਾਖ਼ਲ ਹੁੰਦੇ ਹਨ ਤਾਂ ਯੂਰਪ ਵਿਚ ਸਰਮਾਏਦਾਰੀ ਆਪਣੇ ਪੈਰ ਪੱਕੇ ਕਰ ਰਹੀ ਸੀ, ਦੂਜੇ ਪਾਸੇ ਸਰਮਾਏਦਾਰ ਜਮਾਤ ਵੱਲੋਂ ਬਰਾਬਰੀ, ਆਜ਼ਾਦੀ ਤੇ ਭਾਈਚਾਰੇ ਅਧਾਰਤ ਸਮਾਜ ਕਾਇਮ ਕਰਨ ਦੇ ਵਾਅਦੇ ਤੋਂ ਫ਼ਿਰ ਜਾਣ ਦੇ ਇਤਿਹਾਸਕ ਛਲ-ਕਪਟ ਦੇ ਵਿਰੋਧ ਵਿਚ ਮਜ਼ਦੂਰ ਜਮਾਤ ਤੇ ਦੂਜੀਆਂ ਦੱਬੀਆਂ-ਕੁਚਲੀਆਂ ਜਮਾਤਾਂ ਰੈਡੀਕਲ ਘੋਲ਼ ਖੜ੍ਹੇ ਕਰ ਰਹੀਆਂ ਸਨ। ਡਾਰਵਿਨ ਨੂੰ ਪਹਿਲਾਂ ਪਾਦਰੀ ਬਣਨ ਲਈ ਕਾਲਜ ਭੇਜਿਆ ਜਾਂਦਾ ਹੈ ਪਰ ਉਸ ਦੀ ਦਿਲਚਸਪੀ ਦਾ ਖੇਤਰ ਕੁਦਰਤੀ ਵਿਗਿਆਨ ਸਨ। ਪਾਦਰੀ ਬਣਨ ਦੀ ਪੜ੍ਹਾਈ ਦੌਰਾਨ ਉਸ ਦੇ ਇਕ ਪ੍ਰੋਫੈਸਰ ਦੀ ਨਿਗਾਹ ਉਸ ਦੀ ਦਿਲਚਸਪੀ ਨੂੰ ਪਛਾਣ ਲੈਂਦੀ ਹੈ ਅਤੇ ਉਹ ਪ੍ਰੋਫੈਸਰ ਡਾਰਵਿਨ ਦੀ ਮਸ਼ਹੂਰ ਸਮੁੰਦਰੀ ਯਾਤਰਾ ਦਾ ਪ੍ਰੇਰਨਾ ਸਰੋਤ ਬਣਦਾ ਹੈ ਤੇ ਯਾਤਰਾ ਲਈ ਬੀਗਲ ਜ਼ਹਾਜ ਦੇ ਕੈਪਟਨ ਤੱਕ ਸਿਫਾਰਸ਼ ਕਰਦਾ ਹੈ। ਦਸੰਬਰ, 1831 ਵਿਚ ਡਾਰਵਿਨ ਆਪਣੀ ਪੰਜ ਸਾਲ ਲੰਬੀ ਯਾਤਰਾ ਲਈ ਰਵਾਨਾ ਹੁੰਦੇ ਹਨ। ਇਨ੍ਹਾਂ ਪੰਜ ਸਾਲਾਂ ਵਿਚ ਉਹ ਵੱਖ-ਵੱਖ ਥਾਵਾਂ ਦੇ ਜੀਵਾਂ ਦੀ ਛਾਣਬੀਣ ਕਰਕੇ ਤੱਥਾਂ ਦਾ ਵਿਸ਼ਾਲ ਖਜ਼ਾਨਾ ਜਮ੍ਹਾ ਕਰ ਲੈਂਦੇ ਹਨ। ਯਾਤਰਾ ਤੋਂ ਵਾਪਸ ਆ ਕੇ ਉਹ ਆਪਣੇ ਪੁਸ਼ਤੈਨੀ ਘਰ ਜਾ ਕੇ ਆਪਣਾ ਅਧਿਐਨ ਜਾਰੀ ਰੱਖਦੇ ਹਨ। ਆਪਣੇ ਅਧਿਐਨ ਲਈ ਪੰਛੀਆਂ ਤੇ ਹੋਰ ਜੀਵਾਂ ਨੂੰ ਪਾਲ਼ਦੇ ਦੇ ਹਨ, ਕਿੰਨੇ ਜਾਨਵਰਾਂ ਦੀ ਡਾਈਸ਼ੈਕਸ਼ਨ ਕਰਦੇ ਹਨ, ਪਸ਼ੂ ਪਾਲਣ ਵਿਚ ਲੱਗੇ ਲੋਕਾਂ ਦੁਆਰਾ ਦੁਧਾਰੂ ਪਸ਼ੂਆਂ ਦੀ ਨਸਲ ਸੁਧਾਰਨ ਦੀ ਪ੍ਰਕਿਰਿਆ ਨੂੰ ਬਾਰੀਕੀ ਵਿਚ ਦੇਖਦੇ ਹਨ। 1844 ਤੱਕ ਡਾਰਵਿਨ ਇਸ ਨਤੀਜੇ ਉੱਤੇ ਪਹੁੰਚ ਜਾਂਦੇ ਹਨ ਕਿ ਧਰਤੀ ਉੱਤੇ ਜੀਵਾਂ ਦਾ ਵਿਗਾਸ ਹੋਇਆ ਹੈ, ਇਕ ਸੈੱਲ ਵਾਲ਼ੇ ਸਰਲ ਜੀਵ ਤੋਂ ਹੀ ਹੁਣ ਤੱਕ ਦੇ ਸਭ ਤੋਂ ਗੁੰਝਲ਼ਦਾਰ ਜੀਵ ਮਨੁੱਖ ਤੱਕ ਦਾ ਵਿਗਾਸ ਹੋਇਆ ਹੈ। ਲੈਮਾਰਕ ਦੇ ਸਿਧਾਂਤ ਦੀਆਂ ਕਮਜ਼ੋਰੀਆਂ ਨੂੰ ਡਾਰਵਿਨ ਆਪਣੇ ਕੁਦਰਤੀ ਚੋਣ (Natural Selection) ਅਤੇ ਯੋਗਤਮ ਦੇ ਬਚਣ (Survival of Fittest) ਦੇ ਸਿਧਾਂਤ ਰਾਹੀਂ ਦੂਰ ਕਰਦੇ ਹਨ ਅਤੇ ਪਹਿਲੀ ਵਾਰ ਜੀਵ-ਵਿਗਾਸ ਨੂੰ ਇਕ ਮੁਕੰਮਲ ਵਿਗਿਆਨ ਦਾ ਦਰਜਾ ਦਵਾ ਦਿੰਦੇ ਹਨ। ਪਰ 1844 ਦਾ ਯੂਰਪ ਉਸ ਸਿਆਸੀ ਉਥਲ-ਪੁਥਲ ਵਾਲ਼ਾ ਯੂਰਪ ਸੀ ਜਿਹੜੀ 1848 ਦੇ ਇਨਕਲਾਬਾਂ ਵਿਚ ਫੁੱਟ ਪੈਂਦੀ ਹੈ। ਸਰਮਾਏਦਾਰ ਜਮਾਤ ਜਗੀਰਦਾਰੀ ਨਾਲ਼ ਸਮਝੌਤਾ ਕਰਕੇ ਇਨਕਲਾਬਾਂ ਨੂੰ ਖ਼ੂਨ ਵਿਚ ਡੁਬੋ ਦਿੰਦੀ ਹੈ। ਸਰਮਾਏਦਾਰ ਜਮਾਤ ਜਿਹੜੀ ਪਹਿਲਾਂ

ਵਿਗਿਆਨ ਦੇ ਵਿਕਾਸ ਨੇ ਨਵੇਂ ਫਲਸਫ਼ੇ ਤੇ ਵਿਚਾਰਧਾਰਾ ਨੂੰ ਕੁਦਰਤ ਦੇ ਭੇਤ ਖੋਲਦੇ ਤੱਥ ਤੇ ਪ੍ਰਮਾਨ ਮੁਹੱਈਆ ਕਰਵਾਏ ਅਤੇ ਮੋੜਵੇਂ ਰੂਪ ਵਿਚ ਫਲਸਫ਼ੇ ਤੇ ਵਿਚਾਰਧਾਰਾ ਨੇ ਵਿਗਿਆਨ ਨੂੰ ਸੋਚਣ ਦਾ ਚੌਖਟਾ ਪ੍ਰਦਾਨ ਕੀਤਾ, ਨਵੇਂ-ਨਵੇਂ ਸਵਾਲਾਂ ਉੱਤੇ ਸੋਚਣ, ਛਾਣਬੀਨ ਕਰਨ ਦੀ ਪ੍ਰੇਰਨਾ ਦਿੱਤੀ। ਫਿਰ ਜਦੋਂ ਸਾਰਤੱਤਵਾਦ ਤੇ ਉਦੇਸ਼ਵਾਦ ਜਿਹੇ ਮੱਧਯੁਗੀ ਵਿਚਾਰਾਂ ਉੱਤੇ ਸਵਾਲ ਉੱਠੇ ਤਾਂ ਸੁਭਾਵਕ ਸੀ ਕਿ ਧਰਤੀ, ਤਾਰਿਆਂ ਭਾਵ ਬ੍ਰਹਿਮੰਡ ਦੀ ਉਤਪਤੀ, ਜੀਵਨ ਦੀ ਉਤਪਤੀ ਤੇ ਮਨੁੱਖੀ ਸਮਾਜ ਦੇ ਵਿਕਾਸ ਦੇ ਸਵਾਲ ਵਿਗਿਆਨ ਸਾਹਮਣੇ ਆਉਣੇ ਹੀ ਸਨ।



ਧਰਤੀ ਉੱਤੇ ਜੀਵਨ ਦੇ ਲਗਾਤਾਰ ਬਦਲਦੇ ਜਾਣ ਦੇ ਵਿਚਾਰ ਦੀ ਹਾਮੀ ਸੀ, ਹੁਣ ਅਜਿਹੇ ਵਿਚਾਰਾਂ ਦੀ ਕੱਟੜ ਵਿਰੋਧੀ ਬਣ ਚੁੱਕੀ ਸੀ ਕਿਉਂਕਿ ਜੀਵਨ ਦੇ ਲਗਾਤਾਰ ਬਦਲਣ ਦਾ ਅਰਥ ਸਰਮਾਏਦਾਰੀ ਦੇ ਵੀ ਖ਼ਤਮ ਹੋਣ ਵਿਚ ਨਿੱਕਲ਼ਦਾ ਹੈ ਜੋ ਕਿ ਹੁਣ ਉਸ ਲਈ ਮੌਤ ਦੀ ਘੰਟੀ ਸੀ। ਇਸ ਪੂਰੇ ਕਾਲ ਦੌਰਾਨ ਕੋਈ ਵੀ ਅਜਿਹਾ ਸਿਧਾਂਤ (ਉਸ ਤੋਂ ਬਾਅਦ ਹੁਣ ਤੱਕ ਸਰਮਾਏਦਾਰੀ ਦਾ ਇਹੀ ਪੈਂਤੜਾ ਹੈ) ਜਿਹੜਾ ਜੀਵਨ ਦੇ ਲਗਾਤਾਰ ਬਦਲਦੇ ਜਾਣ ਦੀ ਗੱਲ ਕਰਦਾ ਹੈ, ਇਕਦਮ ਰੈਡੀਕਲ, ਸਮਾਜਵਾਦੀ ਐਲਾਨੇ ਜਾਣ ਦਾ ਖਤਰਾ ਸਹੇੜੇ ਬਿਨਾਂ ਪੇਸ਼ ਨਹੀਂ ਕੀਤਾ ਜਾ ਸਕਦਾ ਸੀ, ਸਿੱਟੇ ਵਜੋਂ ਡਾਰਵਿਨ ਇਹ ਖਤਰਾ ਉਠਾਉਣਾ ਸਹੀ ਨਾ ਸਮਝ ਕੇ ਇੰਤਜ਼ਾਰ ਕਰਨਾ ਬਿਹਤਰ ਸਮਝਿਆ। ਸ਼ਾਇਦ ਡਾਰਵਿਨ ਆਪਣੇ ਜਿਉਂਦੇ ਜੀ ਆਪਣਾ ਪੂਰਾ ਸਿਧਾਂਤ ਕਦੇ ਵੀ ਨਾ ਛਪਾਉਂਦੇ, ਜੇ 1859 ਵਿਚ ਇਕ ਨੌਜਵਾਨ ਵਿਗਿਆਨੀ ਅਲਫਰੈੱਡ ਵੈਲੇਸ ਦਾ ਖੋਜ-ਪੱਤਰ ਉਨ੍ਹਾਂ ਨੂੰ ਨਾ ਮਿਲ਼ਦਾ ਜਿਸ ਵਿਚ ਉਹ ਬਿਲਕੁਲ ਉਨ੍ਹਾਂ ਹੀ ਸਿੱਟਿਆਂ ਉੱਤੇ ਪਹੁੰਚਿਆ ਸੀ ਜਿਹਨਾਂ ਉੱਤੇ ਡਾਰਵਿਨ 15 ਸਾਲ ਪਹਿਲਾਂ ਹੀ ਪਹੁੰਚ ਚੁੱਕੇ ਸਨ। ਆਪਣੇ ਦੋਸਤਾਂ ਦੇ ਕਹਿਣ ਉੱਤੇ ਡਾਰਵਿਨ ਨੇ ਪ੍ਰਜਾਤੀਆਂ ਦੀ ਉਤਪਤੀ ਕਿਤਾਬ ਲਿਖੀ ਅਤੇ ਜੀਵ-ਵਿਗਾਸ ਦੇ ਸਿਧਾਂਤ ਬਾਰੇ ਡਾਰਵਿਨ ਤੇ ਵੈਲੇਸ ਨੇ ਸਾਂਝੇ ਤੌਰ 'ਤੇ ਖੋਜ-ਪੱਤਰ ਪੜ੍ਹਿਆ।

ਡਾਰਵਿਨ ਦੀ ਕਿਤਾਬ ਆਉਣ ਸਾਰ ਤਰਥੱਲੀ ਮੱਚ ਗਈ। ਮਨੁੱਖੀ ਸਮਾਜ ਦੇ ਬਿਹਤਰ ਭਵਿੱਖ ਤੇ ਹੋਰ ਵਿਕਸਤ ਹੁੰਦੇ ਹੋਏ ਅਗਲੀਆਂ ਮੰਜਿਲਾਂ ਵੱਲ ਵਧਣ ਦੇ ਪੱਖੀਆਂ ਨੇ ਡਾਰਵਿਨ ਦੀਆਂ ਖੋਜਾਂ ਦਾ ਖੁੱਲ੍ਹੇ ਦਿਲ ਨਾਲ਼ ਸਵਾਗਤ ਕੀਤਾ ਪਰ ਪਿਛਾਖੜੀ ਤਾਕਤਾਂ ਨੇ ਡਾਰਵਿਨ ਦੇ ਸਿਧਾਂਤ ਉੱਤੇ ਜ਼ੋਰਦਾਰ ਹਮਲੇ ਸ਼ੁਰੂ ਕੀਤੇ। ਧਰਮ-ਵਿਰੋਧੀ ਹੋਣ, ਨਾਸਤਿਕ ਹੋਣ, ਸਮਾਜਵਾਦੀ ਹੋਣ ਜਿਹੇ ਕਿੰਨੇ ਹੀ ਦੋਸ਼ ਡਾਰਵਿਨ ਉੱਤੇ ਲੱਗੇ, ਪਾਦਰੀਆਂ ਨੇ ਫਤਵੇ ਜਾਰੀ ਕੀਤੇ ਪਰ ਧਰਮ ਦੀ ਧਾਰ ਹੁਣ ਇੰਨੀ ਤਿੱਖੀ ਨਹੀਂ ਰਹੀ ਸੀ ਕਿ ਉਹ ਤੱਥਾਂ ਅਧਾਰਤ ਸਿਧਾਂਤ ਨੂੰ ਨਕਾਰਨ ਲਈ ਵਿਗਿਆਨੀਆਂ ਨੂੰ ਫਤਵੇ ਸੁਣਾ ਸਕੇ। ਵਿਗਿਆਨਕ ਹਲਕਿਆਂ ਵਿਚ ਡਾਰਵਿਨ ਦੇ ਸਿਧਾਂਤ ਨੂੰ ਮਾਨਤਾ ਮਿਲਣ ਲੱਗੀ ਕਿਉਂਕਿ ਜੀਵ-ਵਿਗਾਸ ਦਾ ਸਿਧਾਂਤ ਹੁਣ ਅੰਦਾਜ਼ਿਆਂ ਉੱਤੇ ਨਹੀਂ, ਸਗੋਂ ਠੋਸ ਤੱਥਾਂ ਤੇ ਤਰਕਾਂ ਉੱਤੇ ਟਿਕ ਚੁੱਕਾ ਸੀ।

ਲੈਮਾਰਕ ਦੇ ਸਿਧਾਂਤ ਵਿਚ ਵੀ ਉਦੇਸ਼ਵਾਦ, ਰਹੱਸਵਾਦ ਦੇ ਤੱਤ ਮੌਜੂਦ ਸਨ ਕਿਉਂਕਿ ਲੈਮਾਰਕ ਦੇ ਹੱਥਾਂ ਵਿਚ ਜਿਰਾਫ਼ ਦੀ ਮਿਸਾਲ ਇਹ ਦਰਸਾਉਂਦੀ ਹੈ ਕਿ ਉੱਚੇ ਰੁੱਖਾਂ ਦੇ ਪੱਤੇ ਖਾਣ ਲਈ (ਉਦੇਸ਼) ਜਿਰਾਫ਼ ਦੀ ਗਰਦਨ ਲੰਬੀ ਹੋਈ ਤੇ ਗਰਦਨ ਲੰਬੀ ਕਰਨ ਵਾਲੇ ਅਮਲ ਨੂੰ ਕਿਰਿਆਸ਼ੀਲ ਕਰਨ ਵਾਲ਼ੀ ਤਾਕਤ ਕੀ ਸੀ, ਇਸਦਾ ਦਾ ਲੈਮਾਰਕ ਕੋਲ ਜਵਾਬ ਨਹੀਂ ਸੀ ਤੇ ਉਸਦਾ ਅੰਤ ਉਹੀ ਅੰਤ ਸੀ ਜਿਹੜਾ ਅਠਾਰਵੀਂ ਸਦੀ ਦੇ ਮਸ਼ੀਨੀ ਪਦਾਰਥਵਾਦ ਦਾ ਸੀ, ਕਿਸੇ ਰਹੱਸਮਈ ਤਾਕਤ ਦੁਆਰਾ ਇਕ ਪਹਿਲਾ ਤੁਣਕਾ ਜਿਸ ਤੋਂ ਬਾਅਦ ਪ੍ਰਕਿਰਿਆ ਆਪਣੇ-ਆਪ ਚੱਲਦੀ ਰਹਿੰਦੀ ਹੈ।

ਉਦੇਸ਼ਵਾਦ ਦੇ ਪ੍ਰਗਟਾਵੇ ਅਜਿਹੇ ਹੀ ਹੁੰਦੇ ਹਨ ਜਿਵੇਂ ਪੰਛੀਆਂ ਕੋਲ਼ ਖੰਭ ਹਨ ਤਾਂ ਕਿ ਉਹ ਉੱਡ ਸਕਣ, ਮਨੁੱਖ ਕੋਲ਼ ਦਿਮਾਗ ਹੈ ਤਾਂ ਕਿ ਉਹ ਸੋਚ ਸਕੇ। ਇਹ ਪ੍ਰਗਟਾਵੇ ਇਤਿਹਾਸਕ ਪ੍ਰਕਿਰਿਆ ਨੂੰ ਸਹੀ ਢੰਗ ਨਾਲ਼ ਪੇਸ਼ ਨਹੀਂ ਕਰਦੇ, ਦੂਸਰਾ ਜੀਵਾਂ ਦੀਆਂ ਵਿਸ਼ੇਸ਼ ਖੂਬੀਆਂ ਵਿਕਸਤ ਹੋਣ ਪਿੱਛੇ ਕਿਸੇ ਰਹੱਸਮਈ ਸ਼ਕਤੀ ਵੱਲ ਇਸ਼ਾਰਾ ਕਰਦੇ ਹਨ ਜੋ ਕਿ ਰੱਬ ਹੀ ਹੋ ਸਕਦਾ ਹੈ।

ਡਾਰਵਿਨ ਦਾ ਸਿਧਾਂਤ ਇਨ੍ਹਾਂ ਵੱਡੀਆਂ ਕਮਜ਼ੋਰੀਆਂ ਨੂੰ ਦੂਰ ਕਰਦਾ ਹੈ। ਕੁਦਰਤੀ ਚੋਣ ਅਨੁਸਾਰ ਜਿਰਾਫ਼ ਦੇ ਪੂਰਵਜਾਂ ਵਿਚ ਅਲੱਗ-ਅਲੱਗ ਲੰਬਾਈ ਦੀਆਂ ਗਰਦਨਾਂ ਵਾਲ਼ੇ ਜੀਵ ਸਨ, ਇਨ੍ਹਾਂ ਵਿਚੋਂ ਲੰਬੀ ਗਰਦਨ ਵਾਲ਼ੇ ਹੀ ਸਿਹਤਮੰਦ ਹੋ ਕੇ ਅੱਗੇ ਨਵੀਂ ਪੀੜ੍ਹੀ ਨੂੰ ਜਨਮ ਦੇ ਸਕੇ ਕਿਉਂਕਿ ਉਹ ਹੀ ਲੋੜੀਂਦੀ ਖ਼ੁਰਾਕ ਹਾਸਲ ਕਰ ਪਾਉਂਦੇ ਸਨ। ਛੋਟੀ ਗਰਦਨ ਵਾਲ਼ੇ ਹੌਲ਼ੀ-ਹੌਲ਼ੀ ਲੁਪਤ ਹੋ ਗਏ। ਇਸ ਤਰ੍ਹਾਂ ਲੈਮਾਰਕ ਦੇ ਸਿਧਾਂਤ ਵਿਚਲਾ ਉਦੇਸ਼ਵਾਦ ਖਤਮ ਹੋ ਗਿਆ ਅਤੇ ਨਾਲ਼ ਹੀ ਜੀਵਾਂ ਦੇ ਵਿਗਾਸ ਲਈ ਕਿਸੇ ਰਹੱਸਮਈ ਤਾਕਤ ਦੀ ਲੋੜ ਨਹੀਂ ਰਹੀ, ਇਹ ਇਕ ਕੁਦਰਤੀ ਪ੍ਰਕਿਰਿਆ ਬਣ ਗਿਆ। ਇਸੇ ਤਰ੍ਹਾਂ ਪੰਛੀਆਂ ਨੇ ਖੰਭ ਇਸ ਲਈ ਨਹੀਂ ਉਗਾ ਲਏ ਕਿ ਉਹ ਉੱਡ ਸਕਣ, ਸਗੋਂ ਉੱਡ ਸਕਣ ਵਾਲ਼ੇ ਜੀਵ ਉਨ੍ਹਾਂ ਹਾਲਤਾਂ ਵਿਚ ਜਿਉਂਦੇ ਰਹਿ ਸਕੇ ਜਿਹਨਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪਿਆ, ਦੂਜੇ ਲੁਪਤ ਹੋ ਗਏ।

ਡਾਰਵਿਨ ਦਾ ਸਿਧਾਂਤ ਜੀਵ-ਵਿਗਾਸ ਨੂੰ ਮਸ਼ੀਨੀ ਪਦਾਰਥਵਾਦ ਦੀਆਂ ਸੀਮਤਾਈਆਂ ਤੋਂ ਮੁਕਤ ਕਰਵਾਉਂਦਾ ਹੈ। ਇਨ੍ਹਾਂ ਅਰਥਾਂ ਵਿਚ ਹੀ ਏਂਗਲਜ਼ ਨੇ ਇਹ ਕਿਹਾ ਕਿ ਡਾਰਵਿਨ ਨੇ ਉਦੇਸ਼ਵਾਦ ਨੂੰ ਫੈਸਲਾਕੁੰਨ ਸੱਟ ਮਾਰੀ ਹੈ।

ਪਰ ਜਿਵੇਂ ਕਿ ਕਾਰਲ ਮਾਰਕਸ ਨੇ ਨੋਟ ਕੀਤਾ ਕਿ ਡਾਰਵਿਨ ਦੇ ਤਰੀਕਾਕਰ ਵਿਚ ਕੱਚਘਰੜਤਾ ਸੀ ਜਿਸ ਨੇ ਉਸ ਦੇ ਸਿਧਾਂਤ ਵਿਚ ਅਜਿਹੇ ਨੁਕਤੇ ਰਹਿਣ ਦਿੱਤੇ ਜਿੰਨ੍ਹਾਂ ਦੀ ਵਰਤੋਂ ਨਾਲ਼ ਡਾਰਵਿਨ ਦੇ ਸਿਧਾਂਤ ਦਾ ਇਨਕਲਾਬੀ ਤੱਤ ਮੇਸਣਾ ਸੰਭਵ ਹੋ ਸਕਦਾ ਸੀ ਅਤੇ ਇਹੀ ਹੋਇਆ ਵੀ।

ਡਾਰਵਿਨ ਦਾ ਯੋਗਤਮ ਦਾ ਬਚਾਅ ਦਾ ਸਿਧਾਂਤ ਮਾਲਥਸ ਦੇ ਮਨੁੱਖੀ ਅਬਾਦੀ ਦੇ ਸਿਧਾਂਤ ਤੋਂ ਪ੍ਰੇਰਿਆ ਹੋਇਆ ਸੀ ਜਿਸ ਅਨੁਸਾਰ ਕੁਦਰਤੀ ਆਫਤਾਂ, ਬਿਮਾਰੀਆਂ ਵਿਚ ਜਿਹੜੇ ਮਨੁੱਖ ਯੋਗ ਹੋਣਗੇ, ਉਹ ਬਚ ਜਾਣਗੇ ਤੇ ਦੂਜੇ ਮਰ ਜਾਣਗੇ। ਇਹ ਸਿਧਾਂਤ ਮਨੁੱਖੀ ਸਮਾਜ ਵਿਚ ਗੈਰ-ਬਰਾਬਰੀ, ਗਰੀਬੀ ਤੇ ਲੁੱਟ-ਖਸੁੱਟ ਨੂੰ ਵਿਗਿਆਨਕ ਤਰਕ ਰਾਹੀਂ ਇਕ ਕੁਦਰਤੀ ਹਾਲਤ ਵਜੋਂ ਸਿੱਧ ਕਰਨ ਦਾ ਯਤਨ ਸੀ। ਡਾਰਵਿਨ ਨੇ ਇਸ ਸਿਧਾਂਤ ਤੋਂ ਪ੍ਰੇਰਨਾ ਲੈ ਕੇ ਜੀਵ-ਵਿਗਾਸ ਉੱਤੇ ਲਾਗੂ ਕਰਕੇ ਸਹੀ ਨਤੀਜੇ ਕੱਢੇ, ਇਹ ਡਾਰਵਿਨ ਦੀ ਪ੍ਰਤਿਭਾ ਸੀ, ਪਰ ਸਰਮਾਏਦਾਰੀ ਦੇ ਬੌਧਿਕ ਚਾਕਰਾਂ ਨੇ ਇਸਨੂੰ ਮਾਲਥਸਵਾਦ ਦੇ ਸਮਾਜ-ਵਿਗਿਆਨਕ ਸਿਧਾਂਤ ਦੇ ਸਹੀ ਵਿਗਿਆਨਕ ਸਿਧਾਂਤ ਹੋਣ ਦੇ ਸਬੂਤ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਮਾਜਿਕ ਡਾਰਵਿਨਵਾਦ ਇੰਡਸਟਰੀ ਸ਼ੁਰੂ ਹੋ ਗਈ।

ਅੱਜ ਤੱਕ ਦਾ ਹਰ ਉਹ ਸਿਧਾਂਤ ਜਿਹੜਾ ਮਨੁੱਖੀ ਸਮਾਜ ਵਿਚ ਗੈਰ-ਬਰਾਬਰੀ, ਗਰੀਬੀ ਤੇ ਲੁੱਟ-ਖਸੁੱਟ ਨੂੰ ਵਿਗਿਆਨਕ ਤਰਕ ਰਾਹੀਂ ਇਕ ਕੁਦਰਤੀ ਹਾਲਤ ਵਜੋਂ ਸਿੱਧ ਕਰਦਾ ਹੈ ਤੇ ਸਮਾਜ ਨੂੰ ਬਦਲਣ ਲਈ ਕਿਸੇ ਵੀ ਸਰਗਰਮੀ ਕਰਨ ਨੂੰ ਬੇਲੋੜਾ ਦੱਸਦਾ ਹੈ, ਡਾਰਵਿਨ ਨੂੰ ਆਪਣੀ ਤਰਕ-ਪੱਧਤੀ ਵਿਚ ਜ਼ਰੂਰ ਘੜੀਸਦਾ ਹੈ। ਪਰ ਨਾਲ਼ ਹੀ ਇਹ ਡਾਰਵਿਨ ਦੀ ਖੋਜ ਦੀ ਮਹਾਨਤਾ ਨੂੰ ਵੀ ਦਰਸਾਉਂਦਾ ਹੈ ਕਿ ਉਸ ਦੀ ਖੋਜ ਇੰਨੀ ਯੁੱਗ-ਪਲਟਾਊ ਸੀ ਕਿ ਉਸਦਾ ਨਾਮ ਲੈਣਾ ਹੀ ਆਪਣੇ ਤਰਕ ਦੇ ਸਹੀ ਹੋਣ ਦਾ ਸਬੂਤ ਬਣ ਜਾਂਦਾ ਹੈ ਅਤੇ ਉਸਦੇ ਸਿਧਾਂਤ ਨੂੰ ਤੋੜੇ-ਮਰੋੜੇ ਬਿਨਾਂ, ਉਸਦੇ ਇਹ ਇਨਕਲਾਬੀ ਤੱਤ ਕਿ ਕੁਦਰਤ ਦਾ ਇਤਿਹਾਸ ਹੈ, ਧਰਤੀ ਉੱਤੇ ਜੀਵਨ ਬਦਲਦਾ ਤੇ ਵਿਕਸਤ ਹੁੰਦਾ ਆਇਆ ਹੈ, ਜੀਵ ਪੈਦਾ ਹੁੰਦੇ ਹਨ ਤੇ ਮਰ ਜਾਂਦੇ ਹਨ, ਨੂੰ ਲੁਕਾਏ ਬਿਨਾਂ ਆਪਣੇ ਪੱਖ ਵਿਚ ਭੁਗਤਾਉਣਾ ਸੰਭਵ ਨਹੀਂ ਹੈ। ਡਾਰਵਿਨ ਦੇ ਸਿਧਾਂਤ ਵਿਚਲੇ ਖੱਪੇ ਉਸ ਤੋਂ ਬਾਅਦ ਸਟੀਫ਼ਨ ਗੌਲਡ, ਅਰਨੈਸਟ ਮਾਇਰ ਆਦਿ ਕਈ ਹੋਰ ਵਿਗਿਆਨੀਆਂ ਨੇ ਪੂਰੇ ਹਨ, ਪਰ ਉਸਦੇ ਸਿਧਾਂਤ ਦੀ ਦਿੱਤੀ ਬੁਨਿਆਦ ਉੱਪਰ ਖੜੇ ਹੋ ਕੇ ਇਹ ਖੱਪੇ ਪੂਰੇ ਗਏ ਹਨ, ਨਾ ਕਿ ਉਸ ਤੋਂ ਬਾਹਰ ਜਾਕੇ। ਇਹ ਵੀ ਡਾਰਵਿਨ ਦੀ ਖੋਜ ਦੀ ਮਹਾਨਤਾ ਨੂੰ ਦਰਸਾਉਂਦਾ ਹੈ।

ਅੱਜ ਡਾਰਵਿਨ ਉਨ੍ਹਾਂ ਸਭਨਾਂ ਲਈ ਪਿਆਰਾ ਹੈ ਜਿਹੜੇ ਵਿਗਿਆਨ ਵਿਚ ਭਰੋਸਾ ਰੱਖਦੇ ਹਨ, ਜਿਹੜੇ ਵਿਗਿਆਨ ਨੂੰ ਝੁਠਲਾਉਣ ਲਈ ਹੋ ਰਹੇ ਯਤਨਾਂ ਦਾ ਵਿਰੋਧ ਕਰ ਰਹੇ ਹਨ, ਜਿਹੜੇ ਹਰ ਤਰ੍ਹਾਂ ਦੇ ਅੰਧਵਿਸ਼ਵਾਸ਼ ਤੇ ਅਗਿਆਨਤਾ ਖਿਲਾਫ਼ ਲੜ ਰਹੇ ਹਨ, ਜਿਹੜੇ ਇਹ ਸਮਝਦੇ ਹਨ ਕਿ ਧਰਤੀ ਉੱਤੇ ਜੀਵਨ ਦਾ ਇਤਿਹਾਸ ਹੈ ਤੇ ਮਨੁੱਖੀ ਸਮਾਜ ਦਾ ਵੀ ਇਤਿਹਾਸ ਹੈ ਅਤੇ ਦੋਵੇਂ ਕਦੇ ਨਹੀਂ ਰੁਕਦੇ, ਅੱਗੇ ਵਧਦੇ ਜਾਂਦੇ ਹਨ। ਡਾਰਵਿਨ ਦੇ ਯੋਗਦਾਨ ਨੂੰ ਸਹੀ ਤਰੀਕੇ ਨਾਲ਼ ਪੇਸ਼ ਕਰਨਾ ਜਿੱਥੇ ਅੱਜ ਧਰਮਾਂ ਦੁਆਰਾ ਫੈਲਾਈ ਧੁੰਦ ਨੂੰ ਲਾਹੁਣ ਲਈ ਜ਼ਰੂਰੀ ਹੈ, ਉੱਥੇ ਡਾਰਵਿਨ ਜੋ ਖੁਦ ਪੂਰੀ ਉਮਰ 19ਵੀਂ ਸਦੀ ਵਿਚ ਸਰਮਾਏਦਾਰਾਂ ਵੱਲੋਂ ਅਫਰੀਕਾ ਦੇ ਲੋਕਾਂ ਨੂੰ ਗ਼ੁਲਾਮ ਬਣਾ ਕੇ ਵੇਚਣ ਦੇ ਵਿਰੋਧੀ ਰਹੇ, ਦੇ ਇਨਕਲਾਬੀ ਸਿਧਾਂਤ ਨੂੰ ਸਰਮਾਏਦਾਰਾਂ ਦੇ ਬੌਧਿਕ ਚਾਕਰਾਂ ਵੱਲੋਂ ਸਰਮਾਏਦਾਰੀ ਨੂੰ ਸਦੀਵੀ ਬਣਾ ਕੇ ਪੇਸ਼ ਕਰਨ, ਮਨੁੱਖੀ ਇਤਿਹਾਸ ਦੀ ਆਖਰੀ ਮੰਜ਼ਿਲ ਦਰਸਾਉਣ ਲਈ ਵਰਤਣ ਦੇ ਯਤਨਾਂ ਦੀ ਕਾਟ ਕਰਨੀ ਵੀ ਜ਼ਰੂਰੀ ਹੈ। ਮਾਰਕਸ ਦੀ ਮੌਤ ਸਮੇਂ ਉਸ ਦੀ ਕਬਰ 'ਤੇ ਦਿੱਤੇ ਭਾਸ਼ਣ ਵਿਚ ਏਂਗਲਜ਼ ਦੇ ਇਹ ਸ਼ਬਦ ਜਿਸ ਤਰ੍ਹਾਂ ਡਾਰਵਿਨ ਕਾਰਬਨਿਕ ਕੁਦਰਤ ਦੇ ਵਿਕਾਸ ਦੇ ਨਿਯਮ ਦੀ ਖੋਜ ਕੀਤੀ, ਉਸੇ ਤਰ੍ਹਾਂ ਮਾਰਕਸ ਨੇ ਮਨੁੱਖੀ ਇਤਿਹਾਸ ਦੇ ਵਿਕਾਸ ਦੇ ਨਿਯਮ ਦੀ ਖੋਜ ਕੀਤੀ ਡਾਰਵਿਨ ਦੀਆਂ ਖੋਜਾਂ ਦੀ ਮਹਾਨਤਾ ਨੂੰ ਦਰਸਾਉਣ ਲਈ ਕਾਫ਼ੀ ਹਨ।

*'ਲਲਕਾਰ', ਫਰਵਰੀ 2016 ਤੋਂ ਧੰਨਵਾਦ ਸਹਿਤ।*




**Nidhi Kapoor**

REALTOR® BA, ABR

**COMMERCIAL & RESIDENTIAL REAL ESTATE**

REALTY EXECUTIVES POLARIS

**780 318 3434**

**ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਆਪਣੀ ਪ੍ਰਾਪਰਟੀ ਦਾ ਚੰਗਾ ਮੁੱਲ ਲੈਣ ਲਈ ਕਾਲ ਕਰੋ**

**nidhi@nidhikapoor.ca** **www.nidhikapoor.ca**

**# 217 6608 28 AV** **MLS# E3399888**



**Bedroom :** 1 + Den Condo **Bathroom :** 1

**Special Feature:** Adult 55+ Condo, on-site service of a guest room for out-of-town visitors, private bus foroutings, home care coordinator, hairdresser

**Parking :** 1 Titled Underground Parking

**Sqft. 620 Sq.Ft**

Condo Fees: $260.00

**# 401 4316 139 AV NW** **MLS# E3405945**



**Bedroom : 2**

**Bathroom :** 2

Special Feature: **Top Floor Unit, Quck Access to** LRT Station

**Parking :** 1 Titled Underground Parking

**Sqft : 1002 Sq ft.**

Condo Fees: $420.00

**#1472 LAKEWOOD RD W** **MLS# E3409941**




**Bedroom :** 3

**Bathroom :** 1

**Special Feature :** newly renovated,walking distance to Grant MacEwan, Lakewood Transit Center,

**Sqft. 1011 sq.ft**

Condo Fees : $281.00

*Services available in Hindi, Punjabi & Urdu Also.* *Real Estate Service for your Success*

**2.5 Acre for Sale** **51151 Range Road 235, (SW) Edmonton Close to Ellerslie Road** **$ 399,900**

ਇਤਿਹਾਸ 'ਚ ਪਹਿਲੀ ਵਾਰ ਆਮ ਬਜਟ 'ਚ ਦੇਸ਼ ਵਿਚ ਬਣਿਆ ਕੋਈ ਸਾਮਾਨ ਸਸਤਾ-ਮਹਿੰਗਾ ਨਹੀਂ ਹੋਇਆ, ਕਿਉਂਕਿ ਬਜਟ 'ਚ ਹੁਣ ਅਜਿਹਾ ਹੋਵੇਗਾ ਹੀ ਨਹੀਂ। 1 ਜੁਲਾਈ 2017 ਨੂੰ ਜੀ.ਐਸ.ਟੀ. ਲਾਗੂ ਹੋਇਆ। ਉਦੋਂ ਤੋਂ ਹੀ ਜੀ.ਐਸ.ਟੀ. ਕਾਊਂਸਿਲ ਹੀ ਕੀਮਤਾਂ ਤੈਅ ਕਰਵਾਉਂਦੀ ਹੈ। ਇਸ ਨੂੰ ਸੰਸਦ ਦੀ ਮਨਜ਼ੂਰੀ ਦੀ ਵੀ ਲੋੜ ਨਹੀਂ ਹੈ ਅਤੇ ਇਸ ਵਿਵਸਥਾ 'ਚ ਬਦਲਾਅ ਲਈ ਸੰਵਿਧਾਨ ਵਿਚ ਸੋਧ ਕਰਨੀ ਹੋਵੇਗੀ। ਹਾਲਾਂਕਿ ਪੈਟਰੋ ਉਤਪਾਦ, ਸ਼ਰਾਬ, ਬਿਜਲੀ ਤੇ ਰਿਅਲ ਇਸਟੇਟ ਜੀ.ਐਸ.ਟੀ. ਤੋਂ ਬਾਹਰ ਹਨ। ਸਰਕਾਰ ਕੋਲ ਬਜਟ ਲਈ ਸਿਰਫ਼ ਕਸਟਮ ਡਿਊਟੀ ਬਚੀ ਹੈ, ਜੋ ਸਿਰਫ਼ ਵਿਦੇਸ਼ੀ ਸਾਮਾਨ 'ਤੇ ਲੱਗਦੀ ਹੈ। ਜਿਵੇਂ ਇਸ ਬਜਟ 'ਚ ਟੀ.ਵੀ. ਅਤੇ ਮੋਬਾਈਲ 'ਤੇ ਲਗਾਈ ਗਈ ਹੈ। ਕਿਸੇ ਸਮੇਂ ਬਜਟ ਦੀਆਂ ਸੁਰਖੀਆਂ ਬਣਨ ਵਾਲੀ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਕਾਫੀ ਸਮੇਂ ਤੋਂ ਹੁਣ ਤੇਲ ਕੰਪਨੀਆਂ ਦੇ ਜ਼ਿੰਮੇ ਹਨ। ਪਿਛਲੇ ਸਾਲ ਤੋਂ ਇਨ੍ਹਾਂ ਦੀਆਂ ਕੀਮਤਾਂ ਰੋਜ਼ਾਨਾ ਬਦਲ ਰਹੀਆਂ ਹਨ। ਹਾਲਾਂਕਿ ਸਰਕਾਰ ਨੇ ਪੈਟਰੋ ਉਤਪਾਦਾਂ 'ਤੇ ਐਕਸਾਈਜ਼ ਡਿਊਟੀ ਲਗਾਉਂਦੇ ਹੋਏ ਪਿਛਲੇ ਸਾਲ 2.42 ਲੱਖ ਕਰੋੜ ਰੁਪਏ ਇਸ ਤੋਂ ਕਮਾਏ ਸਨ। ਫਿਰ ਵੀ ਜਿਸ ਤਰ੍ਹਾਂ ਮੁੱਖ ਤੇਲ ਕੰਪਨੀਆਂ 'ਤੇ ਸਰਕਾਰ ਦਾ ਹੀ ਕਬਜ਼ਾ ਹੈ, ਠੀਕ ਉਸੇ ਤਰ੍ਹਾਂ ਜੀ.ਐਸ.ਟੀ. ਕਾਊਂਸਿਲ ਦੇ ਪ੍ਰਧਾਨ ਵਿੱਤ ਮੰਤਰੀ ਅਰੁਣ ਜੇਟਲੀ ਹੀ ਹਨ। ਵਿੱਤ ਰਾਜ ਮੰਤਰੀ ਅਤੇ ਭਾਜਪਾ ਗਠਜੋੜ ਵਾਲੇ 19 ਸੂਬਿਆਂ ਦੇ ਵਿੱਤ ਮੰਤਰੀਆਂ ਕਾਰਨ ਭਾਜਪਾ ਦੀ ਹੀ ਬਾਦਸ਼ਾਹਤ ਹੈ।

## 9 ਸਵਾਲਾਂ ਤੋਂ ਬਜਟ ਦੇ ਮਾਇਨੇ

### ਮੱਧ ਵਰਗ ਆਪਣਾ ਧਿਆਨ ਖ਼ੁਦ ਰੱਖੇ

**ਬਜਟ ਕਿਹੋ ਜਿਹਾ ਹੈ ?**
- ਪੂਰੀ ਤਰ੍ਹਾਂ ਚੋਣਾਂ ਨੂੰ ਕੇਂਦਰ ਕੀਤਾ ਹੈ। ਪਿਛਲੀਆਂ ਤਿੰਨ ਸਰਕਾਰਾਂ ਦੇ ਚੋਣਾਂ ਤੋਂ ਪਹਿਲਾਂ ਵਾਲੇ ਬਜਟ ਕਿਸੇ ਪਾਪੂਲਿਸਟ ਦਿਸ਼ਾ 'ਚ ਨਹੀਂ ਸਨ।

**ਟੈਕਸ ਛੋਟ ਨਾ ਦੇਣ ਦਾ ਕਾਰਨ ?**
- ਮੋਦੀ ਸਰਕਾਰ ਮੱਧ ਵਰਗ ਤੋਂ ਬਚਦੀ ਹੀ ਹੈ। ਸ਼ੁਰੂਆਤੀ ਬਜਟ 'ਚ ਹੀ ਅਰੁਣ ਜੇਟਲੀ ਨੇ ਸਪਸ਼ਟ ਕਿਹਾ ਸੀ : 'ਮੱਧ ਵਰਗ ਆਪਣਾ ਧਿਆਨ ਖ਼ੁਦ ਰੱਖੇ।'

**ਮਿਡਲ ਕਲਾਸ ਤਾਂ ਉਨ੍ਹਾਂ ਨੂੰ ਜਿਤਾਉਂਦੀ ਹੈ ?**
- ਇਸੇ ਧਾਰਨਾ ਨੂੰ ਉਹ ਤੋੜਨਾ ਚਾਹੁੰਦੇ ਹਨ।

**ਅਤੇ ਉਨ੍ਹਾਂ ਦੀ ਨਾਰਾਜ਼ਗੀ ?**
- ਕੁਝ ਨਹੀਂ ਹੋਵੇਗਾ। ਮੱਧ ਵਰਗ ਬਜਟ ਵਾਲੇ ਦਿਨ ਟੈਕਸ ਛੋਟ ਨਾ ਮਿਲਣ 'ਤੇ ਬੁਰੀ ਤਰ੍ਹਾਂ ਨਾਰਾਜ਼ਾ ਹੁੰਦਾ ਹੈ। ਪਰ ਅੰਤ ਉਹ 'ਗੁਡ ਗਵਰਨੈਂਸ' 'ਤੇ ਵੀ ਵੋਟ ਦਿੰਦਾ ਹੈ।

**ਮਹਿੰਗਾਈ ਦਾ ਕੀ ?**
- ਵਧੇਗੀ।

**ਅਤੇ ਆਮਦਨ ?**
- ਮੱਧ ਵਰਗ ਅਤੇ ਟੈਕਸ ਦੇਣਦਾਰਾਂ ਦੀ ਨਹੀਂ ਵਧੇਗੀ। ਜਦਕਿ ਖਰਚ ਵਧੇਗਾ।

**ਬਜਟ ਦੀ ਸਭ ਤੋਂ ਵੱਡੀ ਗੱਲ ?**
- ਗਰੀਬਾਂ ਲਈ 5 ਲੱਖ ਦਾ ਬੀਮਾ। ਅਸਲ 'ਚ ਇਹ ਦੇਸ਼ ਦੇ ਇਤਿਹਾਸ ਦੀ ਪਹਿਲੀ ਯੋਜਨਾ ਹੈ, ਜਿਸ 'ਚ 50 ਕਰੋੜ ਲੋਕ, ਨਾਮ ਦੇ ਨਾਲ ਫ਼ਾਇਦਾ ਲੈ ਸਕਣਗੇ। ਬਿਨਾਂ ਕੋਈ ਕੰਮ ਕੀਤੇ। ਮਨਰੇਗਾ 'ਚ ਕਰੋੜਾਂ ਨੌਜਵਾਨਾਂ ਨੂੰ ਲਾਭ ਹੈ, ਪਰ ਇਹ ਕੰਮ ਹੈ।

**ਕੀ ਇਹ ਚੋਣ ਬਜਟ ਹੈ ?**
ਇਹ ਕ੍ਰਾਂਤੀਕਾਰੀ ਪਹਿਲ ਹੈ। ਉਂਜ ਇਹ ਸਰਕਾਰੀ ਹਸਪਤਾਲਾਂ 'ਚ ਚਲ ਰਹੀ ਲਾਪਰਵਾਹੀ ਕਾਰਨ ਹੀ ਉਭਰੀ ਲੱਗਦੀ ਹੈ। ਕੀ ਸਰਕਾਰ ਇਲਾਜ ਕਰੇ ਜਾਂ ਇਸ ਦੀ ਬਜਾਏ ਇਲਾਜ ਦੇ ਪੈਸੇ ਦੇ ਦੇਵੇ। ਹਾਲਾਂਕਿ 10% ਇੰਨੇ ਪੈਸਿਆਂ ਵਾਲਾ ਇਲਾਜ ਕਰਵਾਉਣਗੇ ਤਾਂ ਢਾਈ ਲੱਖ ਕਰੋੜ ਚਾਹੀਦੇ ਹਨ। ਕਿਥੋਂ ਆਉਣਗੇ ?

**ਕਾਰੋਬਾਰ ਲਈ ਕੀ ਕੁਝ ਵੱਖਰਾ ?**
250 ਕਰੋੜ ਟਰਨਓਵਰ ਤੱਕ ਟੈਕਸ ਘੱਟ ਕਰ ਦਿੱਤਾ। ਸਾਰੇ ਸਰਗਰਮ, ਤੇਜ਼ ਅਤੇ ਪੈਸਾ ਕਮਾਉਣ ਵਾਲੇ ਕਾਰੋਬਾਰ ਇਸੇ ਵਰਗ 'ਚ ਹਨ ਤਾਂ ਲਾਭ ਵਧੇਗਾ।

## ਪਹਿਲੀ ਵਾਰ

- ਰਾਸ਼ਟਰਪਤੀ, ਉਪ ਰਾਸ਼ਟਰਪਤ ਅਤੇ ਰਾਜਪਾਲਾਂ ਦਾ ਆਮਦਨ ਵਾਧਾ ਬਜਟ 'ਚ ਹੋਇਆ। ਜਦੋਂ ਸਾਂਸਦਾਂ ਦੇ ਭੱਤੇ ਵੀ ਹਰ 5 ਸਾਲ 'ਚ ਮਹਿੰਗਾਈ ਅਨੁਸਾਰ ਵਧਾਉਣ ਦਾ ਐਲਾਨ ਹੋਇਆ ਤਾਂ ਸਦਨ ਖੁਸ਼ ਹੋ ਗਿਆ।
- ਜੇਟਲੀ ਹਿੰਦੀ 'ਚ ਭਾਸ਼ਣ ਦੇਣ ਵਾਲੇ ਸਨ। ਅਜਿਹਾ ਹਿੰਦੀ ਸੂਬਿਆਂ 'ਚ ਚੋਣ ਨੂੰ ਵੇਖਦਿਆਂ ਤੈਅ ਕੀਤਾ ਗਿਆ ਸੀ। ਹਾਲਾਂਕਿ ਹਿੰਦੀ ਬੋਲਣ ਵਾਲੇ ਜੇਟਲੀ ਨੂੰ ਹਿੰਦੀ ਪੜ੍ਹਨ 'ਚ ਪ੍ਰੇਸ਼ਾਨੀ ਆਈ ਅੱਧਾ ਭਾਸ਼ਣ ਅੰਗਰੇਜ਼ੀ 'ਚ ਪੜ੍ਹਿਆ।

## ਪੈਟਰੋਲ-ਡੀਜ਼ਲ 'ਤੇ 2 ਰੁਪਏ ਟੈਕਸ ਘੱਟ ਕੀਤਾ

ਵਿਤ ਮੰਤਰੀ ਅਰੁਣ ਜੇਟਲੀ ਨੇ ਬਜਟ 'ਚ ਪੈਟਰੋਲ-ਡੀਜ਼ਲ 'ਤੇ ਲੱਗਣ ਵਾਲਾ ਉਤਪਾਦ ਟੈਕਸ ਪ੍ਰਤੀ ਲੀਟਰ ਦੋ ਰੁਪਏ ਘੱਟ ਕੀਤਾ ਤਾਂ ਲੱਗਿਆ ਕਿ ਕੀਮਤਾਂ ਘੱਟ ਗਈਆਂ, ਪਰ ਉਨ੍ਹਾਂ ਨੇ ਇਨ੍ਹਾਂ 'ਤੇ ਲੱਗਣ ਵਾਲਾ 6 ਰੁਪਏ ਪ੍ਰਤੀ ਲੀਟਰ ਵਾਧੂ ਉਤਪਾਦ ਟੈਕਸ ਖਤਮ ਕਰ ਕੇ 8 ਰੁਪਏ ਸੜਕ ਤੇ ਬੁਨਿਆਦੀ ਢਾਂਚਾ ਟੈਕਸ ਲਗਾ ਦਿੱਤਾ। ਇਸ ਤਰ੍ਹਾਂ ਪ੍ਰਤੀ ਲੀਟਰ 2 ਤੇ 6 ਰੁਪਏ ਦੀ ਕਟੌਤੀ ਦੀ ਥਾਂ 8 ਰੁਪਏ ਦੇ ਟੈਕਸ ਨਾਲ ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਤੇ ਜ਼ੀਰੋ-ਮੀਟਰ ਪ੍ਰਭਾਵ ਰਿਹਾ।

# ਪੰਜਾਬ-ਹਰਿਆਣਾ ਲਈ ਜੇਟਲੀ ਦੀ ਜੇਬ ਖਾਲੀ

*ਕੇਂਦਰੀ ਵਿੱਤ ਮੰਤਰੀ ਅਰੁਣ ਜੇਟਲੀ ਵੱਲੋਂ ਪੇਸ਼ ਬਜਟ ਤੋਂ ਪੰਜਾਬ-ਹਰਿਆਣਾ ਨੂੰ ਮਾਯੂਸੀ ਹੀ ਮਿਲੀ ਹੈ। ਜੇਟਲੀ ਦੀ ਪੋਟਲੀ ਤੋਂ ਦੋਹਾਂ ਸੂਬਿਆਂ ਨੂੰ ਕੁਝ ਖ਼ਾਸ ਪ੍ਰਾਪਤ ਨਹੀਂ ਹੋਇਆ। ਪੰਜਾਬ ਦੇ ਦੋ ਮਹੱਤਵਪੂਰਨ ਸੈਕਟਰਾਂ ਖੇਤੀ ਅਤੇ ਉਦਯੋਗ ਜਗਤ ਦੀਆਂ ਉਮੀਦਾਂ ਨੂੰ ਭਾਰੀ ਝਟਕਾ ਲੱਗਾ ਹੈ। ਉਮੀਦ ਸੀ ਕਿ ਕਿਸਾਨਾਂ ਦੀ ਕਰਜ਼ਾ ਮਾਫੀ ਅਤੇ ਕਿਸਾਨ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਰੋਕਣ ਲਈ ਕਿਸੇ ਖਾਸ ਯੋਜਨਾ ਦਾ ਐਲਾਨ ਕੀਤਾ ਜਾਵੇਗਾ, ਪਰ ਅਜਿਹਾ ਨਹੀਂ ਹੋਇਆ। ਹਰਿਆਣਾ ਲਈ ਵੀ ਵਿੱਤ ਮੰਤਰੀ ਦੀ ਝੋਲੀ 'ਚੋਂ ਅਜਿਹਾ ਕੁਝ ਨਹੀਂ ਨਿਕਲਿਆ, ਜਿਸ ਨੂੰ ਵੱਡਾ ਤੋਹਫ਼ਾ ਜਾਂ ਰਾਹਤ ਕਿਹਾ ਜਾ ਸਕੇ।*

## ਪੰਜਾਬ 'ਚ ਕਿਸਾਨ ਨਾਖੁਸ਼, ਉਦਯੋਗ ਨਾਰਾਜ਼

**ਚੰਡੀਗੜ੍ਹ :** ਪੰਜਾਬ ਦੇ ਸਭ ਤੋਂ ਮਹੱਤਵਪੂਰਨ ਖੇਤਰਾਂ ਖੇਤੀ ਅਤੇ ਉਦਯੋਗਾਂ ਦੀਆਂ ਉਮੀਦਾਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਟੀ ਨੇ ਤੋੜ ਦਿੱਤੀ। ਐਨ.ਡੀ.ਏ.-2 ਦਾ ਆਖਰੀ ਬਜਟ ਇਨ੍ਹਾਂ ਦੋਹਾਂ ਖੇਤਰਾਂ ਨੂੰ ਕੋਈ ਆਕਸੀਜਨ ਨਹੀਂ ਦੇ ਸਕਿਆ।

ਕਿਸਾਨਾਂ ਨੂੰ ਉਮੀਦ ਸੀ ਕਿ ਜੇਟਲੀ ਕਰਜ ਮਾਫ਼ੀ ਅਤੇ ਕਿਸਾਨ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਰੋਕਣ ਲਈ ਵਿਸ਼ੇਸ਼ ਯੋਜਨਾ ਲੈ ਕੇ ਆਉਣਗੇ, ਪਰ ਵਿੱਤ ਮੰਤਰੀ ਨੇ ਕੋਈ ਜ਼ਿਕਰ ਨਹੀਂ ਕੀਤਾ। ਫਸਲਾਂ ਦੇ ਰਿਸਕ ਕਵਰ 'ਤੇ ਵੀ ਬਜਟ 'ਚ ਕੁਝ ਨਹੀਂ ਸੀ। ਉਤਪਾਦਨ ਲਾਗਤ ਤੋਂ 50 ਫੀਸਦੀ ਵੱਧ ਐਮ.ਐਸ.ਪੀ. ਅਤੇ ਸੰਸਥਾਗਤ ਕਰਜ਼ 11 ਲੱਖ ਕਰੋੜ ਕਰਨ ਦਾ ਐਲਾਨ ਕਿਸਾਨਾਂ ਨੂੰ ਧੋਖਾ ਲੱਗ ਰਿਹਾ ਹੈ।

ਆਪ੍ਰੇਸ਼ਨ ਗ੍ਰੀਨ ਅਤੇ ਪਰਾਲੀ ਦੀ ਸਮੱਸਿਆ ਨਾਲ ਨਜਿੱਠਣ 'ਚ ਸੂਬਿਆਂ ਦੀ ਮਦਦ ਦੇ ਐਲਾਨ 'ਤੇ ਵੀ ਸਥਿਤੀ ਸਪਸ਼ਟ ਨਹੀਂ ਹੈ। ਉਧਰ ਐਮ.ਐਸ.ਐਮ.ਈ. ਸੈਕਟਰ ਦੀ ਵੰਡ 'ਚ ਮਾਮੂਲੀ ਵਾਧਾ ਕੀਤਾ ਗਿਆ ਹੈ। ਇਸ ਸੈਕਟਰ ਲਈ ਕੋਈ ਵਿਸ਼ੇਸ਼ ਐਲਾਨ ਨਹੀਂ ਕੀਤਾ ਗਿਆ। ਕਾਰਪੋਰੇਟ ਟੈਕਸ 'ਚ ਰਾਹਤ ਦਾ ਲਾਭ ਵੱਡੇ ਕਾਰੋਬਾਰੀਆਂ ਨੂੰ ਹੋਵੇਗਾ। ਇਨਕਮ ਟੈਕਸ ਛੋਟ ਦੀ ਸਮਾਂ ਸੀਮਾ ਨਹੀਂ ਵਧਾਈ ਗਈ। ਉਦਯੋਗ ਨੂੰ ਉਮੀਦ ਸੀ ਕਿ ਚੀਨ ਤੋਂ ਆਉਣ ਵਾਲੇ ਮਾਲ ਨੂੰ ਰੋਕਣ ਦੀ ਕੋਈ ਨੀਤੀ ਆਵੇਗੀ, ਪਰ ਜੇਟਲੀ ਚੁੱਪ ਰਹੇ।

ਕੇਂਦਰੀ ਬਜਟ ਨਿਰਾਸ਼ਾਜਨਕ, ਕਿਸਾਨ ਵਿਰੋਧੀ ਅਤੇ ਦਿਸ਼ਾਹੀਣ ਹੈ। ਬਜਟ 'ਚ ਨਾ ਕਿਸਾਨਾਂ ਦਾ ਕਰਜ਼ਾ ਮਾਫ਼ ਕਰਨ ਦਾ ਐਲਾਨ ਕੀਤਾ ਗਿਆ, ਨਾ ਸਵਾਮੀਨਾਥਨ ਰਿਪੋਰਟ ਲਾਗੂ ਕੀਤੀ ਗਈ। ਜੇ ਸਰਕਾਰ ਉਤਪਾਦਨ ਲਾਗਤ 'ਤੇ 50 ਫ਼ੀਸਦੀ ਲਾਭ ਦੇਣਾ ਚਾਹੁੰਦੀ ਹੈ ਤਾਂ ਉਸ ਨੂੰ ਨੀਤੀ ਕਮਿਸ਼ਨ ਦੇ ਮੈਂਬਰ ਰਮੇਸ਼ ਚੰਦ ਦੀ ਰਿਪੋਰਟ ਲਾਗੂ ਕਰਨੀ ਚਾਹੀਦੀ ਹੈ। ਖੇਤੀਬਾੜੀ 'ਚ ਖੋਜ ਤੇ ਵਿਕਾਸ ਲਈ ਕੋਈ ਵੱਡਾ ਖਰਚਾ ਨਹੀਂ ਰਖਿਆ ਗਿਆ। ਪੰਜਾਬ ਲਈ ਕਿਸੇ ਵੀ ਨਵੀਂ ਰੇਲਵੇ ਲਾਈਨ ਦਾ ਐਲਾਨ ਨਹੀਂ ਕੀਤਾ ਗਿਆ।

– ਕੈਪਟਨ ਅਮਰਿੰਦਰ ਸਿੰਘ,
ਮੁੱਖ ਮੰਤਰੀ ਪੰਜਾਬ।

ਇਹ ਬਜਟ ਇਸ ਗੱਲ ਦਾ ਵੀ ਸਬੂਤ ਹੈ ਕਿ ਇਸ ਸਮੇਂ ਦੇਸ਼ ਦੀ ਅਰਥਵਿਵਸਥਾ ਨੂੰ ਕਿੰਨੇ ਚੰਗੇ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਐਮ.ਐਸ.ਪੀ. ਤੈਅ ਕਰਨ ਸਮੇਂ ਸੂਬਿਆਂ ਨੂੰ ਸ਼ਾਮਲ ਕਰਨਾ ਅਕਾਲੀ ਦਲ ਦੀ ਲੰਮੇ ਸਮੇਂ ਤੋਂ ਮੰਗ ਰਹੀ ਸੀ, ਜੋ ਹੁਣ ਪੂਰੀ ਹੋਈ। ਕੇਂਦਰੀ ਬਜਟ ਵਿਚ ਫੂਡ ਪ੍ਰੋਸੈਸਿੰਗ ਰਾਹੀਂ ਖੇਤੀ ਵਸਤਾਂ ਦਾ ਮੁੱਲ ਵਧਾਉਣ 'ਤੇ ਜ਼ੋਰ ਦਿੱਤਾ ਗਿਆ, ਜੋ ਕਿ ਸ਼ਲਾਘਾਯੋਗ ਕਦਮ ਹੈ।

– ਸੁਖਬੀਰ ਸਿੰਘ ਬਾਦਲ,
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ।

## ਹਰਿਆਣਾ ਨੂੰ ਨਹੀਂ ਮਿਲਿਆ ਕੋਈ ਵੱਡਾ ਪ੍ਰੋਜੈਕਟ



**ਚੰਡੀਗੜ੍ਹ :** ਪਰਾਲੀ ਦਾ ਸੇਕ ਦਿੱਲੀ ਤੱਕ ਨਾ ਪਹੁੰਚੇ, ਇਸ ਲਈ ਕੇਂਦਰ ਸਰਕਾਰ ਨੇ ਪਰਾਲੀ ਨੂੰ ਤਾਂ ਬਜਟ 'ਚ ਸ਼ਾਮਲ ਕਰ ਲਿਆ, ਪਰ ਹਰਿਆਣਾ 'ਚ ਕਿਸੇ ਵੱਡੇ ਪ੍ਰੋਜੈਕਟ ਦਾ ਐਲਾਨ ਨਹੀਂ ਕੀਤਾ। ਕੇਂਦਰ 'ਚ ਤਿੰਨ ਸੀਨੀਅਰ ਨੇਤਾਵਾਂ ਦੀ ਧਮਕ ਹੋਣ ਦੇ ਬਾਵਜੂਦ ਹਰਿਆਣਾ ਦੇ ਹਿੱਸੇ 'ਚ ਕੋਈ ਵੱਡਾ ਪ੍ਰੋਜੈਕਟ ਨਹੀਂ ਆਇਆ। ਅਜਿਹੇ 'ਚ ਮਿਸ਼ਨ 2019 ਦੀ ਤਿਆਰੀ 'ਚ ਜੁਟੀ ਮਨੋਹਰ ਸਰਕਾਰ ਨੂੰ ਜਨਤਾ ਨੂੰ ਸਮਝਾਉਣ ਲਈ ਕਾਫੀ ਮਿਹਨਤ ਕਰਨੀ ਪਵੇਗੀ। ਸਭ ਤੋਂ ਵੱਧ ਜਵਾਬਦੇਹੀ ਕੇਂਦਰੀ ਮੰਤਰੀਆਂ ਦੀ ਹੋਵੇਗੀ, ਜੋ ਆਗਾਮੀ ਲੋਕ ਸਭਾ ਚੋਣਾਂ 'ਚ ਵੋਟਾਂ ਲਈ ਜਨਤਾ ਵਿਚਕਾਰ ਜਾਣਗੇ। ਹਾਲਾਂਕਿ ਉਦੋਂ ਤਕ ਸਮਾਂ ਕਾਫੀ ਬੀਤ ਚੁਕਿਆ ਹੋਵੇਗਾ।

# ਅਜੀਬ ਤਰਕ : ਸਲਮਾਨ ਸ਼ਰਟ ਉਤਾਰ ਕੇ 100 ਕਰੋੜ ਹੀ ਕਮਾਉਂਦੈ, ਮੈਂ ਕੁੜਤਾ ਲਾਹਿਆ ਤਾਂ ਕਿਸਾਨਾਂ ਨੂੰ ਮਿਲ ਗਏ 3400 ਕਰੋੜ





**ਝੱਜਰ :** ਜਿਸ ਫਿਲਮ 'ਚ ਸਲਮਾਨ ਖਾਨ ਕੁੜਤਾ ਉਤਾਰ ਦਿੰਦਾ ਹੈ, ਉਹ ਫਿਲਮ 100 ਕਰੋੜ ਦਾ ਬਿਜਨੈਸ ਕਰਦੀ ਹੈ। ਮੈਂ ਵੀ ਪ੍ਰਦਰਸ਼ਨ ਦੌਰਾਨ ਕੁੜਤਾ ਉਤਾਰਿਆ ਸੀ ਤਾਂ ਮੈਨੂੰ ਮੰਤਰੀ ਅਹੁਦਾ ਮਿਲਿਆ ਤਾਂ ਕਿਸਾਨਾਂ ਨੂੰ 3400 ਕਰੋੜ ਰੁਪਏ ਦਾ ਮੁਆਵਜ਼ਾ ਦਿਵਾਇਆ ਹੈ। ਅਜਿਹੇ 'ਚ ਮੇਰਾ ਕੁੜਤਾ ਤਾਂ 3400 ਕਰੋੜ ਦਾ ਹੈ, ਜੋ ਸਲਮਾਨ ਖਾਨ ਦੇ ਕੁਰਤੇ ਨਾਲੋਂ ਮਹਿੰਗਾ ਹੈ। ਖੇਤੀ ਮੰਤਰੀ ਓ.ਪੀ. ਧਨਖੜ ਨੇ ਨਿਮਾਣਾ ਪਿੰਡ 'ਚ ਸੂਬਾ ਪੱਧਰੀ ਸਮੀਖਿਆ ਬੈਠਕ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਕੁਝ ਲੋਕ ਉਨ੍ਹਾਂ ਤੋਂ ਸਵਾਲ ਕਰਦੇ ਹਨ ਕਿ ਵਿਰੋਧੀ ਧਿਰ 'ਚ ਰਹਿੰਦੇ ਸਮੇਂ ਉਹ ਕੁੜਤਾ ਕੱਢ ਕੇ ਪ੍ਰਦਰਸ਼ਨ ਕਰਦੇ ਸਨ। ਸਰਕਾਰ ਆਉਣ 'ਤੇ ਇਸ ਤੋਂ ਕਿਸਾਨਾਂ ਨੂੰ ਕੀ ਫ਼ਾਇਲਾ ਮਿਲਿਆ। ਕੇਂਦਰੀ ਬਜਟ ਤੋਂ ਸਾਫ ਹੈ ਕਿ ਉਨ੍ਹਾਂ ਦਾ ਕੁੜਤਾ ਸਲਮਾਨ ਖਾਨ ਦੇ ਕਰਤੇ ਤੋਂ ਵੀ ਮਹਿੰਗਾ ਹੋ ਗਿਆ ਹੈ।

ਧਨਖੜ ਨੇ ਕਿਹਾ ਕਿ ਸਵਾਮੀਨਾਥਨ ਕਮਿਸ਼ਨ ਦੀ ਜਿਸ ਰਿਪੋਰਟ ਨੂੰ ਲੈ ਕੇ ਉਹ ਸੜਕ 'ਤੇ ਲੜਾਈ ਲੜਦੇ ਸਨ, ਉਹ ਵੀ 1 ਫ਼ਰਵਰੀ ਨੂੰ ਆਏ ਬਜਟ 'ਚ ਪੂਰੀ ਹੋ ਗਈ ਹੈ।

## ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ

*ਸਾਲ 2013 ਵਿਚ ਜਦੋਂ ਦੁਨੀਆ ਭਰ ਵਿਚ ਗ਼ਦਰ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਐਡਮਿੰਟਨ ਵਿਚ ਕੰਮ ਕਰਦੀ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਵਲੋਂ ਜਿਥੇ ਇਕੋ ਸਾਲ ਵਿਚ ਐਡਮਿੰਟਨ ਵਿਚ ਗ਼ਦਰ ਸ਼ਤਾਬਦੀ ਨਾਲ ਸਬੰਧਤ ਛੇ ਵੱਡੇ ਸਮਾਗਮ ਰਚਾਏ ਗਏ ਉਥੇ ਇਸੇ ਸਾਲ ਗ਼ਦਰ ਲਹਿਰ ਨੂੰ ਸਮਰਪਤ ਇਕ ਕਿਤਾਬ The Ghadar Movement And India's Anti-Imperialist Struggle ਵੀ ਛਾਪੀ ਗਈ। ਡਾ. ਪ੍ਰਿਥਵੀ ਰਾਜ ਕਾਲੀਆ ਦੀ ਸੰਪਾਦਨਾ ਵਿਚ ਛਪੀ ਇਸ ਕਿਤਾਬ ਵਿਚ 18 ਵਿਦਵਾਨਾਂ ਦੇ ਗ਼ਦਰ ਲਹਿਰ ਬਾਰੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ। ਬਾਅਦ ਵਿਚ ਕਿਤਾਬ ਦਾ ਪੰਜਾਬੀ ਐਡੀਸ਼ਨ ਵੀ ਛਾਪਿਆ ਗਿਆ। ਇਸ ਪੰਜਾਬੀ ਐਡੀਸ਼ਨ ਬਾਰੇ ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ ਲਿਖਦੇ ਹਨ, "ਅੱਜ ਜਦੋਂ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਫਿਰਕੂ ਏਜੰਡੇ ਨੂੰ ਸਾਡੇ ਡੂੰਘੀਆਂ ਧਰਮ-ਨਿਰਪੱਖ ਕਦਰਾਂ-ਕੀਮਤਾਂ ਵਾਲੇ ਦਸ਼ ਉਪਰ ਥੋਪਣ ਲਈ ਰਾਸ਼ਟਰਵਾਦ ਨੂੰ ਨਿਹਾਇਤ ਸਕੀਰਣ ਢੰਗ ਨਾਲ ਪ੍ਰਭਾਸ਼ਿਤ ਕਰ ਰਹੀਆਂ ਹਨ; ਜਦੋਂ ਸੱਚੀਆਂ ਧਰਮ ਨਿਰਪੱਖ ਤੇ ਅਗਾਂਹਵਧੂ ਤਾਕਤਾਂ ਬਾਰੇ ਸਾਜ਼ਿਸ਼ੀ ਭੁਲੇਖੇ ਖੜ੍ਹੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ; ਜਦੋਂ ਸੱਤਾਧਾਰੀ ਸੰਘ ਪਰਿਵਾਰ ਵਲੋਂ, ਜਿਸ ਦਾ ਦੇਸ਼ ਭਗਤੀ ਨਾਲ ਕਦੇ ਕੋਈ ਸਬੰਧ ਨਹੀਂ ਰਿਹਾ, ਇਕ ਵਿਆਪਕ ਸਾਜ਼ਸ਼ੀ ਮੁਹਿੰਮ ਤਹਿਤ ਆਪਣੇ ਤੋਂ ਵੱਖਰੇ 'ਚਾਰ ਰੱਖਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਆਪਣੇ ਫਿਰਕੂ ਮਨੋਰਥ ਨੂੰ ਵਾਜਬੀਅਤ ਪ੍ਰਦਾਨ ਕਰਨ ਦੀਆਂ ਘ੍ਰਿਣਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਦੋਂ ਸੌੜੀ ਸੋਚ ਵਾਲੇ ਕੁਝ ਹੋਰ ਅਨਸਰਾਂ ਵਲੋਂ ਵੀ ਗ਼ਦਰ ਲਹਿਰ ਨੂੰ ਆਪਣੇ ਸੌੜੇ ਮਨੋਰਥ ਅਨੁਸਾਰ ਸਿੱਖ ਦੇਸ਼ ਭਗਤਾਂ ਦੀ ਲਹਿਰ ਬਣਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਅਜਿਹੇ ਮੌਕੇ ਗ਼ਦਰ ਲਹਿਰ ਦੇ ਰੂਪ 'ਚ ਮੌਜੂਦ ਸੱਚੀ ਦੇਸ਼ ਭਗਤੀ ਦੀ ਮਹਾਨ ਵਿਰਾਸਤ ਨੂੰ ਬੁਲੰਦ ਕਰਨਾ ਅਤੇ ਉਸ ਦੀ ਰਾਖੀ ਕਰਨਾ ਸਾਡਾ ਇਕ ਬਹੁਤ ਹੀ ਅਹਿਮ ਫ਼ਰਜ਼ ਹੈ...*

*.... ਸਾਨੂੰ ਉਮੀਦ ਹੈ ਕਿ ਗ਼ਦਰ ਲਹਿਰ ਬਾਰੇ ਸਾਡੀ ਇਹ ਪ੍ਰਕਾਸ਼ਨਾਂ ਉਨ੍ਹਾਂ ਸਾਰੀਆਂ ਹੀ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਅਗਾਂਹਵਧੂ ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਦੀ ਇਸ ਲੜਾਈ ਵਿਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗੀ ਜੋ ਸਾਡੇ ਦੇਸ਼ ਦੀ ਸਮਾਜਕ ਏਕਤਾ ਨੂੰ ਤਹਿਸ-ਨਹਿਸ ਕਰਨ ਤੇ ਅਗਾਂਹਵਧੂ ਵਿਚਾਰਾਂ ਨੂੰ ਕੁਚਲ ਕੇ ਆਪਣੀ ਪਿਛਾਖੜੀ ਵਿਚਾਰਧਾਰਾ ਨੂੰ ਥੋਪਣ 'ਤੇ ਤੁਲੀਆਂ ਹੋਈਆਂ ਹਨ।"*

*ਅਦਾਰਾ 'ਨਵੀਂ ਦੁਨੀਆ' 'ਗ਼ਦਰ ਲਹਿਰ- ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ' ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਅਤੇ ਖੋਜ ਭਰਪੂਰ ਲੇਖਾਂ ਨੂੰ ਲੜੀਵਾਰ ਆਪਣਾ ਪਾਠਕਾਂ ਦੀ ਨਜ਼ਰ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।*

# ਇਕ ਹੋਰ ਗ਼ਦਰ

ਮਲਵਿੰਦਰਜੀਤ ਸਿੰਘ ਵੜੈਚ



(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

### "ਵਤਨ" ਨੂੰ ਮੋੜਾ

ਇਹ ਹੈਰਾਨੀ ਨਹੀਂ ਕਿ ਬਰਤਾਨਵੀ ਹਕੂਮਤ ਨੂੰ ਗ਼ਦਰੀਆਂ ਦੀ ਵਾਪਸੀ ਦੇ ਇਸ ਹੜ੍ਹ ਦਾ ਪਹਿਲਾਂ ਤੋਂ ਹੀ ਅੰਦਾਜ਼ਾ ਹੋ ਚੁੱਕਾ ਸੀ। ਹਿੰਦੁਸਤਾਨੀ ਬੰਦਰਗਾਹਾਂ ਉੱਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਤੇ ਰੋਕਣ ਲਈ ਇੰਤਜ਼ਾਮ ਕੀਤੇ ਜਾ ਚੁੱਕੇ ਸਨ। ਕਰਤਾਰ ਸਿੰਘ ਜਿਹੇ ਕੁਝ ਕੁ ਨੇ ਇਸ ਗ੍ਰਿਫ਼ਤਾਰੀ ਤੋਂ ਬਚਣ ਲਈ ਕੋਲੰਬੋ (ਸ੍ਰੀਲੰਕਾ) ਉੱਤਰ ਜਾਣ ਨੂੰ ਤਰਜੀਹ ਦਿੱਤੀ। ਲੁਧਿਆਣਾ ਵਿਚ (ਘੰਟਾ ਘਰ ਨੇੜੇ) ਇਕ "ਜ਼ੈਲ ਘਰ' ਸੀ ਜੋ ਪੁੱਛਗਿੱਛ ਤੇ ਤਸੀਹਾ ਕੇਂਦਰ ਸੀ (ਸਿਤਮ ਜ਼ਰੀਫ਼ੀ ਇਹ ਹੈ ਕਿ ਇਸ ਇਮਾਰਤ ਨੂੰ 1970 ਵਿਚ ਢਾਹ ਦਿੱਤਾ ਗਿਆ ਤਾਂ ਕਿ ਉੱਥੇ ਦੁਕਾਨਾਂ ਬਣਾਈਆਂ ਜਾ ਸਕਣ)। ਸਿੱਟੇ ਵਜੋਂ, ਸਾਰੇ ਸਿਰਮੌਰ ਆਗੂ ਜਿਨ੍ਹਾਂ ਵਿਚ ਪ੍ਰਧਾਨ (ਬਾਬਾ ਸੋਹਣ ਸਿੰਘ ਭਕਨਾ) ਅਤੇ ਮੀਤ ਪ੍ਰਧਾਨ (ਬਾਬਾ ਕੇਸਰ ਸਿੰਘ ਠੱਠਗੜ੍ਹ) ਜੇਲ੍ਹਾਂ ਵਿਚ ਤਾੜ ਦਿੱਤੇ ਗਏ, ਇਸ ਤਰ੍ਹਾਂ ਲਹਿਰ ਹੰਢੇ ਹੋਏ ਆਗੂਆਂ ਤੋਂ ਵਾਂਝੀ ਹੋ ਗਈ – ਇਹ ਗ਼ਦਰ ਦੀ ਘਟਨਾ ਭਰਪੂਰ 'ਨਾਕਾਮੀ' ਦੀ ਇਕ ਅਹਿਮ ਵਜ੍ਹਾ ਬਣੀ।

ਇਸ ਨਾਲ ਇਹ ਲਹਿਰ ਕਮਜ਼ੋਰ ਤਾਂ ਹੋ ਗਈ ਪਰ ਉੱਕਾ ਹੀ ਤਾਕਤ ਵਿਹੂਣੀ ਨਾ ਹੋਈ ਕਿਉਂਕਿ ਇਹ 'ਸੰਗਤ' – ਧਾਰਮਿਕ ਇਕੱਠ – ਦੀਆਂ ਰਵਾਇਤਾਂ ਦੀ ਸੱਚੀ ਵਾਰਿਸ ਸੀ।

ਇਸ ਖੱਪੇ ਨੂੰ ਪੂਰਨ ਲਈ ਬੰਗਾਲ ਦੇ ਵਾਰਾਨਸੀ ਵਿਚਲੇ ਇਨਕਲਾਬੀ ਗਰੁੱਪ ਨਾਲ ਸੰਪਰਕ ਕਰਨ ਦੇ ਯਤਨ ਸ਼ੁਰੂ ਕੀਤੇ ਗਏ। ਆਖ਼ਰ ਨੂੰ ਮਸ਼ਹੂਰ ਹਾਰਡਿੰਗ ਬੰਬ ਕੇਸ (1912) ਵਾਲੇ ਰਾਸ ਬਿਹਾਰੀ ਬੋਸ ਅਤੇ ਉਸ ਦੇ ਸਹਾਇਕ ਸਚਿੰਦਰ ਸਾਨਿਆਲ ਨੂੰ ਸਿਰਮੌਰ ਅਗਵਾਈ ਸੰਭਾਲ ਦਿੱਤੀ ਗਈ। ਸਿੱਟੇ ਵਜੋਂ, ਹਜ਼ਾਰਾਂ 'ਬੇਨਾਮ' ਕਾਮਿਆਂ ਵਲੋਂ ਇੱਟ ਇੱਟ ਜੋੜ ਕੇ ਖੜ੍ਹੀ ਕੀਤੀ ਲਹਿਰ ਦੀ ਅਗਵਾਈ ਇਕ ਬਹੁਤ ਹੀ ਨਾਜ਼ੁਕ ਮਰਹੱਲੇ ਉੱਤੇ ਨਵੀਂ ਆਗੂ ਟੁਕੜੀ ਦੇ ਹਵਾਲੇ ਕਰ ਦਿੱਤੀ ਗਈ। ਇਸ ਚੋਣ ਦੇ ਚੰਗੇ ਮਾੜੇ ਪੱਖਾਂ ਜਾਂ ਮੋੜਵੇਂ ਅਸਰਾਂ ਨੂੰ ਦਰਕਿਨਾਰ ਕਰਦੇ ਹੋਏ ਇਹ ਗੱਲ ਯਕੀਨਨ ਹੀ ਸਾਫ਼ ਹੈ ਕਿ ਇੰਞ ਕਰਨਾ (ਗ਼ਦਰੀਆਂ) ਦੇ ਸਵੈਤਿਆਗ ਅਤੇ ਲਹਿਰ ਦੇ ਸਿਰਮੌਰ ਘੁਲਾਟੀਆਂ ਵਜੋਂ ਸਥਾਪਤ ਹੋਣ ਦੀ ਕਿਸੇ ਵੀ ਲਾਲਸਾ ਤੋਂ ਨਿਰਲੇਪ ਰਹਿਣ ਦੀ ਸ਼ਾਹਦੀ ਭਰਦਾ ਹੈ। ਇਸ ਨੂੰ ਲੈ ਕੇ ਕਿਸੇ ਨੇ ਭੋਰਾ ਵੀ ਨਾਰਾਜ਼ਗੀ ਦਾ ਇਜ਼ਹਾਰ ਨਹੀਂ ਸੀ ਕੀਤਾ। ਬੰਗਾਲੀ ਆਗੂਆਂ ਨੂੰ ਸੱਦਾ ਦੇਣ ਦੀ ਚੋਣ ਕਰਨ ਵਿਚ ਇਸ ਖਿੱਚ ਦਾ ਵੀ ਪੂਰਾ ਹੱਥ ਸੀ ਕਿ ਬੰਗਾਲ ਇਨਕਲਾਬੀ ਭਾਵਨਾਵਾਂ ਨਾਲ ਉੱਬਲ ਰਿਹਾ ਸੀ; ਭਾਵੇਂ ਕਿ ਇਹ ਜ਼ਿਆਦਾਤਰ ਵਿਅਕਤੀਗਤ ਦਹਿਸ਼ਤਪਸੰਦੀ ਦੁਆਲੇ ਹੀ ਕੇਂਦਰਤ ਸੀ, ਹੋਣ ਵਾਲੀ ਬਗ਼ਾਵਤ ਵਾਸਤੇ ਉਹ ਬੁਰੀ ਤਰ੍ਹਾਂ ਲੋੜੀਂਦੇ ਪਿਸਤੌਲਾਂ ਅਤੇ ਬੰਬ ਮੁਹੱਈਆ ਕਰ ਸਕਦੇ ਸਨ।



**ਗ਼ਦਰ ਪਾਰਟੀ (ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ ਵਜੋਂ) ਦਾ ਆਗਾਜ਼ 4 ਜੂਨ 1913 ਨੂੰ ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ ਵਿਖੇ ਲਾਲਾ ਹਰਦਿਆਲ ਦੀ ਜਨਤਕ ਤਕਰੀਰ ਨਾਲ ਕੀਤਾ ਗਿਆ ਸੀ।**

ਇਸ ਤੋਂ ਬਾਅਦ ਇਨਕਲਾਬੀਆਂ ਵਲੋਂ ਕੀਤੀਆਂ ਗਈਆਂ ਸਰਗਰਮੀਆਂ ਦਾ ਕਾਰਜ ਖੇਤਰ ਵਸੀਹ ਹੋ ਗਿਆ, ਜਿਸ ਨੇ ਸਮੁੱਚੇ ਉੱਤਰ-ਪੱਛਮੀ ਹਿੰਦੁਸਤਾਨ ਨੂੰ ਆਪਣੀ ਲਪੇਟ ਵਿਚ ਲੈ ਲਿਆ ਜਿਥੇ ਬਰਤਾਨਵੀ ਹਿੰਦੁਸਤਾਨ ਦੀ ਫ਼ੌਜ ਸਭ ਤੋਂ ਜ਼ਿਆਦਾ ਮੌਜੂਦ ਸੀ। ਟ੍ਰਿਬਿਊਨਲ ਦੇ ਜੱਜਾਂ ਨੇ ਐਸੀਆਂ 17 ਸਰਗਰਮੀਆਂ ਦੀ ਸੂਚੀ ਤਿਆਰ ਕੀਤੀ। ਉਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ਕਰਨਾ ਹੀ ਕਾਫ਼ੀ ਹੋਵੇਗਾ :

ੳ) ਵਿਦਿਆਰਥੀਆਂ ਨੂੰ ਭਰਮਾਉਣਾ : ਧਿਆਨ ਦਾ ਮੁੱਖ ਕੇਂਦਰ ਲੁਧਿਆਣਾ ਦੇ ਖ਼ਾਲਸਾ ਅਤੇ ਇਸਲਾਮੀਆ ਹਾਈ ਸਕੂਲ ਦੇ ਵਿਦਿਆਰਥੀ ਸਨ ਜਿਨ੍ਹਾਂ ਨੇ ਵੱਡੀ ਤਾਦਾਦ ਵਿਚ ਇਨਕਲਾਬੀ ਵਿਦਿਆਰਥੀ ਮੁਹੱਈਆ ਕੀਤੇ, ਜਿਨ੍ਹਾਂ ਵਿਚੋਂ ਕੁਝ ਕੁ ਨੂੰ ਬਹੁਤ ਹੀ ਨਾਜ਼ੁਕ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ, ਜਿਵੇਂ ਕਿ ਸਿਪਾਹੀਆਂ ਨਾਲ ਸਰਗਰਮ ਸੰਪਰਕ ਬਣਾਉਣਾ।

ਅ) ਪੇਂਡੂਆਂ ਨੂੰ ਲਪੇਟ ਵਿਚ ਲੈਣਾ : ਢੁੱਡੀਕੇ ਪਿੰਡ (ਓਦੋਂ ਫ਼ਿਰੋਜ਼ਪੁਰ ਦਾ ਹਿੱਸਾ ਹੁਣ ਮੋਗਾ ਜ਼ਿਲ੍ਹੇ ਦਾ) ਮਾਲਵਾ ਖਿੱਤੇ ਦੇ ਗ਼ਦਰੀਆਂ ਦਾ ਮਿਲਣ ਕੇਂਦਰ ਸੀ। ਇਸ ਨੂੰ ਜੱਜਾਂ ਨੇ 'ਢੁੱਡੀਕੇ ਗਰੋਹ' ਦਾ ਨਾਂ ਦਿੱਤਾ। ਜਲੰਧਰ ਦਾ ਪਿੰਡ ਸੰਘਵਾਲ ਦੋਆਬਾ ਖਿੱਤੇ ਦੇ ਇਨਕਲਾਬੀਆਂ ਦਾ ਕੇਂਦਰ ਬਣਿਆ ਤੇ ਇਸ ਨੇ ਲਹਿਰ ਦਾ ਉਸ ਖਿੱਤੇ ਵਿਚ ਅਸਰ ਫੈਲਾਇਆ। ਸੁਰ ਸਿੰਘ ਦਦੇਹਰ-ਮਰਹਾਣਾ ਪਿੰਡ, ਜਿਹੜੇ ਅੰਮ੍ਰਿਤਸਰ ਅਤੇ (ਓਦੋਂ ਦੇ) ਲਾਹੌਰ ਜ਼ਿਲ੍ਹੇ ਵਿਚ ਪੈਂਦੇ ਸਨ ਮਾਝਾ ਖਿੱਤੇ ਦਾ ਕੇਂਦਰ ਬਣੇ। ਇਸ ਦੇ ਨਾਲ ਹੀ ਇਕ ਅਹਿਮ ਘਟਨਾ ਇਹ ਹੋਈ ਕਿ (ਭਾਈ ਸਾਹਿਬ) ਰਣਧੀਰ ਸਿੰਘ ਦਾ "ਜਥਾ" ਲਹਿਰ ਨਾਲ ਜੁੜ ਗਿਆ। ਇਹ ਸੰਪਰਦਾਇ ਉਸ ਵਕਤ ਲਹਿਰ ਦਾ ਹਿੱਸਾ ਬਣਿਆ ਜਦੋਂ ਇਹ ਹਕੂਮਤ ਵਲੋਂ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਬੇਅਦਬੀ ਤੋਂ ਤਪਿਆ ਹੋਇਆ ਸੀ ਜਿਹੜੀ 1911 ਵਿਚ (ਓਦੋਂ ਦੇ) ਵਾਇਸਰਾਏ ਹਾਊਸ (ਹੁਣ ਰਾਸ਼ਟਰਪਤੀ ਭਵਨ) ਦੀਆਂ ਹੱਦਾਂ ਵਧਾ ਰਹੀ ਸੀ, ਯਾਨੀ, ਨਵੀਂ ਦਿੱਲੀ ਵਿਖੇ ਨਵੀਂ ਰਾਜਧਾਨੀ (ਜਿਹੜੀ 1913 ਤਕ ਕਲਕੱਤਾ ਸੀ) ਦੀ ਉਸਾਰੀ ਦੌਰਾਨ। ਇਸ ਸੰਪਰਦਾਇ ਨੇ 19 ਫਰਵਰੀ 1915 ਨੂੰ ਫ਼ਿਰੋਜ਼ਪੁਰ ਛਾਉਣੀ ਵਿਚ ਬਗ਼ਾਵਤ ਖੜ੍ਹੀ ਕਰਨ ਵਿਚ ਵੱਡੀ ਭੂਮਿਕਾ ਨਿਭਾਈ। ਇਸ ਦੇ ਬਹੁਤੇ ਮੈਂਬਰ ਲੁਧਿਆਣਾ ਜ਼ਿਲ੍ਹੇ ਦੇ ਨਾਰੰਗਵਾਲ-ਗੁੱਜਰਵਾਲ-ਸਰਾਭਾ ਇਲਾਕੇ ਨਾਲ ਸਬੰਧਤ ਸਨ।

ੲ) ਫ਼ੌਜੀਆਂ ਨੂੰ ਵਰਗਲਾਉਣਾ – ਜਿਸ ਚੀਜ਼ ਨੇ ਹਕੂਮਤ ਨੂੰ ਸਭ ਤੋਂ ਵੱਧ ਪ੍ਰੇਸ਼ਾਨ ਕੀਤਾ ਉਹ ਸੀ ਗ਼ਦਰੀਆਂ ਦੀ ਕਾਮਯਾਬੀ ਦਾ ਉਹ ਦਰਜਾ ਜਿਸ ਨਾਲ ਉਹ ਬਰਤਾਨਵੀ ਹਿੰਦੁਸਤਾਨ ਦੇ ਫ਼ੌਜੀਆਂ ਨੂੰ ਆਪਣੇ ਕਾਜ ਵੱਲ ਜਿੱਤਣ ਵਿਚ ਸਫ਼ਲ ਰਹੇ ਸਨ। ਇਸ ਅਸਰ ਦਾ ਆਕਾਰ ਅਤੇ ਵੇਗ, ਸੰਖੇਪ ਕੋਰਟ ਮਾਰਸ਼ਲ ਮੁਕੱਦਮਿਆਂ ਤੋਂ ਬਾਅਦ ਗੋਲੀਆਂ ਨਾਲ ਫੁੰਡੇ ਗਏ ਸ਼ਹੀਦਾਂ ਦੇ ਇਸ ਸ਼ਾਨਮੱਤੇ ਸਾਕੇ ਪ੍ਰਤੀ ਹਕੂਮਤ ਦੇ ਲਾਪ੍ਰਵਾਹ ਤੇ ਪਥਰਾਏ ਵਤੀਰੇ ਕਾਰਨ ਗੁਪਤ ਤਹਿਖ਼ਾਨਿਆਂ ਵਿਚ ਦੱਬੇ ਪਏ ਹਨ। ਨਾ ਸਿਰਫ਼ ਹਿੰਦੁਸਤਾਨ ਵਿਚ ਹੀ ਸਗੋਂ ਮਲਾਇਆ ਅਤੇ ਸਿੰਗਾਪੁਰ ਵਿਚ ਵੀ ਫ਼ੌਜੀਆਂ ਨੇ 'ਵਿਆਪਕ' ਬਗ਼ਾਵਤਾਂ ਕੀਤੀਆਂ।

ਲਾਹੌਰ ਲਾਗੇ, ਮੀਆਂ-ਮੀਰ ਛਾਉਣੀ ਜਿਥੇ 23ਵਾਂ ਰਿਸਾਲਾ ਮੌਜੂਦ ਸੀ ਅਤੇ ਫ਼ਿਰੋਜ਼ਪੁਰ ਜਿਥੇ 26ਵੀਂ ਪੰਜਾਬੀ ਪਲਟਣ ਤਾਇਨਾਤ ਸੀ ਗ਼ਦਰੀਆਂ ਦੀਆਂ ਸਰਗਰਮੀਆਂ ਦੇ ਸਰਗਰਮ ਕੇਂਦਰ ਬਣ ਕੇ ਉੱਭਰੇ। ਸਿਰਫ਼ 23ਵੇਂ ਰਿਸਾਲੇ ਵਿਚੋਂ ਹੀ 12 ਫ਼ੌਜੀਆਂ ਨੂੰ ਡਗਸ਼ਈ ਦੇ ਸਥਾਨ ਉੱਤੇ ਸਜ਼ਾ-ਏ-ਮੌਤ ਦਿੱਤੀ ਗਈ ਤੇ ਉਨ੍ਹਾਂ ਨੂੰ 3.9.1915 ਨੂੰ ਅੰਬਾਲਾ ਦੀ ਕੇਂਦਰੀ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

ਸ) ਉਪਰੋਕਤ ਨਾਲ ਸਬੰਧਤ ਇਨਕਲਾਬੀ ਸਾਹਿਤ।

ਹ) ਖਜ਼ਾਨੇ ਲੁੱਟਣਾ : ਤਜਵੀਜ਼ ਪਰ ਇਸ ਉੱਤੇ ਅਮਲ ਨਹੀਂ ਹੋਇਆ।

ਕ) ਹਥਿਆਰ ਇਕੱਠੇ ਕਰਨੇ ਅਤੇ ਬੰਬ ਬਣਾਉਣੇ।

### ਗ਼ਦਰ ਦਾ ਦਿਨ – 19 ਫਰਵਰੀ 1915

ਫ਼ੌਜੀ ਟੁਕੜੀਆਂ ਅਤੇ ਆਮ ਜਨਤਾ ਤੋਂ ਇਕੱਠੀ ਹੋਈ ਜਾਣਕਾਰੀ ਨੂੰ ਧਿਆਨ ਵਿਚ ਰੱਖਦਿਆਂ ਪਾਰਟੀ ਦੇ ਲਾਹੌਰ ਵਿਚਲੇ ਸਦਰ-ਮੁਕਾਮ ਵਿਚ 12.2.15 ਨੂੰ ਰਾਸ ਬਿਹਾਰੀ ਬੋਸ ਦੀ ਅਗਵਾਈ ਵਿਚ ਅਤਿ ਅਹਿਮ ਫ਼ੈਸਲਾ ਲਿਆ ਗਿਆ ਕਿ 21 ਫਰਵਰੀ ਨੂੰ ਗ਼ਦਰ ਸ਼ੁਰੂ ਕਰ ਦਿੱਤਾ ਜਾਵੇ। ਇਸ ਅਨੁਸਾਰ ਹੀ ਵੱਖੋ-ਵੱਖਰੇ ਕੇਂਦਰਾਂ ਨੂੰ ਸੁਨੇਹੇ ਘੱਲ ਦਿੱਤੇ ਗਏ ਅਤੇ ਨਾਲ ਹੀ ਆਮ ਬਗ਼ਾਵਤ ਦੇ ਸ਼ੁਰੂ ਹੋਣ ਦਾ ਸੰਕੇਤ ਭੇਜ ਦਿੱਤਾ ਗਿਆ। ਪਰ ਇਸ ਵਕਤ ਦੌਰਾਨ ਕ੍ਰਿਪਾਲ ਸਿੰਘ ਦੀ ਬਦੌਲਤ ਪੁਲਸ ਉਨ੍ਹਾਂ ਦੇ ਸਭ ਤੋਂ ਅੰਦਰਲੇ ਘੇਰਿਆਂ ਤਕ ਪਹੁੰਚਣ ਵਿਚ ਕਾਮਯਾਬ ਹੋ ਚੁੱਕੀ ਸੀ, ਜਿਹੜਾ ਕਿ ਇਸੇ ਮਕਸਦ ਵਾਸਤੇ ਜਸੂਸ ਵਜੋਂ ਘੁਸਿਆ ਹੋਇਆ ਸੀ। ਕਿਸੇ ਤਰ੍ਹਾਂ ਆਗੂਆਂ ਨੂੰ ਇਹ ਪਤਾ ਲੱਗ ਗਿਆ ਕਿ ਪੁਲਸ ਨੂੰ 21 ਤਰੀਕ ਬਾਰੇ ਖ਼ਬਰ ਹੋ ਚੁੱਕੀ ਹੈ। ਸੋ 16 ਜਾਂ 17 ਫਰਵਰੀ ਨੂੰ ਸਰਕਾਰੀ ਕਾਰਵਾਈ ਦੇ ਯਤਨ ਨੂੰ ਨਾਕਾਮ ਬਣਾਉਣ ਲਈ ਗ਼ਦਰ ਦੀ ਤਰੀਕ ਦੋ ਦਿਨ ਅਗਾਊਂ 19 ਫਰਵਰੀ ਤੈਅ ਕਰ ਲਈ ਗਈ। ਪਰ ਚਲਾਕ ਕ੍ਰਿਪਾਲ ਨੂੰ 19 ਦੀ ਸਵੇਰ ਨੂੰ ਹੀ ਇਸ ਦੀ ਭਿਣਕ ਮਿਲ ਗਈ ਤੇ ਉਸ ਨੇ ਪਾਰਟੀ ਦੇ ਸਦਰ-ਮੁਕਾਮ ਉੱਪਰ ਹਮਲਾ ਕਰਵਾ ਦਿੱਤਾ ਜੋ ਉਸੇ ਦਿਨ ਦੁਪਹਿਰ ਦੇ ਵਕਤ ਹੋਇਆ।

ਬਾਕੀ ਗ਼ਦਰੀਆਂ ਨੂੰ ਲਾਹੌਰ ਸਦਰ-ਮੁਕਾਮ ਉੱਪਰ ਹੋਏ ਉਪਰੋਕਤ ਹਮਲੇ ਦੀ ਕੋਈ ਖ਼ਬਰ ਨਹੀਂ ਸੀ ਸੋ ਉਨ੍ਹਾਂ ਨੇ ਉਸੇ ਤਰ੍ਹਾਂ ਆਪਣੀ ਯੋਜਨਾ ਨੂੰ ਲਾਗੂ ਕਰ ਦਿੱਤਾ। ਫ਼ਿਰੋਜ਼ਪੁਰ ਛਾਉਣੀ ਦੇ ਬਾਹਰ ਸਰਕੰਡਿਆਂ ਵਿਚ ਬਹੁਤ ਸਾਰੇ ਗ਼ਦਰੀ ਕਰਤਾਰ ਸਿੰਘ ਦੀ ਅਗਵਾਈ ਵਿਚ ਇਕੱਠੇ ਹੋਏ ਹੋਏ ਸਨ। ਉਹ ਫ਼ੌਜੀ ਬੈਰਕਾਂ ਵਿਚ ਗਿਆ ਤੇ ਉਸ ਨੂੰ ਪਤਾ ਲੱਗਾ ਕਿ ਤਰੀਕ ਦਾ ਭੇਤ ਖੁੱਲ੍ਹਣ ਕਾਰਨ ਹਾਲਾਤ ਵਿਚ ਵੱਡਾ ਬਦਲਾਓ ਹੋ ਚੁੱਕਾ ਸੀ ਅਤੇ ਉਹ ਖਿੰਡ ਜਾਣ ਦਾ ਐਲਾਨ ਕਰਨ ਲਈ ਵਾਪਸ ਪਰਤ ਆਇਆ। ਦਿਲਚਸਪ ਗੱਲ ਇਹ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਦਾ "ਜਥਾ" ਜਿਸ ਵਿਚ ਕੋਈ 60-65 ਜਣੇ ਸਨ, (19.2.15 ਨੂੰ) ਨੀਲਾ ਬਾਣਾ ਪਾਈ ਤੇ ਹਾਰਮੋਨੀਅਮ ਚੁੱਕੀ ਤਾਂ ਕਿ ਉਹ 'ਕੀਰਤਨੀ ਜਥਾ" ਸਮਝੇ ਜਾਣ, ਮੁੱਲਾਂਪੁਰ (ਦਾਖ਼ਾ) ਤੋਂ ਜੋ ਕਿ ਲੁਧਿਆਣਾ ਤੋਂ ਕੋਈ 10 ਮੀਲ ਦੀ ਵਿੱਥ 'ਤੇ ਹੈ, ਅਤੇ ਗੁੱਜਰਵਾਲ ਤੇ ਨਾਰੰਗਵਾਲ ਦੇ ਬਹੁਤ ਨੇੜੇ ਹੈ, ਫ਼ਿਰੋਜ਼ਪੁਰ ਦੀ ਗੱਡੀ ਵਿਚ ਚੜ੍ਹ ਗਏ। (ਉਨ੍ਹਾਂ ਵਿਚੋਂ ਜ਼ਿਆਦਾਤਰ ਦੀ ਸ਼ਨਾਖ਼ਤ ਹੋ ਗਈ ਅਤੇ ਉਨ੍ਹਾਂ ਉੱਤੇ ਬਾਅਦ ਵਿਚ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਮੁਕੱਦਮਾ ਚੱਲਿਆ)।

(ਬਾਕੀ ਅਗਲੇ ਅੰਕ 'ਚ)

# ਬਾਵਾ ਬਲਵੰਤ



ਬਾਵਾ ਬਲਵੰਤ (ਅਗਸਤ 1915-1972) ਦਾ ਜਨਮ ਪਿੰਡ ਨੇਸ਼ਟਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਮੰਗਲ ਸੈਨ ਸੀ। ਫਿਰ ਬਲਵੰਤ ਰਾਏ ਅਤੇ ਬਾਅਦ ਵਿਚ ਬਾਵਾ ਬਲਵੰਤ ਬਣਿਆ। ਉਨ੍ਹਾਂ ਨੂੰ ਸਕੂਲੀ ਵਿੱਦਿਆ ਪ੍ਰਾਪਤ ਕਰਨ ਦਾ ਮੌਕਾ ਨਹੀਂ ਮਿਲਿਆ। ਉਨ੍ਹਾਂ ਨੇ ਆਪਣੀ ਮਿਹਨਤ ਨਾਲ ਸੰਸਕ੍ਰਿਤ, ਹਿੰਦੀ, ਉਰਦੂ ਅਤੇ ਫ਼ਾਰਸੀ ਵਰਗੀਆਂ ਭਾਸ਼ਾਵਾਂ ਸਿੱਖੀਆਂ ਅਤੇ ਸਾਹਿਤ ਦਾ ਅਧਿਐਨ ਕੀਤਾ। ਆਪਣੀਆਂ ਆਰਥਕ ਲੋੜਾਂ ਲਈ ਉਨ੍ਹਾਂ ਨੇ ਗੱਤੇ ਦੇ ਡੱਬੇ ਬਣਾਉਣ ਤੋਂ ਲੈ ਕੇ, ਲਫ਼ਾਫ਼ੇ ਬਣਾਉਣ, ਸੂਤ ਦੀ ਰੰਗਾਈ ਦਾ ਕੰਮ ਅਤੇ ਖੱਦਰ ਦੀਆਂ ਟੋਪੀਆਂ ਬਣਾਉਣ ਦਾ ਕੰਮ ਵੀ ਕੀਤਾ। ਉਨ੍ਹਾਂ ਦੀ ਪਹਿਲੀ ਰਚਨਾ ਸ਼ੇਰ-ਏ-ਹਿੰਦੀ 1930ਵਿਚ ਉਰਦੂ ਵਿਚ ਛਪੀ, ਜੋ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਈ। ਪੰਜਾਬੀ ਵਿਚ ਉਨ੍ਹਾਂ ਦੀਆਂ ਕਾਵਿ ਰਚਨਾਵਾਂ ਹਨ; ਮਹਾਂ ਨਾਚ (1941), ਅਮਰ ਗੀਤ (1942), ਜਵਾਲਾਮੁਖੀ (1943), ਬੰਦਰਗਾਹ (1951) ਅਤੇ ਸੁਗੰਧ ਸਮੀਰ (1959)।

## ਬਾਵਾ ਬਲਵੰਤ ਦੀਆਂ ਪੰਜ ਕਵਿਤਾਵਾਂ

### ਬਾਗ਼ੀ

ਮੈਂ ਬਾਗ਼ੀ, ਮੈਂ ਬਾਗ਼ੀ, ਮੈਂ ਆਕੀ, ਮੈਂ ਆਕੀ;
ਮੈਂ ਇਕ ਅਮਰ ਸ਼ਕਤੀ, ਮੈਂ ਬਾਕੀ, ਮੈਂ ਬਾਕੀ।
ਮੈਂ ਦੁਨੀਆਂ ਦੀ ਹਰ ਇਕ ਬਗ਼ਾਵਤ ਦਾ ਬਾਨੀ,
ਮੈਂ ਹਰਕਤ, ਮੈਂ ਸੱਤਾ, ਮੈਂ ਚੇਤਨ ਜਵਾਨੀ।
ਮੈਂ ਪਾਰੇ ਦਾ ਦਿਲ ਹਾਂ, ਮੈਂ ਛੱਲਾਂ ਦਾ ਹਿਰਦਾ;
ਪਹਾੜਾਂ ਦਾ ਦਿਲ ਮੇਰੇ ਨਾਹਰੇ ਤੋਂ ਘਿਰਦਾ।
ਮੇਰੇ ਸਾਹਮਣੇ ਕੀ ਹੈ ਜ਼ਾਲਮ ਦਾ ਟੋਲਾ;
ਮੈਂ ਪਰਚੰਡ ਅਗਨੀ, ਮੈਂ ਬੇਰੋਕ ਸ਼ੁਹਲਾ।
ਇਹ ਧੁੰਦਲੇ, ਇਹ ਮਿਟਦੇ, ਪੁਰਾਣੇ ਨਜ਼ਾਰੇ,
ਇਹ ਫਿੱਕਾ ਜਿਹਾ ਚੰਨ, ਇਹ ਬੇ-ਚਮਕ ਤਾਰੇ।
ਮੈਂ ਸੂਰਜ ਦਾ ਬਦਲਾਂਗਾ ਹਰ ਪਹਿਲਾ ਕਾਇਦਾ-
ਨਵਾਂ ਦਿਨ, ਨਵੀਂ ਰਾਤ ਹੋਵੇਗੀ ਪੈਦਾ।
ਮੈਂ ਅੰਬਰ ਦਾ ਪੋਲਾ ਜਿਹਾ ਚੀਰ ਸੀਨਾ,
ਤੇ ਦੁਨੀਆਂ ਨੂੰ ਦੱਸਾਂਗਾ ਕੀ ਸ਼ੈ ਹੈ ਜੀਣਾ।
ਮੈਂ ਬਦਲੀ ਦਾ ਅਵਤਾਰ, ਬਦਲੀ ਦਾ ਰਾਗੀ;
ਮੈਂ ਆਕੀ, ਮੈਂ ਆਕੀ, ਮੈਂ ਬਾਗ਼ੀ, ਮੈਂ ਬਾਗ਼ੀ।

ਮੇਰੀ ਖੇਡ ਨੂੰ ਤੰਗ ਹੈ ਇਹ ਜ਼ਮਾਨਾ,
ਮੇਰੀ ਖੇਡ ਤੋਂ ਦੰਗ ਹੈ ਇਹ ਜ਼ਮਾਨਾ।
ਮੈਂ ਕਰਦਾ ਰਿਹਾ ਹਾਂ, ਇਹੋ ਮੇਰੀ ਆਦਤ,
ਹਯਾਤੀ ਦੇ ਸਭ ਪਹਿਲੂਆਂ ਵਿਚ ਬਗ਼ਾਵਤ।
ਤਬਾਹੀ ਦੀ ਬਣ ਕੇ ਤਬਾਹੀ ਮੈਂ ਆਵਾਂ;
ਜੋ ਖ਼ਲਕਤ ਮੁਕਾਵੇ, ਮੈਂ ਉਸ ਨੂੰ ਮੁਕਾਵਾਂ।
ਮੈਂ ਨੀਰੋ ਦਾ ਦੁਸ਼ਮਣ, ਮੈਂ ਕਾਰੂੰ ਦਾ ਵੈਰੀ,
ਮੈਂ ਇਨ੍ਹਾਂ ਲਈ ਅਯਦਹਾ, ਨਾਗ ਜ਼ਹਿਰੀ।
ਮੇਰੇ ਡਰ ਤੋਂ ਦੁਨੀਆਂ ਦੇ ਡਰ ਨੱਸਦੇ ਨੇ;
ਮੇਰੀ ਮੁਸਕ੍ਰਾਹਟ 'ਚ ਜਗ ਵਸਦੇ ਨੇ।
ਮੇਰੀ ਨਜ਼ਰ ਵੈਰਾਂ ਨੂੰ ਕਾਲੀ ਦਾ ਖੰਡਾ;
ਮੈਂ ਪੁਟਦਾ ਹਾਂ ਪਲ ਵਿਚ ਗ਼ਰੂਰਾਂ ਦਾ ਝੰਡਾ।
ਬਗ਼ਾਵਤ ਦਾ ਜ਼ੱਰਾ ਜਹਾਨਾਂ ਤੇ ਭਾਰੂ;
ਮੇਰਾ ਕਤਰਾ ਕਤਰਾ ਤੁਫ਼ਾਨਾਂ ਤੇ ਭਾਰੂ।
ਮੇਰਾ ਬੋਲ ਸ਼ਾਹਾਂ ਦੇ ਸੀਨੇ 'ਚ ਨੇਜ਼ਾ;
ਮੇਰੀ ਗਰਜ ਤੋਂ ਕੋਟ ਹਨ ਰੇਜ਼ਾ ਰੇਜ਼ਾ।
ਮੈਂ ਕੁਤਬਾਂ ਨੂੰ ਜਾ ਜਾ ਕੇ ਗਰਮਾ ਦਿਆਂਗਾ;
ਮੈਂ ਭੋਂ ਨਾਲ ਅੰਬਰ ਨੂੰ ਟਕਰਾ ਦਿਆਂਗਾ !
ਮੇਰਾ ਹੁਕਮ ਸੁਣਕੇ ਮੋਈ ਦੁਨੀਆਂ ਜਾਗੀ;
ਮੈਂ ਆਕੀ, ਮੈਂ ਆਕੀ, ਮੈਂ ਬਾਗ਼ੀ, ਮੈਂ ਬਾਗ਼ੀ।

ਮੇਰੇ ਜੀ 'ਚ ਜੋ ਕੁਝ ਭੀ ਆਏ ਕਰਾਂਗਾ;
ਮੈਂ ਗ਼ਮ ਤੇ ਖ਼ੁਸ਼ੀ ਦੇ ਸਮੁੰਦਰ ਤਰਾਂਗਾ।
ਗ਼ੁਲਾਮੀ ਦੀ ਹਰ ਤਾਰ, ਹਰ ਸਾਜ਼ ਮੁਰਦਾ;
ਗ਼ੁਲਾਮੀ ਦਾ ਹਰ ਤਖ਼ਤ, ਹਰ ਤਾਜ ਮੁਰਦਾ।
ਇਹ ਖ਼ੁਦਗ਼ਰਜ਼ ਮੰਦਰ, ਇਹ ਲੋਭੀ ਦਿਓਤੇ;
ਇਹ ਦੌਲਤ ਦੇ ਪੂਜਕ, ਇਹ ਕਾਰੂੰ ਦੇ ਪੋਤੇ।
ਇਹ ਮੱਥੇ ਦੇ ਵੱਟਾਂ ਦੇ ਮੂਸਲ, ਇਹ ਸਾੜੇ,
ਇਹ ਚੜ੍ਹਦੇ ਹੋਏ ਨੱਕ ਤਿਖੇ ਕੁਹਾੜੇ।
ਮਸੰਦਾਂ ਦੀ ਮਜਲਸ ਸ਼ਰਾਰਤ ਦੀ ਮਹਿਫ਼ਲ,
ਮੈਂ ਇਨ੍ਹਾਂ ਦੀ ਦੁਨੀਆਂ 'ਚ ਪਾਵਾਂਗਾ ਹਲਚਲ।
ਮੈਂ ਇਨ੍ਹਾਂ ਲਈ
ਬਣ ਕੇ ਭੂਚਾਲ ਆਵਾਂ;
ਇਹ ਡਿੱਗਣ, ਮੈਂ ਅੰਬਰ ਤੋਂ ਲੱਖ ਬਿਜਲੀ ਪਾਵਾਂ।
ਮੈਂ ਲਾਸਾ, ਮੈਂ ਭਾਬੜ, ਮੈਂ ਅਣਬੁਝ ਜਵਾਲਾ;
ਮੈਂ ਜ਼ਾਲਮ ਲਈ ਮੌਤ ਵਿਚ ਬੁਝਿਆ ਭਾਲਾ।
ਮੈਂ ਉਹ ਬਾਣ ਜੈਦਰਥ ਲਈ ਜੋ ਸੀ ਤਣਿਆਂ;
ਮੈਂ ਉਹ ਤੀਰ ਜੋ ਕ੍ਰਿਸ਼ਨ ਦੀ ਮੌਤ ਬਣਿਆਂ।
ਮੇਰੇ ਸਾਹਮਣੇ ਹੇਚ ਹੈ ਸਭ ਚਲਾਕੀ;
ਮੈਂ ਬਾਗ਼ੀ, ਮੈਂ ਬਾਗ਼ੀ, ਮੈਂ ਆਕੀ, ਮੈਂ ਆਕੀ।

ਮੈਂ ਇਕ ਇਨਕਲਾਬੀ ਖ਼ੁਦਾ ਹਾਂ, ਖ਼ੁਦਾ ਹਾਂ;
ਮੈਂ ਹਰ ਗ਼ਦਰ ਦੇ ਭੁੜਕਵੇਂ ਦਿਲ ਦਾ ਚਾ ਹਾਂ।
ਮੈਂ ਨਚਦਾ ਹਾਂ ਪਰ ਅਪਣੇ ਤਾਲਾਂ ਤੇ ਹਰਦਮ;
ਮੈਂ ਨਿਰਭੈ, ਮੈਂ ਬੇ-ਖ਼ੌਫ਼, ਨਿਸਚਿੰਤ, ਬੇ-ਗ਼ਮ।
ਮੇਰਾ ਕੰਮ ਹਰ ਦਿਲ ਨੂੰ ਆਜ਼ਾਦ ਕਰਨਾ,
ਤੇ ਹਰ ਆਸ ਦਾ ਬਾਗ਼ ਆਬਾਦ ਕਰਨਾ।
ਮੇਰਾ ਇਕ ਇਸ਼ਾਰਾ ਜ਼ਮੀਨਾਂ ਉਥੱਲੇ;
ਮੇਰੀ ਨਜ਼ਰ ਅੰਬਰ ਦੇ ਵਰਕੇ ਪਥੱਲੇ।
ਮੇਰਾ ਹੁਕਮ ਸੁਣ ਕੇ ਸਮਾਂ ਚੱਲਦਾ ਏ,
ਮੇਰਾ ਰਾਗ ਸਾਰੀ ਫ਼ਜ਼ਾ ਮੱਲਦਾ ਏ।
ਸ਼ਤਾਨਾਂ ਲਈ ਕਾਲ ਆਇਆ ਹਾਂ ਬਣ ਕੇ;
ਮਸੂਮਾਂ ਲਈ ਢਾਲ ਆਇਆ ਹਾਂ ਬਣ ਕੇ।
ਮੈਂ ਹਰ ਥਾਂ ਨਵਾਂ ਯੁਗ ਵਰਤਾ ਦਿਆਂਗਾ;
ਮੈਂ ਇੱਟ ਨਾਲ ਇੱਟ 'ਹੁਣ' ਦੀ ਖੜਕਾ ਦਿਆਂਗਾ।
ਮੇਰੇ ਸਾਹਮਣੇ ਕਲਗ਼ੀਆਂ, ਕਲਸ ਕੰਬਣ;
ਮੇਰੇ ਸਾਹਮਣੇ ਥੰਮ ਤਾਕਤ ਦੇ ਲਰਜ਼ਨ।
ਮੈਂ ਸੀਨਾ ਹਾਂ ਇਕ ਖੋਜ ਭਰਿਆ ਕਪਲ ਦਾ;
ਮੈਂ ਇਕ ਮਰਦ ਕਾਮਲ ਹਾਂ ਦੁਨੀਆਂ ਦੇ ਵੱਲ ਦਾ।
ਮੈਂ ਗੌਤਮ, ਮੈਂ ਰੂਸੋ, ਮੈਂ ਲੈਨਿਨ ਦੀ ਚਾਹਤ,
ਮੈਂ ਹਾਂ ਮਾਰਕਸ ਦੀ ਖ਼ੁਦਾਈ ਦੀ ਦੌਲਤ।
ਮੇਰੇ ਨਾਂ ਤੋਂ ਕੰਬਣ ਪੈਗੰਬਰ, ਤਿਆਗੀ;
ਮੈਂ ਆਕੀ, ਮੈਂ ਆਕੀ, ਮੈਂ ਬਾਗ਼ੀ, ਮੈਂ ਬਾਗ਼ੀ।

ਮੈਂ ਇਨਸਾਫ਼ ਦਾ ਦੇਵਤਾ ਸਭ ਦਾ ਸਾਂਝਾ;
ਮੈਂ ਅਣਥੱਕ ਪ੍ਰੇਮੀ, ਮੈਂ ਕੁਦਰਤ ਦਾ ਰਾਂਝਾ।
ਮੈਂ ਫੁੱਲਾਂ ਤੇ ਕਲੀਆਂ ਨੂੰ ਦੇਂਦਾ ਹਾਂ ਖੇੜਾ;
ਜ਼ਮਾਨੇ ਦੀ ਰਗ ਰਗ 'ਚ ਹੈ ਮੇਰਾ ਗੇੜਾ।
ਮੈਂ ਮੋਰਾਂ ਦੇ ਸੀਨੇ 'ਚ ਹਾਂ ਨਾਚ ਦਾ ਚਾਅ;
ਮੈਂ ਸ਼ਾਗਿਰਦ ਦੇ ਦਿਲ 'ਚ ਹਾਂ ਜਾਚ ਦਾ ਚਾਅ।
ਮੈਂ ਹਰ ਕਾਢ ਦੇ ਰਾਹ 'ਚ ਰੋਸ਼ਨ ਸਤਾਰਾ,
ਮੇਰੀ ਰੋਸ਼ਨੀ ਦਾ ਦਿਲਾਂ ਵਿਚ ਖਿਲਾਰਾ।
ਮੈਂ ਉਠਦੇ ਅਸਾਰਾਂ 'ਚ ਜਿੰਦ ਪਾਉਣ ਵਾਲਾ;
ਮੈਂ ਬਦਲੀ ਦੇ ਸੋਹਲੇ ਸਦਾ ਗਾਉਣ ਵਾਲਾ।
ਕਦੀ ਭੀ ਕਿਸੇ ਤੋਂ ਨਹੀਂ ਹਾਰਿਆ ਮੈਂ;
"ਕਦੀ ਭੀ ਨਾ ਹਾਰਾਂਗਾ!" ਲਲਕਾਰਿਆ ਮੈਂ।
ਮੈਂ ਇਕ ਅਮਰ ਸ਼ਕਤੀ, ਮੈਂ ਬਾਕੀ, ਮੈਂ ਬਾਕੀ।
ਮੈਂ ਬਾਗ਼ੀ, ਮੈਂ ਬਾਗ਼ੀ, ਮੈਂ ਆਕੀ, ਮੈਂ ਆਕੀ।

### ਸ਼ਾਮ ਦੀ ਲਾਲੀ

ਪਈ ਸ਼ਾਮ ਲੁਟਾਏ ਲਾਲੀ
ਪੀ ਪਰਿਵਰਤਨ-ਮਦ-ਪਿਆਲੀ;
ਕੁਦਰਤ ਦੀ ਅੱਖ ਸ਼ਰਾਬੀ
ਜ਼ਰਦਾਂ ਨੂੰ ਕਰੇ ਉਨਾਬੀ;
ਅਰਸ਼ਾਂ ਦੀ ਪੀਂਘ ਬਣੀ ਹੈ
ਉਪਬਨ ਦੀ ਡਾਲੀ ਡਾਲੀ-
ਪਈ ਸ਼ਾਮ ਲੁਟਾਏ ਲਾਲੀ!

ਅੰਬਾਂ ਦੀਆਂ ਪਾਲਾਂ ਲੰਘ ਕੇ,
ਪਰ ਜਾਨਵਰਾਂ ਦੇ ਰੰਗ ਕੇ,
ਹੋ ਰੰਗ-ਬਰੰਗੇ ਸਾਏ,
ਨੱਚਦੇ ਪਾਣੀ ਤੇ ਆਏ;
ਹੋਇਆ ਇੰਜ ਗਹਿਰਾ ਪਾਣੀ
ਜਿਉਂ ਪਰ ਪਿਘਲੇ ਮੋਰਾਂ ਦੇ;
ਬਿਜਲੀ ਹੋ ਅਰਸ਼ ਦੀ ਠੰਢੀ ਹੈ
ਆਣ ਵਿਛੀ ਰਾਹਾਂ ਤੇ;
ਕੇਸਰ ਹੋਈ ਹਰਿਆਲੀ-
ਪਈ ਸ਼ਾਮ ਲੁਟਾਏ ਲਾਲੀ!

ਹੇ ਦੇਵ-ਲੋਕ ਦੀ ਮਦਰਾ,
ਪਿਆਸਾ ਹੈ ਮੇਰਾ ਹਿਰਦਾ;
ਆ ਬਣ ਕੇ ਨਸ਼ਾ ਸਦੀਵੀ,
ਹਸਤੀ ਹੋ ਜਾਏ ਖੀਵੀ!
ਕੋਈ ਪਾਰ ਤੇਰੇ ਤੋਂ ਗਾਏ,
ਉਹ ਲੈ ਦਿਲ ਖਿਚਦੀ ਜਾਏ।
ਕੀ ਰਾਗ ਦਾ ਜਾਦੂ ਹੈਂ ਤੂੰ ?
ਜੋ ਕੁਝ ਹੈਂ ਦਸ ਜਾ ਮੈਨੂੰ।
ਹੇ ਰੰਗ-ਨਗਰ ਦੀ ਰਾਣੀ,
ਹੇ ਚੇਤਨ-ਵਿਸ਼ਵ-ਜਵਾਨੀ,
ਪੂਰਬ ਦੇ ਪੀਲੇ ਚਿਹਰੇ
ਬਣ ਜਾਣ ਨਿਸ਼ਾਨੇ ਤੇਰੇ;
ਆ ਚੜ੍ਹ ਜਾ ਦਿਲਾਂ ਤੇ ਆ ਕੇ,
ਮੁੜ ਜਾਵੀਂ ਜੋਤ ਜਗਾ ਕੇ!

-ਚਿਹਰੇ ਦਾ ਰੰਗ ਬਣਾਵਣ
ਇੰਜਣਾਂ ਦੀ ਰਾਖ ਬਦਲ ਕੇ,
ਤੂੰ ਨਿਤ ਦੇਖੇ ਹੋਵਣਗੇ
ਬਣ ਬਣ ਕੇ ਸਾਂਗ ਨਿਕਲਦੇ;
ਪੱਛਮ ਦੀ ਸੁਰਖ਼ੀ ਲਾਲੀ
ਲੱਖ ਸੂਰਤ ਪਈ ਸਜਾਏ,
ਦਿਲ ਮੇਰਾ ਕਦੀ ਨਾ ਖਿੱਚੇ,
ਨੈਣਾਂ ਨੂੰ ਕਦੇ ਨਾ ਭਾਏ-

ਹੇ ਨੂਰ ਦੀ ਲਾਲੀ ਆ ਜਾ,
ਜੀਵਨ ਮੇਰਾ ਪਲਟਾ ਜਾ,
ਧੁੰਦਲੇ ਨੂੰ ਲਾਲ ਬਣਾ ਜਾ!

### ਜਦ ਪਿਆਰ ਹੋਇਆ

ਪੈਰਾਂ ਨੇ ਕਦ ਵੇਖੇ ਦੂਰ ਦੁਰੇਡੇ ?
ਕਦ ਘਬਰਾਏ ਦੇਖ ਦੇਖ ਰਾਹ ਟੇਢੇ ?
ਨਜ਼ਰ 'ਚ ਆਈਆਂ ਕਦ ਪਰਬਤ-ਦੀਵਾਰਾਂ ?
ਰੋਕ ਨਾ ਸਕੀਆਂ ਰਾਹ ਮੇਰਾ ਗੁਲਜ਼ਾਰਾਂ।
ਜਦ ਤੂਫ਼ਾਨ ਲਿਆਇਆ ਤੱਤ-ਸਾਗਰ ਵਿਚ,
ਸ਼ੌਕ-ਮਿਲਾਪ ਵਸਾਇਆ ਮੌਤ-ਨਗਰ ਵਿਚ।
ਤੂਫ਼ਾਨਾਂ ਸੰਗ ਬੰਨ੍ਹ ਕੇ ਜੀਵਨ-ਬੇੜੀ,
ਰੁੜ੍ਹਦਾ ਗਿਆ ਮੈਂ ਦੇਖ ਕੇ ਮਰਜ਼ੀ ਤੇਰੀ।
ਖ਼ੂਬ ਅਨੰਦ ਲਿਆ ਤੇਰੇ ਬਿਸਮਲ ਨੇ,
ਕਦ ਹੋਵੇਗਾ ਮੇਲ ਨਾ ਪੁਛਿਆ ਦਿਲ ਨੇ,
ਪਿਆਰ 'ਚ ਪੁਛਣਾ ਪਾਪ ਨਫ਼ਾ ਨੁਕਸਾਨ।

ਸੁਪਨ-ਸੁਨਹਿਰੀ ਮੇਰੇ ਬਣੇ ਮੁਹਾਣੇ,
ਲੰਘਦਾ ਗਿਆ ਮੈਂ ਪਾਣੀ ਨਵੇਂ ਪੁਰਾਣੇ।
ਅਮਰ ਬੁਲਬੁਲਾ ਕੱਛਦਾ ਗਿਆ ਦੁਰੇੜੇ,
ਬਚਦਾ ਰਿਹਾ ਹੈ ਖਾ ਖਾ ਲੱਖ ਥਪੇੜੇ।
ਡੁੱਬ ਗਿਆ ਉਹ ਪੰਧ-ਵਿਖਾਊ ਤਾਰਾ,
ਪਰ ਸੁਹਣੀ ! ਨਹੀਂ ਪੁਛਿਆ ਪਾਰ ਕਿਨਾਰਾ।
ਨਜ਼ਰ 'ਚ ਹੈ ਜੇ ਪੂਰਨ-ਪ੍ਰੇਮ-ਨਿਸ਼ਾਨ,
ਪਿਆਰ 'ਚ ਪੁਛਣਾ ਪਾਪ ਨਫ਼ਾ ਨੁਕਸਾਨ।

ਹੰਝੂ ਹੋਏ ਲੱਖ ਸਿੱਪੀਆਂ ਵਿਚ ਮੋਤੀ,
ਤਾਰਾ-ਹੀਨ-ਅਰਸ਼ ਪਹੁੰਚੀ ਦਮ-ਜੋਤੀ।
ਲਹਿਰ-ਨਗਰ ਵਿਚ ਅਪਣੀ ਜਾਨ ਘੁਮਾਈ,
ਪਰ ਕੋਈ ਆਵਾਜ਼-ਮਿਲਾਪ ਨਾ ਆਈ।
"ਕੋਲ ਕੋਲ ਲੱਖ ਫਿਰਦਾ ਰਿਹਾ ਮੈਂ ਤੇਰੇ,
ਕਿਉਂ, ਪਿਆਰੀ, ਦਸ, ਭਾਗ ਨਾ ਜਾਗੇ ਮੇਰੇ ?
ਕਦ ਲਾਏਂਗੀ ਗਲ ? ਤੱਕ ਜੀਵਨ ਮੇਰਾ।
ਜਾਂ ਪ੍ਰੀਤਮ ਦਰ ਬੰਦ ਰਹੇਗਾ ਤੇਰਾ ?"
ਇਹ ਪੁਛਣਾ ਭੀ ਨਹੀਂ ਇਸ਼ਕ ਦੀ ਸ਼ਾਨ-
ਪਿਆਰ 'ਚ ਪੁਛਣਾ ਪਾਪ ਨਫ਼ਾ ਨੁਕਸਾਨ।

### ਸਿਤਾਰੇ

ਖ਼ਬਰ ਨਹੀਂ ਅਸੀਂ ਤੁਰਦੇ ਹਾਂ ਕਿਸ ਸਰਾਂ ਦੇ ਲਈ,
ਕੋਈ ਤਾਂ ਹੁੰਦਾ ਟਿਕਾਣਾ ਮੁਸਾਫ਼ਿਰਾਂ ਦੇ ਲਈ!
ਖ਼ੁਸ਼ੀ 'ਚ ਅਪਣੀ ਕੋਈ ਚਾਲ ਚਲ ਨਹੀਂ ਸਕਦਾ,
ਕਿ ਚੰਦ ਪੈਂਤੜਾ ਅਪਣਾ ਬਦਲ ਨਹੀਂ ਸਕਦਾ।
ਹੁਕਮ ਦੀ ਧੁੱਪ ਹੈ, ਛਾਇਆ ਨਹੀਂ, ਦਰੱਖ਼ਤ ਨਹੀਂ;
ਅਵਾਜ਼ ਹੈ ਕਿ ਤੁਰੋ, ਇਹ ਕਾਨੂੰਨ ਸਖ਼ਤ ਨਹੀਂ।
ਰਵਾਨਾ ਕਾਫ਼ਲਾ ਇਹ ਪਰ ਹੈ ਕਿਸ ਸਰਾਂ ਦੇ ਲਈ ?
ਕਿ ਕੋਟ ਨੈਣ ਤੜਪਦੇ ਨੇ ਮੰਜ਼ਲਾਂ ਦੇ ਲਈ।
ਬਸ ਇਕ ਚਾਲ ਤੇ ਇਕ ਰਾਹ ਦਾ
ਇਹ ਜ਼ੁਲਮ ਹੀ ਰਿਹਾ,
ਅਸੀਂ ਸੁਖੀ ਹਾਂ ਵਿਸ਼ਵਕਾਰ ਨੂੰ ਭਰਮ ਹੀ ਰਿਹਾ।
ਵਿਸ਼ਾਲ ਖੁਲ੍ਹ ਭੀ ਇਕ ਉਜਲਾ ਕੈਦ-ਖ਼ਾਨਾ ਏ,
ਕਿ ਰੂਹ ਦੇ ਨਾਚ ਲਈ ਤੰਗ ਹਰ ਜ਼ਮਾਨਾ ਏ।
ਕੀ ਰੋਸ਼ਨੀ ਹੈ ਕਿਸੇ ਸ਼ੈ ਦਾ ਕੁਝ ਪਤਾ ਹੀ ਨਹੀਂ ?
ਹਾਂ ਅੰਧਕਾਰ ਤੋਂ ਬਿਨ ਇਸ ਦਾ ਕੁਝ ਮਜ਼ਾ ਹੀ ਨਹੀਂ।
ਤਰਸ ਰਹੇ ਹਾਂ ਚਿਰਾਂ ਤੋਂ ਪਿਆਰ-ਮਾਂ ਦੇ ਲਈ।
ਅਲੋਕ-ਕਤਰੇ ਤਰਸਦੇ ਨੇ ਸਿੱਪੀਆਂ ਦੇ ਲਈ।
ਨਾ ਤੋਰ, ਤੋਰ ਨਾ ਹੁਣ ਸਾਨੂੰ ਗੁੰਮ ਸਰਾਂ ਦੇ ਲਈ,
ਚਮਕਦੇ ਪੰਛੀ ਤੜਪਦੇ ਹਾਂ ਜੰਗਲਾਂ ਦੇ ਲਈ।
ਕਿਸੇ ਦੇ ਰਸਤੇ 'ਚ ਦੀਵੇ ਬਲਾਂਗੇ ਪਰ ਕਦ ਤਕ ?
ਹੈ ਖ਼ਾਕ ਜ਼ਿੰਦਗੀ, ਅਪਣੇ ਤੇ ਹੱਕ ਨਹੀਂ ਜਦ ਤਕ !
ਬੁਰਾ ਹੈ ਪਾਪ ਤੋਂ ਬੰਦਸ਼ 'ਚ ਅਮਰ ਜੀਵਨ ਭੀ,
ਕਿ ਕੈਦ-ਨੂਰ 'ਚ ਵਹਿਸ਼ਤ ਹੈ ਦੇਵਤਾ-ਪਨ ਭੀ।
ਹੇ ਮੌਤ, ਜੋਤ ਬਿਗਾਨੀ ਦੀ ਲਾਟ ਗੁੱਲ ਕਰ ਦੇ !

### ਤੇਰਾ ਇਕ ਦਿਲ ਹੈ ਜਾਂ ਦੋ



ਤੇਰਾ ਇਕ ਦਿਲ ਹੈ ਜਾਂ ਦੋ ?
ਆਪੇ ਕਹੇਂ, "ਮੈਂ ਤੇਰੀ ਤੇਰੀ";
ਆਪੇ ਕਹੇਂ, "ਨਾ ਛੋਹ"-
ਤੇਰਾ ਇਕ ਦਿਲ ਹੈ ਜਾਂ ਦੋ ?

ਰੋਵਾਂ ਜਦ ਆਖੇਂ, "ਹੱਸ ਛੇਤੀ";
ਹੱਸਾਂ ਆਖੇਂ "ਰੋ" -
ਤੇਰਾ ਇਕ ਦਿਲ ਹੈ ਜਾਂ ਦੋ ?

ਕਰਾਂ ਮੈਂ ਜਦੋਂ ਉਜਾਲਾ,
ਆਖੇਂ, "ਬਾਲ ਨਾ ਦੀਵੇ";
ਰਹਾਂ ਜੇ ਬੈਠ ਹਨੇਰੇ ਅੰਦਰ
ਆਖੇਂ "ਕਰ ਲੈ ਲੋ" -
ਤੇਰਾ ਇਕ ਦਿਲ ਹੈ ਜਾਂ ਦੋ ?

ਤੁਰਦਾ ਰਹਾਂ ਤਾਂ ਦਏਂ ਅਵਾਜ਼ਾਂ,
"ਮੰਜ਼ਲ ਦੂਰੋ ਦੂਰ";
ਜੇ ਮੈਂ ਅੜ ਬੈਠਾਂ ਤਾਂ ਆਖੇਂ,
"ਹੁਣ ਹੈ ਇਕੋ ਕੋਹ" -
ਤੇਰਾ ਇਕ ਦਿਲ ਹੈ ਜਾਂ ਦੋ ?

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



Jasvir Deol
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

# ਘਰ ਵਿੱਚੋਂ ਨਸ਼ੇ ਦੀ ਖੇਪ ਬਰਾਮਦ



ਐਡਮਿੰਟਨ, (ਨਦਬ) : ਪਿਛਲੇ ਦਿਨੀਂ ਪੁਲਿਸ ਨੇ ਐਡਮਿੰਟਨ ਦੀ 109 ਸਟਰੀਟ ਅਤੇ 69 ਐਵਿਨਿਊ ਦੇ ਇੱਕ ਘਰ ਵਿੱਚ ਛਾਪਾ ਮਾਰਿਆ ਜਿੱਥੋਂ ਵੱਡੀ ਮਾਤਰਾ ਵਿੱਚ ਸਿੰਥੈਟਿਕ ਨਸ਼ੇ ਬਰਾਮਦ ਹੋਏ। ਇਸ ਮੁਹਿੰਮ ਵਿੱਚ ਸ਼ਾਮਿਲ ਅਫ਼ਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਘਰ ਦੀ ਬੇਸਮੈਂਟ ਵਿੱਚੋਂ ਚਿੱਟੇ ਪਾਊਡਰ ਦੇ ਇੱਕ ਇੱਕ ਕਿਲੋ ਦੇ 12 ਪੈਕਟ ਅਤੇ ਨੀਲੇ ਪਾਊਡਰ ਦੇ 16 ਪੈਕਟ ਮਿਲੇ ਹਨ। ਇਸ ਤਰ੍ਹਾਂ ਦੇ ਹੀ ਪੀਲੇ ਪਾਊਡਰ ਦੇ ਵੀ ਕੁੱਝ ਪੈਕਟ ਮਿਲੇ ਹਨ। ਬਾਅਦ ਵਿੱਚ ਪਤਾ ਲੱਗਿਆ ਕਿ ਪੀਲੇ ਅਤੇ ਨੀਲੇ ਪੈਕਟ ਦਾ ਪਾਊਡਰ ਹੈਰੋਇਨ ਨਾਲੋਂ ਕਈ ਹਜ਼ਾਰ ਗੁਣਾ ਵੱਧ ਘਾਤਕ ਹੈ ਤੇ ਇਹ ਗਲੀਆਂ ਵਿੱਚ ਵੰਡਿਆ ਜਾਣਾ ਸੀ। ਇੰਸਪੈਕਟਰ ਸ਼ੇਨ ਪੇਰਕਾ ਨੇ ਦੱਸਿਆ ਕਿ 16 ਕਿਲੋ ਵਿੱਚੋਂ ਨਸ਼ੇ ਦੀਆਂ 161000 ਖੁਰਾਕਾਂ ਬਣਦੀਆਂ ਹਨ। ਉਹਨਾਂ ਕਿਹਾ ਐਡਮਿੰਟਨ ਪੁਲਿਸ ਵੱਲੋਂ ਇਹ ਨਸ਼ੇ ਦੀ ਸਭ ਤੋਂ ਵੱਡੀ ਖੇਪ ਜ਼ਬਤ ਕੀਤੀ ਗਈ ਹੈ। ਅਜੇ ਤੱਕ ਇਸ ਮਾਮਲੇ ਵਿੱਚ ਦੋਸ਼ੀ ਸਬੰਧੀ ਕੋਈ ਜਾਣਕਾਰੀ ਨਹੀਂ ਮਿਲ ਸਕੀ ਅਤੇ ਮਾਮਲੇ ਵਿੱਚ ਜਾਂਚ ਜਾਰੀ ਹੈ।

WESTFORK
kitchen Cabinet
Specializing in Cabinets & Counter Tops
Kitchen & Vanities,
Custom Cabinets,
Staining & Spraying Doors
ਕੈਬਨਿਟ ਅਤੇ ਕਾਉਂਟਰ ਟੌਪ ਬਣਾਉਣ ਦੇ ਮਾਹਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੋਰਕ ਕਿਚਨ ਕੈਬਨਿਟ
Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.
Gurmail Matharu : 780-990-9349
Ranjit Matharu : 780-907-9889
9248 34A Ave NW Edmonton, AB T6E 5P4
Tel : 780-490-4983
Fax : 780-490-4982
westforkkc@gmail.com

ਰੋਜ਼ਾਨਾ ਗੁਰਬਾਣੀ, ਕਥਾ, ਕੀਰਤਨ, ਮਸਕੀਨ ਜੀ ਅਤੇ ਸ਼ਬਦਾਂ ਦਾ ਅਨੰਦ ਮਾਣੋ
Nitnem-ਨਿਤਨੇਮ
Ardass-ਅਰਦਾਸ
Sukhmani Sahib-ਸੁਖਮਨੀ ਸਾਹਿਬ
Asa Di War-ਆਸਾ ਦੀ ਵਾਰ
Naam Simran-ਨਾਮ ਸਿਮਰਨ
300 Shabads-300 ਸ਼ਬਦ
Dhadi Varan-ਢਾਡੀ ਵਾਰਾਂ
Paath Shri Guru Granth Sahib Ji-ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਐਡਮਿੰਟਨ ਵਿਚ ਗੁਰਬਾਣੀ ਰੇਡੀਓ ਖਰੀਦਣ ਲਈ ਕਮਲ ਲਾਇਲ ਨੂੰ ਫੋਨ ਕਰੋ
780-807-6265, 780-466-8019
ਅਸਲੀ ਦਿੱਲੋਂ ਗੁਰਬਾਣੀ ਰੇਡੀਓ ਟਰਾਂਟੋ
140 hours of Gurbani AM-FM Radio
Rainbow Print & Sign # 780-461-6000

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
Move to New & Bigger Location for Better Service
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

SPRING SALE!
PRE HUNG DOOR BLOWOUT - HELD OVER Until June 29!
MASONITE
$200 RAIN GLASS Pre Hung Size: 24" W - 80" H 4.5" MDF Jamb
$65 ROCKPORT Pre Hung Size: 18" to 36" W - 80" H 4.5" MDF Jamb
$250 METAL 6 PANEL METAL W/ Brick Moulding Pre Hung 6.5" Pine Jamb Size: 32" to 36" W - 80" H
$350 FIBREGLASS 6 PANEL FIBREGLASS W/ Brick Moulding Pre Hung 6.5" Fibreglass Jamb Size: 32" & 36" W - 80" H
$1400 BLOWOUT CRAFTSMAN FIBREGLASS Pre Hung Sidelite: 12" W Door: 32" & 36" W - 80" H 6.5" Fibreglass Jamb
We Sell Commercial Doors and Hardware
ALEXANDRIA Moulding
#3140 Moulding MDF Primed 3/8 x 3 1/4 ¢.40/LF
#356 Moulding MDF Primed 2 1/4 x 3/8 ¢.25/LF
#00438 Moulding MDF Primed 1/2 x 3 1/2 ¢.47/LF
#00435 Moulding MDF Primed 1/2 x 2 1/2 ¢.37/LF
Taymor ERIE
Passage, Privacy Lever - C26D
$10 Dummy $14 Passage $15 Privacy
WEISER HALIFAX
Only Polish Chrome
$16 Dummy $28 Passage $30 Privacy
DEAD BOLT
WSCRDDB26D WSCRDTDB26 Or WSCSQDB26D WSCSQDB26 $25
SELECTRA 4 PIECE BATH SETS $75 C26 / C15
ANNO 3 PIECE BATH SETS C26 / C15 $35.00
+Cash and cary only. Sales prices not available on customer or in store credit accounts, other restrictions may apply. Prices valid while supply lasts. See in store for details.
Largest Showroom in Alberta
FANCY DOORS AND MOULDINGS
HURRY while stocks lasts!
780.432.7700 | fancydoors.com | 4421 Roper Road

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਵੈਨਕੂਵਰ ਦੀ ਟੈਕਸੀ ਸਨਅਤ

# ਨਵਾਂ ਸਾਲ




ਹਰਪ੍ਰੀਤ ਸੇਖਾ
778-231-1189

### ਟਿੱਪ

ਮੈਂ ਬਾਗੋ-ਬਾਗ ਸੀ। ਇਕ ਘੰਟੇ ਵਿਚ ਹੀ ਸੱਤਰ ਡਾਲਰ ਬਣ ਗਏ ਸੀ। ਇਸ ਤਰ੍ਹਾਂ ਕਦੇ-ਕਦੇ ਹੀ ਹੁੰਦਾ ਹੈ। ਸਵਾਰੀ ਨੂੰ ਏਅਰਪੋਰਟ 'ਤੇ ਲਾਹ ਕੇ ਮੈਂ ਵੀਡਸ ਵੱਲ ਟੈਕਸੀ ਮੋੜ ਲਈ। ਸੋਚਿਆ ਕਿ ਹੁਣ ਭਾਵੇਂ ਏਅਰਪੋਰਟ ਤੋਂ ਟ੍ਰਿੱਪ ਦੀ ਕੁਝ ਉਡੀਕ ਵੀ ਕਰਨੀ ਪੈ ਜਾਵੇ ਤਾਂ ਕੋਈ ਚੱਕਰ ਨਹੀਂ। ਜੇ ਇਹ ਚੰਗਾ ਟ੍ਰਿੱਪ ਨਾ ਲੱਗਦਾ ਤਾਂ ਸ਼ਾਇਦ ਮੈਂ ਏਅਰਪੋਰਟ 'ਤੇ ਨਾ ਹੀ ਰੁਕਦਾ। ਡਾਊਨ-ਟਾਊਨ ਨੂੰ ਮੁੜ ਜਾਂਦਾ। ਏਅਰਪੋਰਟ 'ਤੇ ਕਈ ਵਾਰੀ ਉਡੀਕ ਕੁਝ ਜ਼ਿਆਦਾ ਹੀ ਲੰਬੀ ਹੋ ਜਾਂਦੀ ਹੈ। ਉੱਨੇ ਚਿਰ 'ਚ ਅਗਲਾ ਡਾਊਨ-ਟਾਊਨ ਵਾਪਸ ਮੁੜ ਕੇ ਵੀ ਦੋ ਟ੍ਰਿੱਪ ਲਾ ਲੈਂਦਾ ਹੈ। ਹੁਣ ਜਦੋਂ ਇਕ ਟ੍ਰਿੱਪ ਨੇ ਧੰਨ-ਧੰਨ ਕਰਾ ਦਿੱਤੀ ਸੀ ਤਾਂ 'ਕਿਉਂ ਵਾਧੂ ਦੀ ਭੱਜ-ਨੱਠ ਕਰਨੀ ਆ। ਵੀਡਸ 'ਚ ਜਾ ਕੇ ਗੱਲਾਂ ਸੁਣਦੇ ਆਂ,' ਇਹ ਸੋਚਕੇ ਮੈਂ ਉੱਥੇ ਹੀ ਰੁਕ ਗਿਆ।

ਇਹ ਟ੍ਰਿੱਪ ਬਰਾਡਵੇ ਤੇ ਓਕ ਸਟਰੀਟ 'ਚੋਂ ਮਿਲਿਆ ਸੀ। ਜਦੋਂ ਟੈਕਸੀ ਏਅਰਪੋਰਟ ਵਾਲੇ 'ਆਰਥਰਲੇਇੰਗ ਬ੍ਰਿੱਜ 'ਤੇ ਪੁੱਜੀ ਤਾਂ ਸਵਾਰੀ ਜੇਬਾਂ ਟਟੋਲਣ ਲੱਗੀ। ਮੈਨੂੰ ਉਹ ਕੁਝ ਘਬਰਾਇਆ ਲੱਗਾ। ਫਿਰ ਉਸ ਨੇ ਆਪਣੇ ਹੱਥ ਵਾਲੇ ਥੈਲੇ ਨੂੰ ਖੋਲ੍ਹ ਕੇ ਦੇਖਿਆ। "ਮੈਂ ਆਪਣਾ ਪਾਸਪੋਰਟ ਘਰ ਭੁੱਲ ਆਇਐਂ," ਉਸ ਨੇ ਕਿਹਾ। ਮੇਰੇ ਚਿੱਤ 'ਚ ਇਕਦਮ ਆਇਆ, 'ਬਣਗੀ ਗੱਲ। ਉਹ ਫਿਰ ਬੋਲਿਆ, "ਮੇਰੀ ਉਡਾਣ 'ਚ ਡੇਢ ਘੰਟਾ ਹੀ ਰਹਿੰਦੈ, ਏਨੇ ਚਿਰ 'ਚ ਆਪਾਂ ਪਾਸਪੋਰਟ ਲਿਆ ਸਕਦੇ ਆਂ?"

"ਫ਼ਿਕਰ ਨਾ ਕਰ," ਆਖਦਿਆਂ ਮੈਂ ਟੈਕਸੀ ਤੇਜ਼ ਕਰ ਦਿੱਤੀ। ਟੈਕਸੀ ਮੈਂ ਵਾਪਸ ਉਸ ਦੇ ਟਿਕਾਣੇ ਵੱਲ ਮੋੜ ਦਿੱਤੀ। ਜਦੋਂ ਵੀ ਟੈਕਸੀ ਕਿਸੇ ਲਾਲ ਬੱਤੀ 'ਤੇ ਰੁਕਦੀ, ਉਸ ਦੀ ਚਿੰਤਾ ਵਧ ਜਾਂਦੀ। ਮੈਂ ਉਸ ਨੂੰ ਧਰਵਾਸਾ ਦਿੰਦਾ ਤੇ ਬੱਤੀ ਦੇ ਹਰੀ ਹੁੰਦਿਆਂ ਹੀ ਮੈਂ ਟੈਕਸੀ ਨੂੰ ਆਸੇ-ਪਾਸੇ ਦੀ ਦੂਜੇ ਵਾਹਨਾਂ ਤੋਂ ਮੂਹਰੇ ਕੱਢਣ ਦੀ ਕੋਸ਼ਿਸ਼ ਕਰਦਾ ਜਾਂ ਇਸ ਦਾ ਦਿਖਾਵਾ ਕਰਦਾ ਤਾਂ ਕਿ ਉਸ ਦਾ ਚਿੱਤ ਜ਼ਿਆਦਾ ਕਾਹਲਾ ਨਾ ਪਵੇ। ਕਿਰਾਏ ਵਾਲਾ ਮੀਟਰ ਤੇਜ਼ੀ ਨਾਲ ਹਿੰਦਸੇ ਬਦਲ ਰਿਹਾ ਸੀ। ਚੋਰੀਂ ਉਸ ਵੱਲ ਵੇਖ ਮੈਨੂੰ ਖੁਸ਼ੀ ਹੁੰਦੀ। ਇਕ ਵਾਰ ਮੇਰੀ ਨਜ਼ਰ ਮੀਟਰ ਤੋਂ ਝੱਟ ਬਾਅਦ ਉਸ ਵੱਲ ਹੋਈ। ਉਸ ਦਾ ਚਿੰਤਾਗ੍ਰਸਤ ਚੇਹਰਾ ਦੇਖ ਮੈਨੂੰ ਆਪਣੀ ਖੁਸ਼ੀ ਕਮੀਨਗੀ ਲੱਗੀ। ਸ਼ਾਇਦ ਮੈਂ ਆਪਣੀਆਂ ਨਜ਼ਰਾਂ 'ਚ ਹੀ ਦੁਬਾਰਾ ਉੱਠਣਾ ਚਾਹੁੰਦਾ ਸੀ, ਮੈਂ ਕਿਹਾ, "ਟੈਕਸੀ ਦੇ ਕਿਰਾਏ ਦਾ ਫ਼ਿਕਰ ਨਾ ਕਰੀਂ। ਜੇ ਤੂੰ ਚਾਹੇਂ ਤਾਂ ਜਦੋਂ ਪੰਜਾਹ ਡਾਲਰ ਹੋ ਗਏ ਮੈਂ ਮੀਟਰ ਬੰਦ ਕਰ ਦਿਆਂਗਾ।" ਮੇਰਾ ਅੰਦਾਜ਼ਾ ਸੀ ਕਿ ਮੀਟਰ 'ਤੇ ਪੰਜਾਹ ਤੋਂ ਸੱਠ ਡਾਲਰ ਦੇ ਵਿਚਕਾਰ ਚੱਲਣਗੇ।

"ਜੀ, ਧੰਨਵਾਦ। ਕਿਰਾਏ ਦੀ ਸਮੱਸਿਆ ਨਹੀਂ। ਮੇਰਾ ਫ਼ਿਕਰ ਤਾਂ ਉਡਾਣ ਖੁੰਝਣ ਦਾ ਹੈ।"

"ਫਿਕਰ ਨਾ ਕਰ। ਮੈਂ ਪੂਰੀ ਵਾਹ ਲਾਊਂਗਾ ਕਿ ਤੈਨੂੰ ਸਮੇਂ ਸਿਰ ਏਅਰਪੋਰਟ 'ਤੇ ਪਹੁੰਚਾ ਦੇਵਾਂ।"

ਤੇ ਜਦੋਂ ਟੈਕਸੀ ਏਅਰਪੋਰਟ 'ਤੇ ਪਹੁੰਚੀ ਤਾਂ ਉਸ ਦੀ ਉਡਾਣ 'ਚ ਹਾਲੇ ਪੌਣਾ ਘੰਟਾ ਰਹਿੰਦਾ ਸੀ। ਮੀਟਰ 'ਤੇ ਚਰਵੰਜਾ ਡਾਲਰ ਤੇ ਕੁਝ ਸੈਂਟ ਚੱਲੇ ਸਨ। ਉਸ ਨੇ ਸੱਤਰ ਡਾਲਰ ਦੇ ਕੇ ਘੁੱਟ ਕੇ ਹੱਥ ਮਿਲਾਇਆ ਤੇ ਤਿੰਨ-ਚਾਰ ਵਾਰ, "ਥੈਂਕ -ਯੂ," ਕਿਹਾ।

ਚੰਗੇ ਟ੍ਰਿੱਪ ਦੇ ਨਾਲ-ਨਾਲ ਟਿੱਪ ਵਜੋਂ ਮਿਲੇ ਪੰਦਰਾਂ-ਸੋਲਾਂ ਡਾਲਰ ਮੈਨੂੰ ਖ਼ੁਸ਼ੀ ਦੇ ਰਹੇ ਸਨ। ਤੇ ਇਕ ਉਹ ਦਿਨ ਵੀ ਸੀ, ਜਦੋਂ ਟਿੱਪ ਕਰਕੇ ਮੈਂ ਹੀਣਾ-ਹੀਣਾ ਮਹਿਸੂਸ ਕੀਤਾ ਸੀ। ਟੈਕਸੀ ਚਲਾਉਣ ਦੇ ਪਹਿਲੇ ਦਿਨ ਸ਼ਾਇਦ ਉਹ ਟ੍ਰਿੱਪ ਵੀ ਪਹਿਲਾ ਹੀ ਸੀ, ਇਕ ਸਵਾਰੀ ਨੇ ਪੰਜਾਹ ਸੈਂਟ ਬਕਾਏ ਦੇ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਸੀ, "ਕੀਪ ਦਾ ਚੇਂਜ।" ਮੈਨੂੰ ਆਪਣਾ-ਆਪ ਅਦਨਾ ਜਿਹਾ ਲੱਗਾ ਸੀ। ਜਿਵੇਂ ਕੋਈ ਕੁਲੀ ਨੂੰ ਸਾਮਾਨ ਚੁਕਾਉਣ ਤੋਂ ਬਾਅਦ ਇਨਾਮ ਵਜੋਂ ਚੁਆਨੀ-ਅਠਿਆਨੀ ਦੇ ਦੇਵੇ। ਮੇਰਾ ਜੀਅ ਕੀਤਾ ਸੀ ਕਿ ਗੋਲ਼ੀ ਮਾਰਾਂ ਇਸ 'ਕੁੱਤੇ ਕੰਮ ਨੂੰ। ਪਰ ਗੋਲ਼ੀ ਮਾਰੀ ਨਹੀਂ ਸੀ ਗਈ। ਤੇ ਹੁਣ ਉਹੀ ਟਿੱਪ ਮੈਨੂੰ---।

ਇਸ ਟਿੱਪ ਦੀ ਖ਼ੁਸ਼ੀ ਦਾ ਪ੍ਰਗਟਾਵਾ ਮੈਥੋਂ ਅਚੇਤ ਹੀ ਵੀਡਸ 'ਚ ਮਿਲੇ ਬਰਨਬੀ ਸ਼ਹਿਰ ਦੀ ਬੌਨੀਸ ਟੈਕਸੀ ਵਾਲੇ ਇਕ ਜਾਣੂ ਕੋਲ ਹੋ ਗਿਆ। ਵੀਡਸ ਵਿਚ ਪਹੁੰਚ ਕੇ ਮੈਂ ਟੈਕਸੀ ਲਾਈਨ 'ਚ ਲਾ ਕੇ ਬਾਹਰ ਨਿਕਲ ਆਇਆ। ਉੱਥੇ ਇਸ ਗੱਲ ਦੀ ਮੌਜ ਹੁੰਦੀ ਹੈ ਕਿ ਟੈਕਸੀ 'ਚ ਬੈਠਣਾ ਨਹੀਂ ਪੈਂਦਾ। ਵੱਡੀ ਸਾਰੀ ਸਕਰੀਨ 'ਤੇ ਲਿਖਿਆ ਆ ਜਾਂਦਾ ਹੈ ਕਿ ਟਰਮੀਨਲ ਤੇ ਐਨੀਆਂ ਟੈਕਸੀਆਂ ਚਾਹੀਦੀਆਂ ਹਨ। ਟੈਕਸੀਆਂ ਵਾਰੀ ਸਿਰ ਤੁਰੀਆਂ ਜਾਂਦੀਆਂ ਹਨ। ਜਦੋਂ ਵਾਰੀ ਨੇੜੇ ਆਉਂਦੀ ਦਿਸੇ ਉਦੋਂ ਆ ਕੇ ਟੈਕਸੀ 'ਚ ਬੈਠ ਜਾਵੋ। ਉੱਨਾ ਚਿਰ ਕਈ ਡਰਾਈਵਰਾਂ ਦੇ ਕਮਰੇ 'ਚ ਬੈਠਕੇ ਤਾਸ਼ ਕੁੱਟਣ ਲੱਗਦੇ ਹਨ। ਕਈ ਮੁਸਲਮਾਨ ਡਰਾਈਵਰ ਕਮਰੇ ਦੇ ਕੋਨੇ 'ਚ ਵਲ਼ੀ ਵਲਗਣ 'ਚ ਬੈਠ ਨਮਾਜ਼ ਪੜ੍ਹਦੇ ਹਨ। ਕਈ ਸੈਰ ਕਰ ਲੈਂਦੇ ਹਨ। ਮੈਂ ਲੱਤਾਂ ਸਿੱਧੀਆਂ ਕਰਨ ਲਈ ਟੈਕਸੀ 'ਚੋਂ ਬਾਹਰ ਨਿਕਲਿਆ ਹੀ ਸੀ ਕਿ ਮੇਰਾ ਉਹ ਜਾਣੂ ਆਪਣੀ ਟੈਕਸੀ 'ਚੋਂ ਨਿਕਲਦਾ ਬੋਲਿਆ, "ਕਿਵੇਂ ਆ ਬਿਜ਼ਨਿਸ ਵੈਨਕੂਵਰ? ਆਇਆ ਸੂਤ?"

"ਬਿਜ਼ਨਸ ਤਾਂ ਐਸਾ-ਵੈਸਾ ਈ ਆ ਪਰ ਮੇਰਾ ਸੂਤ ਲੱਗ ਗਿਆ।" ਮੇਰੇ ਮੂੰਹੋ ਅਚੇਤ ਈ ਨਿਕਲ ਗਿਆ। ਮੈਂ ਕੋਸ਼ਿਸ਼ ਕਰਦਾ ਹੁੰਨੈ ਕਿ ਚੰਗੇ ਟ੍ਰਿੱਪ ਦੀ ਬਹੁਤੀ ਡੌਂਡੀ ਨਾ ਪਿੱਟਾਂ। ਇਸ ਤਰ੍ਹਾਂ ਜਿਸ ਦਾ, ਉਸ ਦਿਨ ਮੰਦਾ ਰਿਹਾ ਹੋਵੇ ਉਸ ਦੀ ਤਕਲੀਫ਼ ਵਧ ਜਾਂਦੀ ਹੈ। ਮੇਰੇ ਆਪਣੇ ਨਾਲ ਇਸ ਤਰ੍ਹਾਂ ਕਈ ਵਾਰੀ ਹੁੰਦਾ ਕਿ ਜਦੋਂ ਕਿਸੇ ਦਿਨ ਆਪਣਾ ਠੀਕ ਨਾ ਲੱਗਾ ਹੋਵੇ ਤੇ ਮੂਹਰੋਂ ਕੋਈ ਆਪਣੇ 'ਸੂਤ ਲੱਗੇ' ਦੀਆਂ ਫੜ੍ਹਾਂ ਮਾਰਨ ਲੱਗ ਪਵੇ, ਤਾਂ ਉਹ ਵਿਉਹ ਵਰਗਾ ਲੱਗਦਾ ਹੈ।

"ਥੋੜਾ ਕਿਵੇਂ ਆ?" ਮੈਂ ਪੁੱਛਿਆ।

"ਮੇਰਾ ਵੀ ਠੀਕ ਆ ਅੱਜ। ਆਹ ਤੀਹਾਂ ਦਾ ਟ੍ਰਿੱਪ ਸੀ ਪੈਂਤੀ ਦੇ ਗਿਆ।"

ਫਿਰ ਮੈਂ ਆਪਣੇ ਇਸ ਟ੍ਰਿੱਪ ਬਾਰੇ ਉਸ ਨੂੰ ਦੱਸਣ ਲੱਗ ਪਿਆ। ਸੁਣ ਕੇ ਉਹ ਬੋਲਿਆ, "ਮੈਨੂੰ ਵੀ ਦੋ ਕੁ ਵਾਰੀ ਮਿਲਿਆ ਏਦਾਂ ਦਾ ਟ੍ਰਿੱਪ। ਆਮ ਨਾਲੋਂ ਜ਼ਿਆਦਾ ਟਿੱਪ ਦੇਣਗੇ ਏਹੋਜੇ ਮੌਕੇ। ਦੇਣੀ ਬਣਦੀ ਵੀ ਐ, ਕਿ ਨਹੀਂ? ਆਪਾਂ ਵੀ ਤਾਂ ਖਤਰਾ ਮੁੱਲ ਲੈ ਕੇ ਸਪੀਡ ਵਧਾ ਦਿੰਨੇ ਆਂ।"

"ਗੋਰੇ ਈ ਟਿੱਪ ਦਿੰਦੇ ਆ। ਕਾਲੇ ਹੋਏ, ਚੀਨੇ ਹੋਏ ਇਹ ਨਾ ਟਿੱਪ ਦੇਗੇ," ਸਾਡੇ ਨਾਲ ਤਿੰਨ ਡਰਾਈਵਰ ਹੋਰ ਆ ਰਲੇ। ਉਨ੍ਹਾਂ 'ਚੋਂ ਇਕ ਬੋਲਿਆ।

"'ਤੇ ਆਪਣੇ?" ਦੂਜਾ ਬੋਲਿਆ, ਜਿਹੜਾ ਸ਼ਾਇਦ ਨਵਾਂ ਡਰਾਈਵਰ ਸੀ। ਉਸ ਨੂੰ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ।

"ਆਪਣੇ ਤਾਂ ਪਹਿਲੀ ਗੱਲ ਟੈਕਸੀ ਲੈਂਦੇ ਹੀ ਨੀਂ। ਜੇ ਲੈ ਲੈਣ, ਛੋਟ ਕਰਨ ਨੂੰ ਤਾਂ ਭਾਵੇਂ ਆਖ ਦੇਣ," ਪਹਿਲਾ ਬੋਲਿਆ।

"ਸਾਰੇ ਇਕੋ-ਜਿਹੇ ਨੀ ਹੁੰਦੇ, ਯਾਰ। ਵੱਖੋ-ਵੱਖਰੇ ਕਲਚਰ ਆ। ਐਧਰਲੇ ਜੰਮੇ-ਪਲੇ ਤਾਂ ਆਪਣੇ ਵੀ ਹੁਣ ਬਥੇਰੇ ਟੈਕਸੀ ਲੈ ਲੈਂਦੇ ਆ," ਬੋਨੀਸ ਵਾਲਾ ਬੋਲਿਆ।

"ਵੇਲੇ-ਕੁਵੇਲੇ ਇੰਡੀਆ ਤੋਂ ਆਏ ਵੀ ਲੈ ਲੈਂਦੇ ਆ। ਹਾਲੇ ਪਿਛਲੇ ਹਫ਼ਤੇ ਈ ਮੇਰੇ ਨਾਲ ਚੜ੍ਹਿਆ ਇਕ," ਤੀਜਾ ਬੋਲਿਆ।

"ਕਿਰਾਇਆ ਦੇ ਗਿਆ ਸੀ?" ਪਹਿਲੇ ਨੇ ਕਿਹਾ।

ਤੀਜਾ ਥੋੜ੍ਹਾ ਜਿਹਾ ਹੱਸਿਆ ਤੇ ਫਿਰ ਬੋਲਿਆ, "ਓਹਨੂੰ ਵਿਚਾਰੇ ਨੂੰ ਟੈਕਸੀ ਮਜਬੂਰੀ 'ਚ ਲੈਣੀ ਪਈ। ਕੁੜੀ ਕੁਛ ਘਰੇ ਭੁੱਲਗੀ ਓਹਦੀ, ਤੇ ਓਹਨੇ ਏਅਰਪੋਰਟ 'ਤੇ ਫੜਾਉਣ ਜਾਣਾ ਸੀ ਕੁੜੀ ਨੂੰ। ਬੈਠਣ ਸਾਰ ਹੀ ਦੱਸਣ ਲੱਗ ਪਿਆ ਕਿ ਕਿਵੇਂ ਸਾਰੇ ਕੰਮਾਂ 'ਤੇ ਗਏ ਹੋਣ ਕਰਕੇ ਉਸ ਨੂੰ ਟੈਕਸੀ ਲੈਣੀ ਪਈ ਜਿਵੇਂ ਕਿਸੇ ਗੁਨਾਹ ਦੀ ਸਫਾਈ ਦੇ ਰਿਹਾ ਹੋਵੇ। ਫਿਰ ਉਹ ਸਕੀਰੀਆਂ ਜੀਆਂ ਕੱਢਣ ਲੱਗ ਪਿਆ। ਮੇਰੇ ਚਿੱਤ 'ਚ ਆਈ ਕਿ ਆਖ ਦਿਆਂ ਕਾਹਨੂੰ ਬਜ਼ੁਰਗਾ ਐਵੇਂ ਔਖਾ ਹੁੰਨੈ, ਨਾ ਦੇਈ ਕਰਾਇਆ।

(ਚਲਦਾ)



# ਬੇਬਾਕ ਤੇ ਨਿਧੜਕ ਲੇਖ਼ਕਾ ਅਜੀਤ ਕੌਰ



**ਮੁਲਾਕਾਤੀ**

**ਸਾਥੀ ਲੁਧਿਆਣਵੀ-ਲੰਡਨ**

*(ਅਜੀਤ ਕੌਰ ਪੰਜਾਬੀ ਦੀ ਇਕ ਬੇਬਾਕ ਤੇ ਨਿਧੜਕ ਲੇਖ਼ਕਾ ਹੈ। ਉਹ ਜੀਕੂੰ ਜਿਉਂਦੀ ਹੈ, ਤਿਵੇਂ ਹੀ ਲਿਖ਼ਦੀ ਹੈ। ਦਿੱਲੀ ਦੀ ਗੁਰਬਤ ਅਤੇ ਭ੍ਰਿਸ਼ਟਾਚਾਰ ਅਤੇ ਆਮ ਤੌਰ 'ਤੇ ਦੇਸ ਦੇ ਵਧ ਰਹੇ ਸੰਤਾਪ ਤੋਂ ਲੈ ਕੇ ਪੰਜਾਬ ਦੀ ਅੱਸੀਵਿਆਂ ਦੀ ਸਥਿਤੀ 'ਚੋਂ ਪੈਦਾ ਹੋਏ ਦੁਖ਼ਾਂਤ ਤੀਕ ਉਸ ਦੀ ਕਲਮ ਨੇ ਬੜੀ ਸ਼ਿੱਦਤ ਨਾਲ਼ ਲੇਖ਼ ਅਤੇ ਕਹਾਣੀਆਂ ਲਿਖ਼ੀਆਂ ਹਨ। ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦਾ ਜ਼ਿਕਰ ਕਰਦਿਆਂ ਉਹ ਰੋ ਪਈ ਸੀ। ਮੈਂ ਬੜੇ ਹੀ ਘੱਟ ਲੋਕਾਂ ਦੀਆਂ ਅੱਖਾਂ ਵਿਚ ਲੋਕਾਂ ਦੇ ਦਰਦ ਦੀ ਗੱਲ ਕਰਦਿਆਂ ਖ਼ਾਰਾ ਪਾਣੀ ਵੇਖ਼ਿਆ ਹੈ।*

*'ਮੌਤ ਅਲੀ ਬਾਬਾ ਦੀ' ਵਰਗੀ ਕਹਾਣੀ ਅਜੀਤ ਕੌਰ ਹੀ ਲਿਖ਼ ਸਕਦੀ ਹੈ।ਪੰਜਾਬੀ ਵਿਚ ਦੋ ਲੇਖ਼ਕਾਂ ਦੀ ਵਾਰਤਕ ਬੇਰੋਕ ਤੇ ਪਹਾੜੋਂ ਡਿਗ ਰਹੇ ਪਾਣੀ ਵਰਗੀ ਚੁਸਤ, ਤੇਜ਼ ਤੇ ਚੰਚਲ ਹੁੰਦੀ ਹੈ -ਬਲਬੰਤ ਗਾਰਗੀ ਦੀ ਅਤੇ ਅਜੀਤ ਕੌਰ ਦੀ। ਬਲਵੰਤ ਗਾਰਗੀ ਇਸ ਦੁਨੀਆਂ ਵਿਚ ਨਹੀਂ ਰਹੇ ਪਰ ਉਨ੍ਹਾਂ ਨੇ ਉਂਝ ਵੀ ਆਪਣੇ ਆਖ਼ਰੀ ਵਰ੍ਹਿਆਂ ਵਿਚ ਬਹੁਤਾ ਕੁਝ ਨਹੀਂ ਸੀ ਲਿਖ਼ਿਆ। ਅਜੀਤ ਕੌਰ ਵੀ ਕੁਝ ਸਮੇਂ ਤੋਂ ਖ਼ਾਮੋਸ਼ ਹੈ। ਭਾਪਾ ਪ੍ਰੀਤਮ ਸਿੰਘ ਹੁਰਾਂ ਦੇ ਆਰਸੀ ਮੈਗ਼ਜ਼ੀਨ ਵਿਚ ਉਹ ਅਕਸਰ ਹੀ ਛਪਿਆ ਕਰਦੀ ਸੀ। ਇੰਝ ਲਗਦਾ ਹੈ ਕਿ ਆਰਸੀ ਦੇ ਬੰਦ ਹੁੰਦਿਆ ਤੇ ਭਾਪਾ ਪ੍ਰੀਤਮ ਸਿੰਘ ਦੇ ਟੁਰ ਜਾਣ ਪਿੱਛੋਂ ਜਿਵੇਂ ਅਜੀਤ ਕੌਰ ਵੀ ਏਨੀ ਕਰਮਸ਼ੀਲ ਨਹੀਂ ਰਹੀ ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਅਸੀਂ ਉਨ੍ਹਾਂ ਦੇ ਪੰਜਾਬੀ ਸਾਹਿਤ ਨੂੰ ਦਿਤੇ ਭਰਪੂਰ ਯੋਗਦਾਨ ਨੂੰ ਅਣਡਿੱਠ ਕਰ ਦੇਈਏ।ਗਾਰਗੀ ਜੀ ਮੇਰੇ ਵਧੀਆ ਦੋਸਤ ਸਨ। ਇਸੇ ਤਰ੍ਹਾਂ ਅਜੀਤ ਕੌਰ ਵੀ ਹੈ ਭਾਵੇਂ ਕਿ ਹੁਣ ਇਕ ਮੁੱਦਤ ਤੋਂ ਮੁਲਾਕਾਤ ਨਹੀਂ ਹੋਈ। ਮੈਂ ਵੀ ਬੜੀ ਦੇਰ ਤੋਂ ਇੰਡੀਆ ਨਹੀਂ ਗਿਆ ਤੇ ਅਜੀਤ ਜੀ ਵੀ ਕਈਆਂ ਸਾਲਾਂ ਤੋਂ ਲੰਡਨ ਨਹੀਂ ਆਏ। ਨਿਮਨਲਿਖ਼ਤ ਇੰਟਰਵਿਊ ਮੈਂ ਅਜੀਤ ਕੌਰ ਨਾਲ਼ ਅੱਸੀਵਿਆਂ ਵਿਚ ਆਪਣੇ ਘਰ ਲੰਡਨ ਵਿਚ ਕੀਤੀ ਸੀ।*

*ਅਜੀਤ ਕੌਰ ਬੜੀ ਦੇਰ ਤੋਂ ਦਿੱਲੀ ਵਿਚ ਇਕੱਲੀ ਆਪਣੀ ਧੀ ਨਾਲ਼ ਰਹਿੰਦੀ ਹੈ। 'ਕੱਲੀ ਔਰਤ ਦੀ ਸਥਿਤੀ ਬਾਰੇ ਅਜੀਤ ਕੌਰ ਬਾਰੇ ਗਾਰਗੀ ਕਹਿੰਦਾ ਹੈ, "ਅਜੀਤ ਕੌਰ ਇਕ ਖ਼ਾਲੀ ਪਲੌਟ ਵਰਗੀ ਔਰਤ ਹੈ ਜਿਸ 'ਤੇ ਹਰ ਕੋਈ ਕਬਜ਼ਾ ਕਰਨਾ ਚਾਹੁੰਦਾ ਹੈ।" ਪਰ ਅਜੀਤ ਕੌਰ ਆਪਣੀ ਜ਼ਾਤੀ ਜ਼ਿੰਦ.ਗੀ ਦੀਆਂ ਦੁਸ਼ਵਾਰੀਆਂ ਨੂੰ ਇਕੱਲਿਆਂ ਹੀ ਬਿਨਾਂ ਕਿਸੇ ਝਰੀਟ ਦੇ ਨਜਿੱਠਦੀ ਰਹੀ ਹੈ। ਉਸ ਦੀ ਇਕ ਧੀ ਪੈਰਸ ਵਿਚ ਲੱਗੀ ਇਕ ਅੱਗ ਵਾਲੀ ਘਟਨਾ ਦੀ ਲਪੇਟ ਵਿਚ ਆ ਕੇ ਮਰ ਗਈ ਸੀ। ਆਪਣੇ ਜਿਉਂਦਿਆਂ ਜੀਅ ਮਾਪੇ ਕਿੰਝ ਆਪਣੀ ਔਲਾਦ ਦੇ ਵਿਛੋੜੇ ਨੂੰ ਸਹਿੰਦੇ ਹਨ, ਇਹ ਗੱਲ ਉਹੀ ਅਭਾਗੇ ਮਾਪੇ ਦੱਸ ਸਕਦੇ ਹਨ ਜਿਨ੍ਹਾਂ ਨਾਲ਼ ਇਹ ਘਟਨਾ ਵਾਪਰੀ ਹੋਵੇ।*

*ਖ਼ੈਰ ਅਜੀਤ ਕੌਰ ਦੀ ਦੂਜੀ ਬੱਚੀ ਅਰਪਨਾ ਇਕ ਵਧੀਆ ਆਰਟਿਸਟ ਹੈ ਜਿਸ ਦੀ ਪਹਿਲੀ ਸ਼ਾਦੀ ਧੋਖ਼ਾਦਈ ਸੀ ਪਰ ਹੁਣ ਦੂਜੀ ਸ਼ਾਦੀ ਦੌਰਾਨ ਉਹ ਅਤਿ ਖ਼ੁਸ਼ ਹੈ। ਅਜੀਤ ਕੌਰ ਦਾ ਦਾਮਾਦ ਪ੍ਰਸਿੱਧ ਆਰਟਿਸਟ ਜਸਵੰਤ ਦਾ ਪੁੱਤਰ ਹੈ। ਇਸ ਤਰ੍ਹਾਂ ਇਹ ਘਰ ਅਦੀਬਾਂ, ਕਲਾਕਾਰਾਂ, ਆਰਟਿਸਟਾਂ ਅਤੇ ਲੋਕ ਹਿਤੈਸ਼ੀ ਜੀਆਂ ਦਾ ਘਰ ਹੈ। ਅਜੀਤ ਕੌਰ ਆਪਣੀਆਂ ਲੰਡਨ .ਫ਼ੇਰੀਆਂ ਦੌਰਾਨ ਹਮੇਸ਼ਾ ਮਿਲਦੀ ਹੈ। ਦਿੱਲੀ ਜਾਈਏ ਤਾਂ ਵਧੀਆ ਸੁਆਗਤ ਕਰਦੀ ਹੈ। ਸਾਡੇ ਘਰ ਲੰਡਨ ਆਉਂਦੀ ਹੈ ਤਾਂ ਆਪਣੇ ਹੀ ਘਰ ਵਾਂਗੂੰ। ਦਿੱਲੀਓਂ ਟੁਰਨ ਤੋਂ ਪਹਿਲਾਂ ਹਮੇਸ਼ਾ ਮੇਰੀ ਬੀਵੀ ਯਸ਼ ਵਾਸਤੇ ਪੁਛੇਗੀ ਕਿ ਉਹ ਉਹਦੇ ਲਈ ਕਿਹੜੇ ਗੋਟੇ ਕਿਨਾਰੀਆਂ ਵਾਲੀਆਂ ਚੁੰਨੀਆਂ, ਦੁਪੱਟੇ, ਲਹਿਰੀਏ ਤੇ ਸੂਟ ਲੈ ਕੇ ਆਵੇ ? ਜਦੋਂ ਲੰਡਨ ਆਉਂਦੀ ਹੈ ਤਾਂ ਸਾਹਿਤਕ ਹਲਕਿਆਂ ਵਿਚ ਹਲਚਲ ਮਚ ਜਾਂਦੀ ਹੈ। ਮੈਂ ਉਸ ਨਾਲ਼ ਵਧੀਆ ਪਲ .ਗੁਜ਼ਾਰੇ ਹਨ। ਕੁਝ ਵਰ੍ਹੇ ਹੋਏ ਜਦੋਂ ਮੈਂ ਇੰਡੀਆ ਗਿਆ ਤਾਂ ਕਿਸੇ ਕਾਰਨ ਵਸ ਉਹਨੂੰ ਨਾ ਮਿਲ ਸਕਿਆ। ਅਜੀਤ ਕੌਰ ਮੇਰੇ ਨਾਲ਼ ਰੁੱਸ ਗਈ ਤੇ ਉਸ ਨੇ ਬਹੁਤ ਮਿਹਣੇ ਮਾਰੇ। ਇੱਦਾਂ ਦੇ ਮਿਹਣੇ ਇਹੋ ਜਿਹੇ ਸੁਹਿਰਦ ਦੋਸਤ ਹੀ ਮਾਰ ਸਕਦੇ ਹਨ। ਅਜੀਤ ਕੌਰ ਨੇ ਆਪਣੀ ਦੋਸਤੀ ਦਾ ਹੱਥ ਵਧਾ ਕੇ ਮੇਰੀ ਜ਼ਿੰਦ.ਗੀ ਦੀ ਅਮੀਰੀ ਨੂੰ ਵਧਾਇਆ ਹੈ। ਲਓ ਪੇਸ਼ ਹੈ ਅੱਸੀਵਿਆਂ ਵਿਚ ਕੀਤੀ ਇਕ ਇੰਟਰਵਿਊ ਦੀਆਂ ਕੁਝ ਝਲਕੀਆਂ। ਮੈਂ ਇੱਦਾਂ ਦੀਆਂ ਗੱਲਾਂ ਬਾਤਾਂ ਨੂੰ ਸਾਹਿਤਕ ਦਸਤਾਵੇਜ਼ਾਂ ਦਾ ਰੁਤਬਾ ਦਿੰਦਾ ਹਾਂ। ਇਹ ਸਾਂਭ ਕੇ ਰੱਖਣ ਵਾਲੀਆਂ ਕਿਰਤਾਂ ਹਨ। ਸਾਡੀਆਂ ਯੂਨੀਵਰਸਟੀਆਂ ਇਨ੍ਹਾਂ ਨੂੰ ਰਿਸਰਚ ਦਾ ਮਾਧਿਅਮ ਵੀ ਬਣਾ ਸਕਦੀਆਂ ਹਨ। ਏਸ .ਗੁ.ਫ਼ਤ.ਗੂ ਨੂੰ ਉਸ ਸਮੇਂ ਨੂੰ ਸਾਹਮਣੇ ਰੱਖ ਕੇ ਹੀ ਪੜ੍ਹਿਆ ਜਾਵੇ।*

*– ਸਾਥੀ ਲੁਧਿਆਣਵੀ – 1987*

**ਸਾਥੀ** : ਇਕ ਕਰੀਏਟਿਵ ਵਿਅਕਤੀ ਦਾ ਆਮ ਤੌਰ 'ਤੇ ਕਹਿਣਾ ਹੁੰਦਾ ਹੈ ਕਿ ਆਪਣੇ ਕੰਮ ਵਿਚ ਉਨ੍ਹਾਂ ਨੂੰ ਸੰਪੂਰਨ ਸੰਤੁਸ਼ਟਤਾ ਦਾ ਅਹਿਸਾਸ ਨਹੀਂ ਹੁੰਦਾ। ਯਾਨੀ ਕਿ ਦੇਅਰ ਇਜ਼ ਨੋ ਸੱਚ ਥਿੰਗ ਐਜ਼ ਐਬਸੋਲਿਊਟ ਸੈਟਿਸ.ਫ਼ੈਕਸ਼ਨ। ਕੀ ਤੁਸੀਂ ਇਸ ਗੱਲ ਨਾਲ਼ ਸਹਿਮਤ ਹੋ ?

**ਅਜੀਤ** : ਇਹ ਗੱਲ ਦਰੁਸਤ ਹੈ ਜੀ। ਜੇ ਕੋਈ ਕਲਾਕਾਰ ਜਾਂ ਲੇਖ਼ਕ ਆਪਣੀ ਲਿਖ਼ਤ ਤੋਂ ਸੰਤੁਸ਼ਟ ਹੋ ਜਾਵੇ ਤਾਂ ਉਸ ਦੇ ਅੱਗੇ ਵਧਣ ਦੇ ਚਾਂਸ ਬਹੁਤ ਘੱਟ ਹੁੰਦੇ ਹਨ। ਐਬਸੋਲਿਊਟ ਸੈਟਿਸ.ਫ਼ੈਕਸ਼ਨ ਕਦੇ ਹੁੰਦੀ ਹੀ ਨਹੀਂ। ਸੰਤੁਸ਼ਟਤਾ ਨੂੰ ਸਵੀਕਾਰ ਕਰਨ ਵਾਲੇ ਲੇਖ਼ਕ ਖ਼ੜੋ ਜਾਂਦੇ ਹਨ। ਤੁਸੀਂ ਵੀ ਲਿਖ਼ਦੇ ਹੋ। ਤੁਹਾਨੂੰ ਵੀ ਤਾਂ ਪਤਾ ਹੀ ਹੈ ਕਿ ਇਕ ਇਕ ਲਿਖ਼ਤ ਨੂੰ ਘੜੀ ਘੜੀ ਪੜ੍ਹ ਕੇ ਦਰੁਸਤ ਕਰਨਾ ਪੈਂਦਾ ਹੈ। ਭਾਵ ਕਿ ਪਹਿਲੇ ਲਿਖ਼ੇ ਉਤੇ ਤੁਹਾਡੀ ਤਸੱਲੀ ਨਹੀਂ ਹੈ। ਮੈਂ ਜੋ ਲਿਖ਼ਦੀ ਹਾਂ, ਉਸ ਨੂੰ ਵਾਰ ਵਾਰ ਪੜ੍ਹਦੀ ਹਾਂ। ਜੇਕਰ ਲਿਖ਼ਿਆ ਹੋਇਆ ਚੰਗਾ ਲੱਗੇ ਤਾਂ ਤਸੱਲੀ ਮਿਲਦੀ ਹੈ ਤੇ ਛਪਣ ਵਾਸਤੇ ਭੇਜ ਦਿੰਦੀ ਹਾਂ ਵਰਨਾ ਪਾੜ ਕੇ ਸੁੱਟ ਦਿੰਦੀ ਹਾਂ। ਕਈ ਵੇਰ ਆਪਣਾ ਹੀ ਲਿਖ਼ਆ ਹੋਇਆ ਜਦੋਂ ਇਕ ਮੁੱਦਤ ਬਾਅਦ ਪੜ੍ਹਦੀ ਹਾਂ ਤਾਂ ਸੋਚਦੀ ਹਾਂ ਕਿ ਆਪਾਂ ਤਾਂ ਇਸ ਤੋਂ ਬਹੁਤ ਅੱਗੇ ਲੰਘ ਗਏ ਹਾਂ। ਅੱਗੇ ਅੱਗੇ ਲਿਖ਼ਣ ਦੀ ਭੁੱਖ ਲਗਦੀ ਰਹਿੰਦੀ ਹੈ ਮੈਨੂੰ।

**ਸਾਥੀ** : ਅਜੀਤ ਜੀ ਇਹ ਗੱਲ ਤੁਹਾਡੀ ਦਰੁਸਤ ਹੈ ਕਿ ਜਦੋਂ ਆਪਣੀ ਹੀ ਲਿਖ਼ੀ ਹੋਈ ਚੀਜ਼ ਇਕ ਮੁੱਦਤ ਬਾਅਦ ਪੜ੍ਹੋ ਤਾਂ ਅਹਿਸਾਸ ਹੁੰਦਾ ਹੈ ਕਿ ਅਸੀਂ ਤਾਂ ਇਸ ਗੱਲ ਤੋਂ ਬਹੁਤ ਅੱਗੇ ਲੰਘ ਗਏ ਹਾਂ। ਇਤਿਹਾਸ ਦਾ ਕੰਮ ਹੈ ਅੱਗੇ ਹੀ ਅੱਗੇ ਵਧਦੇ ਰਹਿਣਾ। ਜਿਸ ਲੇਖ਼ਕ ਨੂੰ ਹੋਰ ਹੋਰ ਲਿਖ਼ਣ ਦੀ ਭੁੱਖ਼ ਨਾ ਲੱਗੇ ਉਹਨੂੰ ਸ਼ਇਦ ਕੋਈ ਹੋਰ ਕੰਮ ਕਰ ਲੈਣਾ ਚਾਹੀਦਾ ਹੈ। ਅਜੀਤ, ਕਦੇ ਕੁਝ ਲਿਖ਼ ਕੇ ਤੁਹਾਨੂੰ ਇਸ ਬਾਰੇ ਰੀਗਰੈਟ ਵੀ ਹੋਇਆ ਹੈ ? ਕੀ ਤੁਸੀਂ ਕਦੇ ਏਦਾਂ ਵੀ ਸੋਚਿਆ ਹੈ ਕਿ ਮੈਨੂੰ ਇਸ ਗੱਲ ਨੂੰ ਏਦਾਂ ਨਹੀਂ ਸੀ ਕਹਿਣਾ ਚਾਹੀਦਾ। ਕਈ ਵੇਰ ਅਸੀਂ ਤੱਤੇ ਘਾਅ ਅਜਿਹੀਆਂ ਗੱਲਾਂ ਲਿਖ਼ ਜਾਂਦੇ ਹਾਂ ਜਿਨ੍ਹਾਂ ਬਾਰੇ ਸਾਨੂੰ ਬਾਅਦ ਵਿਚ ਪਛਤਾਵਾ ਹੋ ਸਕਦਾ ਹੁੰਦਾ ਹੈ।

**ਅਜੀਤ** : ਨਹੀਂ, ਮੈਨੂੰ ਆਪਣੇ ਲਿਖ਼ੇ ਉਤੇ ਕੋਈ ਰੀਗਰੈਟ ਨਹੀਂ ਹੈ। ਹਾਂ ਜੇ ਕੋਈ ਮਾੜਾ ਲਿਖ਼ਿਆ ਗਿਆ ਹੋਵੇ ਤਾਂ ਉਹਦਾ ਰੀਗਰੈਟ ਜ਼ਰੂਰ ਹੁੰਦੈ ਕਿ ਮੈਂ ਸੋਚਾਂ ਕਿ ਐਹ ਗੱਲ ਮੈਨੂੰ ਸ਼ਾਇਸਤ.ਗੀ ਦੇ ਤੌਰ 'ਤੇ ਨਹੀਂ ਸੀ ਕਰਨੀ ਚਾਹੀਦੀ ਕਿਉਂਕਿ ਸ਼ਾਇਸਤ.ਗੀ ਨਾਂ ਦੀ ਚੀਜ਼ ਮੇਰੇ ਨਜ਼ਦੀਕ ਕੁਝ

ਨਹੀਂ। ਜਿਹੜਾ ਮੇਰੇ ਅੰਦਰਲਾ ਹਾਂ ਕਰਦੈ ਉਹੋ ਮੇਰੇ ਲਈ ਸ਼ਾਇਸਤਗੀ ਹੈ ਸਾਥੀ ਜੀ। ਕਈ ਸ਼ਾਇਰ ਇਹੋ ਰੋਈ ਜਾ ਰਹੇ ਨੇ ਕਿ ਜੀ ਸਮਾਜ ਨੇ ਮੇਰਾ ਆਹ ਕਰ ਦਿੱਤੈ ਤੇ ਔਹ ਕਰ ਦਿੱਤੈ। ਪਰ ਸਮਾਜ ਹੈ ਕੀ? ਤੁਸੀਂ ਤੇ ਮੈਂ ਹੀ ਸਮਾਜ ਹਾਂ ਜਾਂ ਕੁਝ ਕੁ ਹੋਰ ਲੋਕ। ਇਹ ਲੋਕ ਵੀ ਗਿਣਤੀ ਦੇ ਹੀ ਨੇ। ਹਰ ਕੋਈ ਇਸ ਗਿਣਤੀ ਵਿਚ ਸ਼ਾਮਲ ਨਹੀਂ ਹੋ ਸਕਦਾ। ਰਿਸ਼ਤੇਦਾਰ ਵੀ ਸਾਰੇ ਨਹੀਂ। ਦੋਸਤ ਵੀ ਚੋਣਵੇਂ ਜਿਹੇ ਤੇ ਇਸ ਘੇਰੇ ਵਿਚ ਤੁਸੀਂ ਆਪ ਖ਼ੜੋਤੇ ਹੋ। ਆਪਣਿਆਂ ਦਾ ਇਹ ਘੇਰਾ ਬੜਾ ਵਿਸ਼ੇਸ਼ ਹੁੰਦਾ ਹੈ। ਫੇਰ ਇਸ ਤੋਂ ਬਾਹਰ ਵੀ ਇਕ ਘੇਰਾ ਹੁੰਦਾ ਹੈ। ਤੁਹਾਡੇ ਆਂਢ ਗੁਆਂਢ ਵਾਲੇ ਲੋਕ। ਸਾ ਸਰੀ ਅਕਾਲਾਂ ਵਾਲੇ ਦੋਸਤ ...।

**ਸਾਥੀ :** ..ਤੇ ਜਾਹਲੀ ਮੁਸਕਾਨਾਂ ਵਾਲੇ ਦੋਸਤ?

**ਅਜੀਤ :** (ਖ਼ੁੱਲ ਕੇ ਹਸਦਿਆਂ) ਉਹ ਬਿਲਕੁਲ ਮੈਟਰ ਨਹੀਂ ਜੇ ਕਰਦੇ। ਤੁਹਾਡਾ ਨੇੜਲਾ ਘੇਰਾ ਹੀ ਮੈਟਰ ਕਰਦਾ ਹੈ। ਤੁਹਾਡੇ ਵਿਚਾਰਾਂ ਨੂੰ ਢਾਹੁੰਦਾ ਬਣਾਉਂਦਾ ਹੈ। ਬਸ ਪਿਆਰੇ ਇਹੋ ਸਮਾਜ ਹੈ।

**ਸਾਥੀ :** ਮੈਂ ਆਪਣੇ ਸੁਆਲ ਵੱਲ ਫਿਰ ਆਉਨਾਂ ਕਿ ਕੀ ਤੁਸੀਂ ਕਦੇ ਏਦਾਂ ਵੀ ਸੋਚਿਆ ਕਿ ਇਹ ਗੱਲ ਮੈਨੂੰ ਇੰਜ ਨਹੀਂ ਸੀ ਕਰਨੀ ਚਾਹੀਦੀ ਕਿਉਂਕਿ ਉਸ ਵੇਲੇ ਮੈਂ ਸ਼ਾਇਦ ਭਾਵੁਕ ਹੋ ਕੇ ਇੰਝ ਸੋਚ ਲਿਆ ਸੀ?

**ਅਜੀਤ :** ਨਹੀਂ ਮੈਂ ਭਾਵੁਕ ਹੋ ਕੇ ਨਾ ਕਿਸੇ ਨਾਲ਼ ਲੜਨੀ ਆ ਤੇ ਨਾ ਹੀ ਭਾਵੁਕ ਹੋ ਕੇ ਕਿਸੇ ਦੀ ਦੋਸਤ ਹੀ ਬਣਦੀ ਹਾਂ। ਮੈਂ ਇੰਝ ਭਾਵੁਕ ਹੋਕੇ ਬਾਅਦ ਵਿਚ ਪਛਤਾਉਣਾ ਨਹੀਂ ਚਾਹੁੰਦੀ। ਮੈਂ ਲਿਖ਼ਦੀ ਵੀ ਭਾਵੁਕ ਹੋ ਕੇ ਨਹੀਂ ਹਾਂ। ਕਈ ਲੋਕ ਕਹਿੰਦੇ ਨੇ ਕਿ "ਲਹੂ ਦੇ ਚੁਬੱਚੇ ਮੈਂ ਭਾਵੁਕ ਹੋ ਕੇ ਲਿਖ਼ਿਐ ਤੇ ਇਹ ਤੇਰਾ ਗ਼ਲਤ ਨਜ਼ਰੀਆ।" ਪਰ ਮੈਂ ਉਸ ਨੂੰ ਜਦੋਂ ਹੁਣ ਪੜ੍ਹਨੀ ਆਂ ਤਾਂ ਉਸ ਵਿਚ ਉੱਨੀ ਹੀ ਕਸਕ ਹੈ। ਉਸ ਵੇਲੇ ਦੀ ਪੀੜ ਮੇਰੇ ਦਿਲ ਵਿਚ ਅਜੇ ਵੀ ਹੈ। ਉਸ ਵਿਚ ਮੈਨੂੰ ਇਕ ਵੀ ਲਫ਼ਜ਼ ਵਾਧੂ ਨਹੀਂ ਜੇ ਲਗਦਾ। ਉਸ ਵਿਚ ਮੈਂ ਇਕ ਥਾਂ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸ਼ਹੀਦ ਲਿਖ਼ਿਆ ਹੋਇਆ ਸੀ। ਦਰਅਸਲ ਸਾਥੀ ਸਾਹਿਬ ਉਹ ਮਾਰਕ ਔਫ਼ ਐਕਸਕਲਾਮੇਸ਼ਨ ਵਿਚ ਸੀ ਜਿਹੜਾ ਪ੍ਰਿੰਟਿੰਗ ਦੀ ਗ਼ਲਤੀ ਨਾਲ਼ ਰਹਿ ਗਿਆ ਸੀ। ਉਸ ਦਾ ਭਾਵ ਇਹ ਸੀ ਕਿ ਮੈਨੂੰ ਨਹੀਂ ਸੀ ਪਤਾ ਕਿ ਜਰਨੈਲ ਸਿੰਘ ਸ਼ਹੀਦ ਵੀ ਸੀ ਕਿ ਨਹੀਂ ਲੇਕਿਨ ਇਕ ਗੱਲ ਜ਼ਰੂਰ ਸੀ ਕਿ ਉਹ ਬੰਦਾ ਮੈਦਾਨ 'ਚੋਂ ਭੱਜਿਆ ਨਹੀਂ ਸੀ। ਲੋਕੀਂ ਬੜੇ ਭੱਜੇ ਉਸ ਵੇਲੇ ਪਰ ਉਹ ਨਹੀਂ ਸੀ ਭੱਜਿਆ। ਉਸ ਨਾਲ਼ ਚਾਲ਼ੀ ਪੰਜਾਹ ਬੰਦੇ ਹੋਰ ਵੀ ਸਨ। ਉਹ ਵੀ ਨਹੀਂ ਸਨ ਭੱਜੇ।

**ਸਾਥੀ :** ਖ਼ੁਸ਼ਵੰਤ ਸਿੰਘ ਨੇ ਇਕ ਵੇਰ ਇਕ ਥਾਂ ਲਿਖ਼ਿਆ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਵਾਲ਼ਾ ਇਕ ਸਿੱਖ ਵਾਂਗੂੰ ਜੀਵਿਆ ਤੇ ਇਕ ਸਿੱਖ ਵਾਂਗੂੰ ਹੀ ਮਰਿਆ ਸੀ। ਤੁਹਾਡੇ ਵਿਚਾਰ ਕੀ ਨੇ?

**ਅਜੀਤ :** ਹਰ ਬੰਦੇ ਦੀ ਆਪਣੀ ਆਪਣੀ ਸੋਚ ਹੈ। ਉਸ ਵੇਲੇ ਕੁਝ ਪਤਾ ਨਹੀਂ ਸੀ ਕਿ ਜਰਨੈਲ ਸਿੰਘ ਪਿੱਛੇ ਕਿਹੜੀਆਂ ਤਾਕਤਾਂ ਕੰਮ ਕਰਦੀਆਂ ਸਨ। ਜੇ ਮੈਂ ਪੌਲਟੀਸ਼ੀਅਨ ਹੁੰਦੀ ਤਾਂ ਜ਼ਰੂਰ ਜਾਣ ਜਾਂਦੀ ਕਿ ਇਹ ਫ਼ੋਰਸਜ਼ ਕਿਹੜੀਆਂ ਨੇ? ਭਿੰਡਰਾਂਵਾਲੇ ਦੀ ਨਾ ਭੱਜਣ ਵਾਲੀ ਗੱਲ ਦੀ ਮੈਂ ਪ੍ਰਸੰਸਕ ਹਾਂ ਪਰ ਜੇਕਰ ਉਹਦੀਆਂ ਟੇਪਾਂ ਸੁਣੋ ਤਾਂ ਉਸ ਵਿਚੋਂ ਕਿਧਰੇ ਕਿਧਰੇ ਹੰਕਾਰ ਅਤੇ ਹਿਕਾਰਤ ਦੀ ਬੂਅ ਆਉਂਦੀ ਹੈ। ਹੰਕਾਰ ਅਤੇ ਹਿਕਾਰਤ ਸਿਖ਼ਿਜ਼ਮ ਦੇ ਖ਼ਿਲਾਫ਼ ਹੈ।

**ਸਾਥੀ :** ਜਾਨੀ ਕਿ ਗੁਰਬਾਣੀ ਦੇ ਵਿਪਰੀਤ ਹੈ।

**ਅਜੀਤ :** (ਆਪਣੇ ਹੀ ਰੌਂਅ ਵਿਚ) ਸਮਝ ਨਹੀਂ ਆਉਂਦੀ ਕਿ ਅਸੀਂ ਸਿੱਖ ਧਰਮ 'ਚੋਂ ਰੂੜ੍ਹੀਵਾਦ ਭਾਵ ਡੌਗਮਾਜ਼ ਐਂਡ ਰਿਚੁਅਲਜ਼ ਤੇ ਰਹੁ ਰੀਤਾਂ ਕਿਉਂ ਨਹੀਂ ਕੱਢ ਸਕਦੇ? ਮੈਨੂੰ ਬੜਾ ਅਜੀਬ ਲਗਦੈ ਜੇਕਰ ਕਿਧਰੇ ਦਰਬਾਰ ਸਾਹਿਬ ਦਾ ਪ੍ਰਕਾਸ਼ ਹੋਇਆ ਹੋਇਆ ਹੋਵੇ ਤੇ ਅੱਗੇ ਪਿੱਤਲ ਦੇ ਫ਼ੁਲਦਾਨਾਂ ਵਿਚ ਕਾਗ਼ਜ਼ ਦੇ ਫ਼ੁੱਲ ਪਏ ਹੋਣ, ਜਰੀਆਂ ਤੇ ਗੋਟੇ ਕਿਨਾਰਿਆਂ ਵਾਲੇ ਹਾਰ ਚੜ੍ਹਾਏ ਹੋਏ ਹੋਣ। ਸਾਰੀ ਭਗਤੀ ਲਹਿਰ ਵਿਚ ਰੱਬ ਨਾਲ਼ ਆਸ਼ਕ ਅਤੇ ਮਸ਼ੂਕ ਦਾ ਰਿਸ਼ਤਾ ਬਣਾਇਆ ਹੋਇਆ ਹੈ। ਜੇਕਰ ਉਹ ਸਾਡਾ ਆਸ਼ਕ ਹੈ ਤਾਂ ਉਸ ਕੋਲ਼ ਅਸੀਂ ਕੇਵਲ ਇਕ ਗ਼ੁਲਾਬ ਦਾ ਫ਼ੁੱਲ ਹੀ ਲੈ ਕੇ ਕਿਉਂ ਨਹੀਂ ਜਾ ਸਕਦੇ? ਜੇਕਰ ਅਸੀਂ ਝਾਲਰਾਂ ਅਤੇ ਚਮਕੀਲੀਆਂ ਚੀਜ਼ਾਂ ਨੂੰ ਛੱਡ ਕੇ ਸਿੱਖ਼ਿਜ਼ਮ ਦਾ ਤੱਤ ਕੱਢੀਏ ਉਹ ਤਾਂ ਹਮਸਾਇਗੀ ਤੇ ਵਡੱਪਣ ਦਾ ਤੱਤ ਹੈ। ਉਹ ਤਾਂ ਕਮਿਉਨਿਜ਼ਮ ਦਾ ਤੱਤ ਹੈ।

**ਸਾਥੀ :** ਅਸੀਂ ਸਾਰੇ ਜਾਣਦੇ ਹਾਂ ਕਿ ਸਿੱਖ ਧਰਮ ਇਕ ਰੀਫ਼ੌਰਮਿਸਟ ਧਰਮ ਹੈ। ਇਹ ਸਾਰੇ ਉਸ ਵੇਲੇ ਦੇ ਧਰਮਾਂ ਦਾ ਨਿਚੋੜ ਹੈ। ਇਹ ਇਕ ਸਾਇੰਟਿਫ਼ਿਕ ਧਰਮ ਹੈ। ਰੈਸ਼ਨਾਲਿਟੀ ਤੇ ਬੇਸਡ ਹੈ ਇਹ। ਰੀਜ਼ਨ ਇਸ ਦਾ ਧੁਰਾ ਹੈ। ਰੁਹਾਨੀਅਤ ਵੀ ਹੈ ਪਰ ਇਸ ਦੇ ਨਾਲ਼ ਨਾਲ਼ ਇਸ ਵਿਚ ਮਾਰਕਸਿਜ਼ਮ ਦੀ ਤਕੜੀ ਛੁਹ ਹੈ।

**ਅਜੀਤ :** ਛੁਹ ਨਹੀਂ ਇਸ ਵਿਚ ਅੱਧਿਓਂ ਵੱਧ ਮਾਰਕਸਵਾਦ ਹੈ। ਜਿਹੜੀ ਗੱਲ ਲੈਨਿਨ ਬਾਅਦ ਵਿਚ ਕਹੀ ਸੀ ਉਹ ਸਾਡੇ ਗੁਰੂਆਂ ਨੇ ਕਈ ਸੌ ਸਾਲ ਪਹਿਲਾਂ ਕਹਿ ਦਿੱਤੀ ਸੀ। ਗਾਂਧੀ ਜੀ ਨੇ ਵੀ ਜੋ ਕੁਝ ਬਾਅਦ ਵਿਚ ਕਿਹਾ ਉਹ ਵੀ ਗਰਬਾਣੀ ਵਿਚ ਹੈ। ਗਾਂਧੀ ਨੂੰ ਅਸੀਂ 'ਫਾਦਰ ਔਫ਼ ਦਾ ਨੇਸ਼ਨ' ਕਹਿਨੇ ਆਂ। ਗਾਂਧੀ ਨੇ ਅਛੂਤਾਂ ਨਾਲ਼ ਵਿਤਕਰਾ ਨਾ ਕਰਨ ਬਾਰੇ ਕਿਹਾ। ਗੁਰੂਆਂ ਨੇ ਲੰਗਰ ਦੀ ਪ੍ਰਥਾ ਰਾਹੀਂ ਇਹ ਗੱਲ ਕਈ ਸੌ ਸਾਲ ਪਹਿਲਾਂ ਕਰ ਵਿਖ਼ਾਈ ਸੀ। ਜਾਤ ਪਾਤ ਅਤੇ ਊਚ ਨੀਚ ਨੂੰ ਉਨ੍ਹਾਂ ਨੇ ਸਲੇਟ ਪੂੰਝਣ ਵਾਂਗ ਖ਼ਤਮ ਕਰਨ ਦਾ ਯਤਨ ਕੀਤਾ ਸੀ। ਬਹੁਤੀ ਛੂਆ ਛਾਤ ਖ਼ਾਣ ਪੀਣ ਵਿਚ ਹੁੰਦੀ ਹੈ। ਇਕ ਲਾਈਨ ਵਿਚ ਨਾਲੋ ਨਾਲ ਬੈਠ ਕੇ ਖ਼ਾਣ ਪੀਣ ਪਿੱਛੇ ਇਹੋ ਤਾਂ ਭਾਵਨਾ ਸੀ। ਗੁਰੁ ਨਾਨਕ ਦੇਵ ਜੀ ਨੇ ਕਿਹੈ: ਦੇ ਕੇ ਚੌਂਕਾ ਕੱਢੀ ਘਾਰ, ਉਪਰ ਆਏ ਬੈਠੇ ਘੁਮਿਆਰ। ਤੇ ਮੱਤ ਭਿੱਟੇ ਵੇ ਮੱਤ ਭਿੱਟੇ ਇਹ ਅੰਨ ਅਸਾਡਾ ਭਿੱਟੇ।

ਇਹ ਬੜੀਆਂ ਪ੍ਰਗਤੀਵਾਦੀ ਗੱਲਾਂ ਸਨ। ਪੰਜ ਹਜ਼ਾਰ ਸਾਲ ਪੁਰਾਣੀਆਂ ਰਹੁ ਰੀਤਾਂ ਤੇ ਮੰਨੂੰ ਦਾ ਜਾਤਾਂ ਪਾਤਾਂ ਪੈਦਾ ਕਰਕੇ ਕੀਤਾ ਗਿਆ ਖ਼ਰਾਬ ਕੰਮ ਗੁਰੂਆਂ ਨੇ ਠੀਕ ਕੀਤਾ ਜਾਂ ਕਰਨ ਦਾ ਯਤਨ ਕੀਤਾ। ਸਿੱਖ ਧਰਮ ਇਕ ਇਨਕਲਾਬੀ ਧਰਮ ਹੈ। ਅਸੀਂ ਸਿੱਖ ਹੁੰਦੇ ਹੋਏ ਵੀ ਚੰਗੀਆਂ ਗੱਲਾਂ ਵੱਲ ਨਹੀਂ ਜਾਂਦੇ। ਇਹ ਇਕ ਦੁਖ਼ਾਂਤ ਹੈ।

**ਸਾਥੀ :** ਇਹਦਾ ਕਈ ਵੇਰ ਸਿੱਟਾ ਇਹ ਵੀ ਨਿਕਲਿਆ ਹੈ ਕਿ ਸਿੱਖ ਧਰਮ 'ਚੋਂ ਕਈ ਹੋਰ ਲਹਿਰਾਂ, ਗੁਰੂਡੰਮ, ਫ਼ਿਰਕੇ ਅਤੇ ਡੇਰੇਵਾਦ ਨਿਕਲ ਆਏ ਹਨ ਜਿਨ੍ਹਾਂ ਕਰਕੇ ਕਈ ਵੈਰ ਵਿਰੋਧ ਪੈਦਾ ਹੋ ਗਏ ਹਨ।

**ਅਜੀਤ:** ਇਨ੍ਹਾਂ ਵੈਰ ਵਿਰੋਧਾਂ ਪਿੱਛੇ ਕਈ ਵੇਰ ਸਿਆਸੀ ਤਾਕਤਾਂ ਵੀ ਕੰਮ ਕਰਦੀਆਂ ਹਨ ਤੇ ਵੱਖ਼ਰੀਆਂ ਲਹਿਰਾਂ ਆਦਿ ਤਾਂ ਹੈਨ ਹੀ। ਮੈਂ ਇਹ ਗੱਲ ਲਿਖ਼ੀ ਵੀ ਕਿ ਜਿਹੜਾ ਸਿੱਖ ਪੰਜਾਬ ਵਿਚ ਬੱਸਾਂ ਵਿਚੋਂ ਕੱਢ ਕੇ ਕਿਸੇ ਹਿੰਦੂ ਨੂੰ ਮਾਰਦੈ ਉਹ ਸਿੱਖੀ ਦਾ ਵਿਰੋਧ ਕਰਦੈ। ਉਹਨੂੰ ਭਾਈ ਘਨੱਈਆ ਦੀ ਉਹ ਸਾਖ਼ੀ ਯਾਦ ਕਰਨੀ ਚਾਹੀਦੀ ਹੈ ਜਿਸ ਵਿਚ ਉਹ ਸਿੱਖਾਂ ਨੂੰ ਵੀ ਤੇ ਜ਼ਖ਼ਮੀ ਹੋਏ ਦੁਸ਼ਮਣਾਂ ਨੂੰ ਵੀ ਆਪਣੀ ਮਸ਼ਕ ਵਿਚੋਂ ਪਾਣੀ ਪਿਲਾਉਂਦਾ ਹੈ ਤੇ ਦਲੀਲ ਦਿੰਦਾ ਹੈ ਕਿ ਮੈਨੂੰ ਹਰ ਬੰਦੇ ਵਿਚੋਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਚਿਹਰਾ ਨਜ਼ਰ ਆਉਂਦਾ ਹੈ।

**ਸਾਥੀ :** ਕਈ ਘਟਨਾਵਾਂ ਅਜੇ ਤੀਕ ਅਸਪਸ਼ਟ ਹਨ ਕਿਉਂਕਿ ਹੁਣ ਹੋਰ ਕਈ ਧਿਰਾਂ ਇਨ੍ਹਾਂ ਕਹਿਰਾਂ ਵਿਚ ਮੁਲੱਵਸ ਹੋ ਗਈਆਂ ਹਨ। ਘੱਟ ਪੁਲੀਸ ਨੇ ਵੀ ਨਹੀਂ ਕੀਤੀ ਤੇ ਕੁਝ ਗਰਮ ਖ਼ੂਨ ਵਾਲੇ ਲੋਕੀਂ ਵੀ ਨਿਰਦੋਸ਼ ਨਹੀਂ ਸਨ। ਇਹ ਘਿਨੌਣਾ ਦੌਰ ਪੰਜਾਬ ਦੀ ਹਿਸਟਰੀ ਵਿਚ ਸਦਾ ਲਈ ਇਕ ਧੱਬਾ ਬਣ ਗਿਆ ਹੈ। ਉਸ ਵੇਲੇ ਦੁਸ਼ਮਣ ਦੀ ਸ਼ਨਾਖ਼ਤ ਆਸਾਨ ਨਹੀਂ ਸੀ।

**ਅਜੀਤ :** ਮੈਂ ਸਿਰਫ਼ ਇਕ ਵਾਕਿਆ ਦਾ ਜ਼ਿਕਰ ਕੀਤੈ ਜਿਹੜਾ ਸਭ ਤੋਂ ਪਹਿਲਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਕ ਪਰਟੀਕੁਲਰ ਕਮਿਉਨਿਟੀ ਨੂੰ ਮਾਰਿਆ ਗਿਆ। ਲੇਕਿਨ ਉਸ ਤੋਂ ਬਾਅਦ ਅਗਰ ਰੇਸ਼ੋ ਕੱਢੀ ਜਾਵੇ ਤਾਂ ਸਿੱਖਾਂ ਦੀ ਜ਼ਿਆਦਾ ਹੈ। ਇਸ ਕਰਕੇ ਇਹ ਕਹਿਣਾ ਗ਼ਲਤ ਹੋਵੇਗਾ ਕਿ ਸਿੱਖ ਹਿੰਦੂਆਂ ਨੂੰ ਮਾਰ ਰਹੇ ਹਨ। ਇਹ ਬਹੁਤ ਵੱਡੀ ਸਾਜ਼ਿਸ਼ ਹੈ – ਇਕ ਸਿਆਸੀ ਸਾਜ਼ਿਸ਼। ਇਸ ਅਧੀਨ ਕੌਣ ਕਿਹਨੂੰ ਮਾਰ ਰਿਹੈ? ਇਹ ਗੱਲ ਅਸਪਸ਼ਟ ਹੈ ਤੇ ਹਨ੍ਹੇਰੇ ਵਿਚ ਹੈ। ਪੁਲਿਟੀਕਲ ਫ਼ਾਸ਼ੀ ਤਾਕਤਾਂ ਆਪਣੀ ਗੱਦੀ ਦੀ ਕਾਇਮੀ ਲਈ ਇਹ ਸਭ ਕੁਝ ਕਰਵਾ ਰਹੀਆਂ ਲਗਦੀਆਂ ਹਨ।



**ਸਾਥੀ :** ਆਓ ਇਕ ਹੋਰ ਗੱਲ ਵੱਲ ਆਈਏ। ਅੰਮ੍ਰਤਾ ਪ੍ਰੀਤਮ ਸਾਡੀ ਇਕ ਸਿਰਮੌਰ ਲੇਖ਼ਿਕਾ ਹੈ। ਜਦੋਂ ਅਸੀਂ ਛੋਟੇ ਛੋਟੇ ਸਾਂ ਉਦੋਂ ਦੇ ਹੀ ਅਸੀਂ ਉਨ੍ਹਾਂ ਦੇ ਪਾਠਕ ਹਾਂ। ਮੈਨੂੰ ਤਾਂ ਇਸ ਗੱਲ ਦਾ ਸ਼ਰਫ਼ ਵੀ ਹਾਸਲ ਹੈ ਕਿ ਉਨ੍ਹਾਂ ਨੇ ਮੇਰੀਆਂ ਲਿਖ਼ਤਾਂ ਦਾ ਨੋਟਿਸ ਲਿਆ ਤੇ ਭਰਪੂਰ ਪਿਆਰ ਵੀ ਦਿੱਤਾ। ਪਰ ਆਪਾਂ ਜਰਨਲਿਸਟਿਕ ਪਰਸਪੈਕਟਿਵ ਤੋਂ ਗੱਲ ਕਰਦੇ ਹਾਂ ਕਿ ਇਹੋ ਜਿਹੀ ਵੱਡੀ ਲੇਖ਼ਿਕਾ ਨੇ 1947 ਵਿਚ ਤਾਂ "ਅੱਜ ਆਖਾਂ ਵਾਰਸ ਸ਼ਾਹ ਨੂੰ" ਵਰਗੀ ਸ਼ਾਹਕਾਰ ਕਵਿਤਾ ਲਿਖ਼ੀ ਸੀ ਤੇ ਇਸ ਵਿਚ ਦ੍ਰਿਸ਼ਟਾਏ ਦੁਖ਼ਾਂਤ ਨੂੰ ਪੰਜਾਬ ਦੇ ਬੱਚੇ ਬੱਚੇ ਦੀ ਜ਼ੁਬਾਨ ਉਤੇ ਲੈ ਆਂਦਾ ਸੀ ਪਰ ਹੁਣ ਜੋ ਕੁਝ ਅੰਮ੍ਰਿਤਸਰ ਵਿਚ ਹੋਇਆ ਤੇ ਫ਼ਿਰ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਹੋਇਆ ਉਸ ਬਾਰੇ ਉਹ ਚੁੱਪ ਰਹੇ। ਭਲਾ ਇਹ ਕਿਉਂ?

**ਅਜੀਤ :** ਦਿੱਲੀ ਦੇ ਵਾਕਿਆ ਤੋਂ ਪਹਿਲਾਂ ਵੀ ਬਥੇਰਾ ਕੁਝ ਹੋਇਆ ਜਿਵੇਂ ਭਵੰਡੀ ਵਿਚ। ਦੁਖ਼ਾਂਤ ਇਹ ਹੈ ਕਿ ਬੰਦੇ ਨੂੰ ਇਕ ਨਵਾਂ ਕਰੂਅਲ ਤਰੀਕਾ ਲੱਭਿਆ ਕਿ ਕਿਸੇ ਬੰਦੇ ਨੂੰ ਜਿਉਂਦਿਆਂ ਸਾੜ ਦਿਓ। ਇਹ ਭਿਆਨਕ ਢੰਗ ਸਿਆਸੀ ਖ਼ੇਡ ਹੈ। ਦਿੱਲੀ ਵਿਚ ਜੋ ਕੁਝ ਹੋਇਆ ਇਹ ਸਿਆਸੀ ਖ਼ੇਡ ਸੀ। ਭਵੰਡੀ ਵਿਚ ਮੁਸਲਮਾਨ ਮੁੰਡਿਆ ਨੂੰ ਇਕੱਠਿਆਂ ਕਰਕੇ ਪੈਰਾ ਮਿਲਟਰੀ ਵਾਲਿਆਂ ਨੇ ਮਾਰਿਆ ਸੀ। ਮਿਲਾਨਾ ਵਿਚ ਵੀ ਇਹੋ ਕੁਝ ਹੋਇਆ ਸੀ। ਅਸੀਂ ਕਿੱਥੇ ਖੜ੍ਹੇ ਹਾਂ? ਅਸੀਂ ਇਕ ਵਹਿਸ਼ੀਪਣ ਦੇ ਜੰਗਲ ਵਿਚ ਖ਼ੜ੍ਹੇ ਹਾਂ ਜਿਥੇ ਕੋਈ ਵੀ ਚੀਜ਼ ਮਾਅਨੇ ਨਹੀਂ ਰਖ਼ਦੀ। ਜੇ ਮਾਅਨੇ ਰਖ਼ਦੀ ਹੈ ਤਾਂ ਸਿਰਫ਼ ਤੁਹਾਡੀ ਗੱਦੀ ਦੀ ਕਾਇਮੀ ਮਾਅਨੇ ਰਖ਼ਦੀ ਹੈ ਵਰਨਾ ਇਸ ਅੱਗ ਵਿਚ ਹਜ਼ਰਤ ਨੋਹ ਦੀ ਕਿਸ਼ਤੀ ਵੀ ਨਹੀਂ ਬਚ ਸਕਦੀ। ਹੁਣ ਰਹੀ ਗੱਲ ਅੰਮ੍ਰਿਤਾ ਜੀ ਦੀ। ਮੈਂ ਤਾਂ ਸਾਥੀ ਸਾਹਿਬ ਖ਼ੁਦ ਉਨ੍ਹਾਂ ਦੀ ਫ਼ੈਨ ਹਾਂ। ਅਸੀਂ ਬਚਪਨ ਤੋਂ ਹੀ ਅੰਮ੍ਰਿਤਾ ਅਤੇ ਪਰੋਫ਼ੈਸਰ ਮੋਹਨ ਸਿੰਘ ਦੇ ਪਾਠਕ ਸਾਂ। ਲਿਖ਼ਣ ਦੀ ਤਾਂ ਗੁੜ੍ਹਤੀ ਹੀ ਅੰਮ੍ਰਿਤਾ ਤੋਂ ਲਈ ਹੈ। ਕੁਝ ਸਮਝ ਨਹੀਂ ਆ ਰਿਹਾ ਕਿ ਉਨ੍ਹਾਂ ਦਾ ਰੁਝਾਨ ਕਿਹੜੀ ਦਿਸ਼ਾ ਵਲ ਜਾ ਰਿਹਾ ਹੈ?

**ਸਾਥੀ :** ਇਸ ਦੌਰ ਵਿਚ ਤਾਂ ਉਹ ਜੋਤਸ਼ ਦੀਆਂ ਗੱਲਾਂ ਕਰ ਰਹੇ ਹਨ। ਆਲੇ ਦੁਅਲ਼ੇ ਸੜ ਰਹੇ ਜੰਗਲ ਵਲ ਉਹ ਤਵੱਜੋ ਕਿਉਂ ਨਹੀਂ ਦੇ ਰਹੇ?

**ਅਜੀਤ :** ਸਾਥੀ ਜੀ ਉਹ ਤਾਂ ਮੇਰੇ ਨਾਲ਼ ਰੁੱਸੇ ਹੋਏ ਨੇ। 1986 ਤੋਂ ਬਾਅਦ ਤਾਂ ਉਹ ਉੱਕਾ ਹੀ ਨਹੀਂ ਬੋਲੇ ਮੇਰੇ ਨਾਲ਼।

**ਸਾਥੀ :** ਕੀ ਉਨ੍ਹਾਂ ਨੇ ਤੁਹਾਡੇ ਪੰਜਾਬ ਦੀ ਤ੍ਰਾਸਦੀ ਬਾਰੇ ਲਿਖ਼ੇ ਗਏ ਲੇਖ਼ਾਂ ਦਾ ਬੁਰਾ ਮਨਾਇਆ?

**ਅਜੀਤ :** ਬੁਰਾ ਤਾਂ ਉਹ ਮੇਰੀਆਂ ਬਹੁਤ ਸਾਰੀਆਂ ਗੱਲਾਂ ਦਾ ਮਨਾਉਂਦੇ ਨੇ। ਜਦੋਂ ਐਮਰਜੈਂਸੀ ਲੱਗੀ ਹੋਈ ਸੀ ਤਾਂ ਮੈਂ ਐਮਰਜੈਂਸੀ ਦਾ ਵਿਰੋਧ ਕਰਦੀ ਸਾਂ। ਤਾਂ ਕਹਿੰਦੇ ਸਨ ਕਿ ਤੇਰਾ ਦਿਮਾਗ਼ ਖ਼ਰਾਬ ਹੈ। ਤੂੰ ਪਾਗਲ ਹੈਂ। ਉਨ੍ਹਾਂ ਨੇ ਜਦੋਂ ਐਮਰਜੈਂਸੀ ਦੇ ਹੱਕ ਵਿਚ ਦੋਸਤਾਂ ਦੇ ਦਸਖ਼ਤ ਕਰਵਾਏ ਤਦ ਵੀ ਮੈਂ ਉਨ੍ਹਾਂ ਨੂੰ ਮਨ੍ਹਾਂ ਕੀਤਾ ਤੇ ਦਸਖ਼ਤ ਨਹੀਂ ਸੀ ਕੀਤੇ। ਮੈਨੂੰ ਇਸ ਗੱਲ ਦਾ ਦੁੱਖ਼ ਹੈ ਕਿ ਮੇਰੇ ਨਾਲ਼ ਅੰਮ੍ਰਿਤਾ ਜੀ ਨਹੀਂ ਬੋਲਦੇ ਹਾਲਾਂਕਿ ਸਾਡੇ ਟੱਬਰਾਂ ਦੀ ਸਾਡੇ ਜੰਮਣ ਤੋਂ ਵੀ ਪਹਿਲਾਂ ਦੀ ਸਾਂਝ ਸੀ। ਜੇ ਕੋਈ ਮੈਨੂੰ ਪੁਛੇ ਕਿ ਤੁਹਾਡੇ ਵੱਡੇ ਕਵੀ ਕੌਣ ਨੇ ਤਾਂ ਮੈਂ ਹਮੇਸ਼ਾ ਅੰਮ੍ਰਿਤਾ ਪ੍ਰੀਤਮ, ਪਰੋਫ਼ੈਸਰ ਮੋਹਨ ਸਿੰਘ ਤੇ ਡਾਕਟਰ ਹਰਭਜਨ ਸਿੰਘ ਦਾ ਨਾਮ ਲੈਂਦੀ ਹਾਂ।

**ਸਾਥੀ :** ਪੰਜਾਬ ਦੀ ਸਥਿਤੀ ਬਾਰੇ ਬੜੇ ਥੋੜ੍ਹੇ ਲੋਕਾਂ ਨੇ ਲਿਖ਼ਿਆ–ਐਂਵੇ ਉਂਗਲ਼ਾਂ 'ਤੇ ਗਿਣਨ ਜੋਗੇ ਹੀ ਨਾਂ ਹਨ। ਮਸਲਨ ਸੇਖ਼ੋਂ, ਹਰਿਭਜਨ ਸਿੰਘ, ਤੁਸੀਂ ਹੋ, ਗੁਰਸ਼ਰਨ ਸਿੰਘ ਨੇ ਵੀ ਡਟ ਕੇ ਲਿਖ਼ਿਆ। ਅਜਕਲ ਤਾਂ ਉਹ ਅੰਡਰਗਰਾਊਂਡ ਵੀ ਨੇ। ਕੰਵਲ ਨੇ ਵੀ ਲਿਖ਼ਿਆ ਭਾਵੇਂ ਉਹ ਕਈ ਪੁਆਇੰਟ ਕਲੀਅਰ ਕਰਨ ਤੋਂ ਵੀ ਅਸਮਰਥ ਰਿਹਾ ਹੈ। ਐਪਰ ਕਿਉਂ ਹੋਰ ਲੇਖ਼ਕ ਵੀ ਕਲਮ ਨਹੀਂ ਚੁੱਕਦੇ?

**ਅਜੀਤ :** ਮੇਰਾ ਖ਼ਿਆਲ ਹੈ ਕਿ ਇਹਦਾ ਵੱਡਾ ਕਾਰਨ ਡਰ ਹੀ ਹੋ ਸਕਦੈ। ਸੱਚੀ ਗੱਲ ਆਖ਼ਣ ਲਈ ਬੜਾ ਵੱਡਾ ਜਿਗਰਾ ਚਾਹੀਦਾ। ਦੂਜੀ ਗੱਲ ਇਹ ਵੀ ਕਿ ਕਹਿਣ ਦਾ ਫ਼ਾਇਦਾ ਵੀ ਕੀ ਹੈ? ਜਦੋਂ ਦਿੱਲੀ ਵਿਚ ਭਾਂਬੜ ਮੱਚੇ ਤਾਂ ਮੈਂ ਅਤੇ ਮੇਰੀ ਆਰਟਿਸਟ ਬੇਟੀ ਇਸ ਵਿਚ ਹੀ ਲਿਪਟੇ ਹੋਏ ਸਾਂ। ਦਿੱਲੀ ਵਿਚ ਲੋਕਾਂ ਨਾਲ਼ ਏਨਾਂ ਅਨਰਥ ਵਾਪਰਿਆ ਕਿ ਸਾਥੀ ਜੀ ਸੱਚ ਜਾਣੋਂ ਕਿ ਬਿਆਨੋਂ ਬਾਹਰ ਹੈ। ਮੇਰੀ ਬੱਚੀ ਨੇ ਕਿਹਾ ਕਿ ਮੈਨੂੰ ਸਮਝ ਨਹੀਂ ਆ ਰਹੀ ਕਿ ਇਸ ਘਟਨਾ ਤੋਂ ਬਾਅਦ ਆਪਣੇ ਹੱਥਾਂ ਵਿਚ ਬੁਰਸ਼ ਵੀ ਫ਼ੜ ਸਕਾਂਗੀ ਕਿ ਨਹੀਂ? ਮੈਨੂੰ ਵੀ ਲਗਦਾ ਸੀ ਕਿ ਲਿਖ਼ਣਾ, ਖ਼ੂਬਸੂਰਤ ਲਫ਼ਜ਼, ਪੇਂਟਿੰਗ ਇਹ ਸਭ ਬਕਵਾਸ ਹੈ–ਅਸਲੀਅਤ ਇਹੋ ਹੈ ਜੋ ਤੁਹਾਡੇ ਸਾਹਮਣੇ ਵਾਪਰ ਰਿਹੈ। ਅਸਲੀਅਤ ਉਹ ਔਰਤ ਹੈ ਜਿਸ ਨੂੰ ਮੈਂ ਪੰਜ ਦਿਨ ਉਹਦੇ ਪੰਜ ਨਿਆਣਿਆਂ ਸਮੇਤ ਆਪਣੇ ਘਰ ਰੱਖ਼ਿਆ। ਮੈਂ ਉਸ ਨੂੰ ਕੁਝ ਵੀ ਪੁੱਛਾਂ ਉਹ ਵੱਟਾ ਹੋਈ ਬੈਠੀ ਸੀ। ਨਿਆਣਿਆਂ ਨੂੰ ਰੋਟੀ ਦਿਆਂ, ਰਜਾਈ ਦਿਆਂ ਉਸ ਨੂੰ ਕੁਝ ਪਤਾ ਨਹੀਂ ਸੀ। ਫ਼ਿਰ ਮੈਨੂੰ ਉਸ ਦੀ ਇਕ ਗੁਆਂਢਣ ਮਿਲ਼ੀ। ਉਸ ਨੇ ਦੱਸਿਆ ਕਿ ਇਸ ਔਰਤ ਦਾ ਵੱਡਾ ਪੁੱਤਰ ਜਿਉਂਦਿਆਂ ਸਾੜ ਦਿੱਤਾ ਗਿਆ ਸੀ। ਉਹ ਕਿੰਨੀ ਦੇਰ ਅੱਧ ਸੜਿਆ ਤੜਫ਼ਦਾ ਰਿਹਾ। ਅੰਤ ਨੂੰ ਮਰ ਗਿਆ। ਇਹ ਔਰਤ ਪਾਗਲਾਂ ਵਾਂਗੂੰ ਮੰਜਿਆਂ ਦੀਆਂ ਬਾਹੀਆਂ,

ਪਾਵਿਆਂ ਅਤੇ ਦਰਵਾਜ਼ਿਆਂ ਨਾਲ਼ ਉਹਦੀ ਲਾਸ਼ ਨੂੰ ਸਾਰੀ ਰਾਤ ਜਲਾਉਂਦੀ ਰਹੀ ਤਾਂ ਜੁ ਪੁੱਤਰ ਦੀ ਲਾਸ਼ ਕੁੱਤੇ ਬਿੱਲੇ ਗਲ਼ੀਆਂ ਵਿਚ ਨਾ ਘੜੀਸਦੇ ਫ਼ਿਰਨ। (ਅਜੀਤ ਕੌਰ ਇਥੇ ਰੋ ਪਈ। ਮੇਰਾ ਵੀ ਗੱਚ ਭਰ ਆਇਆ। ਉਹ ਕਿੰਨਾ ਚਿਰ ਕੁਝ ਵੀ ਨਾ ਬੋਲ ਸਕੀ।)....ਇਸ ਤੋਂ ਬਾਅਦ ਬੰਦਾ ਸੋਚਦਾ ਕਿ ਲਿਖ਼ਣ ਦਾ ਫ਼ਾਇਦਾ ਵੀ ਕੀ ਹੈ ?

**ਸਾਥੀ :** ਜਿਹੜੇ ਦੇਸੋਂ ਬਾਹਰ ਬੈਠੇ ਕਹਿ ਰਹੇ ਨੇ ਕਿ ਖ਼ਾਲਿਸਤਾਨ ਬਣਨਾ ਚਾਹੀਦਾ। ਉਨ੍ਹਾਂ ਬਾਰੇ ਕੀ ਖ਼ਿਆਂਲ ਹੈ ?

**ਅਜੀਤ :** ਇਹ ਓਥੇ ਜਾ ਕੇ ਤਾਂ ਵੇਖ਼ਣ ਕਿ ਕੀ ਹੋ ਰਿਹੈ ? ਬਾਹਰ ਮਹਿਫ਼ੂਜ਼ ਥਾਂ 'ਤੇ ਬੈਠ ਕੇ ਗੱਲਾਂ ਕਰਨੀਆਂ ਸੌਖ਼ੀਆਂ ਹਨ। ਹਾਲਤ ਬਹੁਤ ਵਿਗੜ ਗਈ ਹੈ। ਦਿੱਲੀ ਵਿਚ ਬੇਘਰ ਹੋ ਗਏ ਪਰਿਵਾਰ ਅਜੇ ਵੀ ਰੁਲ਼ ਰਹੇ ਹਨ।

**ਸਾਥੀ :** ਐਪਰ ਐਥੋਂ, ਕੈਨੇਡਾ ਅਤੇ ਅਮਰੀਕਾ ਤੋਂ ਅਜਿਹੇ ਅਭਾਗੇ ਸਿੱਖਾਂ ਲਈ ਬੜਾ ਫ਼ੰਡ ਇਕੱਠਾ ਹੋਇਆ ਸੀ।

**ਅਜੀਤ :** ਇਹ ਤਾਂ ਰੱਬ ਹੀ ਜਾਣੇ ਕਿ ਉਹ ਫ਼ੰਡ ਕਿੱਥੇ ਗਏ ਵਰਨਾ ਵਿਧਵਾ ਔਰਤਾਂ ਤੇ ਯਤੀਮ ਹੋ ਗਏ ਬੱਚਿਆਂ ਦਾ ਬੁਰਾ ਤੇ ਤਰਸਯੋਗ ਹਾਲ ਹੈ। ਜਿਨ੍ਹਾਂ ਦਾ ਤਾਂ ਕੋਈ ਪੰਜਾਬ 'ਚ ਹੈ ਸੀ ਉਹ ਤਾਂ ਚਲੇ ਗਏ। ਜਿਨ੍ਹਾਂ ਦਾ ਕੋਈ ਨਹੀਂ ਸੀ- ਉਹ ਕਿੱਥੇ ਜਾਣ ? ਇਸ ਲਈ ਮੈਂ ਕਹਿਨੀ ਆਂ ਕਿ ਉੱਥੇ ਜਾ ਕੇ ਤਾਂ ਵੇਖ਼ਣ ? ਉੱਜੜੇ ਪਰਿਵਾਰ ਲੋਅਰ ਇਨਕੰਮ ਗਰੁੱਪਾਂ ਅਧੀਨ ਤਿਲਕ ਵਿਹਾਰ 'ਚ ਬੈਠੇ ਨੇ। ਸਰਕਾਰ ਕਹਿੰਦੀ ਏ ਕਿ ਉਨ੍ਹਾਂ ਨੇ ਇਨ੍ਹਾਂ ਸਿੱਖਾਂ ਨੂੰ ਵਸਾ ਦਿੱਤੈ। ਪਰ ਇਹ ਸਾਥੀ ਜੀ ਹਾਸੋ ਹੀਣੀ ਗੱਲ ਹੈ। ਬਾਹਰ ਬੈਠੇ ਲੋਕ ਪਹਿਲਾਂ ਅਥਰੂ ਵਹਾਉਣਾ ਸਿੱਖਣ ਤਦੇ ਪੰਜਾਬ ਦਾ ਦਰਦ ਉਨ੍ਹਾਂ ਦੇ ਸਮਝ ਆਊ। ਲੋਕੀਂ ਮਰ ਰਹੇ ਐ। ਉਹ ਬੁਰੀ ਹਾਲਤ ਵਿਚ ਹਨ। ਬਾਹਰ ਪੱਛਮੀ ਦੇਸ਼ਾਂ ਤੇ ਅਮਰੀਕਾ/ਕੈਨੇਡਾ ਵਿਚ ਬਹਿ ਕੇ ਉਨ੍ਹਾਂ ਦਾ ਦਰਦ ਨਹੀਂ ਜਾਣਿਆ ਜਾ ਸਕਦਾ।

**ਸਾਥੀ :** ਪਰ ਬਾਹਰ ਰਹਿੰਦੇ ਲੋਕ ਭਾਵੁਕ ਵੀ ਹੋ ਗਏ ਹਨ।

**ਅਜੀਤ :** (ਪਹਿਲਾਂ ਵਾਲੇ ਹੀ ਰੌਂਅ ਵਿਚ) ਕੇਂਦਰ ਦੀਆਂ ਇਕ ਤੋਂ ਵੱਧ ਗਲਤੀਆਂ ਕਾਰਨ ਹੀ ਅਜਿਹਾ ਹੋ ਰਿਹੈ। ਇਹ ਕਿੱਦਾਂ ਹੋ ਸਕਦਾ ਕਿ ਏਨੇ ਕਤਲਾਂ ਤੋਂ ਬਾਅਦ ਇਕ ਵੀ ਕਾਤਲ ਨਾ ਫ਼ੜਿਆ ਜਾਵੇ ? ਇਕ ਕਮਿਸ਼ਨ ਤੋਂ ਬਾਅਦ ਦੂਜਾ ਬਿਠਾਇਆ ਜਾਂਦਾ। ਲੋਕਾਂ ਦੀ ਅਖ਼ੀਂ ਘੱਟਾ ਪਾਇਆ ਜਾਂਦਾ। ਸ਼ੁਕਰ ਹੈ ਕਿ ਹਿੰਦੂ ਅਤੇ ਸਿੱਖਾਂ ਵਿਚਕਾਰ ਹਮਸਾਇਗੀ ਅਤੇ ਭਰੱਪਣ ਨਹੀਂ ਮੋਇਆ। ਜਦੋਂ ਦਿੱਲੀ ਵਿਚ ਕਤਲ ਹੋ ਰਹੇ ਸਨ ਤਾਂ ਬੜੇ ਹਿੰਦੂਆਂ ਨੇ ਸਿੱਖ ਪਰਵਾਰਾਂ ਦੀ ਹਿਫ਼ਾਜ਼ਤ ਕੀਤੀ। ਮੈਂ ਤੇ ਮੇਰੀ ਧੀ ਨੇ ਵੀ ਯਥਾਯੋਗ ਏਸ ਦਰਦ ਨੂੰ ਘਟਾਉਣ ਵਿਚ ਹਿੱਸਾ ਪਾਇਆ।

**ਸਾਥੀ :** ਏਸ ਸਾਰੇ ਸੰਤਾਪ 'ਚੋਂ ਇਕ ਸਿੱਟਾ ਇਹ ਨਿਕਲਿਆ ਅਜੀਤ ਕਿ ਇਕ ਸਿੱਖ ਗਰੋਹ ਨੇ ਜਾਂ ਇਕ ਹਿੰਦੂ ਗਰੋਹ ਨੇ ਇਕ ਦੂਜੇ 'ਤੇ ਹਮਲਾ ਨਹੀਂ ਕੀਤਾ।

**ਅਜੀਤ :** ਇਸ ਦਾ ਭਾਵ ਇਹੋ ਹੈ ਕਿ ਸਿੱਖ ਅਤੇ ਹਿੰਦੂ ਵਿਚ ਕੋਈ ਫ਼ਰਕ ਨਹੀਂ। ਮਨੁੱਖ ਤੇ ਮਨੁੱਖ ਦੀ ਈਕੁਏਸ਼ਨ ਵਿਚ ਕੋਈ ਫ਼ਰਕ ਨਹੀਂ।

**ਸਾਥੀ :** ਤੁਸੀਂ ਕਿਉਂਕਿ 'ਖ਼ੂਨ ਦੇ ਚੁਬੱਚੇ' ਵਰਗਾ ਲੇਖ਼ ਲਿਖ਼ਿਆ, ਇਸ ਲਈ ਕੁਝ ਅਖ਼ਾਉਤੀ ਲੇਖ਼ਕਾਂ ਨੇ ਤਹਾਨੂੰ ਖ਼ਾਲਿਸਤਾਨੀ ਬਣਾ ਦਿੱਤਾ ਬਿਲਕੁਲ ਉਸੇ ਤਰ੍ਹਾਂ ਜਿਵੇਂ ਸੇਖ਼ੋਂ.,ਹਰਿਭਜਨ ਸਿੰਘ ਅਤੇ ਕੁਝ ਕੁ ਹੋਰਨਾਂ ਨੂੰ।

**ਅਜੀਤ :** ਮੈਂ ਤਾਂ ਖ਼ਾਲਿਸਤਾਨ ਦੇ ਖ਼ਿਲਾਫ਼ ਹਾਂ। ਮੈਂ ਤਾਂ ਕਹਿਨੀ ਆਂ ਕਿ ਹਿੰਦੁਸਤਾਨ ਐਡਾ ਵੱਡਾ ਮੁਲਕ ਐ ਜਿਹਦੇ ਵਿਚ ਵੱਖ਼ਰੀਆਂ ਬੋਲੀਆਂ, ਵਖ਼ਰੇ ਧਰਮ, ਵਖ਼ਰੇ ਪਹਿਰਾਵੇ ਹਨ। ਆਜ਼ਾਦੀ ਪਿੱਛੋਂ ਇਹਨੂੰ ਰੂਸ ਵਾਂਗ ਫ਼ੈਡਰਲ ਢਾਂਚਾ ਬਣਾ ਦੇਣਾ ਚਾਹੀਦਾ ਸੀ।

**ਸਾਥੀ :** ਅਤੇ ਅਮਰੀਕਾ ਵਾਂਗ ਜਿਥੇ ਹਰ ਸਟੇਟ ਨੂੰ ਵਖ਼ਰੇ ਅਧਿਕਾਰ ਹਨ ਤੇ ਕੁਝ ਚੀਜ਼ਾਂ ਨੂੰ ਛੱਡ ਕੇ ਪੂਰੀ ਖ਼ੁਦਮੁਖ਼ਤਿਆਰੀ ਹੈ। ਲੇਕਿਨ ਅਜੀਤ ਰੂਸ ਵਿਚ ਵੀ ਕਈ ਸੂਬੇ ਵਖ਼ਰਾ ਦੇਸ਼ ਚਾਹੁੰਦੇ ਹਨ ?

**ਅਜੀਤ :** ਉਹ ਹੋਰ ਖ਼ੁਦਮੁਖ਼ਤਿਆਰੀ ਚਾਹੁੰਦੇ ਹਨ। ਇਸੇ ਤਰ੍ਹਾਂ ਇੰਡੀਆ 'ਚ ਹੋਣਾ ਚਾਹੀਦਾ ਸੀ। ਫ਼ੌਜ ਅਤੇ ਕਰੰਸੀ ਭਾਵੇਂ ਇੰਡੀਆ ਕੋਲ਼ ਹੀ ਰਹਿੰਦੇ।

**ਸਾਥੀ :** ਕੀ ਤਸੀਂ ਅਨੰਦਪੁਰ ਸਾਹਿਬ ਦੇ ਮਤੇ ਨਾਲ਼ ਸਹਿਮਤ ਹੋਂ ?

**ਅਜੀਤ :** ਉਹਦੀ ਕਦੇ ਮੈਨੂੰ ਸਮਝ ਨਹੀਂ ਆਈ।

**ਸਾਥੀ :** ਉਸ ਵਿਚਲੇ ਆਰਥਕ ਸੁਆਲ ਸਾਂਝੇ ਜਾਂ ਸਭਨਾਂ ਪੰਜਾਬੀਆਂ ਵਲੋਂ ਉਠਾਏ ਜਾਣੇ ਚਾਹੀਦੇ ਸਨ ਨਾ ਕਿ ਸਿਰਫ਼ ਸਿੱਖਾਂ ਵਲੋਂ ਹੀ।

**ਅਜੀਤ :** ਪੰਜਾਬ ਦੀ ਸਾਂਝੀ ਧਰਤੀ 'ਚੋਂ ਸਾਂਝਾ ਹੀ ਕਦਮ ਚੁੱਕਿਆ ਜਾਣਾ ਚਾਹੀਦਾ ਸੀ। ਨਾਲ਼ੇ ਤਾਂ ਅਸੀਂ ਕਹਿਨੇ ਆ ਕਿ ਜੀ 1947 'ਚ ਜਿਨਾਹ ਨੇ ਪੁਆੜੇ ਪਾ ਦਿੱਤੇ ਸਨ ਤਦੇ ਉਹ ਪੰਜਾਬ ਉਧਰ ਚਲਾ ਗਿਆ। ਪਰ ਹੁਣ ਤੁਸੀਂ ਅੱਗੇ ਕੀ ਕਰ ਰਹੇ ਹੋ ? ਦਰਅਸਲ 1947 ਵਿਚ ਵਿਧਾਨ ਅੰਗਰੇਜ਼ਾਂ ਦੇ ਆਧਾਰ ਉੱਤੇ ਹੀ ਰੱਖ਼ਿਆ ਗਿਆ। ਉੱਤੋਂ ਕਸ਼ਮੀਰ ਨੂੰ ਵੱਖਰਾ ਸਟੇਟਸ ਦੇ ਕੇ ਪੁਆੜੇ ਦੀ ਜੜ੍ਹ ਖੜ੍ਹੀ ਕਰ ਦਿੱਤੀ। ਇਹ ਬੜੀ ਲੰਮੀ ਹਿਸਟੌਰਿਕ ਗੱਲ ਹੈ।

**ਸਾਥੀ :** ਬਾਹਰ ਬੈਠੇ ਲੇਖ਼ਕ ਇਕ ਦੂਜੇ ਉੱਤੇ ਤੁਹਮਤਾਂ ਲਗਾ ਰਹੇ ਹਨ ਕਿ ਫ਼ਲਾਂ ਖ਼ਾਲਿਸਤਾਨੀ ਹੈ ਤੇ ਫ਼ਲਾਂ ਨਹੀਂ ਹੈ। ਇਸ ਗੱਲ ਬਾਰੇ ਤੁਹਾਡਾ ਕਿਆ ਖ਼ਿਆਲ ਹੈ ?

**ਅਜੀਤ :** ਹਾਂ ਇਹ ਮੈਂ ਵੀ ਮਹਿਸੂਸ ਕੀਤਾ ਪਰ ਇਹ ਤੁਸੀਂ ਬਾਹਰ ਬਹਿ ਕੇ ਕਿਵੇਂ ਡੀਸਾਈਡ ਕਰ ਸਕਦੇ ਹੋ ਕਿ ਖ਼ਾਲਿਸਤਾਨ ਕੀ ਹੈ ? ਕੀ ਖ਼ਾਲਿਸਤਾਨ ਬਣਾ ਕੇ, ਜੋ ਕੁਝ ਹੈ ਇਹ, ਕੀ ਤੁਸੀਂ ਉੱਥੇ ਜਾ ਕੇ ਰਹਿਣ ਲਈ ਤਿਆਰ ਹੋ ? ਕੀ ਬ੍ਰਿਟਿਸ਼ ਪਾਸਪੋਰਟ ਤਿਆਗਣ ਲਈ ਰਾਜ਼ੀ ਹੋ ? ਤੁਹਮਤਾਂ ਲਾਉਣ ਵਾਲੇ ਬਾਹਰ ਬੈਠੇ ਲੇਖ਼ਕ ਵੀ ਮਨ ਦੀ ਅਯਾਸ਼ੀ ਹੀ ਕਰ ਰਹੇ ਨੇ।

**ਸਾਥੀ :** ਐਥੋਂ ਦੇ ਪੇਪਰ ਕਿਹੋ ਜਿਹੇ ਨੇ ?

**ਅਜੀਤ :** ਇਹ ਪੇਪਰ ਹੈ ਹੀ ਨਹੀਂ। ਇਨ੍ਹਾਂ ਵਿਚ ਜਰਨਲਿਜ਼ਮ ਹੈ ਹੀ ਨਹੀਂ। ਨਿਰਪੱਖ ਖ਼ਬਰਾਂ ਨਹੀਂ ਛਾਪਦੇ। ਨਾ ਹੀ ਨਿਰਪੱਖ ਅਨੈਲਿਸਿਜ਼ ਕਰਦੇ ਨੇ। ਹਾਲਾਂਕਿ ਬਾਹਰ ਰਹਿ ਕੇ ਇਹ ਨਿਧੜਕ ਗੱਲਾਂ ਕਰ ਸਕਦੇ ਸਨ।

**ਸਾਥੀ :** ਇਥੋਂ ਦੇ ਲੇਖ਼ਕਾਂ ਨੂੰ ਪੜ੍ਹਦੇ ਹੋਵੋਗੇ। ਕਿਹੋ ਜਿਹੇ ਲੱਗੇ ? ਕੋਈ ਨਵਾਂ ਮੋੜ ਵੀ ਦੇ ਰਹੇ ਨੇ ?

**ਅਜੀਤ :** ਵਤਨ ਦਾ ਹੇਰਵਾ ਵਧੇਰੇ ਹੈ। ਨਵਾਂ ਮੋੜ ਤਾਂ ਨਹੀਂ ਕੱਟਿਆ ਜਾ ਰਿਹਾ। ਦਰਅਸਲ ਇਥੋਂ ਦੇ ਪੰਜਾਬੀ ਲੇਖ਼ਕ ਇਕ ਤਾਂ ਗਿਣਤੀ 'ਚ ਘੱਟ ਨੇ ਤੇ ਦੂਜਾ ਉਹ ਪਿਛੇ ਨੂੰ ਨਹੀਂ ਭੁੱਲ ਸਕੇ ਹਾਲਾਂਕਿ ਇਥੇ ਬੈਠਿਆਂ ਉਨ੍ਹਾਂ ਨੂੰ ਵਧੇਰੇ ਵਿਸ਼ਾਲ ਹੋਣਾ ਚਾਹੀਦਾ ਸੀ। ਕਈ ਵਧੀਆ ਚੀਜ਼ਾਂ ਇਥੇ ਲਿਖ਼ੀਆਂ ਜਾ ਰਹੀਆਂ ਹਨ। ਤੁਸੀਂ ਖ਼ੁਦ ਲਗਾਤਾਰ ਲਿਖ਼ ਰਹੇ ਹੋ।ਪਾਠਕ ਉਡੀਕ ਕਰਦੇ ਰਹਿੰਦੇ ਨੇ। ਐਂਵੇ ਕੁਝ ਕੁ ਕਹਾਣੀਆਂ ਹੀ ਇਥੋਂ ਦੇ ਲੇਖ਼ਕਾਂ ਦੀਆਂ ਚੰਗੀਆਂ ਹਨ। ਕੁਝ ਕੁ ਨੇ ਇੱਥੋਂ ਦੀ ਗੱਲ ਕੀਤੀ ਏ। ਪੋਇਟਰੀ ਵੀ ਕੁਝ ਕੁ ਚੰਗੀ ਏ। ਪਰ ਆਸ ਕੁਝ ਹੋਰ ਹੈ।

ਮੁਲਾਕਾਤ

# ਸ਼ਾਇਰੀ ਕਲੰਦਰੀ ਦਾ ਨਾਂ ਹੈ ਮੁਨੱਵਰ ਰਾਣਾ



**ਮੁਲਾਕਾਤੀ**
**ਓਮ ਨਿਸ਼ਚਲ**

ਸ਼ਾਇਰੀ ਦੀ ਦੁਨੀਆ ਵਿਚ ਮੁਨੱਵਰ ਰਾਣਾ ਦੀ ਆਪਣੀ ਖ਼ਾਸ ਥਾਂ ਹੈ। ਦੇਸ਼ ਅਤੇ ਦੁਨੀਆ ਭਰ ਵਿਚ ਉਨ੍ਹਾਂ ਦੇ ਪ੍ਰਸ਼ੰਸਕ ਫੈਲੇ ਹਨ। ਲਿਹਾਜ਼ਾ ਕਿਸੇ ਕੰਮ ਲਖਨਊ ਜਾਣਾ ਪਿਆ ਤਾਂ ਲੱਗਾ ਕਿ ਰਾਣਾ ਸਾਹਿਬ ਨੂੰ ਵੀ ਮਿਲ ਲਿਆ ਜਾਵੇ। ਉਨ੍ਹਾਂ ਨੂੰ ਫ਼ੋਨ ਕੀਤਾ ਕਿ ਤਾਂ ਦੱਸਿਆ ਕਿ ਅੱਜ ਹੀ ਕੁਵੈਤ ਤੋਂ ਪਰਤੇ ਹਨ। ਆ ਜਾਇਓ ਸ਼ਾਮ ਨੂੰ। ਮਿਲਦੇ ਹਾਂ ਘਰ ਵਿਚ ਹੀ। ਲਾਲ ਕੂੰਆ ਲਖਨਊ ਵਿਚ ਢੀਂਗੜਾ ਅਪਾਰਟਮੈਂਟ ਵਿਚ ਉਨ੍ਹਾਂ ਦੀ ਰਿਹਾਇਸ਼ ਹੈ, ਤੇ ਦਫ਼ਤਰ ਵੀ ਜਿਸ ਨੂੰ ਉਨ੍ਹਾਂ ਦੇ ਪੁੱਤਰ ਤਬਰੇਜ਼ ਰਾਣਾ ਦੇਖਦੇ ਹਨ। ਸ਼ਾਮ ਵੇਲੇ ਇਕ ਦੋਸਤ ਨਾਲ ਅਸੀਂ ਉਨ੍ਹਾਂ ਦੇ ਘਰ ਪਹੁੰਚੇ ਤਾਂ ਉਹ ਆਪਣੇ ਦਫ਼ਤਰ ਦੀ ਕੁਰਸੀ 'ਤੇ ਹੀ ਸੌਂ ਰਹੇ ਸਨ। ਸ਼ਾਇਦ ਇਹ ਲੰਬੇ ਸਫ਼ਰ ਦੀ ਥਕਾਨ ਸੀ। ਮੁਨੱਵਰ ਰਾਣਾ ਨਾਲ ਕਰੀਬ ਇਕ ਵਰ੍ਹੇ ਬਾਅਦ ਮੁਲਾਕਾਤ ਹੋਈ ਤਾਂ ਉਨ੍ਹਾਂ ਦੀ ਬਿਮਾਰੀ ਤੇ ਤਬੀਅਤ ਬਾਰੇ ਪੁਛਿਆ, ਜਿਸ ਦਾ ਕੁਝ ਅੰਦਾਜ਼ਾ ਵੀ ਸੀ। ਉਹ ਬੀਤੇ ਤਿੰਨ-ਚਾਰ ਵਰ੍ਹਿਆਂ ਤੋਂ ਹਸਪਤਾਲ ਆਉਣ-ਜਾਣ ਦੇ ਚੱਕਰਾਂ ਵਿਚ ਥੱਕ ਚੁੱਕੇ ਹਨ ਅਤੇ ਤਬੀਅਤ ਠੀਕ ਹੋਣ ਦਾ ਨਾਂ ਨਹੀਂ ਲੈ ਰਹੀ। ਰਾਣਾ ਸਾਹਿਬ ਕਹਿਣ ਲੱਗੇ, "ਓਮ ਜੀ ਬਿਮਾਰੀ ਦੇ ਦਿਨਾਂ ਵਿਚ ਲਿਖੀ ਗ਼ਜ਼ਲ ਦੇ ਕੁਝ ਸ਼ਿਅਰ ਸੁਣੋ...

*ਐਸਾ ਉਡੂੰ ਕਿ ਜਾਲ ਨਾ ਆਏ ਖ਼ੁਦਾ ਕਰੇ*
*ਰਸਤੇ ਮੇਂ ਹਸਪਤਾਲ ਨਾ ਆਏ ਖ਼ੁਦਾ ਕਰੇ*

*ਅਬ ਉਸ ਸੇ ਦੋਸਤੀ ਹੈ ਤੋ ਫਿਰ ਦੋਸਤੀ ਰਹੇ*
*ਸ਼ੀਸ਼ੇ ਪੇ ਕੋਈ ਬਾਲ ਨਾ ਆਏ ਖ਼ੁਦਾ ਕਰੇ*

*ਯੇ ਮਾਦਰੇ ਵਤਨ ਹੈ ਮੇਰਾ ਮਾਦਰੇ ਵਤਨ*
*ਇਸ ਪਰ ਕਭੀ ਜਬਾਲ ਨਾ ਆਏ ਖ਼ੁਦਾ ਕਰੇ।*

ਕਹਿਣ ਲੱਗੇ, "ਬੀਤੇ ਕੁਝ ਵਰ੍ਹਿਆਂ ਵਿਚ 7 ਵਾਰ ਗੋਡਾ ਖੁੱਲ੍ਹ ਚੁੱਕਾ ਹੈ, ਪਰ ਕਾਮਯਾਬੀ ਨਹੀਂ ਮਿਲੀ।" ਦੇਖਦਾ ਹਾਂ ਕਮਰੇ ਵਿਚ ਤਾਂ ਉਥੇ ਨਾਲ ਹੀ ਉਨ੍ਹਾਂ ਦੀ ਸੋਟੀ ਪਈ ਹੈ, ਨਾਲ ਹੀ ਵਾਕਰ ਤੇ ਵ੍ਹੀਲ ਚੇਅਰ। ਸਾਰਾ ਮਾਜਰਾ ਸਮਝ ਆ ਜਾਂਦਾ ਹੈ ਕਿ ਦੇਸ਼ ਵਿਚ ਹਾਲੇ ਗੋਡਿਆਂ ਦੇ ਡਾਕਟਰ ਏਨੀ ਕਾਮਯਾਬੀ ਨਾਲ ਇਲਾਜ ਨਹੀਂ ਕਰ ਸਕਦੇ ਕਿ ਇਕ ਆਦਮੀ ਨੂੰ ਚੱਲਣ-ਫਿਰਨ ਲਾਇਕ ਤੱਕ ਬਣਾ ਸਕਣ ਅਤੇ ਮੁਸ਼ਾਇਰਿਆਂ ਵਿਚ ਰਾਣਾ ਸਾਹਿਬ ਨੂੰ ਸੱਦਣ ਲਈ ਰੋਜ਼ ਹੀ ਕਿਤੋਂ ਨਾ ਕਿਤੋਂ ਸਨੇਹੇ ਆਉਂਦੇ ਰਹਿੰਦੇ ਹਨ। ਹਾਲਤ ਇਹ ਹੈ ਕਿ ਇਕੱਲੇ ਜਾ ਨਹੀਂ ਸਕਦੇ। ਲਿਹਾਜ਼ਾ ਉਨ੍ਹਾਂ ਦੇ ਇਕ ਸਕੱਤਰ ਇਸ ਕੰਮ ਵਿਚ ਉਨ੍ਹਾਂ ਦੀ ਮਦਦ ਕਰਦੇ ਹਨ। ਹਾਲੇ ਹਾਲ ਹੀ ਵਿਚ ਦੇਹਰਾਦੂਨ ਵਿਚ ਵੈਲੀ ਆਫ਼ ਵਾਈਸ ਇੰਟਰਨੈਸ਼ਨਲ ਲਿਟਰੇਚਰ ਐਂਡ ਆਰਟਸ ਫੈਸਟੀਵਲ ਵਿਚ ਆਪਣੀ ਆਤਮਕਥਾ 'ਮੀਰ ਆ ਕੇ ਲੌਟ ਗਯਾ' ਲਈ ਪੁਰਸਕਾਰ ਲੈਣ ਪਹੁੰਚੇ ਤਾਂ ਦੇਖਿਆ ਮੰਚ 'ਤੇ ਵਾਕਰ ਦੇ ਸਹਾਰੇ ਉਹ ਆਏ ਅਤੇ ਪੁਰਸਕਾਰ ਕਬੂਲ ਕੇ ਪੋਡੀਅਮ 'ਤੇ ਖੜ੍ਹੇ ਹੋ ਕੇ ਅੱਧਾ ਘੰਟਾ ਸ਼ਾਇਰੀ ਸੁਣਦੇ ਰਹੇ।

ਇਸ ਦੌਰਾਨ ਚਾਹ ਆਈ ਤੇ ਅਸੀਂ ਚਾਹ ਦੀਆਂ ਚੁਸਕੀਆਂ ਲੈਂਦੇ ਲੈਂਦੇ ਗੱਲ ਕਰਦੇ ਰਹੇ। ਕਹਿਣ ਲੱਗੇ, "ਦੇਰ ਤੋਂ ਤੁਹਾਡਾ ਇੰਤਜ਼ਾਰ ਕਰ ਰਿਹਾ ਸੀ ਕਿ ਤੁਸੀਂ ਆਓ ਤਾਂ ਇਕੱਠੇ ਚਾਹ ਪੀਈਏ।"

*ਮੁਨੱਵਰ ਰਾਣਾ ਦਾ ਕਹਿਣਾ ਹੈ, "ਨਵੇਂ ਸ਼ਾਇਰਾਂ ਵਿਚ ਬਹੁਤ ਕਾਹਲ ਹੈ, ਉਹ ਤਹਿਜ਼ੀਬ ਭੁੱਲਦੇ ਜਾ ਰਹੇ ਹਨ। ਸਮਾਜ ਵਿਚ ਕਿੰਨਾ ਹਨੇਰਾ ਹੈ, ਸਮਾਜ ਨੂੰ ਉਨਾਂ ਤੋਂ ਉਮੀਦਾਂ ਹਨ। ਜਦਕਿ ਉਹ ਦੋ-ਚਾਰ ਗ਼ਜ਼ਲਾਂ ਹੀ ਲਿਖ ਕੇ ਆਪਣੇ ਆਪ ਨੂੰ ਮੀਰ ਤੇ ਗ਼ਾਲਿਬ ਜਾਂ ਕਬੀਰ ਸਮਝਣ ਲੱਗੇ ਹਨ।"*

ਗੱਲਬਾਤ ਚਾਹ ਨਾਲੋਂ ਵੀ ਜ਼ਿਆਦਾ ਮਿੱਠੀ ਹੈ ਕਿ ਇਕ ਵਾਰ ਜੇ ਰਾਣਾ ਸਾਹਿਬ ਦੇ ਸਾਹਮਣੇ ਹੋਵੋ ਤਾਂ ਤੁਸੀਂ ਉਨ੍ਹਾਂ ਦੀ ਅਪਣੱਤ ਦੀ ਫ਼ੁਹਾਰ ਵਿਚ ਭਿੱਜੇ ਬਿਨਾਂ ਨਹੀਂ ਰਹਿ ਸਕਦੇ। ਕਹਿਣ ਲੱਗੇ, "ਚਾਹ ਹੋਵੇ ਜਾਂ ਸ਼ਰਾਬ, ਦੋਸਤ ਦੇ ਇੰਤਜ਼ਾਰ ਵਿਚ ਨਸ਼ਾ ਹੋਰ ਵੱਧ ਜਾਂਦਾ ਹੈ।" ਨਵੇਂ ਲੋਕਾਂ ਬਾਰੇ ਚਰਚਾ ਚਲਦੀ ਹੈ ਤਾਂ ਲਖਨਊ ਦੇ ਇਕ ਨਵੇਂ ਸ਼ਾਇਰ ਅਭਿਸ਼ੇਕ ਸ਼ੁਕਲ ਦਾ ਨਾਂ ਲੈਂਦੇ ਹਨ। ਕਹਿੰਦੇ ਹਨ, "ਨਵੇਂ ਲੋਕ ਬਹੁਤ ਤਾਜ਼ਾਦਮ ਹਨ ਸ਼ਾਇਰੀ ਵਿਚ। ਚੰਗਾ ਲਿਖ ਰਹੇ ਹਨ। ਪਰ ਕੁਲ ਮਿਲਾ ਕੇ ਹਾਲਾਤ ਬਹੁਤੇ ਚੰਗੇ ਨਹੀਂ। ਸਾਰਿਆਂ ਨੇ ਆਪਣੀਆਂ ਆਪਣੀਆਂ ਚੌਕੀਆਂ ਬਣਾ ਲਈਆਂ ਹਨ। ਵੱਡਿਆਂ ਪ੍ਰਤੀ ਸਨਮਾਨ ਨਹੀਂ ਹੈ। ਉਹ ਆਪਣੇ-ਆਪ ਵਿਚ ਖ਼ੁਦਾ ਹੋ ਗਏ ਹਨ।" ਕਹਿਣ ਲੱਗੇ, "ਓਮ ਜੀ ਸ਼ਾਇਰੀ ਕਲੰਦਰੀ ਦਾ ਨਾਂ ਹੈ। ਇਹ ਸਮਾਜ ਦੇ ਸੁੱਖ-ਦੁਖ ਨਾਲ ਤਾਲੁੱਕ ਰੱਖਦੀ ਹੈ। ਅੱਜ ਛੋਟੀ ਉਮਰ ਵਿਚ ਹੀ ਲੋਕ ਚਾਹੁੰਦੇ ਹਨ ਕਿ ਕਿਤਾਬ ਛਪ ਜਾਵੇ, ਉਹ ਜਲਦੀ ਮਸ਼ਹੂਰ ਹੋ ਜਾਣ। ਮੈਨੂੰ ਜਦੋਂ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਤਾਂ ਲੋਕਾਂ ਨੇ ਪੁਛਿਆ ਕਿ ਇਹ ਪੁਰਸਕਾਰ ਲੈ ਕੇ ਤੁਸੀਂ ਕੀ ਕਹਿਣਾ ਚਾਹੋਗੇ। ਤਾਂ ਮੈਂ ਕਿਹਾ ਕਿ ਅਸੀਂ ਆਪਣੇ ਬਜ਼ੁਰਗਾਂ ਦੀਆਂ ਏਨੀਆਂ ਜੁੱਤੀਆਂ ਸਿੱਧੀਆਂ ਕੀਤੀਆਂ ਹਨ ਕਿ ਨਵੀਂ ਨਸਲ ਦੇ ਲੋਕਾਂ ਨੂੰ ਤਾਂ ਯਾਦ ਵੀ ਨਹੀਂ ਰਹੇਗਾ ਕਿ ਸਾਡੇ ਬਜ਼ੁਰਗ ਜੁੱਤੀਆਂ ਪਾਉਂਦੇ ਸਨ। ਸੋ, ਸ਼ਾਇਰੀ ਅਫ਼ਸਰੀ ਨਹੀਂ ਹੈ, ਇਹ ਜੁੱਤੀਆਂ ਚੁੱਕਵਾਉਣ ਦਾ ਨਾਂ ਨਹੀਂ ਹੈ, ਜੁੱਤੀਆਂ ਚੁੱਕਣ ਦਾ ਨਾਂ ਹੈ। ਸ਼ਾਇਰੀ ਵਨ ਡੇਅ ਕ੍ਰਿਕਟ ਮੈਚ ਨਹੀਂ ਹੈ ਕਿ ਖੇਡ ਦਾ ਫ਼ੈਸਲਾ ਸ਼ਾਮ ਤੱਕ ਹੋ ਜਾਣਾ ਹੈ। ਕੌਣ ਵੱਡਾ ਹੈ, ਕੌਣ ਛੋਟਾ ਇਹ ਤੈਅ ਹੋਣ ਵਿਚ ਵਰ੍ਹਿਆਂ ਦੀ ਮਿਹਨਤ ਕੰਮ ਕਰਦੀ ਹੈ। ਇੰਜ ਹੁੰਦਾ ਤਾਂ ਨਜੀਰ ਜਾਂ ਕਬੀਰ ਮੁੰਦਰੀ ਵਿਚ ਨਗੀਨੇ ਵਾਂਗ ਜਗਮਗਾ ਨਹੀਂ ਰਹੇ ਹੁੰਦੇ। ਇਨ੍ਹਾਂ ਨੂੰ ਘਰ-ਇਲਾਕਾ ਛੱਡਣਾ ਪਿਆ। ਗ਼ਜ਼ਲ ਲਿਖਣ ਵਾਲਿਆਂ ਦੀ ਸਦੀਆਂ ਦੀ ਪਰੰਪਰਾ ਹੈ। ਇਹ ਇਕ ਦੋ ਦਿਨ ਵਿਚ ਨਹੀਂ ਬਣੀ। ਵੱਡੇ ਸ਼ਾਇਰਾਂ ਨੂੰ ਦੇਖੋ। ਨਿਮਰਤਾ ਉਨ੍ਹਾਂ ਦੀ ਬਾਦਸ਼ਾਹਤ ਅੱਗੇ ਨਹੀਂ ਜਾਂਦੀ ਤੇ ਅੱਜ ਮੁਸਲਮਾਨ ਮੁੰਡਿਆਂ ਨੂੰ ਦੇਖੋ। ਉਸਤਾਦ ਦੇ ਚਿਹਰੇ 'ਤੇ ਧੂੰਆਂ ਸੁੱਟ ਦੇਣਗੇ।" ਰਾਣਾ ਨਵੇਂ ਸ਼ਾਇਰਾਂ ਵਿਚ ਸੰਸਕਾਰਾਂ ਦੀ ਕਮੀ ਦੀ ਗੱਲ ਕਰ ਰਹੇ ਸਨ ਤੇ ਇਹ ਚਿੰਤਾ ਉਨ੍ਹਾਂ ਦੇ ਚਿਹਰੇ 'ਤੇ ਝਲਕ ਰਹੀ ਸੀ।

ਉਹ ਕਹਿਣ ਲੱਗੇ, "ਨਵੇਂ ਸ਼ਾਇਰਾਂ ਵਿਚ ਬਹੁਤ ਕਾਹਲ ਹੈ, ਉਹ ਤਹਿਜ਼ੀਬ ਭੁੱਲਦੇ ਜਾ ਰਹੇ ਹਨ। ਸਮਾਜ ਵਿਚ ਕਿੰਨਾ ਹਨੇਰਾ ਹੈ, ਸਮਾਜ ਨੂੰ ਉਨ੍ਹਾਂ ਤੋਂ ਉਮੀਦਾਂ ਹਨ ਜਦਕਿ ਉਹ ਦੋ-ਚਾਰ ਗ਼ਜ਼ਲਾਂ ਹੀ ਲਿਖ ਕੇ ਖ਼ੁਦ ਨੂੰ ਮੀਰ ਅਤੇ ਗ਼ਾਲਿਬ ਜਾਂ ਕਬੀਰ ਸਮਝਣ ਲੱਗੇ ਹਨ।"

ਰਾਣਾ ਦੇ ਉਸਤਾਦ ਸ਼ਾਇਰ ਜਨਾਬ ਵਾਲੀ ਆਸੀ ਰਹੇ ਹਨ। ਉਨ੍ਹਾਂ ਦੇ ਦਰ 'ਤੇ ਉਨ੍ਹਾਂ ਦੇ ਸ਼ਾਗਿਰਦ ਇਕੱਤਰ ਹੁੰਦੇ ਸਨ। ਮੇਰੇ ਪੁਛਣ 'ਤੇ ਉਨ੍ਹਾਂ ਦਿਨਾਂ ਨੂੰ ਚੇਤੇ ਕਰਦਿਆਂ ਰਾਣਾ ਕਹਿੰਦੇ ਹਨ, "ਅਸੀਂ ਸ਼ਾਇਰੀ ਨੂੰ ਪਰਿਵਾਰ ਵਾਂਗ ਸਮਝਦੇ ਹਾਂ। ਜਦੋਂ ਖ਼ੁਸ਼ੀ ਦਾ ਮੌਕਾ ਆਉਂਦਾ, ਅਸੀਂ ਇਕੱਠੇ ਹੋ ਜਾਂਦੇ ਸਾਂ। ਇਥੇ ਗਵਰਨਰ ਤੋਂ ਲੈ ਕੇ ਬੱਸ ਕੰਡਕਟਰ ਤੱਕ ਸਾਰੇ ਇਕੱਠੇ ਖੜ੍ਹੇ ਹੁੰਦੇ ਹਨ। ਸਾਹਿਤ ਵਿਚ ਛੋਟੇ ਤੋਂ ਛੋਟਾ ਵੀ ਅਹਿਮੀਅਤ ਰੱਖਦਾ ਹੈ ਤੇ ਵੱਡੇ ਤੋਂ ਵੱਡਾ ਵੀ। ਅਸੀਂ ਨਾਂ ਲਿਖਣ ਲਈ ਨਹੀਂ ਪੜ੍ਹਿਆ ਹੈ। ਕਿਸੇ ਦਾ ਲੇਖਣ ਉਸ ਦਾ ਚਿਹਰਾ ਹੁੰਦਾ ਹੈ। ਲਿਖਿਆ ਭਾਵੇਂ ਹੀ ਜ਼ਿਆਦਾ ਨਾ ਹੋਵੇ ਪਰ ਸਾਡੇ ਆਪਣੇ ਤਜਰਬੇ ਹਨ। ਸਾਡੇ ਕੋਲ ਹੀਰੇ ਦੀ ਦੁਕਾਨ ਭਾਵੇਂ ਨਾ ਹੋਵੇ, ਪਰ ਅਸੀਂ ਪਾਰਖੀ ਸਭ ਤੋਂ ਵੱਡੇ ਹਾਂ। ਇਹ ਸਾਡਾ ਹੁਨਰ ਹੈ। ਇਹ ਇਨ੍ਹਾਂ ਬਜ਼ੁਰਗਾਂ ਦੇ ਪੈਰ ਘੁੱਟਣ ਨਾਲ ਆਇਆ ਹੈ। ਨਵੀਂ ਨਸਲ ਦੇ ਲੋਕਾਂ ਕੋਲ ਇਹ ਹੁਨਰ ਕਿੱਥੇ ਹੈ।"

ਉਹ ਟੋਂਕ ਦੇ ਇਕ ਮੁਸ਼ਾਇਰੇ ਦਾ ਜ਼ਿਕਰ ਕਰਨ ਲੱਗੇ ਜਿੱਥੇ ਲੋਕ ਸ਼ਾਇਰਾਂ ਨੂੰ ਬਹੁਤ ਨਵਾਜਦੇ ਹਨ, ਇਜ਼ੱਤ ਬਖ਼ਸ਼ਦੇ ਹਨ। ਰਾਣਾ ਕਹਿੰਦੇ ਹਨ, "ਪਰ ਇਹੀ ਨਵਾਜਨਾ ਸ਼ਾਇਰਾਂ ਨੂੰ ਖ਼ਰਾਬ ਕਰਦਾ ਹੈ। ਉਨ੍ਹਾਂ ਵਿਚ 'ਮੈਂ' ਦਾ ਗਰੂਰ ਆ ਜਾਂਦਾ ਹੈ। ਅਸੀਂ ਮਾਈਕ 'ਤੇ ਖੜ੍ਹੇ ਹੁੰਦੇ ਹਾਂ ਤਾਂ ਸਮਝਦੇ ਹਾਂ ਕਿ ਅਸੀਂ ਬੜੇ ਖ਼ੁਸ਼ਨਸੀਬ ਹਾਂ ਕਿ ਸਾਨੂੰ ਸੁਣਨ ਲਈ ਕਿੱਥੋਂ ਕਿੱਥੋਂ ਲੋਕ ਤਸ਼ਰੀਫ਼ ਲੈ ਕੇ ਆਏ ਹਨ। ਕਿੰਨੇ ਲੋਕ ਹਨ ਜੋ ਅਜਿਹੀ ਖ਼ੁਸ਼ਨਸੀਬੀ ਦੇਖ ਨਹੀਂ ਸਕਦੇ। ਅੱਜ ਦੁਨੀਆ ਸਮਝਦੀ ਹੈ ਕਿ ਸਾਡਾ ਕੱਦ ਵੱਡਾ ਹੈ। ਪਰ ਸਾਨੂੰ ਪਤਾ ਹੈ ਕਿ ਸਾਡਾ ਕੱਦ ਇਸ ਲਈ ਵੱਡਾ ਹੈ ਕਿ ਅਸੀਂ ਵਾਲੀ ਆਸੀ ਦੇ ਮੋਢਿਆਂ 'ਤੇ ਖੜ੍ਹੇ ਹਾਂ। ਉਨ੍ਹਾਂ ਨੇ ਸਾਨੂੰ ਆਪਣੇ ਮੋਢਿਆਂ 'ਤੇ ਬਿਠਾਇਆ ਹੋਇਆ ਹੈ।" ਉਸਤਾਦ ਦਾ ਮੰਨਣਾ ਇਹ ਸੀ ਕਿ ਸ਼ਾਇਰੀ ਵਿਚ ਕਿਸੇ ਵੱਡੇ ਘਰਾਣੇ ਜਾਂ ਕਮਿਊਨਿਟੀ ਦੀ ਲੋੜ ਨਹੀਂ ਹੈ। ਉਹ ਗੁਰੂਭਾਈ ਖ਼ੁਸ਼ਵੀਰ ਸਿੰਘ ਸ਼ਾਦ ਨੂੰ ਯਾਦ ਕਰਦੇ ਹਨ। ਭਾਰਤ ਭੂਸ਼ਣ ਪੰਤ ਨੂੰ ਯਾਦ ਕਰਦੇ ਹਨ। ਅੱਜ ਉਹ ਕਹਿੰਦੇ ਹਨ, "ਲੋਕਾਂ ਨੂੰ ਖ਼ੁਦ ਨੂੰ ਸ਼ਾਇਰ ਸਮਝਣ ਦੀ ਬਿਮਾਰੀ ਲੱਗ ਗਈ ਹੈ। ਪਰ ਹਾਂ ਜੇ ਪੁਛਿਆ ਜਾਵੇ ਕਿ ਕਿਸ ਤੋਂ ਡਰਦੇ ਹੋ ਤਾਂ ਮੈਂ ਇਹੀ ਕਹਾਂਗਾ ਕਿ ਮੈਨੂੰ ਆਪਣੇ ਉਸਤਾਦ ਦੀ ਸ਼ਾਇਰੀ ਤੋਂ ਡਰ ਲਗਦਾ ਹੈ। ਪੰਤ ਤੋਂ ਡਰਦਾ ਹਾਂ ਤੇ ਮਨ ਹੀ ਮਨ ਸੋਚਦਾ ਹਾਂ ਕਿ ਕਾਸ਼ ਉਸ ਨੂੰ ਓਵਰਟੇਕ ਕਰ ਸਕਦਾ।" ਹੋਰਨਾਂ ਦੋਸਤ ਸ਼ਾਇਰਾਂ ਵਿਚ ਉਹ ਇੰਦੂ ਸ਼੍ਰੀਵਾਸਤਵ ਪ੍ਰਭਾਤ ਸ਼ੰਕਰ ਦਾ ਨਾਂ ਲੈਂਦੇ ਹਨ। ਰਵੀ ਸਕਸੈਨਾ ਦਾ ਨਾਂ ਲੈਂਦੇ ਹਨ। ਉਹ ਕਹਿੰਦੇ ਹਨ, "ਆਪਣੇ ਸ਼ਿਅਰ ਤਾਂ ਇਵੇਂ ਸੁਣਾਉਂਦਾ ਹਾਂ ਜਿਵੇਂ ਕੋਈ ਬੁਝਦਿਲ ਆਪਣੀ ਬਹਾਦੁਰੀ ਦੇ ਕਿੱਸੇ ਸੁਣਾਏ...।

ਰਵੀ ਸਕਸੈਨਾ ਦੇ ਦੋ ਸ਼ਿਅਰ ਸੁਣਾਦੇ ਹਨ ਉਹ...

*ਅਹਿਲੇ ਫ਼ਨ ਸਭ ਤੇਰੀ ਸ਼ੌਹਰਤ ਕਾ ਸਬਬ ਜਾਨਤੇ ਹੈਂ*  
*ਕੈਸੇ ਲਗਤੀ ਹੈ ਕਿਤਾਬੋਂ ਮੇਂ ਨਕਬ, ਜਾਨਤੇ ਹੈ।*

*ਆਲੋਚਕਾਂ ਦੇ ਦਬਦਬੇ 'ਤੇ ਗੱਲ ਆਈ ਤਾਂ ਰਾਣਾ ਨੇ ਰਵੀ ਸਕਸੈਨਾ ਦਾ ਇਹ ਸ਼ੇਅਰ ਪੇਸ਼ ਕੀਤਾ...*

*ਮੇਰੇ ਸਭ ਅਸ਼ਆਰ ਅਬ ਨਕਾਦ ਕੇ ਹਾਥੋਂ ਮੇਂ ਹੈਂ*  
*ਫੂਲ ਸੇ ਬੱਚੇ ਮੇਰੇ ਜਲੱਾਦ ਕੇ ਹਾਥੋਂ ਮੇਂ ਹੈਂ।*

ਆਲੋਚਕਾਂ ਦੀ ਗੱਲ ਆਉਂਦੇ ਹੀ ਰਾਣਾ ਬੜੇ ਤਹੱਲਮ ਨਾਲ ਕਹਿੰਦੇ ਹਨ "ਖ਼ਾਸ ਤੌਰ 'ਤੇ ਉਰਦੂ ਅਦਬ ਵਿਚ ਇੱਥੇ ਸ਼ੁਰੂ ਤੋਂ ਹੀ ਆਲੋਚਕ ਦੀ ਸਾਈਕਲ 'ਤੇ ਗੱਦੀ ਨਹੀਂ ਹੁੰਦੀ। ਸਾਈਕਲ ਚੱਲ ਰਿਹਾ ਹੈ ਕਿਉਂਕਿ ਲੇਖਕ ਉਥੇ ਆਪਣਾ ਹੱਥ ਰੱਖ ਲੈਂਦਾ ਹੈ। ਭਾਰਤ ਭੂਸ਼ਣ ਪੰਤ ਦਾ ਇਕ ਸ਼ਿਅਰ ਉਨ੍ਹਾਂ ਨੂੰ ਯਾਦ ਆਇਆ ਹੈ :

*ਸੂਰਜ ਸੇ ਅਪਨੇ ਨਾਮੋਂ ਨਸਬ ਪੂਛਤਾ ਹੂੰ ਮੈਂ*  
*ਉਤਰਾ ਨਹੀਂ ਹੈ ਰਾਤ ਕਾ ਨਸ਼ਾ ਅਭੀ ਤਲਕ।*

ਰਾਣਾ ਕਹਿੰਦੇ ਹਨ ਨਵੇਂ ਹਿੰਦੀ ਗ਼ਜ਼ਲ ਲਿਖਣ ਵਾਲਿਆਂ ਨੂੰ ਬਜ਼ੁਰਗ ਸ਼ਾਇਰਾਂ ਨੂੰ ਪੜ੍ਹਨਾ ਚਾਹੀਦਾ ਹੈ ਜੋ ਹੁਣੇ ਤੋਂ ਖ਼ੁਦ ਨੂੰ ਬਜ਼ੁਰਗ ਸਮਝਣ ਲੱਗੇ ਹਨ। ਫਿਰ ਗੱਲ ਉਨ੍ਹਾਂ ਦੇ ਇਧਰ ਦੀ ਲੇਖਣੀ ਵੱਲ ਮੁੜ ਗਈ। ਜਦੋਂ ਪੁਛਿਆ ਕਿ ਨਵਾਂ ਕੀ ਲਿਖਿਆ ਹੈ ਤਾਂ ਉਨ੍ਹਾਂ ਦੀ ਸ਼ਾਇਰੀ ਵਿਚ ਹਾਲ ਦੀ ਜੱਦੋ-ਜਹਿਦ ਉਭਰ ਆਈ। ਕਹਿਣ ਲੱਗੇ, ਲਓ! ਪਿੱਛੇ ਜਿਹੇ ਹੀ ਲਿਖਿਆ ਹੈ। ਫਿਰ ਇਕ ਮਤਲਾ ਸੁਣਾਇਆ...

*ਬੜੀ ਕੜਵਾਹਟੇਂ ਹੈਂ ਇਸ ਲਈ ਐਸਾ ਨਹੀਂ ਹੋਤਾ*  
*ਸ਼ਕਰ ਖਾਤਾ ਚਲਾ ਜਾਤਾ ਹੂੰ ਮੂੰਹ ਮੀਠਾ ਨਹੀਂ ਹੋਤਾ*

ਦੋ ਹੋਰ ਮਤਲੇ ਉਨ੍ਹਾਂ ਨੇ ਪੇਸ਼ ਕੀਤੇ...

*ਪਹਿਲੇ ਭੀ ਹਥੇਲੀ ਛੋਟੀ ਸੀ ਔਰ ਅਬ ਭੀ ਹਥੇਰੀ ਛੋਟੀ ਹੈ*  
*ਕਲ ਇਸ ਸੇ ਸ਼ਕਰ ਗਿਰ ਜਾਤੀ ਸੀ ਅਬ ਇਸ ਸੇ ਦਵਾ ਗਿਰ ਜਾਤੀ ਹੈ*

*ਉਨਕੇ ਹੋਂਠੋ ਸੇ ਮੇਰੇ ਹੱਕ ਮੇਂ ਦੁਆ ਨਿਕਲੀ ਹੈ*  
*ਜਬ ਮਰਜ ਫੈਲ ਚੁਕਾ ਹੈ ਤੋ ਦਵਾ ਨਿਕਲੀ ਹੈ*

ਰਾਣਾ ਨੂੰ ਮਾਂ ਨਾਲ ਬੇਹੱਦ ਪਿਆਰ ਰਿਹਾ ਹੈ। 'ਮੀਰ ਆ ਕੇ ਲੌਟ ਗਯਾ ਹੈ' ਵਿਚ ਘਰ ਪਰਿਵਾਰ ਦੀ ਦਾਸਤਾਨ 'ਚ ਮਾਂ ਦੀਆਂ ਯਾਦਾਂ ਨੂੰ ਬਹੁਤ ਖ਼ੂਬਸੂਰਤੀ ਨਾਲ ਪਿਰੋਇਆ ਹੈ ਉਨ੍ਹਾਂ ਨੇ। ਮਾਂ 'ਤੇ ਲਿਖੀ ਜਜ਼ਬਾਤੀ ਸ਼ਾਇਰੀ ਨਾਲ ਹੀ ਉਹ ਦੇਸ਼-ਦੁਨੀਆ ਵਿਚ ਮਕਬੂਲ ਹੋਏ। ਜਦੋਂ ਮਾਂ ਦਾ ਦੇਹਾਂਤ ਹੋਇਆ ਤਾਂ ਅਕਸਰ ਲੋਕ ਉਨ੍ਹਾਂ ਤੋਂ ਮਾਂ ਦੀ ਉਮਰ ਪੁਛਦੇ। ਹਾਲਾਂਕਿ ਇਹ ਪੁਛਣ ਦੀ ਕੋਈ ਗੱਲ ਨਹੀਂ ਹੈ ਪਰ ਰਵਾਇਤ ਮੁਤਾਬਕ ਹਰ ਆਦਮੀ ਦਿਲ ਬਹਿਲਾਉਣ ਦੇ ਖ਼ਿਆਲ ਨਾਲ ਇਹ ਸਵਾਲ ਪੁਛਦਾ ਹੀ ਹੈ। ਰਾਣਾ ਸਾਹਿਬ ਕਹਿੰਦੇ ਹਨ, "ਉਦੋਂ ਇਹ ਨਹੀਂ ਪੁਛਣਾ ਚਾਹੀਦਾ ਕਿ ਮਾਂ ਦੀ ਉਮਰ ਕਿੰਨੀ ਸੀ ਬਲਕਿ ਇਹ ਪੁਛਣਾ ਚਾਹੀਦਾ ਹੈ ਕਿ ਅੰਮਾ ਦੀ ਲੋੜ ਕਿੰਨੀ ਸੀ।" ਉਹ ਕਹਿੰਦੇ ਹਨ, "ਕੁਝ ਲੋਕ ਬਜ਼ੁਰਗਾਂ ਨੂੰ ਆਪਣੇ ਡਰਾਇੰਗ ਰੂਮ ਵਿਚ ਐਂਟੀਕ ਦੀ ਤਰ੍ਹਾਂ ਸਹੇਜ ਲੈਂਦੇ ਹਨ, ਕੁਝ ਲੋਕਾਂ ਲਈ ਉਹ ਕਬਾੜ ਵਾਂਗ ਹੁੰਦੇ ਹਨ।" ਉਹ ਮੇਰੇ ਕੋਲੋਂ ਰਾਮਦਰਸ਼ ਮਿਸ਼ਰ ਦਾ ਹਾਲ-ਚਾਲ ਪੁਛਦੇ ਹਨ। ਦੱਸਦਾ ਹਾਂ ਕਿ ਬਿਲਕੁਲ ਠੀਕ ਹਨ ਤਾਂ ਕਹਿੰਦੇ ਹਨ ਕਿ ਅਜਿਹਾ ਇਸ ਲਈ ਕਿ ਉਨ੍ਹਾਂ ਦੇ ਬੱਚਿਆਂ ਨੇ ਉਨ੍ਹਾਂ ਨੂੰ ਐਂਟੀਕ ਵਾਂਗ ਸੰਭਾਲ ਰੱਖਿਆ ਹੈ। ਫਿਰ ਉਹ ਆਪਣੀ ਮਾਂ 'ਤੇ ਆਪਣੀ ਗ਼ਜ਼ਲ ਦੇ ਦੋ ਸ਼ਿਅਰ ਸੁਣਾਉਂਦੇ ਹਨ...

*ਉਮਰ ਬੇਟੇ ਸੇ ਕਭੀ ਮਾਂ ਕੀ ਨਾ ਪੂਛੀ ਜਾਏ*  
*ਮਾਂ ਤੋ ਜਬ ਛੋੜ ਕੇ ਜਾਤੀ ਹੈ ਤੋ ਦੁਖ ਹੋਤਾ ਹੈ।*

ਪਹਿਲੇ ਯੇ ਕਾਮ ਬੜੇ ਪਿਆਰ ਸੇ ਮਾਂ ਕਰਤੀ ਸੀ  
ਅਬ ਹਵਾ ਮੁਝਕੋ ਜਗਾਤੀ ਹੈ ਤੋ ਦੁਖ ਹੋਤਾ ਹੈ।

ਇਨ੍ਹੀਂ ਦਿਨੀਂ ਉਹ ਜ਼ਿਆਦਾਤਰ ਲਖਨਊ ਰਹਿੰਦੇ ਹਨ ਜਿੱਥੇ ਉਨ੍ਹਾਂ ਦੀ ਪਤਨੀ, ਪੁੱਤ ਤਰਬੇਜ਼ ਰਾਣਾ,



ਸ਼ਾਇਰੀ ਕਲੰਦਰੀ ਦਾ ਨਾਂ ਹੈ। ਇਹ ਸਮਾਜ ਦੇ ਸੁੱਖ-ਦੁਖ ਨਾਲ ਤਾਲੁੱਕ ਰੱਖਦੀ ਹੈ। ਅੱਜ ਛੋਟੀ ਉਮਰ ਵਿਚ ਹੀ ਲੋਕ ਚਾਹੁੰਦੇ ਹਨ ਕਿ ਕਿਤਾਬ ਛਪ ਜਾਵੇ, ਉਹ ਜਲਦੀ ਮਸ਼ਹੂਰ ਹੋ ਜਾਣ। ਮੈਨੂੰ ਜਦੋਂ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਤਾਂ ਲੋਕਾਂ ਨੇ ਪੁਛਿਆ ਕਿ ਇਹ ਪੁਰਸਕਾਰ ਲੈ ਕੇ ਤੁਸੀਂ ਕੀ ਕਹਿਣਾ ਚਾਹੋਗੇ। ਤਾਂ ਮੈਂ ਕਿਹਾ ਕਿ ਅਸੀਂ ਆਪਣੇ ਬਜ਼ੁਰਗਾਂ ਦੀਆਂ ਏਨੀਆਂ ਜੁੱਤੀਆਂ ਸਿੱਧੀਆਂ ਕੀਤੀਆਂ ਹਨ ਕਿ ਨਵੀਂ ਨਸਲ ਦੇ ਲੋਕਾਂ ਨੂੰ ਤਾਂ ਯਾਦ ਵੀ ਨਹੀਂ ਰਹੇਗਾ ਕਿ ਸਾਡੇ ਬਜ਼ੁਰਗ ਜੁੱਤੀਆਂ ਪਾਉਂਦੇ ਸਨ। ਸੋ, ਸ਼ਾਇਰੀ ਅਫ਼ਸਰੀ ਨਹੀਂ ਹੈ, ਇਹ ਜੁੱਤੀਆਂ ਚੁੱਕਵਾਉਣ ਦਾ ਨਾਂ ਨਹੀਂ ਹੈ, ਜੁੱਤੀਆਂ ਚੁੱਕਣ ਦਾ ਨਾਂ ਹੈ। ਸ਼ਾਇਰੀ ਵਨ ਡੇਅ ਕ੍ਰਿਕਟ ਮੈਚ ਨਹੀਂ ਹੈ ਕਿ ਖੇਡ ਦਾ ਫ਼ੈਸਲਾ ਸ਼ਾਮ ਤੱਕ ਹੋ ਜਾਣਾ ਹੈ। ਕੌਣ ਵੱਡਾ ਹੈ, ਕੌਣ ਛੋਟਾ ਇਹ ਤੈਅ ਹੋਣ ਵਿਚ ਵਰ੍ਹਿਆਂ ਦੀ ਮਿਹਨਤ ਕੰਮ ਕਰਦੀ ਹੈ।

ਨੂੰਹ, ਪੋਤਾ ਤੇ ਪੋਤੀ ਰਹਿੰਦੇ ਹਨ। ਪੰਜ ਧੀਆਂ ਹਨ ਜਿਨ੍ਹਾਂ ਵਿਚੋਂ 4 ਲਖਨਊ ਵਿਚ ਹਨ, ਇਕ ਪਟਨਾ ਵਿਚ ਵਿਆਹੀ ਹੈ। ਪੋਤੇ ਲਈ ਉਹ ਕਹਿੰਦੇ ਹਨ, "ਇਸ ਘਰ ਵਿਚ ਅਸੀਂ ਦੋਵੇਂ ਬਰਾਬਰ ਦੇ ਹਾਂ। ਘਰ ਵਿਚ ਸਾਡਾ ਦੋਹਾਂ ਦਾ ਕਹਿਣਾ ਕੋਈ ਨਹੀਂ ਮੰਨਦਾ। ਪੋਤੇ ਤੇ ਮੈਨੂੰ ਦੋਹਾਂ ਨੂੰ ਰੋਣਾ ਪੈਂਦਾ ਹੈ ਆਪਣੀ ਗੱਲ ਮਨਵਾਉਣ ਲਈ। ਪੋਤੀ ਸਾਢੇ ਤਿੰਨ ਸਾਲ ਦੀ ਹੈ ਪਰ ਉਸ ਦਾ ਦਾਅਵਾ ਹੈ ਕਿ ਉਹ ਅੰਮਾ ਹੈ। ਮਾਂ ਗੁਜ਼ਰੀ ਤਾਂ ਉਹ ਦੋ ਸਾਲ ਦੀ ਸੀ, ਸੋ ਪੋਤੀ ਦਾ ਨਾਂ ਮਾਂ ਦੇ ਹੀ ਨਾਂ 'ਤੇ ਆਇਸ਼ਾ ਰੱਖਿਆ ਹੈ।"

ਮੈਂ 'ਮੀਰ ਆ ਕੇ ਲੌਟ ਗਯਾ' ਆਤਮ ਕਥਾ ਦੀ ਚਰਚਾ ਛੇੜੀ ਤੇ ਕਿਹਾ ਕਿ ਇਸ ਵਿਚ ਤੁਸੀਂ ਵਕਤ ਦੇ ਬਹੁਤ ਸਾਰੇ ਕਿਰਦਾਰਾਂ, ਦੋਸਤਾਂ ਤੇ ਅਦਬੀ ਸ਼ਖ਼ਸੀਅਤਾਂ ਨੂੰ ਯਾਦ ਕੀਤਾ ਹੈ ਤੁਸੀਂ। ਕੀ ਪ੍ਰਤੀਕਿਰਿਆ ਹੈ ਇਸ 'ਤੇ ਲੋਕਾਂ ਦੀ ? ਤਾਂ ਕਹਿਣ ਲੱਗੇ, "ਭਗਵਾਨ ਰਾਮ ਦੀ ਕਥਾ ਇਸ ਲਈ ਮਹਾਨ ਨਹੀਂ ਹੈ ਕਿ ਉਹ ਮਰਿਆਦਾ ਪਰਸ਼ੋਤਮ ਹਨ ਬਲਕਿ ਇਸ ਲਈ ਕਿ ਇਸ ਵਿਚ ਸ਼ਬਰੀ ਵੀ ਮੌਜੂਦ ਹੈ। ਉਨ੍ਹਾਂ ਨੇ ਮਾਂ ਕਕੱਈ ਦਾ ਹੁਕਮ ਨਹੀਂ ਟਾਲਿਆ ਤਾਂ ਸ਼ਬਰੀ ਦੀ ਬੇਨਤੀ ਵੀ ਨਹੀਂ ਠੁਕਰਾਈ।" ਉਹ ਕਹਿਣ ਲੱਗੇ, "ਆਤਮ ਕਥਾ ਵਿਚ ਸਭ 'ਮੈਂ' ਹੀ 'ਮੈਂ' ਹੋਵੇ ਤਾਂ ਉਹ ਕਥਾ ਤਾਂ ਹੋ ਸਕਦੀ ਹੈ, ਆਤਮ ਕਥਾ ਬਿਲਕੁਲ ਨਹੀਂ।" ਰਾਣੀ ਦੀ ਆਤਮ ਕਥਾ ਇਸ ਸਾਲ ਦੀਆਂ ਬਿਹਤਰੀਨ ਪੁਸਤਕਾਂ ਵਿਚੋਂ ਇਕ ਹੈ ਜਿਸ ਨੂੰ ਹਾਲ ਹੀ ਵਿਚ ਦੇਹਰਾਦੂਨ ਵਿਚ ਵੈਲੀ ਆਫ਼ ਵਰਡਸ ਲਿਟਰੇਚਰ ਐਵਾਰਡ ਨਾਲ ਨਵਾਜਿਆ ਗਿਆ ਹੈ। ਇਨ੍ਹੀਂ ਦਿਨੀਂ ਉਹ ਇਸ ਆਤਮ ਕਥਾ ਦਾ ਦੂਸਰਾ ਹਿੱਸਾ ਲਿਖਣ ਵਿਚ ਲੱਗੇ ਹਨ ਪਰ ਮੁਸ਼ਾਇਰੇ ਦੇ ਸੱਦੇ ਰੁਕਦੇ ਹੀ ਨਹੀਂ। ਉਹ ਕਹਿੰਦੇ ਹਨ, "ਜ਼ਰਾ ਸਿਹਤ ਠੀਕ ਹੋ ਜਾਵੇ ਤਾਂ ਇੰਸ਼ਾ ਅੱਲਾ ਅਗਲੇ ਵਿਸ਼ਵ ਪੁਸਤਕ ਮੇਲੇ ਵਿਚ ਇਹ ਐਡੀਸ਼ਨ ਵੀ ਪ੍ਰਕਾਸ਼ਤ ਹੋ ਕੇ ਆ ਜਾਵੇ।"

ਡਾ. ਓਮ ਨਿਸ਼ਚਲ ਹਿੰਦੀ ਦੇ ਕਵੀ ਆਲੋਚਕ ਹਨ।

## ਗੈਂਗਾਂ ਵਿਚ ਗੁਆਚੇ ਪੰਜਾਬ ਦੇ ਲਾਲ

ਕੁਰਾਹੇ ਪਈ ਪੰਜਾਬ ਦੀ ਜਵਾਨੀ ਦੇ ਪਿਛੋਕੜ 'ਤੇ ਜੇਕਰ ਝਾਤ ਮਾਰੀ ਜਾਵੇ ਤਾਂ ਕਰੀਬ ਸਾਰੇ ਹੀ ਮੁੰਡੇ ਸਾਧਾਰਨ ਪਰਿਵਾਰਾਂ ਨਾਲ ਸਬੰਧਤ ਹਨ। ਫਿਰ ਅਜਿਹੀ ਕਿਹੜੀ ਸਿੱਖਿਆ ਤੋਂ ਵਾਂਝੀ ਰਹਿ ਗਈ ਪੰਜਾਬ ਦੀ ਜਵਾਨੀ ਕਿ ਉਸ ਨੇ ਹਥਿਆਰ ਚੁੱਕ ਲਏ, ਉਹ ਵੀ ਚੰਗੇ ਨਹੀਂ, ਮੰਦੇ ਕੰਮਾਂ ਲਈ। ਗੈਂਗਸਟਰ ਬਾਰੇ ਜਾਣਕਾਰੀ ਦਿੰਦੀਆਂ ਕੁੱਝ ਰਿਪੋਰਟਾਂ :

# ਸਾਰਾ ਪੰਜਾਬ 'ਗੈਂਗਲੈਂਡ' ਬਣਿਆ...



**ਚੰਡੀਗੜ੍ਹ :** ਪੰਜਾਬ ਪੁਲੀਸ ਵੱਲੋਂ ਅੱਧੀ ਦਰਜਨ ਤੋਂ ਵੱਧ ਨਾਮੀ ਗੈਂਗਸਟਰਾਂ ਨੂੰ ਮੁਕਾਬਲਿਆਂ ਵਿੱਚ ਮਾਰਨ ਅਤੇ ਤਿੰਨ ਦਰਜਨ ਦੇ ਕਰੀਬ ਨੂੰ ਗ੍ਰਿਫ਼ਤਾਰ ਕਰਨ ਦੇ ਦਾਅਵਿਆਂ ਤੋਂ ਬਾਅਦ ਵੀ ਪੰਜਾਬ 'ਗੈਂਗਸਟਰਾਂ' ਦੀ ਦਹਿਸ਼ਤ ਤੋਂ ਮੁਕਤ ਨਹੀਂ ਹੋ ਸਕਿਆ। ਪੰਜਾਬ ਦੀਆਂ ਜੇਲ੍ਹਾਂ ਵਿੱਚ ਇਸ ਸਮੇਂ 186 ਗੈਂਗਸਟਰ ਹਵਾਲਾਤੀ ਜਾਂ ਕੈਦੀਆਂ ਵਜੋਂ ਬੰਦ ਹਨ, ਜਿਨ੍ਹਾਂ ਵਿੱਚ ਏ ਕੈਟੇਗਿਰੀ ਦੇ 51, ਬੀ ਕੈਟੇਗਿਰੀ ਦੇ 85 ਅਤੇ ਸੀ ਕੈਟੇਗਿਰੀ ਦੇ 50 ਸ਼ਾਮਲ ਹਨ। ਪੁਲੀਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਏ ਤੋਂ ਸੀ ਕੈਟੇਗਿਰੀ ਤੱਕ ਦੇ ਗੈਂਗਸਟਰਾਂ ਦੀ ਕੁੱਲ ਗਿਣਤੀ 300 ਤੋਂ ਵਧੇਰੇ ਹੈ ਜਦੋਂਕਿ ਪੁਲੀਸ ਸੂਤਰਾਂ ਦਾ ਦੱਸਣਾ ਹੈ ਕਿ ਕੁੱਲ ਗੈਂਗਸਟਰਾਂ ਦੀ ਗਿਣਤੀ ਕਰੀਬ 500 ਹੈ। ਇਨ੍ਹਾਂ ਤੱਥਾਂ ਤੋਂ ਪੰਜਾਬ 'ਗੈਂਗਲੈਂਡ' ਜਾਪਣ ਲੱਗਿਆ ਹੈ।

ਵਿੱਕੀ ਗੌਂਡਰ ਨੂੰ ਮੁਕਾਬਲੇ ਵਿੱਚ ਮਾਰਨ ਨੂੰ ਪੁਲੀਸ ਵੱਲੋਂ ਗੈਂਗਸਟਰਾਂ ਦੇ ਹੌਸਲੇ ਪਸਤ ਕਰਨ ਲਈ ਇੱਕ ਤਰ੍ਹਾਂ ਨਾਲ ਅਸਥਾਈ ਤੌਰ 'ਤੇ ਕਾਮਯਾਬੀ ਮੰਨੀ ਜਾ ਰਹੀ ਹੈ। ਪੁਲੀਸ ਵੱਲੋਂ ਇੱਕ ਤਰ੍ਹਾਂ ਨਾਲ 'ਚੋਰ-ਸਿਪਾਹੀ' ਦੀ ਲੜਾਈ ਵਿੱਚ ਸਪੱਸ਼ਟ ਤੌਰ 'ਤੇ ਇਹ 'ਸਹਿਮ ਪੈਦਾ ਕਰਨ ਦੀ ਚਾਲ' ਹੀ ਚੱਲੀ ਗਈ ਹੈ। ਇਸ ਦਾ ਕੁਝ ਹੱਦ ਤੱਕ ਹਾਲ ਦੀ ਘੜੀ ਅਸਰ ਵੀ ਦਿਖਾਈ ਦੇਣ ਲੱਗਿਆ ਹੈ। ਪੁਲੀਸ ਨੂੰ ਆਪਣੀ ਹੀ ਪਿੱਠ ਥਪਥਪਾਉਣ ਦਾ ਮੌਕਾ ਮਿਲ ਗਿਆ ਹੈ। ਸਰਗਰਮ ਗੈਂਗਸਟਰਾਂ ਵੱਲੋਂ ਕੀਤੇ ਜਾਂਦੇ ਗੁਨਾਹਾਂ ਵਿੱਚ ਆਮ ਤੌਰ 'ਤੇ ਸੁਪਾਰੀ ਲੈ ਕੇ ਹੱਤਿਆ ਕਰਨੀ, ਫਿਰੌਤੀ ਲਈ ਅਗਵਾ ਆਦਿ ਕਰਨ ਮਾਮਲੇ ਸ਼ਾਮਲ ਹਨ। ਪੁਲੀਸ ਵੱਲੋਂ ਹਾਲ ਹੀ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਚੋਣਵੇਂ ਵਿਅਕਤੀਆਂ ਦੀਆਂ ਹੱਤਿਆਵਾਂ 'ਚ ਵੀ ਗੈਂਗਸਟਰਾਂ ਵੱਲੋਂ ਭੂਮਿਕਾ ਨਿਭਾਈ ਗਈ ਹੈ ਤੇ ਗੈਂਗਸਟਰਾਂ ਦੇ ਵਿਦੇਸ਼ਾਂ 'ਚ ਬੈਠੇ ਪੰਜਾਬੀਆਂ ਨਾਲ ਵੀ ਤਾਰ ਜੁੜੇ ਹੋਏ ਹਨ।

ਪੰਜਾਬ ਵਿੱਚ ਸਰਗਰਮ ਗੈਂਗਸਟਰਾਂ ਦੇ ਪਿਛੋਕੜ 'ਤੇ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਦਹਾਕਾ ਕੁ ਪਹਿਲਾਂ ਤੱਕ ਬਹੁਤੇ ਸ਼ਹਿਰਾਂ ਵਿੱਚ ਛੋਟੇ-ਛੋਟੇ ਗਰੁੱਪਾਂ 'ਚ ਸ਼ਾਮਲ ਨੌਜਵਾਨਾਂ ਦੇ ਗਰੁੱਪ ਹੁੰਦੇ ਸਨ, ਜੋ ਕਿ ਅਕਸਰ ਡਾਂਗਾਂ ਜਾਂ ਕਿਰਪਾਨਾਂ ਨਾਲ ਲੜਾਈ ਲੜਦੇ ਸਨ। ਇਨ੍ਹਾਂ ਨੂੰ ਸਥਾਨਕ ਪੱਧਰ ਦੇ ਸਿਆਸਤਦਾਨਾਂ ਦਾ ਆਸ਼ੀਰਵਾਦ ਹੁੰਦਾ ਸੀ ਤੇ ਪੁਲੀਸ ਥਾਣੇ ਵਿੱਚੋਂ ਝੱਟ ਛੁਡਾ ਵੀ ਲੈਂਦੇ ਸਨ। ਦੇਖਿਆ ਜਾਵੇ ਤਾਂ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਅਜਿਹੇ ਸ਼ਹਿਰ ਮੰਨੇ ਜਾਂਦੇ ਸਨ, ਜਿੱਥੇ ਸਰਗਰਮ ਕੁਝ ਚੋਣਵੇਂ ਗੈਂਗਸਟਰਾਂ ਨੇ ਵੱਡੀ ਪਹੁੰਚ ਨਾਲ ਪਿਸਤੌਲ ਤੱਕ ਵਰਗੇ ਹਥਿਆਰ ਜ਼ਰੂਰ ਹਾਸਲ ਕਰ ਲਏ ਸਨ। ਇਨ੍ਹਾਂ ਗੈਂਗਸਟਰਾਂ ਨੂੰ ਸਥਾਨਕ ਪੱਧਰ 'ਤੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਹੋਰਨਾਂ ਸ਼ਹਿਰੀ ਨੇਤਾਵਾਂ ਵੱਲੋਂ ਸਰਪ੍ਰਸਤੀ ਦੇਣ ਦੇ ਤੱਥ ਵੀ ਸਾਹਮਣੇ ਆਉਂਦੇ ਹਨ। ਕਈ ਸ਼ਹਿਰਾਂ ਵਿੱਚ ਪੁਲੀਸ ਨੇ ਵੀ ਇਨ੍ਹਾਂ ਗਰੁੱਪਾਂ ਨੂੰ ਪਨਪਣ 'ਚ ਮਦਦ ਕੀਤੀ। ਸਿਆਸੀ ਲੋਕਾਂ ਵੱਲੋਂ ਵਿਗੜੀ ਹੋਈ ਮੁੰਡੀਰ ਨੂੰ ਚੋਣਾਂ ਦੇ ਇਮਤਿਹਾਨ ਦੌਰਾਨ ਬੂਥਾਂ 'ਤੇ ਕਬਜ਼ੇ ਕਰਨ, ਜ਼ਮੀਨਾਂ ਹਥਿਆਉਣ ਜਾਂ ਹੋਰਨਾਂ ਕੰਮਾਂ ਲਈ ਵਰਤਿਆ ਜਾਂਦਾ ਸੀ। ਪੁਲੀਸ ਅਧਿਕਾਰੀਆਂ ਦਾ ਇਹ ਮੰਨਣਾ ਹੈ ਕਿ ਸਾਲ 2010 ਤੋਂ ਬਾਅਦ ਗੈਂਗਸਟਰਾਂ ਦੀਆਂ ਗਤੀਵਿਧੀਆਂ ਉਦੋਂ ਰੜਕਣ ਲੱਗੀਆਂ ਜਦੋਂ ਇਨ੍ਹਾਂ ਦੇ ਹੱਥ ਆਧੁਨਿਕ ਕਿਸਮ ਦੇ ਖ਼ਤਰਨਾਕ ਹਥਿਆਰ ਆਉਣ ਲੱਗੇ ਅਤੇ ਫਿਰੌਤੀ ਲਈ ਅਗਵਾ ਦੀਆਂ ਘਟਨਾਵਾਂ ਵਧਣ ਲੱਗੀਆਂ। ਡਿੰਪੀ ਚੰਦ ਭਾਨ ਅਤੇ ਰੌਕੀ ਦੇ ਗੈਂਗਸਟਰਾਂ ਦੀ ਦੁਨੀਆਂ ਤੋਂ ਬਾਅਦ ਸਿਆਸਤ ਵਿੱਚ ਦਾਖ਼ਲੇ ਨੇ ਤਾਂ ਪੰਜਾਬ ਦੇ ਨੌਜਵਾਨਾਂ ਨੂੰ ਇਸ ਪਾਸੇ ਵੱਲ ਪ੍ਰੇਰਨਾ ਸ਼ੁਰੂ ਕਰ ਦਿੱਤਾ। ਧੜ੍ਹਿਆਂ 'ਚ ਵੰਡੇ ਗੈਂਗਸਟਰਾਂ ਵਿਚਾਲੇ 'ਗੈਂਗਵਾਰ' ਦੀਆਂ ਘਟਨਾਵਾਂ ਦੀ ਵਧਣ ਲੱਗ ਪਈਆਂ। ਰੌਕੀ ਅਤੇ ਹੋਰਨਾਂ ਕਈਆਂ ਦੇ ਕਤਲ ਗੈਂਗਵਾਰ ਦਾ ਹੀ ਸਿੱਟਾ ਹਨ।

ਪੰਜਾਬ ਦਾ ਕੋਈ ਵੀ ਸ਼ਹਿਰ ਇਸ ਸਮੇਂ ਗੈਂਗਸਟਰਾਂ ਦੀ ਗ੍ਰਿਫ਼ਤ ਤੋਂ ਬਚਿਆ ਨਹੀਂ ਹੋਇਆ। ਪੰਜਾਬ ਪੁਲੀਸ ਦੇ ਇੱਕ ਸੀਨੀਅਰ ਅਧਿਕਾਰੀ ਦਾ ਮੰਨਣਾ ਹੈ ਕਿ ਫਰੀਦਕੋਟ ਦੇ ਕਸਬਾ ਜੈਤੋ 'ਚ ਵਾਪਰੀਆਂ ਘਟਨਾਵਾਂ ਤੋਂ ਬਾਅਦ ਤਾਂ ਕਈ ਵਪਾਰੀ ਪਰਿਵਾਰਾਂ ਨੇ ਇਸ ਖੇਤਰ ਵਿੱਚੋਂ ਹਿਜਰਤ ਕਰ ਲਈ ਜਾਂ ਆਪਣੇ ਬੱਚਿਆਂ ਨੂੰ ਬਾਹਰ ਭੇਜ ਦਿੱਤਾ। ਆਮ ਲੋਕਾਂ ਵਿੱਚ ਹੀ ਗੈਂਗਸਟਰਾਂ ਦੀਆਂ ਗਤੀਵਿਧਿਆਂ ਦਾ ਡਰ ਤੇ ਸਹਿਮ ਨਹੀਂ ਬਣਿਆ ਹੋਇਆ ਸਗੋਂ ਪੰਜਾਬ ਪੁਲੀਸ ਗੈਂਗਸਟਰਾਂ ਤੋਂ ਏਨਾ ਜ਼ਿਆਦਾ ਖੌਫ਼ ਖਾਂਦੀ ਹੈ ਕਿ ਅੱਧੀ ਦਰਜਨ ਪੁਲੀਸ ਅਫ਼ਸਰਾਂ ਨੂੰ ਕਾਤਲਾਨਾ ਹਮਲਿਆਂ ਤੋਂ ਬਚਾਉਣ ਲਈ ਬੁਲੇਟ ਪਰੂਫ਼ ਗੱਡੀਆਂ ਦਿੱਤੀਆਂ ਹੋਈਆਂ ਹਨ। ਪੰਜਾਬ ਵਿੱਚ ਮੁੱਖ ਤੌਰ 'ਤੇ ਦੋ ਵੱਡੇ ਗਰੁੱਪ ਮੰਨੇ ਜਾਂਦੇ ਹਨ, ਜਿਨ੍ਹਾਂ ਅਧੀਨ ਅੱਗੇ ਛੋਟੇ ਗਰੁੱਪ ਕੰਮ ਕਰਦੇ ਹਨ। ਇਨ੍ਹਾਂ ਵੱਡੇ ਗਰੁੱਪਾਂ ਵਿੱਚ ਸੁੱਖਾ ਕਾਹਲਵਾਂ ਗਰੁੱਪ ਅਤੇ ਵਿੱਕੀ ਗੌਂਡਰ ਗਰੁੱਪ ਸ਼ਾਮਲ ਹਨ। ਵਿੱਕੀ ਗੌਂਡਰ ਦੇ ਨਾਲ ਗੁਰਪ੍ਰੀਤ ਸਿੰਘ ਸੇਖੋਂ, ਜੈਪਾਲ, ਰਾਣਾ ਕੰਦੋਵਾਲੀਆ, ਸ਼ੇਰਾ ਖੁੱਬਣ, ਭੋਲੂ ਹਵੇਲੀਆਂ, ਮਨਦੀਪ ਧਰੁਵ, ਗੁਰਪ੍ਰੀਤ ਲਹਿਬਰ, ਮਨੋਜ ਮੌਜੀ, ਜਗਰੂਪ ਰੂਪਾ ਆਦਿ ਸਿੱਧੇ ਤੌਰ 'ਤੇ ਜੁੜੇ ਹੋਏ ਹਨ। ਇਸੇ ਤਰ੍ਹਾਂ ਸੁੱਖਾ ਕਾਹਲਵਾਂ ਗਰੁੱਪ ਨਾਲ ਜੱਗੂ ਭਗਵਾਨਪੁਰੀਆ, ਲਾਰੈਂਸ ਬਿਸ਼ਨੋਈ, ਦਲਜੀਤ ਭਾਨਾ ਅਤੇ ਗੋਰੂ ਬੱਚਾ ਜੁੜੇ ਹੋਏ ਹਨ। ਇਸ ਤੋਂ ਬਿਨਾਂ ਹੋਰ ਗੈਂਗਸਟਰ ਗਰੁੱਪਾਂ ਵਿੱਚ ਸੋਨੂੰ ਕੰਗਲਾ ਗਰੁੱਪ, ਜਗਤਾਰ ਬੌਕਸਰ, ਅੰਕੁਰ ਲਿਖਾਰੀ, ਦਵਿੰਦਰ ਬੰਬੀਹਾ, ਸੇਮਾ ਬਹਿਬਲ, ਘੁੱਦੂ ਰਸ਼ੀਦ ਮਾਲੇਰਕੋਟਲਾ, ਧਰਮਿੰਦਰ ਗੁਗਨੀ, ਅਕੁਲ ਖੱਤਰੀ, ਸੁੱਖਾ ਬਾੜੇਵਾਲੀਆ, ਗੋਪੀ ਘਣਸ਼ਾਮਪੁਰੀਆ ਆਦਿ ਸ਼ਾਮਲ ਹਨ। ਪੰਜਾਬ ਪੁਲੀਸ ਵੱਲੋਂ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਠੱਲ੍ਹਣ ਲਈ ਪਕੋਕਾ ਨੂੰ ਵੀ ਇੱਕ ਸੰਦ ਵਜੋਂ ਦੇਖਿਆ ਜਾ ਰਿਹਾ ਹੈ।

# ਗੈਂਗਲੈਂਡ : ਉਲਝਿਆ ਸਮਾਜਿਕ ਤਾਣਾ-ਬਾਣਾ ਵੀ ਜ਼ਿੰਮੇਵਾਰ

**ਚੰਡੀਗੜ੍ਹ :** ਸਮਾਜ ਸ਼ਾਸਤਰੀਆਂ ਅਤੇ ਰਾਜਨੀਤਿਕ ਵਿਗਿਆਨੀਆਂ ਦੀ ਸੁਣੀ ਜਾਵੇ ਤਾਂ ਬੇਰੁਜ਼ਗਾਰੀ, ਹਥਿਆਰਾਂ ਦਾ ਸ਼ੌਕ, ਲੋਕਾਂ ਵਿੱਚ ਨਿਵੇਕਲੀ ਪਛਾਣ ਅਤੇ ਤਾਕਤ ਦਾ ਮੁਜ਼ਾਹਰਾ ਕਰਨ ਦੀ ਖ਼ਾਹਿਸ਼ ਸਮੇਤ ਸਮਾਜਿਕ ਸਰੋਕਾਰਾਂ ਤੋਂ ਸੱਖਣੀ ਸਿਆਸਤ ਅਤੇ ਵਰਤਮਾਨ ਸਮਾਜਿਕ ਤਾਣਾ-ਬਾਣਾ ਨੌਜਵਾਨਾਂ ਨੂੰ ਅਪਰਾਧ ਦੀ ਦੁਨੀਆਂ ਵੱਲ ਧੱਕਣ ਲਈ ਜ਼ਰਖ਼ੇਜ਼ ਜ਼ਮੀਨ ਦਾ ਕੰਮ ਕਰ ਰਿਹਾ ਹੈ। ਪ੍ਰਬੰਧਕੀ ਤਾਣੇ-ਬਾਣੇ ਤੋਂ ਇਨਸਾਫ਼ ਦੀ ਨਾ-ਉਮੀਦੀ ਤੇ ਗੈਂਗਸਟਰਾਂ ਵੱਲੋਂ ਦਿਵਾਇਆ ਜਾ ਰਿਹਾ ਤੁਰੰਤ ਨਿਆਂ ਬਹੁਤ ਸਾਰੇ ਗੈਂਗਸਟਰਾਂ ਨੂੰ ਸਮਾਜਿਕ ਮਾਨਤਾ ਦਿਵਾਉਣ ਵਿੱਚ ਵੱਡੀ ਭੂਮਿਕਾ ਨਿਭਾ ਰਿਹਾ ਹੈ।

ਇਸ ਵੇਲੇ ਪੰਜਾਬ ਦੀ ਧਰਤੀ ਤੋਂ ਬੇਮੁੱਖ ਹੋ ਕੇ ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ ਜਾ ਕੇ ਵਸਣ ਲਈ ਯਤਨ ਕਰ ਰਹੇ ਹਨ। ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ। ਖੇਡਾਂ ਵਿੱਚ ਚੰਗੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਨੌਜਵਾਨਾਂ ਦਾ ਇੱਕ ਹਿੱਸਾ ਗੈਂਗਸਟਰ ਬਣਨ ਲਈ ਕਿਉਂ ਕਾਹਲਾ ਹੈ ? ਪੁਲੀਸ ਵੱਲੋਂ ਮਾਰਿਆ ਗਿਆ ਕੋਈ ਵੀ ਨੌਜਵਾਨ ਭਾਵੇਂ ਗੈਂਗਸਟਰ ਹੀ ਹੋਵੇ, ਪਰ ਉਸ ਦੀ ਮੌਤ ਮਗਰੋਂ ਸਿਆਸੀ ਆਗੂਆਂ ਅਤੇ ਪਾਰਟੀਆਂ ਵਿੱਚ ਮਨਾਏ ਜਾਂਦੇ ਜਸ਼ਨ ਤੇ ਵਧਾਈਆਂ ਦੇਣ ਦਾ ਚਲਣ ਇਸੇ ਮਾਨਸਿਕਤਾ ਦਾ ਪ੍ਰਤੀਕ ਹੈ ਕਿ ਹੁਕਮਰਾਨ ਇਸ ਅਸਲੋਂ ਗੰਭੀਰ ਵਰਤਾਰੇ ਪਿਛਲੇ ਕਾਰਨਾਂ ਤੱਕ ਜਾਣ ਨੂੰ ਤਿਆਰ ਨਹੀਂ ਹਨ। ਇਸੇ ਮਾਨਸਿਕਤਾ ਨੂੰ ਦੇਖਦਿਆਂ ਸੰਗਠਿਤ ਅਪਰਾਧ ਦਾ ਡਰ ਦਿਖਾ ਕੇ ਪੁਲੀਸ ਪਕੋਕਾ ਜਾਂ ਹੋਰ ਕਈ ਤਰ੍ਹਾਂ ਦੇ ਸਖ਼ਤ ਕਾਨੂੰਨ ਬਣਾਉਣ ਨੂੰ ਤਰਜੀਹ ਦੇ ਰਹੀ ਹੈ, ਜਿਨ੍ਹਾਂ ਦੀ ਆੜ ਵਿੱਚ ਬਹੁਤ ਸਾਰੇ ਬੇਕਸੂਰ ਨੌਜਵਾਨਾਂ ਦੇ ਮਾਰੇ ਜਾਣ ਦਾ ਖਦਸ਼ਾ ਹਮੇਸ਼ਾ ਬਣਿਆ ਰਹਿੰਦਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਹਰਵਿੰਦਰ ਸਿੰਘ ਭੱਟੀ ਦਾ ਮੰਨਣਾ ਹੈ ਕਿ ਜ਼ਮੀਨਾਂ ਦੀ ਲਗਾਤਾਰ ਹੋ ਰਹੀ ਵੰਡ, ਸਿਆਸੀ ਅਤੇ ਸਮਾਜਿਕ ਖੇਤਰ ਵਿੱਚ ਘੱਟ ਰਹੀ ਵੁੱਕਤ ਨੌਜਵਾਨਾਂ ਨੂੰ ਅਪਰਾਧਿਕ ਰਾਹਾਂ ਵੱਲ ਧੱਕ ਰਹੀ ਹੈ। ਹੁਣ ਸਰਪੰਚ ਬਣ ਕੇ ਮੁੱਖ ਮੰਤਰੀ ਦੀ ਕੁਰਸੀ ਦਾ ਸੁਫ਼ਨਾ ਦੇਖਣ ਦਾ ਦੌਰ ਖ਼ਤਮ ਹੋ ਚੁੱਕਿਆ ਹੈ। ਸਿਆਸਤ ਕੁਝ ਪਰਿਵਾਰਾਂ ਦੀ ਜਕੜ ਵਿੱਚ ਹੈ। ਸਾਧਾਰਨ ਪਰਿਵਾਰਾਂ ਦੇ ਨੌਜਵਾਨਾਂ ਲਈ ਸਿਆਸਤ ਦਾ ਰਾਹ ਲਗਭਗ ਬੰਦ ਹੋ ਚੁੱਕਿਆ ਹੈ। ਸਥਾਨਕ ਪੱਧਰ 'ਤੇ ਨਗਰ ਨਿਗਮ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਵਿੱਚ ਵੀ ਜ਼ੋਰ ਜਬਰਦਸਤੀ ਨਾਲ ਸੱਤਾਧਾਰੀ ਧਿਰ ਵੱਲੋਂ ਆਪਣੇ ਹੀ ਜੀ-ਹਜ਼ੂਰੀਆਂ ਨੂੰ ਜਿਤਾਉਣ ਦਾ ਰਿਵਾਜ ਨੌਜਵਾਨਾਂ ਨੂੰ ਨਿਰਾਸ਼ ਕਰ ਰਿਹਾ ਹੈ।

ਕਰੀਬ ਚਾਲੀ ਸਾਲ ਪਹਿਲਾਂ ਵਿਦਿਆਰਥੀ ਰਾਜਨੀਤੀ ਵਿੱਚੋਂ ਆਏ ਜਗਮੀਤ ਬਰਾੜ, ਪ੍ਰੇਮ ਸਿੰਘ ਚੰਦੂਮਾਜਰਾ ਤੇ ਬੀਰ ਦਵਿੰਦਰ ਸਿੰਘ ਤੋਂ ਬਾਅਦ ਕੁਲਜੀਤ ਨਾਗਰਾ ਅਪਵਾਦ ਦੇ ਰੂਪ ਵਿੱਚ ਪ੍ਰਵਾਨ ਚੜ੍ਹਿਆ ਹੈ। ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਮਨਜੀਤ ਸਿੰਘ ਨੇ ਕਿਹਾ ਕਿ ਪਹਿਲਾਂ ਵੀ ਲੋਕ ਅਪਰਾਧਿਕ ਗਤੀਵਿਧੀਆਂ ਵਿੱਚ ਪੈਂਦੇ ਸਨ, ਪਰ ਗੈਂਗਸਟਰ ਬਣਨ ਦਾ ਰੁਝਾਨ ਨਵਾਂ ਹੈ। ਸਕੂਲ ਵਿੱਚੋਂ ਨਿਕਲੇ ਨੌਜਵਾਨ ਆਪਣੇ ਆਲੇ-ਦੁਆਲੇ ਤੋਂ ਬਹੁਤ ਛੇਤੀ ਪ੍ਰਭਾਵਿਤ ਹੁੰਦੇ ਹਨ। ਅਜਿਹੀ ਹਾਲਤ ਵਿੱਚ ਜਿਹੜੀ ਗੱਡੀ ਮਿਲੀ, ਉਸੇ 'ਤੇ ਚੜ੍ਹ ਜਾਣ ਦੀ ਸੰਭਾਵਨਾ ਹੋਰ ਵੱਧ ਜਾਂਦੀ ਹੈ। ਚੌਤਰਫ਼ਾ ਫੈਲੇ ਰੇਤ, ਸ਼ਰਾਬ ਤੇ ਡਰੱਗ ਮਾਫ਼ੀਆ ਸਮੇਤ ਬੇਕਸੂਰਾਂ 'ਤੇ ਕੀਤੇ ਜਾਂਦੇ ਪੁਲੀਸੀਆ ਤਸ਼ੱਦਦ ਤੇ ਜੇਲ੍ਹਾਂ ਵਿੱਚ ਹੁੰਦੇ ਗ਼ੈਰਮਨੁੱਖੀ ਵਿਵਹਾਰ ਕਰਕੇ ਕਈ ਵਾਰ ਨੌਜਵਾਨ ਅਪਰਾਧਿਕ ਬਿਰਤੀਆਂ ਵੱਲ ਧੱਕ ਦਿੱਤੇ ਜਾਂਦੇ ਹਨ। ਨੌਜਵਾਨਾਂ ਨੂੰ ਸਹੀ ਸੇਧ ਦੇਣ ਲਈ ਕਾਲਜਾਂ-ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਵਿੱਚ ਵਿਚਾਰਧਾਰਕ ਗਰੁੱਪ ਵੀ ਨਾਮਾਤਰ ਹੀ ਹਨ।

ਮੌਜੂਦਾ ਗਾਣਿਆਂ, ਫਿਲਮਾਂ ਅਦਿ ਰਾਹੀਂ ਹਿੰਸਾ ਅਤੇ ਹਥਿਆਰਾਂ ਨੂੰ ਮਿਲਦੀ ਮਾਨਤਾ ਵੀ ਨੌਜਵਾਨਾਂ ਨੂੰ ਗੈਂਗਸਟਰ ਬਣਨ ਵੱਲ ਪ੍ਰੇਰਦੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਜਗਰੂਪ ਸੇਖੋਂ ਮੰਨਦੇ ਹਨ ਕਿ ਜੱਗਾ ਜੱਟ ਨੀ ਕਿਸੇ ਨੇ ਬਣ ਜਾਣਾ ਘਰ ਘਰ ਪੁੱਤ ਜੰਮਦੇ, ਜਿਊਣਾ ਮੌੜ, ਦੁੱਲਾ ਭੱਟੀ ਪੰਜਾਬ ਦੇ ਵਿਰਾਸਤੀ ਨਾਇਕ ਹਨ ਤੇ ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਅਜੋਕੇ ਨੌਜਵਾਨਾਂ ਵੱਲੋਂ ਹਥਿਆਰਾਂ ਦੀ ਵਰਤੋਂ ਕਰਨੀ ਕੋਈ ਹੈਰਾਨ ਕਰਨ ਵਾਲੀ ਗੱਲ ਨਹੀਂ ਹੈ। ਜਦੋਂ ਸਿਸਟਮ ਇਨਸਾਫ਼ ਦੇਣਾ ਬੰਦ ਕਰ ਜਾਂਦਾ ਹੈ ਤਾਂ ਲੋਕ ਜਾਂ ਤਾਂ ਕਿਨਾਰਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿਵੇਂ ਨੌਜਵਾਨ ਵਿਦੇਸ਼ਾਂ ਵੱਲ ਜਾ ਰਹੇ ਹਨ, ਤੇ ਕੁਝ ਹਾਰ ਕੇ ਜ਼ਿੰਦਗੀ ਜਿਵੇਂ-ਕਿਵੇਂ ਕੱਢਣ ਦਾ ਰਾਹ ਅਪਣਾ ਲੈਂਦੇ ਹਨ, ਪਰ ਕੁਝ ਅਜਿਹੇ ਵੀ ਹੁੰਦੇ ਹਨ, ਜੋ ਸਿਸਟਮ ਖ਼ਿਲਾਫ਼ ਬਗਾਵਤੀ ਸੁਰ ਰੱਖਦੇ ਹਨ। ਜੇ ਅਜਿਹੇ ਨੌਜਵਾਨਾਂ ਨੂੰ ਵਿਚਾਰਧਾਰਕ ਸੇਧ ਮਿਲ ਜਾਵੇ ਤਾਂ ਉਹ ਇਨਕਲਾਬੀ ਭੂਮਿਕਾ ਨਿਭਾਉਂਦੇ ਹਨ, ਨਹੀਂ ਤਾਂ ਗੈਂਗਸਟਰ ਬਣਨ ਵਰਗੇ ਰਾਹਾਂ 'ਤੇ ਤੁਰ ਪੈਂਦੇ ਹਨ।

ਅਰਥ ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਕਹਿੰਦੇ ਹਨ ਕਿ ਅਸਲ ਵਿੱਚ ਨੌਜਵਾਨਾਂ ਦਾ ਸੁਫ਼ਨਾ ਗੁਆਚ ਰਿਹਾ ਹੈ। ਨੌਜਵਾਨ ਉਮਰ ਦੀ ਊਰਜਾ ਨੂੰ ਸਹੀ ਪਾਸੇ ਲਾਉਣ ਲਈ ਰੁਜ਼ਗਾਰ ਨਹੀਂ। ਗੈਂਗਸਟਰ ਜ਼ਿਆਦਾ ਪੇਂਡੂ ਮੁੰਡੇ ਹਨ। ਚੰਗੇ ਖਿਡਾਰੀ ਵੀ ਹਨ, ਪਰ ਸਿਸਟਮ ਉਨ੍ਹਾਂ ਨਾਲ ਬੇਰੁਖੀ ਨਾਲ ਪੇਸ਼ ਆਉਂਦਾ ਹੈ। ਪੇਂਡੂ ਅਰਥਵਿਵਸਥਾ ਬੁਰੀ ਤਰ੍ਹਾਂ ਚਰਮਰਾ ਰਹੀ ਹੈ। ਜਦੋਂ ਇਹ ਨੌਜਵਾਨ ਆਗੂਆਂ ਅਤੇ ਅਫ਼ਸਰਾਂ ਨੂੰ ਤੇਜ਼ੀ ਨਾਲ ਅਮੀਰ ਹੁੰਦਿਆਂ ਦੇਖਦੇ ਹਨ ਤਾਂ ਆਪ ਵੀ ਕੋਈ ਸੌਖਾ ਰਾਹ ਤਲਾਸ਼ਣ ਲੱਗਦੇ ਹਨ। ਗੈਂਗਸਟਰਾਂ ਦੇ ਵਰਤਾਰੇ ਬਾਰੇ ਗੰਭੀਰ ਅਧਿਐਨ ਦੀ ਲੋੜ ਹੈ।

# ਫਾਸੀਵਾਦ ਦੇ 14 ਲੱਛਣ

ਮੂਲ : ਡਾ. ਲਾਰੇਂਸ ਬਰਿੱਟ
ਅਨੁਵਾਦ : ਤਜਿੰਦਰ

ਡਾ. ਲਾਰੇਂਸ ਬਰਿੱਟ ਇਕ ਰਾਜਨੀਤਕ ਵਿਗਿਆਨੀ ਹਨ, ਜਿਨਾਂ ਨੇ ਫਾਸੀਵਾਦੀ ਹਕੂਮਤਾਂ ਜਿਵੇਂ ਹਿਟਲਰ (ਜਰਮਨੀ), ਮੁਸੋਲਿਨੀ (ਇਟਲੀ), ਫਰੈਂਕੋ (ਸਪੇਨ), ਸੁਹਾਰਤੋ (ਇੰਡੋਨੇਸ਼ੀਆ) ਅਤੇ ਪਿਨੋਚੇ (ਚਿਲੀ) ਦਾ ਅਧਿਐਨ ਕੀਤਾ ਅਤੇ ਹੇਠਾਂ ਦਿੱਤੇ 14 ਲੱਛਣਾਂ ਦੀ ਨਿਸ਼ਾਨਦੇਹੀ ਕੀਤੀ ਹੈ:

**1. ਤਾਕਤਵਰ ਅਤੇ ਲਗਾਤਾਰ ਕੌਮਵਾਦ** - ਫਾਸੀਵਾਦੀ ਹਕੂਮਤ ਦੇਸ਼ ਭਗਤੀ ਦੇ ਆਦਰਸ਼ ਵਾਕਾਂ, ਗੀਤਾਂ, ਨਾਅਰਿਆਂ, ਪ੍ਰਤੀਕਾਂ ਅਤੇ ਹੋਰ ਸਮੱਗਰੀ ਦੀ ਲਗਾਤਾਰ ਵਰਤੋਂ ਕਰਦੀ ਹੈ। ਹਰ ਜਗਾ ਝੰਡੇ ਵਿਖਾਈ ਦਿੰਦੇ ਹਨ ਜਿਵੇਂ ਕੱਪੜਿਆਂ ਉੱਤੇ ਝੰਡੇ ਦਾ ਪ੍ਰਤੀਕ ਅਤੇ ਜਨਤਕ ਥਾਵਾਂ ਉੱਤੇ ਝੰਡਿਆਂ ਦੀ ਭਰਮਾਰ।

**2. ਮਨੁੱਖੀ ਹੱਕਾਂ ਦੀ ਮਾਨਤਾ ਪ੍ਰਤੀ ਨਿਰਾਦਰ** - ਕਿਉਂਕਿ ਦੁਸ਼ਮਣਾਂ ਤੋਂ ਡਰ ਹੈ ਤੇ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ, ਇਸ ਲਈ ਫਾਸਿਸਟ ਹਕੂਮਤ ਦੁਆਰਾ ਲੋਕਾਂ ਨੂੰ ਲੁਭਾਇਆ ਜਾਂਦਾ ਹੈ ਕਿ ਜ਼ਰੂਰਤ ਖਾਤਰ ਕੁਝ ਮਨੁੱਖੀ ਹੱਕਾਂ ਨੂੰ ਅਣਦੇਖਿਆਂ ਕੀਤਾ ਜਾ ਸਕਦਾ ਹੈ। ਹਕੂਮਤ ਦੇ ਨਜ਼ਰੀਏ ਤੋਂ ਲੋਕ ਘਟਨਾਵਾਂ ਨੂੰ ਵੇਖਣਾ ਸ਼ੁਰੂ ਕਰ ਦਿੰਦੇ ਹਨ ਅਤੇ ਇੱਥੋਂ ਤੱਕ ਕਿ ਉਹ ਜ਼ੁਲਮ, ਕਤਲਾਂ ਅਤੇ ਅੱਟੇ-ਸੱਟੇ ਨਾਲ਼ ਸੁਣਾਈਆਂ ਗਈਆਂ ਕੈਦੀਆਂ ਨੂੰ ਲੰਬੀਆਂ ਸਜ਼ਾਵਾਂ ਨਾਲ਼ ਸਹਿਮਤੀ ਜਤਾਉਣਾ ਵੀ ਸ਼ੁਰੂ ਕਰ ਦਿੰਦੇ ਹੈ।

**3. ਦੁਸ਼ਮਣ ਜਾਂ ਗ਼ੱਦਾਰ ਦੀ ਪਛਾਣ ਇਕ ਏਕੀਕ੍ਰਿਤ ਕਾਰਜ ਬਣ ਜਾਂਦਾ ਹੈ** - ਲੋਕਾਂ ਨੂੰ ਅਖੌਤੀ ਆਮ ਖਤਰੇ ਅਤੇ ਦੁਸ਼ਮਣ (ਨਸਲੀ ਜਾਂ ਧਾਰਮਕ ਘੱਟ-ਗਿਣਤੀਆਂ; ਉਦਾਰਵਾਦੀ; ਕਮਿਊਨਿਸਟ, ਸਮਾਜਵਾਦੀ ਤੇ ਦਹਿਸ਼ਤਗਰਦ ਆਦਿ) ਦੇ ਖ਼ਾਤਮੇ ਦੀ ਲੋੜ ਦੇ ਨਾਂ 'ਤੇ ਸਨਕੀ ਕਿਸਮ ਦੀ ਦੇਸ਼-ਭਗਤੀ ਵਿਚ ਇਕਜੁੱਟ ਕੀਤਾ ਜਾਂਦਾ ਹੈ।

**4. ਫੌਜ ਦਾ ਗਲਬਾ** - ਦੇਸ਼ ਅੰਦਰ ਵਿਆਪਕ ਘਰੇਲੂ ਸਮੱਸਿਆਵਾਂ ਹੋਣ ਦੇ ਬਾਵਜੂਦ ਸਰਕਾਰ ਦੁਆਰਾ ਫੌਜ ਉੱਪਰ ਬੇਲੋੜਾ ਖਰਚਾ ਕੀਤਾ ਜਾਂਦਾ ਹੈ ਤੇ ਘਰੇਲੂ ਕਾਰਜਾਂ ਦੀ ਅਣਦੇਖੀ ਕੀਤੀ ਜਾਂਦੀ ਹੈ। ਫੌਜ ਅਤੇ ਸਿਪਾਹੀਆਂ ਨੂੰ ਮਹਾਨ ਬਣਾ ਕੇ ਉਭਾਰਿਆ ਜਾਂਦਾ ਹੈ।

**5. ਤਿੱਖਾ ਲਿੰਗ-ਵਿਭੇਦੀਕਰਨ** - ਫਾਸਿਸਟ ਕੌਮਾਂ ਦੀਆਂ ਸਰਕਾਰਾਂ ਲਗਭਗ ਮਰਦ ਦਾਬੇ ਵਾਲ਼ੀਆਂ ਹੁੰਦੀਆਂ ਹਨ। ਫਾਸੀਵਾਦੀ ਹਕੂਮਤਾਂ ਅਧੀਨ, ਰਵਾਇਤੀ ਲਿੰਗ ਭੂਮਿਕਾਵਾਂ ਨੂੰ ਹੋਰ ਜ਼ਿਆਦਾ ਕੱਟੜ ਬਣਾ ਦਿੱਤਾ ਜਾਂਦਾ ਹੈ। ਤਲਾਕ, ਗਰਭਪਾਤ ਤੇ ਸਮਲਿੰਗਤਾ ਨੂੰ ਦਬਾਇਆ ਜਾਂਦਾ ਹੈ ਤੇ ਸਰਕਾਰ ਪਰਿਵਾਰ ਦੀ ਸੰਸਥਾ ਦੇ ਅੰਤਮ ਸਰਪ੍ਰਸਤ ਦੇ ਤੌਰ 'ਤੇ ਵਿਚਰਦੀ ਹੈ।

**6. ਨਿਯੰਤਰਿਤ ਲੋਕ ਮੀਡੀਆ** - ਕਦੇ-ਕਦੇ ਤਾਂ ਮੀਡੀਆ ਸਿੱਧਾ ਸਰਕਾਰ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ, ਪਰ ਹੋਰ ਮਾਮਲਿਆਂ ਵਿਚ, ਸਰਕਾਰ ਦੁਆਰਾ ਅਸਿੱਧੇ ਨਿਯਮਤ, ਜਾਂ ਬੁਲਾਰਿਆਂ ਅਤੇ ਅਧਿਕਾਰੀਆਂ ਦੁਆਰਾ ਪੈਦਾ ਕੀਤੀ ਗਈ ਹਮਦਰਦੀ ਦੁਆਰਾ ਮੀਡੀਆ ਨੂੰ ਕੰਟਰੋਲ ਕੀਤਾ ਜਾਂਦਾ ਹੈ। ਸੈਂਸਰਸ਼ਿਪ, ਖਾਸ ਤੌਰ 'ਤੇ ਯੁੱਧ ਸਮੇਂ, ਆਮ ਹੀ ਹੁੰਦੀ ਹੈ।

**7. ਕੌਮੀ ਸੁਰੱਖਿਆ ਦਾ ਜਨੂੰਨ** - ਇਕ ਪ੍ਰੇਰਕ ਸਾਧਨ ਦੇ ਰੂਪ ਵਿਚ ਸਰਕਾਰ ਦੁਆਰਾ ਇਸ ਡਰ ਦਾ ਲੋਕਾਂ ਉੱਤੇ ਇਸਤੇਮਾਲ ਕੀਤਾ ਜਾਂਦਾ ਹੈ।

**8. ਧਰਮ ਅਤੇ ਸਰਕਾਰ ਦਾ ਅਪਵਿੱਤਰ ਗੱਠਜੋੜ** - ਫਾਸਿਸਟ ਦੇਸ਼ਾਂ ਵਿਚ ਸਰਕਾਰਾਂ ਸਭ ਤੋਂ ਆਮ ਧਰਮ ਨੂੰ ਆਮ ਰਾਏ ਨੂੰ ਪ੍ਰਭਾਵਿਤ ਕਰਨ ਲਈ ਇਕ ਸਾਧਨ ਦੇ ਤੌਰ 'ਤੇ ਵਰਦੀਆਂ ਹਨ। ਸਰਕਾਰੀ ਲੀਡਰਾਂ ਦੁਆਰਾ ਧਾਰਮਕ ਸ਼ਬਦ-ਅਡੰਬਰ ਅਤੇ ਸ਼ਬਦਾਵਲੀ ਦੀ ਵਰਤੋਂ ਸ਼ਰੇਆਮ ਹੁੰਦੀ ਹੈ, ਚਾਹੇ ਧਰਮ ਦੇ ਪ੍ਰਮੁੱਖ ਸਿੱਧਾਂਤ ਸਰਕਾਰ ਅਤੇ ਸਰਕਾਰੀ ਕਾਰਵਾਈਆਂ ਦੇ ਵਿਰੁੱਧ ਹੁੰਦੇ ਹਨ।

**9. ਕਾਰਪੋਰੇਟ ਹਿੱਤ ਸੁਰੱਖਿਅਤ ਰੱਖੇ ਜਾਂਦੇ ਹਨ** - ਫਾਸੀਵਾਦੀ ਕੌਮ ਵਿਚ ਸਨਅਤਕਾਰ ਅਤੇ ਵਪਾਰੀ ਕੁਲੀਨਸ਼ਾਹੀ ਸਰਕਾਰੀ ਲੀਡਰਾਂ ਨੂੰ ਸਿਆਸੀ ਤਾਕਤ ਨਾਲ਼ ਨਿਵਾਜਦੇ ਹਨ ਜਿਸ ਨਾਲ਼ ਕੁਲੀਨ ਜਮਾਤ ਅਤੇ ਸਰਕਾਰ ਵਿਚ ਆਪਸੀ ਲਾਭਕਾਰੀ ਰਿਸ਼ਤੇ ਦੀ ਸਥਾਪਨਾ ਹੁੰਦੀ ਹੈ।

**10. ਮਜ਼ਦੂਰ ਜਮਾਤ ਦੀ ਤਾਕਤ ਨੂੰ ਦਬਾਇਆ ਜਾਂਦਾ ਹੈ** - ਮਜ਼ਦੂਰਾਂ ਦੀਆਂ ਜਥੇਬੰਦੀਆਂ ਦਾ ਪੂਰੀ ਤਰਾਂ ਖ਼ਾਤਮਾਂ ਕਰ ਦਿੱਤਾ ਜਾਂਦਾ ਹੈ ਜਾਂ ਸਖ਼ਤੀ ਨਾਲ਼ ਦਬਾਅ ਦਿੱਤਾ ਜਾਂਦਾ ਹੈ ਕਿਉਂਕਿ ਫਾਸਿਸਟ ਸਰਕਾਰ ਲਈ ਇਕ ਜਥੇਬੰਦ ਮਜ਼ਦੂਰ ਜਮਾਤ ਹੀ ਅਸਲ ਖ਼ਤਰਾ ਹੁੰਦੀ ਹੈ।

**11. ਬੁੱਧੀਜੀਵੀਆਂ ਅਤੇ ਕਲਾ ਪ੍ਰਤੀ ਨਿਰਾਦਰ** - ਫਾਸੀਵਾਦੀ ਕੌਮ ਉੱਚ ਸਿੱਖਿਆ ਅਤੇ ਅਕਾਦਮਿਕ ਜਗਤ ਪ੍ਰਤੀ ਦੁਸ਼ਮਣੀ ਨੂੰ ਹੱਲਾਸ਼ੇਰੀ ਦਿੰਦੀ ਹੈ। ਅਕਾਦਮਿਕ ਜਗਤ ਅਤੇ ਪ੍ਰੋਫੈਸਰਾਂ ਨੂੰ ਸੈਂਸਰ ਕਰਨਾ ਅਤੇ ਇੱਥੋਂ ਤੱਕ ਕਿ ਗ੍ਰਿਫਤਾਰ ਕਰਨਾ ਆਮ ਹੁੰਦਾ ਹੈ। ਕਲਾ ਵਿਚ ਅਜ਼ਾਦ ਪ੍ਰਗਟਾਵੇ ਉੱਤੇ ਖੁੱਲੇ ਹਮਲੇ ਕੀਤੇ ਜਾਂਦੇ ਹਨ ਅਤੇ ਸਰਕਾਰ ਕਲਾ ਨੂੰ ਆਰਥਕ ਸਹਿਯੋਗ ਦੇਣ ਉੱਪਰ ਆਮ ਤੌਰ 'ਤੇ ਮਨਾਹੀ ਕਰ ਦਿੰਦੀ ਹੈ।

**12. ਅਪਰਾਧ ਅਤੇ ਸਜ਼ਾ ਪ੍ਰਤੀ ਜਨੂੰਨ** - ਫਾਸਿਸਟ ਸਰਕਾਰਾਂ ਅਧੀਨ ਕਨੂੰਨ ਲਾਗੂ ਕਰਨ ਲਈ ਪੁਲੀਸ ਨੂੰ ਲਗਭਗ ਅਸੀਮਤ ਅਧਿਕਾਰ ਦਿੱਤੇ ਜਾਂਦੇ ਹਨ। ਪੁਲੀਸ ਧੱਕੇਸ਼ਾਹੀ ਪ੍ਰਤੀ ਲੋਕ ਆਮ ਤੌਰ 'ਤੇ ਬੇਫਿਕਰ ਹੁੰਦੇ ਹਨ ਇੱਥੋਂ ਤੱਕ ਕਿ ਉਹ ਨਾਗਰਿਕ ਅਜ਼ਾਦੀ ਤੱਕ ਨੂੰ ਦੇਸ਼ਭਗਤੀ ਦੇ ਨਾਮ 'ਤੇ ਕੁਰਬਾਨ ਕਰ ਦਿੰਦੇ ਹਨ। ਫਾਸਿਸਟ ਕੌਮਾਂ ਵਿਚ ਅਕਸਰ ਅਸੀਮਤ ਤਾਕਤ ਵਾਲ਼ੇ ਵਿਸ਼ੇਸ਼ ਪੁਲੀਸ ਬਲ ਹੁੰਦੇ ਹਨ।

**13. ਜ਼ੋਰਾਂ ਦਾ ਭਰਾ-ਭਤੀਜਾਵਾਦ ਅਤੇ ਭ੍ਰਿਸ਼ਟਾਚਾਰ** - ਫਾਸਿਸਟ ਕੌਮਾਂ ਦਾ ਰਾਜ ਸੰਚਾਲਨ ਮਿੱਤਰਾਂ ਤੇ ਭਾਈਵਾਲ਼ਾਂ ਦੇ ਸਮੂਹ ਦੁਆਰਾ ਕੀਤਾ ਜਾਂਦਾ ਹੈ ਜੋ ਅਕਸਰ ਇਕ ਦੂਜੇ ਨੂੰ ਸਰਕਾਰੀ ਅਹੁਦਿਆਂ ਉੱਤੇ ਨਿਯੁਕਤ ਕਰਦੇ ਹਨ ਅਤੇ ਇਕ ਦੂਜੇ ਨੂੰ ਜਵਾਬਦੇਹੀ ਤੋਂ ਬਚਾਉਣ ਲਈ ਸਰਕਾਰੀ ਤਾਕਤ ਅਤੇ ਅਧਿਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸਰਕਾਰੀ ਲੀਡਰਾਂ ਦੁਆਰਾ ਕੌਮੀ ਵਸੀਲਿਆਂ ਅਤੇ ਖਜ਼ਾਨੇ ਨੂੰ ਲੁੱਟਣਾ ਆਮ ਗੱਲ ਹੁੰਦੀ ਹੈ।

**14. ਧੋਖਾਧੜੀ ਵਾਲ਼ੀਆਂ ਚੋਣਾਂ** - ਕਦੇ-ਕਦੇ ਹੋਣ ਵਾਲ਼ੀਆਂ ਚੋਣਾਂ ਸਿਰਫ਼ ਦਿਖਾਵਾ ਹੁੰਦੀਆਂ ਹਨ। ਵਿਰੋਧੀਆਂ ਉੱਪਰ ਚਿੱਕੜ ਸੁੱਟਣ ਵਾਲ਼ੀਆਂ ਪ੍ਰਚਾਰ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ ਅਤੇ ਕਈ ਵਾਰ ਕਤਲ ਤੱਕ ਕਰ ਦਿੱਤੇ ਜਾਂਦੇ ਹਨ, ਵਿਧਾਨਪਾਲਿਕਾ ਦੇ ਅਧਿਕਾਰਕ ਖੇਤਰ ਦੀ ਵਰਤੋਂ ਵੋਟਾਂ ਦੀ ਗਿਣਤੀ ਜਾਂ ਸਿਆਸੀ ਜ਼ਿਲਾ ਸੀਮਾਵਾਂ ਨੂੰ ਕਾਬੂ ਕਰਨ ਲਈ ਅਤੇ ਮੀਡੀਆ ਦੀ ਦੁਰਵਰਤੋਂ ਕਰਨ ਲਈ ਕੀਤੀ ਜਾਂਦੀ ਹੈ। ਫਾਸੀਵਾਦੀ ਕੌਮਾਂ ਅਕਸਰ ਆਪਣੀ ਨਿਆਂਪਾਲਿਕਾ ਦੀ ਵਰਤੋਂ ਚੋਣਾਂ ਵਿਚ ਧੋਖਾਧੜੀ ਤੇ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ।

*– 'ਲਲਕਾਰ' ਜਨਵਰੀ 2018 ਵਿਚੋਂ ਧੰਨਵਾਦ ਸਹਿਤ।*

# ਬਾਦਲ ਤੇ ਕੈਪਟਨ ਦੇ ਜ਼ਿਲ੍ਹੇ 'ਚ ਸੱਭ ਤੋਂ ਵੱਧ ਕਿਸਾਨਾਂ ਨੇ ਕੀਤੀ ਖ਼ੁਦਕੁਸ਼ੀ



ਖੇਤੀ ਪ੍ਰਧਾਨ ਸੂਬੇ ਦੇ ਕਿਸਾਨ ਕਰਜ਼ੇ ਦੀ ਮਾਰ ਕਾਰਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਪੰਜਾਬ ਸਰਕਾਰ ਦੇ ਨਿਰਦੇਸ਼ 'ਤੇ ਪੰਜਾਬੀ ਯੂਨੀਵਰਸਿਟੀ ਵਲੋਂ ਕੀਤੇ ਗਏ ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਲ੍ਹੇ ਸ੍ਰੀ ਮੁਕਤਸਰ ਸਾਹਿਬ 'ਚ ਸੱਭ ਤੋਂ ਵੱਧ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ। ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਜ਼ਿਲ੍ਹਾ ਪਟਿਆਲਾ ਦੂਜੇ ਨੰਬਰ 'ਤੇ ਹੈ। ਇਹ ਸਥਿਤੀ ਨਾ ਸਿਰਫ਼ ਇਕ ਸਮਾਜਿਕ ਸਮੱਸਿਆ ਹੈ, ਸਗੋਂ ਸੂਬੇ ਦੀ ਆਰਥਿਕ ਵਿਵਸਥਾ ਲਈ ਵੀ ਨੁਕਸਾਨਦੇਹ ਹੈ। ਸੂਬੇ ਦੇ ਕੁਲ ਕਾਮਿਆਂ 'ਚ 46.50 ਫ਼ੀਸਦੀ ਖੇਤੀ ਖੇਤਰ 'ਚ ਰੁਜ਼ਗਾਰ ਪ੍ਰਾਪਤ ਕਰ ਰਿਹਾ ਹੈ। ਪਿਛਲੇ ਪੰਜ ਦਹਾਕਿਆਂ 'ਚ ਸੂਬੇ ਵਿਚ ਖੇਤੀ ਵੱਲ ਰੁਝਾਨ ਘਟਿਆ ਹੈ। ਇਸ ਦਾ ਸੱਤ ਤੋਂ ਵੱਡਾ ਕਾਰਨ ਵੱਧਦੀ ਲਾਗਤ ਅਤੇ ਫਸਲਾਂ ਦੀ ਸਹੀ ਕੀਮਤ ਨਾ ਮਿਲਣਾ ਹੈ। ਲਾਗਤ ਅਤੇ ਮੁਨਾਫ਼ੇ ਵਿਚਕਾਰ ਦਰੜ ਰਿਹਾ ਕਿਸਾਨ ਕਰਜ਼ੇ 'ਚ ਡੁੱਬਦਾ ਜਾ ਰਿਹਾ ਹੈ। ਕਰਜ਼ੇ ਕਾਰਨ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋਣ ਵਾਲੇ ਜ਼ਿਆਦਾਤਰ ਕਿਸਾਨ ਜਾਂ ਤਾਂ ਅਨਪੜ੍ਹ ਸਨ ਜਾਂ ਫਿਰ ਪ੍ਰਾਈਮਰੀ ਤਕ ਹੀ ਪੜ੍ਹੇ ਸਨ। ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਕਿਸਾਨਾਂ ਨੇ ਜਾਨ ਦਿੱਤੀ, ਉਨ੍ਹਾਂ 'ਚ ਜ਼ਿਆਦਾਤਰ ਪਰਵਾਰ 'ਚ ਇਕੱਲੇ ਹੀ ਕਮਾਉਣ ਵਾਲੇ ਸਨ। ਪਰਵਾਰ ਉਨ੍ਹਾਂ ਦੀ ਆਮਦਨ 'ਤੇ ਨਿਰਭਰ ਸੀ।

**ਖ਼ੁਦਕੁਸ਼ੀ ਲਈ ਅਪਣਾਏ ਜਾਣ ਵਾਲੇ ਦਰਦਨਾਕ ਤਰੀਕੇ** : ਕਰਜ਼ੇ 'ਚ ਡੁੱਬੇ ਪੰਜਾਬ ਦੇ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਲਈ ਅਪਣਾਏ ਜਾਣ ਵਾਲੇ ਤਰੀਕੇ ਵੀ ਕਾਫੀ ਦਰਦਨਾਕ ਹਨ। ਸਰਵੇਖਣ 'ਚ ਇਹ ਸਾਹਮਣੇ ਆਇਆ ਹੈ ਕਿ ਖ਼ੁਦਕੁਸ਼ੀ ਕਰਨ ਲਈ ਕਿਸਾਨਾਂ 'ਚ ਕੀਟਨਾਸ਼ਕਾਂ ਅਤੇ ਦੂਜੇ ਜ਼ਹਿਰੀਲੇ ਪਦਾਰਥਾਂ ਦੀ ਵਰਤੋਂ ਕੀਤੀ। ਇਨ੍ਹਾਂ 'ਚ ਜ਼ਿਆਦਾਤਰ ਨੇ ਖੇਤੀ 'ਚ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਦੀ ਹੀ ਵਰਤੋਂ ਕੀਤੀ। ਕਰਜ਼ੇ 'ਚ ਡੁੱਬੇ 217 ਕਿਸਾਨਾਂ ਨੇ ਜ਼ਹਿਰੀਲੇ ਪਦਾਰਥ ਜਾਂ ਫਿਰ ਕੀਟਨਾਸ਼ਕ ਦੀ ਵਰਤੋਂ ਕਰ ਕੇ ਖ਼ੁਦਕੁਸ਼ੀ ਕੀਤੀ। ਉਥੇ ਹੀ 188 ਖੇਤੀ ਮਜ਼ਦੂਰਾਂ ਨੇ ਇਹ ਰਸਤਾ ਅਪਣਾਇਆ। ਇਸ ਤਰੀਕੇ ਦੀ ਵਰਤੋਂ ਕਰ ਕੇ 11 ਕਿਸਾਨਾਂ ਤੇ 22 ਖੇਤੀ ਮਜ਼ਦੂਰਾਂ ਨੇ ਹੋਰ ਕਾਰਨਾਂ ਕਰਕੇ ਖ਼ੁਦਕੁਸ਼ੀ ਕੀਤੀ।

**ਕਰਜ਼ੇ ਕਾਰਨ ਸੱਭ ਤੋਂ ਵੱਧ ਨੌਜਵਾਨ ਕਿਸਾਨਾਂ ਨੇ ਕੀਤੀ ਖ਼ੁਦਕੁਸ਼ੀ** : ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਕਰਜ਼ੇ ਕਾਰਨ ਸੱਭ ਤੋਂ ਵੱਧ ਨੌਜਵਾਨ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। 26 ਤੋਂ 35 ਸਾਲ ਤਕ ਦੇ ਕਰਜ਼ੇ 'ਚ ਡੁੱਬੇ ਕਿਸਾਨਾਂ ਅਤੇ 99 ਖੇਤੀ ਮਜ਼ਦੂਰਾਂ ਨੇ ਖ਼ੁਦਕੁਸ਼ੀ ਦਾ ਰਸਤਾ ਚੁਣਿਆ। 36 'ਚੋਂ 45 ਸਾਲ ਤਕ ਦੇ 84 ਕਿਸਾਨਾਂ ਅਤੇ 79 ਖੇਤੀ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਉਥੇ ਹੀ 16 ਤੋਂ 25 ਸਾਲ ਤਕ ਦੇ 58 ਕਿਸਾਨਾਂ ਅਤੇ 12 ਖੇਤੀ ਮਜ਼ਦੂਰਾਂ ਨੇ ਕਰਜ਼ੇ ਤੋਂ ਪਿੱਛਾ ਛੁਡਵਾਉਣ ਲਈ ਖ਼ੁਦਕੁਸ਼ੀ ਦਾ ਰਸਤਾ ਚੁਣਿਆ। 46 ਤੋਂ 55 ਸਾਲ ਤਕ ਦੇ 33 ਕਿਸਾਨਾਂ ਅਤੇ 10 ਖੇਤੀ ਮਜ਼ਦੂਰਾਂ ਨੇ ਕਰਜ਼ੇ ਕਾਰਨ ਖ਼ੁਦਕੁਸ਼ੀ ਕੀਤੀ। ਜਦਕਿ 56 ਤੋਂ 65 ਸਾਲ ਤਕ ਦੇ 33 ਕਿਸਾਨਾਂ ਅਤੇ 10 ਖੇਤੀ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। 66 ਸਾਲ ਦੀ ਉਮਰ ਤੋਂ ਉੱਪਰ ਦੇ 8 ਕਿਸਾਨਾਂ ਅਤੇ 2 ਖੇਤੀ ਮਜ਼ਦੂਰਾਂ ਨੇ ਕਰਜ਼ੇ ਕਾਰਨ ਖ਼ੁਦਕੁਸ਼ੀ ਕੀਤੀ।

**ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਦੀ ਲਗਾਈ ਸੀ ਡਿਊਟੀ** : ਪੰਜਾਬ ਸਰਕਾਰ ਨੇ ਸਾਲ 2015 ਦੇ ਅੰਤ 'ਚ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਨੂੰ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਜੁਟਾਉਣ ਦਾ ਕੰਮ ਦਿੱਤਾ ਸੀ। ਪੰਜਾਬੀ ਯੂਨੀਵਰਸਿਟੀ ਦੇ ਆਰਥਿਕ ਪਰਿਵਰਤਨ ਖੋਜ ਕੇਂਦਰ ਨੇ ਇਹ ਸਰਵੇਖਣ ਕੀਤਾ। ਪ੍ਰੋ. ਇੰਦਰਜੀਤ ਸਿੰਘ ਨੂੰ ਇਸ ਦਾ ਪ੍ਰਿੰਸੀਪਲ ਇੰਵੈਸਟੀਗੇਸ਼ਨ ਬਣਾਇਆ ਗਿਆ ਸੀ।

## ਕਿਸ ਸਾਲ 'ਚ ਕਿੰਨੀਆਂ ਖ਼ੁਦਕੁਸ਼ੀਆਂ

| ਸਾਲ | ਗਿਣਤੀ | | |
|---|---|---|---|
| 2000 | 44 | 2008 | 112 |
| 2001 | 43 | 2009 | 109 |
| 2002 | 61 | 2010 | 149 |
| 2003 | 56 | 2011 | 101 |
| 2004 | 61 | 2012 | 110 |
| 2005 | 67 | 2013 | 121 |
| 2006 | 70 | 2014 | 123 |
| 2007 | 92 | 2015 | 187 |
| | | 2016 | 168 |

## ਜ਼ਿਲ੍ਹਿਆਂ 'ਚ ਖ਼ੁਦਕੁਸ਼ੀਆਂ ਦਾ ਵੇਰਵਾ

| ਜ਼ਿਲ੍ਹਾ | ਵਰਗ | ਗਿਣਤੀ |
|---|---|---|
| ਫਰੀਦਕੋਟ | ਕਿਸਾਨ | 44 |
| | ਖੇਤ ਮਜ਼ਦੂਰ | 58 |
| ਫਤਿਹਗੜ੍ਹ ਸਾਹਿਬ | ਕਿਸਾਨ | 31 |
| | ਖੇਤ ਮਜ਼ਦੂਰ | 19 |
| ਹੁਸ਼ਿਆਰਪੁਰ | ਕਿਸਾਨ | 14 |
| | ਖੇਤ ਮਜ਼ਦੂਰ | 12 |
| ਪਟਿਆਲਾ | ਕਿਸਾਨ | 142 |
| | ਖੇਤ ਮਜ਼ਦੂਰ | 176 |
| ਰੋਪੜ | ਕਿਸਾਨ | 6 |
| | ਖੇਤ ਮਜ਼ਦੂਰ | 14 |
| ਮੋਹਾਲੀ | ਕਿਸਾਨ | 17 |
| | ਖੇਤ ਮਜ਼ਦੂਰ | 9 |
| ਸ੍ਰੀ ਮੁਕਤਸਰ ਸਾਹਿਬ | ਕਿਸਾਨ | 266 |
| | ਖੇਤ ਮਜ਼ਦੂਰ | 358 |

## ਜ਼ਿਲ੍ਹਾਵਾਰ ਕਿਸਾਨਾਂ 'ਤੇ ਕਰਜ਼

| ਜ਼ਿਲ੍ਹਾ | ਕਰਜ਼ਾ |
|---|---|
| ਫਰੀਦਕੋਟ | 1,77,25,000 |
| ਫਤਿਹਗੜ੍ਹ ਸਾਹਿਬ | 79,25,000 |
| ਹੁਸ਼ਿਆਰਪੁਰ | 17,90,000 |
| ਪਟਿਆਲਾ | 6,95,61,000 |

# ਕੂਕਾ ਲਹਿਰ ਦੇ ਨਾਇਕਾਂ ਬਾਰੇ ਵਡਮੁੱਲੀ ਜਾਣਕਾਰੀ

ਡਾ. ਸਤਨਾਮ ਸਿੰਘ ਜੱਸਲ

ਸੁਵਰਨ ਸਿੰਘ ਵਿਰਕ ਪੰਜਾਬੀ ਸਾਹਿਤ ਦੇ ਖੇਤਰ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਇਸ ਤੋਂ ਪਹਿਲਾਂ ਉਸ ਦੀਆਂ ਤਿੰਨ ਪੁਸਤਕਾਂ- ਕੂਕਾ ਲਹਿਰ ਦਾ ਪੰਜਾਬੀ ਸਾਹਿਤ (2009), ਪੱਛਮੀ ਪੰਜਾਬ ਵਿਚ ਕੁਝ ਦਿਨ (ਸਫ਼ਰਨਾਮਾ) (2012), ਅੱਖੀਂ ਡਿੱਠਾ ਕਿੱਸਾ ਕੀਤਾ (ਯਾਦਾਂ) (2013) ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਸੁਵਰਨ ਸਿੰਘ ਵਿਰਕ ਨੂੰ ਸਾਹਿਤ ਦੀ ਲਗਨ ਸਕੂਲ ਦੇ ਵਿਦਿਆਰਥੀ ਜੀਵਨ ਤੋਂ ਹੀ ਲੱਗ ਗਈ ਸੀ ਅਤੇ ਫਿਰ ਕਾਲਜ ਅਤੇ ਪੰਜਾਬ ਯੂਨੀਵਰਸਿਟੀ ਦੇ ਮਾਹੌਲ ਨੇ ਉਸ ਦੀ ਸੋਚ ਵਿਚ ਪਰਪੱਕਤਾ ਲਿਆਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਸੁਵਰਨ ਸਿੰਘ ਵਿਰਕ ਦੇ ਲੇਖ ਅਤੇ ਕਵਿਤਾਵਾਂ ਨਾਮਧਾਰੀ ਦਰਬਾਰ ਦੇ ਹਫ਼ਤਾਵਾਰੀ 'ਸਤਿਜੁਗ' ਵਿਚ ਛਪਦੀਆਂ ਰਹਿੰਦੀਆਂ ਸਨ, ਪਰ ਲੇਖਕ ਵਜੋਂ ਵੱਡੀ ਪਛਾਣ 2009 ਵਿਚ 'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਪੁਸਤਕ ਦੇ ਪ੍ਰਕਾਸ਼ਨ ਨਾਲ ਬਣੀ।




ਹਥਲੀ ਪੁਸਤਕ 'ਕੂਕਾ ਲਹਿਰ ਦੇ ਅਮਰ ਨਾਇਕ' (ਕੀਮਤ: 650 ਰੁਪਏ; ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਵਿਚ 51 ਮਹਾਨ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਪੁਸਤਕ ਵਿਚ ਦਰਜ ਲੇਖ 'ਅਦੁੱਤੀ ਬਿਰਤਾਂਤ ਨਾਮਧਾਰੀ ਨਾਇਕਾਂ ਦਾ' ਵਿਚ ਮਲਵਿੰਦਰਜੀਤ ਸਿੰਘ ਵੜੈਚ ਲਿਖਦਾ ਹੈ ਕਿ ਇਸ ਪੁਸਤਕ ਵਿਚ ਕੂਕਾ ਲਹਿਰ ਦੇ ਮਹਾਂ ਨਾਇਕ ਸਤਿਗੁਰ ਰਾਮ ਸਿੰਘ ਜੀ ਤੋਂ ਇਲਾਵਾ 50 ਕੂਕਾ ਆਗੂਆਂ ਦੇ ਸੰਖੇਪ ਜਵਿਨ ਚਰਿੱਤਰ ਹਨ। ਇਨ੍ਹਾਂ ਵਿਚੋਂ ਅੱਧਿਆਂ ਦੇ ਕਰੀਬ ਤਾਂ ਸਮਾਨਾਂਤਰ ਸਰਕਾਰ ਦੀ ਸਥਾਪਨਾ ਦੇ ਅੰਗਰੇਜ਼ ਅਧਿਕਾਰੀਆਂ ਨੂੰ ਝਾਓਲੇ ਪਾਉਣ ਵਾਲੀ ਸੂਬਾ ਪ੍ਰਣਾਲੀ ਨਾਲ ਸਬੰਧਿਤ ਸੂਬੇ ਸਾਹਿਬਾਨ ਹਨ। ਦਸ ਸੂਬੇ ਉਹ ਹਨ ਜਿਨ੍ਹਾਂ ਨੂੰ ਸਤਿਗੁਰ ਨਾਲ ਜਲਾਵਤਨ ਕਰਕੇ ਘੱਟੋ-ਘੱਟ ਪੰਦਰਾਂ-ਸੋਲਾਂ ਸਾਲ ਪੰਜਾਬ ਤੋਂ ਬਾਹਰ ਵਿਦੇਸ਼ੀ ਧਰਤੀ 'ਤੇ ਕੈਦ ਕੱਟਣੀ ਪਈ। ਦਸਾਂ ਵਿਚੋਂ ਅੱਧੇ ਕੈਦ ਦੌਰਾਨ ਸ਼ਹੀਦ ਹੋ ਗਏ ਜਿਹੜੇ ਅੱਧੇ ਵਾਪਸ ਆਏ ਉਨ੍ਹਾਂ ਉੱਤੇ ਸਖ਼ਤੀਆਂ ਪਾਬੰਦੀਆਂ ਇਤਨੀਆਂ ਸਨ ਕਿ ਨਾ ਤਾਂ ਉਹ ਆਪਣੇ ਇਸ਼ਟ ਦੇ ਕੇਂਦਰ ਭੈਣੀ ਸਾਹਿਬ ਜਾ ਸਕਦੇ ਸਨ ਤੇ ਨਾ ਆਪਣੇ ਪਾਸ ਆਉਣ ਵਾਲੇ ਕੂਕਿਆਂ ਨੂੰ ਮਿਲ ਸਕਦੇ ਸਨ। ਉਨ੍ਹਾਂ ਦੇ ਜੀਵਨ ਦੇ ਆਖ਼ਰੀ ਵਰ੍ਹੇ ਗੁੰਮਨਾਮੀ ਵਿਚ ਬੀਤੇ।

ਸੁਵਰਨ ਸਿੰਘ ਵਿਰਕ ਵਲੋਂ ਇਸ ਪੁਸਤਕ ਵਿਚ ਦਰਜ ਕੀਤੀ ਗਈ ਜਾਣਕਾਰੀ ਆਪਣੇ ਆਪ ਵਿਚ ਇਕ ਇਤਿਹਾਸਕ ਦਸਤਾਵੇਜ਼ ਹੈ। ਇਸ ਪੁਸਤਕ ਵਿਚ ਕੂਕਾ ਲਹਿਰ ਦੇ ਨਾਇਕਾਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਉਸ ਵੇਲੇ ਦੀਆਂ ਸਮਾਜ ਸਭਿਆਚਾਰਕ, ਧਾਰਮਕ, ਰਾਜਨੀਤਕ, ਆਰਥਕ ਪ੍ਰਸਿਥਤੀਆਂ ਨੂੰ ਵੀ ਵਿਚਾਰਦਿਆਂ ਇਨ੍ਹਾਂ ਨਾਇਕਾਂ ਦੀ ਸਮਾਜ ਨੂੰ ਦੇਣ ਤੋਂ ਵੀ ਜਾਣੂ ਕਰਵਾਇਆ ਗਿਆ ਹੈ। ਡਾਕਟਰ ਸੁਖਦੇਵ ਸਿੰਘ ਸਿਰਸਾ ਮੁਤਾਬਕ ਇਸ ਪੁਸਤਕ ਦਾ ਮਨੋਰਥ ਕੂਕਾ ਅੰਦੋਲਨ ਦੇ ਨਾਇਕਾਂ ਬਾਰੇ ਇਤਿਹਾਸਕ ਸਰੋਤ ਗ੍ਰੰਥਾਂ, ਲੋਕਧਾਰਾਈ ਸਮੱਗਰੀ, ਦੰਦਕਥਾਵਾਂ, ਲੋਕ ਪ੍ਰਚੱਲਿਤ ਬਿਰਤਾਂਤਾਂ ਅਤੇ ਮੌਖਿਕ ਸਰੋਤਾਂ ਤੋਂ ਪ੍ਰਾਪਤ ਜਾਣਕਾਰੀ ਵਾਲੀ ਲਿਖਤ ਦਾ ਜਾਮਾ ਪੁਆਉਣਾ ਹੈ ਤਾਂ ਜੋ ਲੋਕ ਸਿਮਰਤੀ 'ਚੋਂ ਓਝਲ ਹੋ ਰਹੇ ਇਹ ਨਾਇਕ ਸਾਡੇ ਕੌਮੀ ਇਤਿਹਾਸ ਦਾ ਸਾਂਭਣਯੋਗ ਸਰਮਾਇਆ ਬਣ ਸਕਣ। ਸੁਵਰਨ ਸਿੰਘ ਵਿਰਕ ਦਾ ਇਹ ਕਾਰਜ ਬਹੁਤ ਸ਼ਲਾਘਾਯੋਗ ਹੈ। ਇਸ ਨਾਲ ਇਕੋ ਥਾਂ 'ਤੇ ਮੁੱਲਵਾਨ ਜਾਣਕਾਰੀ ਉਪਲੱਬਧ ਹੋ ਗਈ ਹੈ।

# ਭੁੱਖ ਦਾ ਚਿਤਰਨ 'ਹੰਗਰ'

ਜਗਤਾਰਜੀਤ ਸਿੰਘ

ਚਿੱਤਰ 'ਹੰਗਰ' (ਭੁੱਖ) ਸੁਰਜੀਤ ਅਕਰੇ ਦਾ ਚਿਤਰਿਆ ਹੈ ਅਤੇ ਇਹਦਾ ਰਚਨਾਕਾਲ 1988 ਹੈ। ਇਹ ਚਿੱਤਰ ਵਿਸ਼ੇ ਅਤੇ ਬਣਤਰ ਪੱਖੋਂ ਦਿਸਦੇ ਆਮ ਕੰਮਾਂ ਨਾਲੋਂ ਫ਼ਰਕ ਵਾਲਾ ਹੈ। ਸੁਰਜੀਤ ਅਕਰੇ ਰੇਪਿਨ ਇੰਸਟੀਚਿਊਟ ਆਫ ਪੇਂਟਿੰਗ, ਸਕਲਪਚਰ ਐਂਡ ਆਰਕੀਟੈਕਚਰ (ਲੈਨਿਨਗਰਾਦ, ਰੂਸ) ਤੋਂ ਪੇਂਟਿੰਗ ਦੀ ਪੋਸਟ ਗ੍ਰੈਜੂਏਟ ਹੈ। ਇਹ ਮਾਣ ਪ੍ਰਾਪਤ ਕਰਨ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਹੈ। 'ਹੰਗਰ' ਪੇਂਟਿੰਗ ਉਸ ਵੇਲੇ ਦੀ ਹੈ ਜਦੋਂ ਉਹ ਸਖ਼ਤ ਅਕਾਦਮਿਕ ਨੇਮਾਂ ਨੂੰ ਹੌਲੀ ਹੌਲੀ ਤਿਆਗ ਕੇ ਪ੍ਰਗਟਾਵੇ ਵਾਸਤੇ ਸਰਲ ਰਾਹ ਲੱਭਣ ਦਾ ਉਪਰਾਲਾ ਕਰ ਰਹੀ ਸੀ।

ਇਸ ਚਿੱਤਰ ਦੇ ਤਿੰਨ ਫਰੇਮ ਹਨ ਜੋ ਆਪੋ-ਆਪਣੇ ਕਾਰਜ ਕਰਕੇ ਵੱਖਰੇ ਜਾਪਦੇ ਹਨ। ਇਸ ਦੇ ਬਾਵਜੂਦ ਕਿਸੇ ਨਾ ਕਿਸੇ ਪੱਧਰ 'ਤੇ ਇਕ-ਦੂਜੇ ਨਾਲ ਜੁੜੇ ਹੋਏ ਹਨ।

ਦ੍ਰਿਸ਼ ਦੀ ਪਹਿਲੀ ਇਕਾਈ ਸਭ ਤੋਂ ਵੱਡੀ ਹੈ ਜਿਸ ਅੰਦਰ ਚਾਰ ਜੀਅ ਹਨ: ਪਤੀ, ਪਤਨੀ ਅਤੇ ਦੋ ਬੱਚੇ। ਇਕ ਸੀਮਤ ਪਰਿਵਾਰ ਦੇ ਸਾਰੇ ਜਣੇ, ਜਿਵੇਂ ਦਿਸਦੇ ਹਨ, ਜੀਵਨ ਦੇ ਮੂਲ ਸਾਧਨਾਂ ਤੋਂ ਵਿਰਵੇ ਹਨ। ਵਿਰਵੇਪਣ ਦੀ ਮੂਲ ਇਕਾਈ ਭੁੱਖ ਹੈ। ਪੇਂਟਰ ਵੀ ਇਸੇ ਨੂੰ ਧਿਆਨ ਵਿਚ ਰੱਖ ਪੇਟ ਦੀ ਭੁੱਖ ਨੂੰ ਵਡੇਰੀ ਭੁੱਖ ਮੰਨਦੀ ਹੈ। ਅਸਰਦਾਰ ਫੈਲਾਅ ਵਾਲੀ ਕੰਪੋਜ਼ੀਸ਼ਨ ਦੇ ਐਨ ਸੱਜੇ ਛਾਤੀ ਨਾਲ ਗੋਡੇ ਜੋੜ ਕੇ ਬੈਠੇ ਆਦਮੀ ਦੇ ਨਾਲ ਹੀ ਇਕ ਔਰਤ ਅਤੇ ਦੋ ਬੱਚੇ ਹਨ। ਆਦਮੀ ਦੇ ਲੱਕ ਦੁਆਲੇ ਅਤੇ ਇਸਤਰੀ ਦੇ ਤਨ ਉੱਪਰ ਜੋ ਕੱਪੜੇ ਹਨ ਉਹ ਉਨ੍ਹਾਂ ਦਾ ਨੰਗੇਜ਼ ਢਕ ਵੀ ਰਹੇ ਹਨ, ਉਭਾਰ ਵੀ ਰਹੇ ਹਨ। ਅੱਗੇ ਬੈਠੇ ਵੱਡੀ ਉਮਰ ਦੇ ਬੱਚੇ ਦੇ ਤਨ ਉੱਪਰ ਲੀਰ ਤਕ ਨਹੀਂ ਜਦੋਂਕਿ ਪਿੱਛੇ ਬੈਠੇ ਬੱਚੇ ਦੇ ਗਲ ਫਰਾਕ ਹੈ। ਪਰਿਵਾਰ ਗ਼ਰੀਬ ਹੈ। ਪੇਟ ਦੀ ਭੁੱਖ ਤੋਂ ਇਲਾਵਾ ਇਨ੍ਹਾਂ ਪਾਸ ਰਹਿਣ-ਪਹਿਨਣ ਨੂੰ ਵੀ ਕੁਝ ਨਹੀਂ। ਚਿਤੇਰੀ ਨੇ ਸਭ ਨੂੰ ਇਕੋ ਥਾਂ ਬਿਠਾ ਦ੍ਰਿਸ਼ ਨੂੰ ਮਾਰਮਿਕ ਬਣਾਉਣ ਦਾ ਯਤਨ ਕੀਤਾ ਹੈ। ਕਿਸੇ ਨੇ ਆਪਣਾ ਹੱਥ ਨਹੀਂ ਫੈਲਾਰਿਆ ਹੋਇਆ। ਆਦਮੀ ਅੱਗੇ ਪਿਆ ਭਾਂਡਾ ਅਤੇ ਬੱਚੇ ਹੱਥ ਫੜਿਆ ਭਾਂਡਾ ਖਾਲੀ ਹੈ। ਖਾਲੀਪਣ ਤਾਂ ਉਤਰੇ ਚਿਹਰਿਆਂ ਤੋਂ ਵੀ ਏਧਰ-ਓਧਰ ਫੈਲ ਰਿਹਾ ਹੈ। ਇਹ ਗ਼ਰੀਬ ਹਨ, ਭੁੱਖੇ ਹਨ, ਪਰ ਭਿਖਾਰੀ ਨਹੀਂ। ਪੇਂਟਰ ਦੱਸਦੀ ਹੈ ਕਿ ਸਭ ਤੋਂ ਪ੍ਰਬਲ ਭੁੱਖ ਪੇਟ ਦੀ ਹੁੰਦੀ ਹੈ। ਭੁੱਖ ਮਿਟਾਉਣ ਤੋਂ ਬਾਅਦ ਨੰਗੇਜ਼ ਢਕਣ ਬਾਰੇ ਸੋਚ-ਵਿਚਾਰ ਕੀਤੀ ਜਾ ਸਕਦੀ ਹੈ। ਜਿਸ ਥਾਂ ਪਰਿਵਾਰ ਬੈਠਾ ਹੈ, ਅਵੱਲੀ ਜਿਹੀ ਲੱਗਦੀ ਹੈ। ਇਹਦਾ ਪਿਛੋਕੜ ਜ਼ਮੀਨ ਤੋਂ ਕਾਫ਼ੀ ਹਲਕੇ ਰੰਗ ਦਾ ਹੈ ਜੋ ਖੱਬੇ ਵੱਲ ਨੂੰ ਪੱਟੀ ਦਾ ਰੂਪ ਲੈ ਕੈਨਵਸ ਦੀ ਸਿਖਰ ਛੋਹ ਲੈਂਦਾ ਹੈ।

ਇਸ ਜਨ-ਸਮੂਹ ਦੇ ਉੱਪਰ ਸਫ਼ੈਦ ਖਿੜਕੀ ਦੀ ਚੌਗਾਠ ਦਿਖਦੀ ਹੈ। ਇਹਦੇ ਰਾਹੀਂ ਕਮਰੇ ਅੰਦਰ ਝਾਕਿਆ ਵੀ ਜਾ ਸਕਦਾ ਹੈ ਅਤੇ ਇਹ ਉਪ-ਚਿੱਤਰ ਦਾ ਫਰੇਮ ਵੀ ਤਿਆਰ ਕਰ ਰਹੀ ਹੈ।

ਖਿੜਕੀ ਥਾਣੀ ਜੋ ਦਿਸਦਾ ਹੈ, ਆਮ ਤੌਰ 'ਤੇ ਹੱਦੋਂ ਵੱਧ ਵਿਰਲਾ ਦੇਖਣ ਨੂੰ ਮਿਲਦਾ ਹੈ। ਇਸਤਰੀ-ਪੁਰਸ਼ ਦੇ ਮੇਲ ਵੇਲੇ ਲੁਕਾਅ ਦਾ ਆਸਰਾ ਲਿਆ ਜਾਂਦਾ ਹੈ। ਪੇਂਟਰ ਦੀ ਮਨਸ਼ਾ ਹੋਰ ਹੈ। ਉਸ ਮੁਤਾਬਕ ਦੂਜੀ ਵੱਡੀ ਭੁੱਖ ਸਰੀਰ ਭੋਗਣ ਦੀ ਭੁੱਖ ਹੈ ਜਿਸ ਅੱਗੇ ਹੋਰ ਭੁੱਖਾਂ ਨਿਗੂਣੀਆਂ ਹੋ ਜਾਂਦੀਆਂ ਹਨ ਜਾਂ ਸਰੀਰਕ ਸੁਖ ਲੈਣ ਵਾਲਾ ਇਹ ਮੰਨਦਾ ਹੈ।

ਉਪ-ਦ੍ਰਿਸ਼ ਸਜਾਵਟ ਪੱਖੋਂ ਸਾਧਾਰਨ ਹੈ। ਪਲੰਘ ਉੱਪਰ ਲਾਲ ਰੰਗ ਦੀ ਪੈਟਰਨਦਾਰ ਚਾਦਰ ਵਿਛੀ ਹੈ। ਖੜ੍ਹੇ ਰੁਖ਼ ਵਾਲੀ ਦੀਵਾਰ ਧਾਰੀਦਾਰ ਹੈ ਜੋ ਕਈ ਰੰਗਾਂ ਦੇ ਮੇਲ ਨਾਲ ਪੋਤੀ ਹੋਈ ਹੈ ਅਤੇ ਪੂਰੀ ਤਰ੍ਹਾਂ ਸਪਾਟ ਨਹੀਂ ਹੈ। ਪਲੰਘ ਤੋਂ ਪਹਿਲਾਂ ਖਾਲੀ ਥਾਂ ਉੱਪਰ ਨਗਨ ਇਸਤਰੀ-ਪੁਰਸ਼ ਇਕ-ਦੂਜੇ ਨੂੰ ਆਪਣੀਆਂ ਬਾਹਾਂ ਵਿਚ ਲਈ ਖੜ੍ਹੇ ਹਨ। ਬਾਹਾਂ ਦੀ ਸਰੀਰਾਂ ਦੁਆਲੇ ਕੱਸ ਢਿੱਲੀ ਹੈ। ਸਰੀਰਾਂ ਦੇ ਮੇਲ ਨਾਲ ਪੇਂਟਰ ਨੇ ਕੋਈ ਉਕਸਾਵੀਂ ਜਾਂ ਕੋਝੀ ਹਰਕਤ ਨਹੀਂ ਦਰਸਾਈ। ਏਨਾ ਕੁ ਅਨੁਮਾਨ ਹੈ ਕਿ ਇਸਤਰੀ ਸਰੀਰ ਪਿੱਛੇ ਲੁਕਿਆ ਪੁਰਸ਼, ਉਸ ਨੂੰ ਚੁੰਮ ਰਿਹਾ ਹੈ। ਇਸਤਰੀ-ਪੁਰਸ਼ ਲੰਮੇ ਪਏ ਵੀ ਪੇਂਟ ਕੀਤੇ ਜਾ ਸਕਦੇ ਸਨ, ਪਰ ਨਹੀਂ ਕੀਤਾ। ਇਹ ਦ੍ਰਿਸ਼ ਸੰਜਮੀ ਸੁਭਾਅ ਵਾਲਾ ਹੈ। ਸੰਜਮ ਓਦਾਂ ਸਾਰੇ ਕੈਨਵਸ ਅੰਦਰ ਰਚਿਆ ਹੋਇਆ ਹੈ। ਔਰਤ ਦੀ ਪਿੱਠ ਅਤੇ ਚਿਹਰਿਆਂ ਦੇ ਲੁਕਾਅ ਨੇ ਜੋੜੇ ਕੋਲੋਂ ਉਨ੍ਹਾਂ ਦੀ ਪਛਾਣ ਖੋਹ ਲਈ ਹੈ।

ਦੋ ਦ੍ਰਿਸ਼ ਏਨਾ ਕੁ ਦੱਸਣ ਦੇ ਸਮਰੱਥ ਹਨ ਕਿ 'ਭੁੱਖ' ਅੱਗੇ ਨੰਗੇਜ਼ ਦਾ ਕੋਈ ਮਹੱਤਵ ਨਹੀਂ। ਦੋਵਾਂ ਦ੍ਰਿਸ਼ਾਂ ਦੇ ਪਾਤਰ, ਦੂਜੇ ਦੇ ਪੂਰੀ ਤਰ੍ਹਾਂ, ਵਸਤਰ ਵਿਹੀਣ ਹਨ, ਪਰ ਦੋਵਾਂ ਦਾ ਉਦੇਸ਼ ਵੱਖੋ-ਵੱਖਰਾ ਹੈ। ਇਕ ਸਪੇਸ ਵਿਚ ਮਜਬੂਰੀ ਹੈ, ਦੂਜੀ ਸਪੇਸ ਵਿਚ 'ਸੁਖ ਹਿਤ ਮਜਬੂਰੀ'



ਦੂਜੇ ਦ੍ਰਿਸ਼ ਦੇ ਉਪਰਲੇ ਖੱਬੇ ਵਾਲੇ ਪਾਸੇ ਇਕ ਹੋਰ ਖਿੜਕੀ ਖੁੱਲ੍ਹਦੀ ਹੈ ਜਿਸ ਥਾਣੀਂ ਕਮਰੇ ਦਾ ਕੁਝ ਕੁ ਭਾਗ ਦਿਖਾਈ ਦਿੰਦਾ ਹੈ। ਇਹ ਕਮਰਾ ਦੂਰ ਹੋਣ ਦੇ ਬਾਵਜੂਦ ਲੋਅ ਨਾਲ ਭਰਿਆ ਹੋਇਆ ਹੈ। ਕੁਦਰਤ ਦਾ ਨੇਮ ਹੈ ਕਿ ਨੇੜੇ ਦੀ ਵਸਤੂ ਸਪਸ਼ਟ ਹੁੰਦੀ ਹੈ ਜਿਵੇਂ ਦੂਰ ਜਾਈਏ ਲੋਅ ਘਟਦੀ ਜਾਂਦੀ ਹੈ ਅਤੇ ਅਸਪਸ਼ਟਤਾ ਵਧਦੀ ਜਾਂਦੀ ਹੈ। ਚਿੱਤਰ ਅਨੁਸਾਰ ਕੁਰਸੀ ਉੱਪਰ ਬੈਠੀ ਇਕ ਕੁੜੀ ਪੜ੍ਹ ਰਹੀ ਹੈ। ਉਸ ਸਾਹਮਣੇ ਮੇਜ਼ ਉੱਪਰ ਕੁਝ ਕਿਤਾਬਾਂ ਪਈਆਂ ਹਨ। ਕੋਲ ਹੀ ਗੁਲਦਾਨ ਜਿਹੀ ਕੋਈ ਵਸਤੂ ਹੈ। ਕੁੜੀ ਦੇ ਵਸਤਰਾਂ ਦਾ ਰੰਗ ਡਿਜ਼ਾਈਨਦਾਰ ਲਾਲ ਹੈ। ਸੁਚੱਜੀ ਤਰ੍ਹਾਂ ਵਾਹੇ ਵਾਲਾਂ ਦੇ ਜੂੜੇ ਦੁਆਲੇ ਬੰਨ੍ਹੇ ਰਿਬਨ ਦਾ ਰੰਗ ਵੀ ਲਾਲ ਹੈ। ਪੇਂਟਰ ਮੰਨਦੀ ਹੈ ਕਿ ਪੜ੍ਹਾਈ ਕਰਨੀ ਵੀ ਇਕ ਭੁੱਖ ਹੀ ਹੈ ਜਿਹੜੀ ਬਹੁਤ ਘੱਟ ਲੋਕਾਂ ਨੂੰ ਸਤਾਉਂਦੀ ਹੈ। ਚਿੱਤਰ ਦੀ ਪਾਤਰ ਉਸੇ ਭੁੱਖ ਦਾ ਸ਼ਿਕਾਰ ਹੈ।

ਪੜ੍ਹਨ ਵਾਲੀ ਇਕ ਮਨ ਇਕ ਚਿੱਤ ਹੋ ਪੜ੍ਹ ਰਹੀ ਹੈ। ਬਿਰਤੀ ਨੂੰ ਖੰਡਿਤ ਕਰਨ ਵਾਲੀ ਉੱਥੇ ਕੋਈ ਹੋਰ ਸ਼ੈਅ ਨਹੀਂ ਹੈ, ਭਾਵੇਂ ਮੂਰਤ ਬਾਰੀਕ ਵੇਰਵਿਆਂ ਤੋਂ ਸੱਖਣੀ ਹੈ। ਇਹ ਰੂਪ ਵੀ ਆਪਣੀ ਗੱਲ ਉਸੇ ਗੰਭੀਰ ਅੰਦਾਜ਼ ਵਿਚ ਕਰ ਰਿਹਾ ਹੈ ਜਿਵੇਂ ਬਾਕੀ ਰੂਪ। ਦੂਜੀਆਂ ਇਕਾਈਆਂ ਦੇ ਮੁਕਾਬਲੇ ਇਹ ਖਿੱਤਾ ਜ਼ਿਆਦਾ ਰੌਸ਼ਨ ਹੈ। ਭਾਵ ਸਪਸ਼ਟ ਹੈ ਕਿ ਜਿੱਥੇ ਗਿਆਨ ਦਾ ਵਾਸ ਹੈ, ਉਸ ਥਾਂ ਦਿਮਾਗ਼ ਰੌਸ਼ਨ ਹੋਵੇਗਾ। ਇਹ ਕੈਨਵਸ ਪੇਟ, ਸਰੀਰ ਅਤੇ ਗਿਆਨ ਦੀ ਭੁੱਖ ਨੂੰ ਬਿਆਨਦਾ ਹੈ ਜੋ ਕ੍ਰਮਵਾਰ ਥੱਲਿਓਂ ਉੱਪਰ ਵੱਲ ਦਾ ਸਫ਼ਰ ਹੈ। ਉਮਰਾਂ ਵਜੋਂ ਦੇਖਣ ਬਾਅਦ ਗਿਆਤ ਹੁੰਦਾ ਹੈ, ਪਹਿਲੀ ਪੱਟੀ ਵਿਚ ਵਡੇਰੀ ਉਮਰ ਦੇ ਨਾਲੋ-ਨਾਲ ਛੋਟੀ ਉਮਰ ਦੇ ਬੱਚੇ ਵੀ ਹਨ। ਦੂਜੀ ਪੱਟੀ ਵਿਚ ਜਵਾਨ ਜੋੜਾ, ਅੰਤਲੇ ਸਪੇਸ ਵਿਚ ਚੜ੍ਹਦੀ ਉਮਰ ਦੀ ਲੜਕੀ ਹੈ।

ਗਿਣਤੀ ਪੱਖੋਂ ਪਹਿਲਾਂ ਚਾਰ, ਫੇਰ ਦੋ ਅਤੇ ਇਕ ਸ਼ਖ਼ਸ ਹੈ। ਗਿਆਨ ਦੀ ਭੁੱਖ ਰੱਖਣ ਵਾਲਾ ਵਿਰਲਾ ਹੀ ਹੁੰਦਾ ਹੈ। ਉਹ ਸਮੂਹ ਵਿਚ ਬੈਠਦਾ, ਵਿਚਰਦਾ ਨਹੀਂ ਕਿਉਂਕਿ ਏਦਾਂ ਕੀਮਤੀ ਸਮਾਂ ਬਰਬਾਦ ਹੁੰਦਾ ਹੈ। ਅਲੱਗ-ਥਲੱਗ ਰਹਿਣਾ ਉਹਦੀ ਹੋਣੀ ਹੁੰਦੀ ਹੈ।

ਪੇਂਟਰ ਦੁਆਲੇ ਦੀ ਯਥਾ ਸਥਿਤੀ ਨੂੰ ਦੇਖਦੀ ਹੋਈ ਕੈਨਵਸ ਵੰਡਦੀ ਹੈ। ਜ਼ਿਆਦਾ ਥਾਂ ਉਨ੍ਹਾਂ ਹਿੱਸੇ ਆਈ ਹੈ ਜੋ ਗਿਣਤੀ ਵਿਚ ਜ਼ਿਆਦਾ ਹਨ। ਫਿਰ ਉਸੇ ਅਨੁਪਾਤ ਵਿਚ ਥਾਂ ਘਟਦੀ ਜਾਂਦੀ ਹੈ।

ਪਹਿਲੇ ਅਤੇ ਤੀਜੇ ਦ੍ਰਿਸ਼ ਦੇ ਪਾਤਰ ਬੈਠੇ ਹਨ। ਇਕ ਧਿਰ ਜ਼ਮੀਨ ਉਪਰ ਬੈਠੀ ਹੈ ਜਦੋਂਕਿ ਦੂਸਰੀ ਧਿਰ ਕੁਰਸੀ ਉਪਰ ਬੈਠੀ ਹੈ। ਦੂਜੀ ਥਾਂ ਵਾਲਾ ਜੋੜਾ ਖੜ੍ਹਾ ਹੈ ਜਿਨ੍ਹਾਂ ਦਾ ਜਿਸਮ ਲੱਕ ਤੋਂ ਉਤਾਹਾਂ ਹੀ ਦਿਖਦਾ ਹੈ।

ਸੁਰਜੀਤ ਅਕਰੇ ਨੇ ਇਹ ਚਿੱਤਰ ਉਸ ਵੇਲੇ ਬਣਾਇਆ ਸੀ ਜਦੋਂ ਉਸ ਨੂੰ ਰੂਸ ਤੋਂ ਭਾਰਤ ਪਰਤਿਆਂ ਤਿੰਨ-ਚਾਰ ਵਰ੍ਹੇ ਹੋਏ ਸਨ। ਸਖ਼ਤ ਅਕਾਦਮਿਕ ਨੇਮਾਂ ਵਿਚ ਬੱਚੇ ਰਹਿਣ ਬਾਅਦ ਜਿਸ ਖੁੱਲ੍ਹ ਨੂੰ ਉਸ ਨੇ ਮਹਿਸੂਸ ਕੀਤਾ, ਇਹ ਉਸੇ ਦਾ ਪ੍ਰਤੀਰੂਪ ਹੈ। ਉਹ ਆਪਣੇ ਖਿਆਲ ਅਨੁਸਾਰ ਮਨੁੱਖੀ ਆਕਾਰਾਂ ਨੂੰ ਲਕੀਰਦੀ-ਰੰਗਦੀ ਹੈ। ਜਿਸ ਅਕਾਦਮਿਕ ਗੁਣ ਦੀ ਲਿਸ਼ਕ ਅਜੇ ਵੀ ਮੌਜੂਦ ਹੈ, ਉਹ ਹੈ ਵਖਰੇਵੇਂ ਵਾਸਤੇ ਲਕੀਰ ਦੀ ਵਰਤੋਂ ਨਾ ਕਰਨਾ। ਇਹਦੇ ਲਈ ਰੰਗ ਦੀ ਟੋਨ ਨੂੰ ਤੇਜ਼ ਜਾਂ ਮੱਠੀ ਕਰ ਲਿਆ ਜਾਂਦਾ ਹੈ। ਚਿੱਤਰਕਾਰ ਆਮ ਤੌਰ 'ਤੇ ਸਿਆਹ ਪਤਲੀ ਜਾਂ ਮੋਟੀ ਲਕੀਰ ਦੀ ਵਰਤੋਂ ਕਰਦੇ ਹਨ।

ਪਹਿਲਾ ਦ੍ਰਿਸ਼ ਆਪਣੇ ਆਕਾਰ-ਪ੍ਰਭਾਵ ਕਾਰਨ ਵੱਡਾ ਹੈ। ਕੀ ਦਰਸ਼ਕ ਦ੍ਰਿਸ਼ਟੀ ਨੂੰ ਅਗਾਂਹ ਤੁਰਨ ਵਿਚ ਇਹ ਰੁਕਾਵਟ ਬਣ ਰਿਹਾ ਹੈ ? ਇਉਂ ਹੋਣਾ ਤਾਂ ਨਹੀਂ ਚਾਹੀਦਾ। ਸਜੱਗ ਦਰਸ਼ਕ ਇਉਂ ਨਹੀਂ ਕਰੇਗਾ। ਉਂਜ ਵੀ ਦ੍ਰਿਸ਼ ਰਚਨਾ ਬਹੁਤ ਸੰਘਣੀ, ਬਹੁ-ਪਰਤੀ ਨਹੀਂ, ਪਰ ਦਰਸ਼ਕ ਮਨ ਅੰਦਰ ਵਿਚਾਰ ਜ਼ਰੂਰ ਉਕਸਾਉਂਦੀ ਹੈ। ਸੁਰਜੀਤ ਅਕਰੇ ਕਈ ਸਾਲ ਰੂਸ ਰਹੀ, ਫਿਰ ਇੱਥੇ ਆ ਵਸੀ। ਲੰਬੇ ਪੜਾਅ ਦੌਰਾਨ ਉੱਥੋਂ ਦੀ ਸਮਾਜਕ, ਵਿਚਾਰਕ, ਆਰਥਕ, ਰਾਜਨੀਤਕ ਵਿਵਸਥਾ ਨੇ ਉਸ ਨੂੰ ਪ੍ਰਭਾਵਤ ਕੀਤਾ ਹੋਵੇਗਾ ਜਿਹੜੀ ਇੱਥੋਂ ਨਾਲੋਂ ਹੱਦੋਂ ਵੱਧ ਭਿੰਨਤਾ ਵਾਲੀ ਹੈ। ਇਹ ਦ੍ਰਿਸ਼ ਉੱਥੋਂ ਦਾ ਨਹੀਂ ਸਗੋਂ ਇੱਥੋਂ ਦੀ ਵਿਵਸਥਾ, ਜੇ ਕੋਈ ਹੈ, ਦਾ ਚਿਤਰਣ ਹੈ।

ਚਿੱਤਰ ਦਾ ਸਿਰਲੇਖ ਕੁਝ ਵੀ ਹੋਵੇ, ਇਹਦੇ ਕੇਂਦਰ ਵਿਚ ਗ਼ਰੀਬ ਪਰਿਵਾਰ ਹੈ ਜਿਹੜਾ ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਤੋਂ ਸੱਖਣਾ ਹੈ। ਭਾਰਤੀ ਆਬਾਦੀ ਦੇ ਤਿੰਨ ਚੌਥਾਈ ਲੋਕ ਇਸੇ ਵਰਗ ਵਿਚ ਆਉਂਦੇ ਹਨ ਜਾਂ ਦਹਾਕਿਆਂ ਤੋਂ ਇਸ ਪਾਸੇ ਵੱਲ ਸਰਕਾਏ ਜਾ ਰਹੇ ਹਨ। ਇਹ ਕੰਮ ਬਹੁਤ ਇਮਾਨਦਾਰੀ ਨਾਲ ਹੁੰਦਾ ਆ ਰਿਹਾ ਹੈ। ਸੁਰਜੀਤ ਅਕਰੇ ਦੀ ਇਹ ਪੇਂਟਿੰਗ ਅਤੇ ਕੁਝ ਹੋਰ ਪੇਂਟਿੰਗਾਂ ਦੱਬੇ-ਕੁਚਲੇ ਲੋਕਾਂ ਬਾਰੇ ਗੱਲ ਕਰਦੀਆਂ ਹਨ।

# ਸਿਰ ਦਰਦ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਦੇ ਹਨ ਘਰੇਲੂ ਨੁਸਖੇ



ਸਿਰ ਦਰਦ ਕਦੀ ਵੀ ਕਿਤੇ ਵੀ ਹੋ ਸਕਦਾ ਹੈ। ਸਿਰ ਦਰਦ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਜਿਸ ਤਰ੍ਹਾਂ ਕਿ ਤਣਾਅ, ਮੌਸਮ 'ਚ ਬਦਲਾਅ, ਬੁਖ਼ਾਰ ਜਾਂ ਫਿਰ ਭੋਜਨ 'ਚ ਬਦਲਾਅ। ਸਿਰ ਦਰਦ ਨੂੰ ਦੂਰ ਕਰਨ ਲਈ ਲੋਕ ਮੈਡੀਕਲ ਤੋਂ ਮਿਲਣ ਵਾਲੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ ਪਰ ਇਸਦਾ ਅਸਰ ਥੋੜ੍ਹੇ ਸਮੇਂ ਤੱਕ ਹੀ ਹੁੰਦਾ ਹੈ ਅਤੇ ਦਵਾਈਆਂ ਦੀ ਵਰਤੋਂ ਨਾਲ ਕਈ ਤਰ੍ਹਾਂ ਦੇ ਸਾਈਡ-ਇਫੈਕਟ ਵੀ ਹੋ ਸਕਦੇ ਹਨ। ਜੇਕਰ ਤੁਸੀਂ ਵੀ ਸਿਰ ਦਰਦ ਤੋਂ ਪਰੇਸ਼ਾਨ ਹੋ ਅਤੇ ਡਾਕਟਰ ਦੀ ਦਿੱਤੀ ਹੋਈ ਦਵਾਈ ਦੀ ਵਰਤੋਂ ਨਹੀਂ ਕਰਨਾ ਚਾਹੁੰਦੇ ਤਾਂ ਅੱਜ ਅਸੀਂ ਤੁਹਾਨੂੰ ਕੁਝ ਘਰੇਲੂ ਨੁਸਖੇ ਦੱਸਣ ਜਾ ਰਹੇ ਹਾਂ, ਜਿਸ ਦੀ ਵਰਤੋਂ ਕਰਨ ਨਾਲ ਸਿਰ ਦਰਦ ਦੀ ਸਮੱਸਿਆ ਦੂਰ ਹੋ ਜਾਵੇਗੀ। ਆਓ ਜਾਣਦੇ ਹਾਂ ਇਨ੍ਹਾਂ ਘਰੇਲੂ ਨੁਸਖਿਆਂ ਬਾਰੇ...

ਸਿਰ ਦਰਦ ਨੂੰ ਦੂਰ ਕਰਨ ਦੇ ਘਰੇਲੂ ਨੁਸਖੇ

**ਦਾਲਚੀਨੀ ਪਾਊਡਰ** : ਦਾਲਚੀਨੀ ਨੂੰ ਬਾਰੀਕ ਪੀਸ ਕੇ ਪਾਣੀ 'ਚ ਮਿਲਾ ਕੇ ਲੇਪ ਬਣਾ ਲਓ। ਇਸ ਨੂੰ ਸਿਰ 'ਤੇ ਲਗਾਉਣ ਨਾਲ ਸਿਰ ਦਰਦ ਨੂੰ ਆਰਾਮ ਮਿਲਦਾ ਹੈ।

**ਗਾਂ ਦੇ ਦੁੱਧ ਨਾਲ ਬਣਿਆ ਦੇਸੀ ਘਿਉ** : ਸਿਰ ਦਰਦ ਸਮੇਂ ਗਾਂ ਦੇ ਦੁੱਧ ਤੋਂ ਬਣਿਆ ਦੇਸੀ ਘਿਉ ਨੂੰ ਨੱਕ 'ਚ ਇਕ-ਇਕ ਬੂੰਦ ਪਾਉਣ ਨਾਲ ਸਿਰ ਦਰਦ ਦੀ ਸਮੱਸਿਆ ਹਮੇਸ਼ਾ ਲਈ ਦੂਰ ਹੋ ਜਾਂਦੀ ਹੈ।

**ਕਾਲੀ ਮਿਰਚ** : 10 ਗ੍ਰਾਮ ਕਾਲੀ ਮਿਰਚ ਚੱਬ ਕੇ ਉਪਰੋਂ 20-25 ਗ੍ਰਾਮ ਦੇਸੀ ਘਿਉ ਪੀਣ ਨਾਲ ਅੱਧੇ ਸਿਰ 'ਚ ਹੋਣ ਵਾਲਾ ਦਰਦ ਜਿਸ ਨੂੰ ਮਾਈਗ੍ਰੇਨ ਦੀ ਸਮੱਸਿਆ ਵੀ ਕਿਹਾ ਜਾਂਦਾ ਹੈ ਦੂਰ ਹੋ ਜਾਂਦੀ ਹੈ।

**ਸੇਬ** : ਰੋਜ਼ ਤੜਕੇ ਸਵੇਰੇ ਇਕ ਮਿੱਠਾ ਸੇਬ ਲੂਣ ਲਗਾ ਕੇ ਖਾਣ ਨਾਲ ਸਿਰ ਦਰਦ ਠੀਕ ਹੋ ਜਾਂਦਾ ਹੈ।

**ਕੇਸਰ** : ਸ਼ੁੱਧ ਦੇਸੀ ਘਿਉ 'ਚ ਕੇਸਰ ਮਿਲਾ ਕੇ ਸੁੰਘਣ ਨਾਲ ਵੀ ਅੱਧਾ ਸਿਰ ਦਾ ਦਰਦ ਮਤਲੱਬ ਮਾਈਗ੍ਰੇਨ ਦੀ ਸਮੱਸਿਆ ਦੂਰ ਹੋ ਜਾਂਦੀ ਹੈ।

**ਦੇਸੀ ਘਿਉ ਨਾਲ ਮਾਲਿਸ਼ ਕਰਨਾ** : ਮਾਈਗ੍ਰੇਨ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਰੋਜ਼ਾਨਾ ਸੌਣ ਤੋਂ ਪਹਿਲਾਂ ਪੈਰਾਂ ਦੀਆਂ ਤਲੀਆਂ 'ਤੇ ਦੇਸੀ ਘਿਉ ਨਾਲ ਮਾਲਿਸ਼ ਕਰੋ।

**ਤੁਲਸੀ ਦੇ ਪੱਤਿਆਂ ਦੀ ਚਾਹ** : ਠੰਢ ਲੱਗਣ ਕਾਰਨ ਸਿਰ ਦਰਦ ਹੋਵੇ ਤਾਂ ਤੁਲਸੀ ਦੇ ਪੱਤਿਆਂ ਦੀ ਚਾਹ ਬਣਾ ਕੇ ਪੀਓ।

**ਨਿੰਬੂ ਦਾ ਰਸ** : ਸਿਰ ਦਰਦ ਹੋਣ 'ਤੇ ਕੰਨਾਂ 'ਚ ਦੋ ਤਿੰਨ ਬੂੰਦਾਂ ਨਿੰਬੂ ਦਾ ਰਸ ਦੀਆਂ ਗਰਮ ਕਰਕੇ ਪਾਉਣ ਨਾਲ ਸਿਰ ਦਰਦ ਠੀਕ ਹੁੰਦਾ ਹੈ।

**ਅਜਵਾਈਨ** : ਅਜਵਾਈਨ ਨੂੰ ਬਾਰੀਕ ਪੀਸ ਕੇ ਇਕ ਚੱਮਚ ਚਬਾ ਕੇ ਖਾਣ ਨਾਲ ਸਿਰ ਦਰਦ ਨਜ਼ਲਾ ਦੀ ਬਿਮਾਰੀ ਠੀਕ ਹੋ ਜਾਂਦੀ ਹੈ।

**ਦਾਲਚੀਨੀ ਦਾ ਤੇਲ** : ਸਿਰ ਦਰਦ ਹੋਣ 'ਤੇ ਦਾਲਚੀਨੀ ਦੇ ਤੇਲ ਦੀਆਂ 1-2 ਬੂੰਦਾਂ ਮਿਲਾ ਕੇ ਸਿਰ 'ਤੇ ਲਗਾਉਣ ਨਾਲ ਸਿਰ ਦਰਦ ਦੂਰ ਹੋ ਜਾਂਦਾ ਹੈ।

**ਅਮਰੂਦ** : ਸਵੇਰੇ ਤੜਕੇ ਹਰੇ-ਕੱਚੇ ਅਮਰੂਦ ਤੋੜੋ। ਫਿਰ ਇਸ ਦਾ ਲੇਪ ਬਣਾ ਲਓ। ਇਸ ਨੂੰ ਮੱਥੇ ਦੀ ਉਸ ਥਾਂ 'ਤੇ ਲਗਾਓ। ਜਿੱਥੇ ਦਰਦ ਹੋ ਰਿਹਾ ਹੋਵੇ। ਇਸ ਤਰ੍ਹਾਂ ਦਰਦ ਤੋਂ ਆਰਾਮ ਮਿਲੇਗਾ।

**ਅਦਰਕ ਅਤੇ ਨਿੰਬੂ ਦਾ ਰਸ** : ਅਦਰਕ ਅਤੇ ਨਿੰਬੂ ਦੇ ਰਸ ਨੂੰ ਚੱਮਚ 'ਚ ਹੀ ਗਰਮ ਕਰ ਲਓ। ਠੰਢਾ ਹੋਣ 'ਤੇ ਨੱਕ ਰਾਹੀ ਇਸ ਦੀ ਭਾਫ ਲਓ। ਛਿੱਕਾਂ ਅਤੇ ਸਿਰਦਰਦ ਦੀ ਸਮੱਸਿਆ ਦੂਰ ਹੋ ਜਾਵੇਗੀ।

# ਮਾਪੇ ਕਿਵੇਂ ਸੁਧਾਰ ਸਕਦੇ ਹਨ ਬੱਚਿਆਂ ਨਾਲ ਆਪਣੇ ਰਿਸ਼ਤੇ...

– ਡਾ. ਨਮਰਤਾ ਸਿੰਘ
ਚਾਈਲਡ ਸਾਈਕੋਲੋਜਿਸਟ



ਅੱਜਕਲ ਅਜਿਹਾ ਵੇਖਿਆ ਜਾ ਰਿਹਾ ਹੈ ਕਿ ਪਰਿਵਾਰ 'ਚ ਬੱਚੇ ਪਰਸਨਲ ਸਪੇਸ ਦੀ ਬਹੁਤ ਜ਼ਿਆਦਾ ਮੰਗ ਕਰਨ ਲੱਗੇ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਕਮਰਾ ਵੱਖ ਹੋਵੇ। ਉਨ੍ਹਾਂ ਦੇ ਸਾਰੇ ਸਾਮਾਨ ਕੋਈ ਨਾ ਛੂਹੇ, ਜਦੋਂ ਉਹ ਕਮਰੇ 'ਚ ਹੋਣ ਕੋਈ ਉਨ੍ਹਾਂ ਨੂੰ ਪ੍ਰੇਸ਼ਾਨ ਨਾ ਕਰੇ ਅਤੇ ਮਾਪੇ ਉਨ੍ਹਾਂ ਨੂੰ ਕਿਸੇ ਵੀ ਗੱਲ ਲਈ ਨਾ ਰੋਕਣ ਅਤੇ ਨਾ ਕੁਝ ਕਹਿਣ। ਇਸ ਕਾਰਨ ਮਾਪਿਆਂ 'ਤੇ ਬਹੁਤ ਜ਼ਿਆਦਾ ਦਬਾਅ ਰਹਿੰਦਾ ਹੈ ਕਿ ਉਹ ਕਿਵੇਂ ਪੇਰੇਂਟਿੰਗ ਕਰਨ ਕਿ ਬੱਚਿਆਂ ਨੂੰ ਜ਼ਿਆਦਾ ਪ੍ਰੇਸ਼ਾਨੀ ਵੀ ਨਾ ਹੋਵੇ ਅਤੇ ਬੱਚੇ ਅਨੁਸ਼ਾਸਨ 'ਚ ਵੀ ਰਹਿਣ।

## ਕੀ ਕਰਨਾ ਚਾਹੀਦਾ ਹੈ ਮਾਪਿਆਂ ਨੂੰ

- ਹਫ਼ਤੇ 'ਚ ਇਕ ਦਿਨ ਟੀ.ਵੀ. ਬੰਦ ਰੱਖਣ ਜਾਂ ਮੋਬਾਈਲ ਅਤੇ ਇੰਟਰਨੈਟ ਬਹੁਤ ਘੱਟ ਵਰਤੋਂ ਕਰਨ ਦਾ ਬੱਚਿਆਂ ਨੂੰ ਪ੍ਰੋਮਿਸ ਲੈਣ ਅਤੇ ਖੁਦ ਵੀ ਇਸ ਨਿਯਮ ਦਾ ਪਾਲਨ ਕਰਨ।
- ਬੱਚਿਆਂ ਨਾਲ ਪਾਕੇਟ ਮਨੀ ਬਾਰੇ ਗੱਲ ਕਰੋ ਕਿ ਉਹ ਪੈਸੇ ਕਿੱਥੇ ਖਰਚ ਕਰਦੇ ਹਨ। ਕਿਵੇਂ ਪੈਸੇ ਬਚਾਉਂਦੇ ਹਨ, ਇਸ ਬਾਰੇ ਵੀ ਗੱਲ ਕਰੋ। ਉਨ੍ਹਾਂ ਨੂੰ ਮਨੀ ਮੈਨੇਜਮੈਂਟ ਬਾਰੇ ਸਿਖਾਉ।
- ਬੱਚਿਆਂ ਨਾਲ ਜ਼ਿਆਦਾ ਬਾਹਰ ਜਾਣ ਦੀ ਕੋਸ਼ਿਸ਼ ਕਰੋ। ਇਸ 'ਚ ਕਿਸੇ ਥਾਂ ਘੁੰਮਣ ਜਾਣਾ, ਇਤਿਹਾਸਕ ਥਾਂ ਵੇਖਣਾ ਜਾਂ ਪਾਰਕ 'ਚ ਜਾ ਕੇ ਘੁੰਮਣਾ ਸ਼ਾਮਲ ਕਰਨਾ ਚਾਹੀਦਾ ਹੈ।
- ਬੱਚਿਆਂ ਨੂੰ ਸ਼ੇਅਰਿੰਗ ਕਰਨਾ ਸ਼ੁਰੂ ਤੋਂ ਸਿਖਾਉ, ਜਿਵੇਂ ਮਹਿਮਾਨ ਆਉਣ 'ਤੇ ਆਪਣਾ ਕਮਰਾ, ਆਪਣੀਆਂ ਪੁਰਾਣੀਆਂ ਕਿਤਾਬਾਂ ਅਤੇ ਕਪੜੇ ਲੋੜਵੰਦ ਬੱਚਿਆਂ ਨੂੰ ਦੇਣਾ।
- ਘਰ 'ਤੇ ਕੁਝ ਨਿਯਮ ਸਾਰਿਆਂ ਨੂੰ ਮੰਨਣ ਲਈ ਕਹੋ, ਜਿਵੇਂ ਘੱਟੋ-ਘੱਟ ਇਕ ਸਮੇਂ ਦਾ ਖਾਣਾ ਇਕੱਠੇ ਬੈਠ ਕੇ ਖਾਣਾ, ਮੋਰਨਿੰਗ ਟੀ ਇਕੱਠੇ ਕਰਨਾ।
- ਬੱਚਿਆਂ ਨਾਲ ਮਿਲ ਕੇ ਕੋਈ ਨਵੀਂ ਹੋਬੀ ਜਾਂ ਸਕਿਲ ਸਿੱਖੋ, ਜਿਵੇਂ ਕੁਕਿੰਗ ਜਾਂ ਕੋਈ ਨਵਾਂ ਖੇਡ।
- ਬੱਚਿਆਂ ਦੇ ਦੋਸਤਾਂ ਨਾਲ ਜੁੜੋ। ਉਨ੍ਹਾਂ ਨੂੰ ਘਰ ਬੁਲਾਓ ਅਤੇ ਉਨ੍ਹਾਂ ਦੇ ਘਰ ਜਾਓ। ਇਸ ਦੇ ਨਾਲ-ਨਾਲ ਬੱਚਿਆਂ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਘਰ ਦੇ ਆਸਪਾਸ ਦੇ ਲੋਕਾਂ ਨਾਲ ਘੁਲਣਾ-ਮਿਲਣਾ ਸਿਖਾਉਣਾ ਚਾਹੀਦਾ ਹੈ।

## ਕੀ ਨਹੀਂ ਕਰਨਾ ਚਾਹੀਦਾ

- ਕੋਈ ਵੀ ਅਜਿਹਾ ਵਾਅਦਾ ਬੱਚਿਆਂ ਨਾਲ ਨਾ ਕਰੋ, ਜਿਸ ਨੂੰ ਪੂਰਾ ਕਰਨਾ ਮੁਸ਼ਕਲ ਲੱਗੇ।
- ਜ਼ਿਆਦਾ ਮਹਿੰਗੇ ਜਾਂ ਆਪਣੀ ਸਥਿਤੀ ਤੋਂ ਵੱਧ ਕੁਝ ਵੀ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।
- ਬੱਚੇ ਜਦੋਂ ਗੁੱਸੇ 'ਚ ਹੋਣ ਤਾਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।



# ਹਲਦੀ ਦਾ ਪਾਣੀ ਸਰੀਰ ਦੀਆਂ ਇਨ੍ਹਾਂ ਬਿਮਾਰੀਆਂ ਨੂੰ ਕਰਦਾ ਹੈ ਖ਼ਤਮ



ਸਵੇਰੇ ਖਾਲੀ ਪੇਟ ਕੋਸਾ ਪਾਣੀ ਪੀਣ ਦੇ ਫਾਇਦਿਆਂ ਬਾਰੇ ਤਾਂ ਤੁਸੀਂ ਸਾਰੇ ਹੀ ਜਾਣਦੇ ਹੋਵੋਗੇ। ਕੁਝ ਲੋਕ ਖਾਲੀ ਪੇਟ ਸ਼ਹਿਦ ਅਤੇ ਨਿੰਬੂ ਵਾਲਾ ਪਾਣੀ ਪੀਂਦੇ ਹਨ ਤਾਂ ਜੋ ਪੇਟ ਅਤੇ ਮੋਟਾਪੇ ਦੀ ਪ੍ਰੇਸ਼ਾਨੀ ਤੋਂ ਛੁਟਕਾਰਾ ਪਾਇਆ ਜਾ ਸਕੇ। ਇਸ ਨਾਲ ਸਰੀਰ ਦੇ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਂਦੇ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਜੇਕਰ ਇਸ 'ਚ ਥੋੜ੍ਹੀ ਜਿਹੀ ਹਲਦੀ ਮਿਲਾ ਕੇ ਪੀਤਾ ਜਾਵੇ ਤਾਂ ਤੁਸੀਂ ਸਿਹਤ ਨਾਲ ਜੁੜੀਆਂ ਕਈ ਸਮੱਸਿਆਵਾਂ ਤੋਂ ਛੁਟਕਾਰਾ ਪਾ ਸਕਦੇ ਹੋ। ਆਓ ਜਾਣਦੇ ਹਾਂ ਇਸ ਦੇ ਫਾਇਦਿਆਂ ਬਾਰੇ...

**ਹਲਦੀ ਦਾ ਪਾਣੀ ਪੀਣ ਦਾ ਤਰੀਕਾ** :

1 ਗਲਾਸ ਕੋਸੇ ਪਾਣੀ 'ਚ ਅੱਧੇ ਨਿੰਬੂ ਦਾ ਰਸ, ਸ਼ਹਿਦ ਅਤੇ ਅੱਧਾ ਛੋਟਾ ਚੱਮਚ ਹਲਦੀ ਦਾ ਪਾਊਡਰ ਮਿਲਾ ਕੇ ਰੋਜ਼ ਪੀਓ। ਇਸ ਨਾਲ ਤੁਹਾਡੀਆਂ ਸਰੀਰ ਸੰਬੰਧੀ ਕਈ ਬਿਮਾਰੀਆਂ ਦੂਰ ਹੋ ਜਾਣਗੀਆਂ।

**ਹਲਦੀ ਦਾ ਪਾਣੀ ਪੀਣ ਦੇ ਫਾਇਦੇ** :

**1. ਐਂਟੀਆਕਸੀਡੈਂਟ ਨਾਲ ਭਰਪੂਰ** : ਹਲਦੀ ਬਹੁਤ ਹੀ ਵਧੀਆ ਐਂਟੀਆਕਸੀਡੈਂਟ ਹੈ। ਇਸ ਨਾਲ ਕਿਸੇ ਵੀ ਤਰ੍ਹਾਂ ਦੀ ਐਲਰਜੀ ਅਤੇ ਬਿਮਾਰੀ ਨਾਲ ਲੜਨ ਦੀ ਤਾਕਤ ਮਿਲਦੀ ਹੈ।

**2. ਕੈਂਸਰ ਦੀਆਂ ਕੋਸ਼ੀਕਾਵਾਂ ਨਾਲ ਲੜਣ 'ਚ ਸਹਾਈ** : ਹਲਦੀ ਕੈਂਸਰ ਪੈਦਾ ਕਰਨ ਵਾਲੀਆਂ ਕੋਸ਼ਿਕਾਵਾਂ ਨਾਲ ਲੜਨ 'ਚ ਸਹਾਈ ਹੁੰਦੀ ਹੈ। ਇਸ ਲਈ ਰੋਜ਼ਾਨਾ ਖਾਲੀ ਪੇਟ ਹਲਦੀ ਵਾਲਾ ਪਾਣੀ ਪੀਣ ਚਾਹੀਦਾ ਹੈ।

**3. ਪਾਚਨ ਕਿਰਿਆ ਸਿਹਤਮੰਦ ਰਹਿੰਦੀ ਹੈ** : ਹਲਦੀ ਦੀ ਵਰਤੋਂ ਕਰਨ ਨਾਲ ਪਾਚਨ ਕਿਰਿਆ ਤੰਦਰੁਸਤ ਹੁੰਦੀ ਹੈ। ਇਸ ਦੇ ਨਾਲ ਹੀ ਇਹ ਪੇਟ ਸਬੰਧੀ ਹੋਰਾਂ ਸਮੱਸਿਆਵਾਂ ਨੂੰ ਵੀ ਹਮੇਸ਼ਾ ਲਈ ਦੂਰ ਕਰਦੀ ਹੈ।

**4. ਸੋਜ ਦੀ ਪ੍ਰੇਸ਼ਾਨੀ ਨੂੰ ਕਰੇ ਦੂਰ** : ਸੂਜਨ ਦੀ ਪਰੇਸ਼ਾਨੀ ਹੈ ਤਾਂ ਹਲਦੀ ਦੀ ਵਰਤੋਂ ਕਰੋ। ਇਸ 'ਚ ਮੌਜੂਦ ਕਮਕਯੂਮਿਨ ਰਸਾਇਣ ਦਵਾਈ ਦਾ ਕੰਮ ਕਰਦਾ ਹੈ।

**5. ਤੇਜ਼ ਦਿਮਾਗ** : ਹਲਦੀ ਦਾ ਪਾਣੀ ਪੀਣ ਨਾਲ ਦਿਮਾਗ ਤੇਜ਼ ਹੁੰਦਾ ਹੈ। ਇਸ ਲਈ ਰੋਜ਼ਾਨਾ 1 ਗਲਾਸ ਹਲਦੀ ਵਾਲਾ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ।

**6. ਗਠੀਏ ਦੀ ਪ੍ਰੇਸ਼ਾਨੀ** : ਗਠੀਏ ਦੇ ਰੋਗੀ ਲਈ ਹਲਦੀ ਦੀ ਵਰਤੋਂ ਕਰਨਾ ਫਾਇਦੇਮੰਦ ਹੈ। ਇਸ ਨਾਲ ਪੁਰਾਣੇ ਤੋਂ ਪੁਰਾਣੇ ਜੋੜਾਂ ਦੇ ਦਰਦ ਤੋਂ ਹਮੇਸ਼ਾ ਲਈ ਛੁਟਕਾਰਾ ਮਿਲ ਜਾਂਦਾ ਹੈ।

**7. ਬਲਾਕੇਜ ਦੀ ਸਮੱਸਿਆ ਦੂਰ ਕਰੇ** : ਸਰੀਰ 'ਚ ਕਿਸੇ ਵੀ ਅੰਗ ਦੀ ਬਲਾਕੇਜ ਨੂੰ ਦੂਰ ਕਰਨ ਲਈ ਹਲਦੀ ਦਾ ਪਾਣੀ ਬੇਹੱਦ ਮਦਦਗਾਰ ਸਾਬਤ ਹੁੰਦਾ ਹੈ।

**8. ਸ਼ੂਗਰ ਨੂੰ ਕੰਟਰੋਲ ਕਰੇ** : ਹਲਦੀ 'ਚ ਗਲੂਕੋਜ਼ ਦੀ ਮਾਤਰਾ ਘੱਟ ਹੁੰਦੀ ਹੈ ਜੋ ਸ਼ੂਗਰ ਦੇ ਰੋਗੀ ਲਈ ਲਾਭਕਾਰੀ ਹੈ। ਇਸ ਲਈ ਸ਼ੂਗਰ ਦੇ ਰੋਗੀ ਨੂੰ ਇਸ ਪਾਣੀ ਦੀ ਰੋਜ਼ਾਨਾ ਵਰਤੋਂ ਕਰਨੀ ਚਾਹੀਦੀ ਹੈ।

# ਅੰਡਰ-19 ਕ੍ਰਿਕਟ: ਭਾਰਤ ਚੌਥੀ ਵਾਰ ਬਣਿਆ ਵਿਸ਼ਵ ਚੈਂਪੀਅਨ

- ਸਭ ਤੋਂ ਵੱਧ ਵਾਰ ਖ਼ਿਤਾਬ ਜਿੱਤਣ ਦਾ ਰਿਕਾਰਡ ਭਾਰਤ ਦੇ ਨਾਂ
- ਸ਼ੁਭਮਨ ਗਿੱਲ 'ਪਲੇਅਰ ਆਫ ਦਿ ਟੂਰਨਾਮੈਂਟ'



**ਮਾਊਂਟ ਮਾਊਂਗਾਨੁਈ :** ਭਾਰਤ ਨੇ ਆਸਟਰੇਲੀਆ ਨੂੰ ਅੱਠ ਵਿਕਟਾਂ ਨਾਲ ਕਰਾਰੀ ਮਾਤ ਦੇ ਕੇ ਚੌਥੀ ਵਾਰ ਅੰਡਰ-19 ਵਿਸ਼ਵ ਕ੍ਰਿਕਟ ਕੱਪ ਜਿੱਤਿਆ ਹੈ। ਇਸ ਜਿੱਤ ਨਾਲ ਟੀਮ ਨੇ ਰਾਹੁਲ ਦ੍ਰਾਵਿੜ ਨੂੰ ਕੋਚਿੰਗ ਕਰੀਅਰ ਦੀ ਸਭ ਤੋਂ ਵੱਡੀ ਸਫ਼ਲਤਾ ਦਾ ਸੁਆਦ ਚਖ਼ਾਇਆ। ਭਾਰਤੀ ਗੇਂਦਬਾਜ਼ਾਂ ਨੇ ਦਮਦਾਰ ਪ੍ਰਦਰਸ਼ਨ ਕਰਦਿਆਂ ਪਹਿਲਾਂ ਬੱਲੇਬਾਜ਼ੀ ਲਈ ਉੱਤਰੀ ਆਸਟਰੇਲੀਅਨ ਟੀਮ ਨੂੰ 216 ਦੌੜਾਂ 'ਤੇ ਹੀ ਢੇਰ ਕਰ ਦਿੱਤਾ। ਇਸ ਬਾਅਦ ਭਾਰਤੀ ਗੱਭਰੂਆਂ ਨੇ 217 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਸ਼ਾਨਦਾਰ ਬੱਲੇਬਾਜ਼ੀ ਕੀਤੀ ਅਤੇ ਮਹਿਜ਼ 38.5 ਓਵਰਾਂ 'ਚ ਹੀ ਦੋ ਵਿਕਟਾਂ ਦੇ ਨੁਕਸਾਨ 'ਤੇ ਖ਼ਿਤਾਬ ਆਪਣੇ ਨਾਂ ਕਰ ਲਿਆ। ਇਸ ਜਿੱਤ ਨਾਲ ਭਾਰਤ ਸਭ ਤੋਂ ਵੱਧ ਵਾਰ ਅੰਡਰ-19 ਵਿਸ਼ਵ ਕੱਪ ਜਿੱਤਣ ਵਾਲਾ ਦੇਸ਼ ਬਣ ਗਿਆ ਹੈ।

ਭਾਰਤ ਵੱਲੋਂ ਖੇਡ ਰਹੇ ਦਿੱਲੀ ਦੇ ਮਨਜੋਤ ਕਾਲੜਾ ਨੇ ਨਾਬਾਦ ਸੈਂਕੜਾ (101 ਦੌੜਾਂ) ਜੜਿਆ। ਕਪਤਾਨ ਪ੍ਰਿਥਵੀ ਸ਼ਾਅ ਦੇ ਆਊਟ ਹੋਣ ਮਗਰੋਂ ਕਾਲੜਾ ਨੇ ਪਾਰੀ ਨੂੰ ਸੰਭਾਲਿਆ ਅਤੇ ਸ਼ੁਭਮਨ ਗਿੱਲ ਮਗਰੋਂ ਉਹ ਇਸ ਟੂਰਨਾਮੈਂਟ 'ਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਦੂਜਾ ਬੱਲੇਬਾਜ਼ ਬਣ ਗਿਆ ਹੈ। ਗ਼ੌਰਤਲਬ ਹੈ ਕਿ ਛੇ ਸਾਲ ਪਹਿਲਾਂ ਭਾਰਤ ਨੇ ਆਸਟਰੇਲੀਆ 'ਚ ਉਨਮੁਕਤ ਚੰਦ ਦੀ ਕਪਤਾਨੀ ਹੇਠ ਮੇਜ਼ਬਾਨ ਟੀਮ ਨੂੰ ਹਰਾ ਕੇ ਖ਼ਿਤਾਬ ਚੁੰਮਿਆ ਸੀ। ਕੋਚ ਦ੍ਰਾਵਿੜ ਨੇ ਖਿਡਾਰੀਆਂ ਦੀ ਕਾਰਗੁਜ਼ਾਰੀ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਭਾਰਤ ਵੱਲੋਂ ਕਪਤਾਨ ਸ਼ਾਅ ਨੇ 29 ਦੌੜਾਂ, ਗਿੱਲ ਨੇ 31 ਅਤੇ ਹਾਰਦਿਕ ਦੇਸਾਈ ਨੇ ਨਾਬਾਦ 47 ਦੌੜਾਂ ਬਣਾਈਆਂ। ਕਾਲੜਾ ਦਾ ਅੱਜ ਪ੍ਰਦਰਸ਼ਨ ਲਾਜਵਾਬ ਰਿਹਾ ਅਤੇ ਉਸ ਨੇ ਕੰਗਾਰੂ ਸਪਿੰਨਰਾਂ ਦੀਆਂ ਛਾਲਾਂ ਚੁਕਾਈ ਰੱਖੀਆਂ। ਉਸ ਨੇ ਆਪਣੀ ਪਾਰੀ ਵਿੱਚ ਤਿੰਨ ਛੱਕੇ ਤੇ ਅੱਠ ਚੌਕੇ ਜੜੇ। ਆਸਟਰੇਲੀਅਨ ਟੀਮ ਵੱਲੋਂ ਜੋਨਾਥਨ ਮਾਰਲੋ ਨੇ 76 ਦੌੜਾਂ ਬਣਾਈਆਂ।

ਭਾਰਤੀ ਖੱਬੂ ਸਪਿੰਨਰਾਂ ਸ਼ਿਵਾ ਸਿੰਘ ਤੇ ਅਨੁਕੂਲ ਰੌਇ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਆਸਟਰੇਲੀਅਨ ਟੀਮ ਨੂੰ 216 ਦੌੜਾਂ 'ਤੇ ਸਮੇਟ ਦਿੱਤਾ। ਚੰਗੇ ਸਕੋਰ ਵੱਲ ਵੱਧ ਰਹੀ ਆਸਟਰੇਲੀਅਨ ਟੀਮ ਨੇ ਆਖ਼ਰੀ ਛੇ ਵਿਕਟਾਂ ਮਹਿਜ਼ 33 ਦੌੜਾਂ ਅੰਦਰ ਹੀ ਗੁਆ ਦਿੱਤੀਆਂ। ਆਸਟਰੇਲੀਆ ਵੱਲੋਂ ਪਰਮ ਉੱਪਲ ਨੇ 34 ਅਤੇ ਨਾਥਨ ਮੈੱਕਸਵਿਨੀ ਨੇ 23 ਦੌੜਾਂ ਦਾ ਯੋਗਦਾਨ ਪਾਇਆ। ਭਾਰਤ ਦੇ ਅਨੁਕੂਲ ਨੇ 32 ਦੌੜਾਂ ਦੇ ਕੇ 2 ਵਿਕਟਾਂ ਹਾਸਲ ਕੀਤੀਆਂ।

ਬੱਲੇਬਾਜ਼ ਜੈਕ ਐਡਵਰਡਜ਼ (28) ਅਤੇ ਮੈਕਸ ਬਰਾਇੰਟ (14) ਤੇਜ਼ ਗੇਂਦਬਾਜ਼ ਇਸ਼ਾਨ (30/2) ਦਾ ਸ਼ਿਕਾਰ ਬਣੇ। ਭਾਰਤ ਦੇ ਕਮਲੇਸ਼ ਨਾਗਰਕੋਟੀ ਨੇ 41 ਦੌੜਾਂ ਦੇ ਕੇ ਦੋ ਵਿਕਟਾਂ ਝਟਕਾਈਆਂ। ਮੁਹਾਲੀ ਦੇ ਸ਼ੁਭਮਨ ਗਿੱਲ ਨੂੰ 'ਪਲੇਅਰ ਆਫ ਦਿ ਟੂਰਨਾਮੈਂਟ' ਅਤੇ ਮਨੋਜ ਕਾਲੜਾ ਨੂੰ 'ਮੈਨ ਆਫ ਦਿ ਮੈਚ' ਐਲਾਨਿਆ ਗਿਆ।

ਇਸ ਦੌਰਾਨ ਰਾਸ਼ਟਰਪਤੀ ਰਾਮਨਾਥ ਕੋਵਿੰਦ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰ ਕੇ ਭਾਰਤੀ ਕ੍ਰਿਕਟ ਟੀਮ ਨੂੰ ਵਿਸ਼ਵ ਕੱਪ ਜਿੱਤਣ 'ਤੇ ਮੁਬਾਰਕਬਾਦ ਦਿੱਤੀ ਹੈ। ਟੀਮ ਨੂੰ ਵਧਾਈਆਂ ਦੇਣ ਵਾਲਿਆਂ 'ਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ, ਸਚਿਨ ਤੇਂਦੁਲਕਰ ਤੇ ਸੀਨੀਅਰ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਵੀ ਸ਼ਾਮਲ ਹਨ।

### ਬੀਸੀਸੀਆਈ ਵੱਲੋਂ ਖਿਡਾਰੀ ਤੇ ਕੋਚ ਮਾਲਾਮਾਲ

ਬੀਸੀਸੀਆਈ ਨੇ ਅੰਡਰ-19 ਵਿਸ਼ਵ ਕੱਪ ਜਿੱਤਣ ਵਾਲੀ ਟੀਮ ਦੇ ਖਿਡਾਰੀਆਂ ਨੂੰ 30-30 ਲੱਖ ਰੁਪਏ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਇਸ ਟੀਮ ਦੇ ਕੋਚ ਰਾਹੁਲ ਦ੍ਰਾਵਿੜ ਨੂੰ 50 ਲੱਖ ਰੁਪਏ ਦੇ ਕੇ ਸਨਮਾਨਿਆ ਜਾਵੇਗਾ। ਟੀਮ ਦੇ ਸਹਿਯੋਗੀ ਸਟਾਫ ਫੀਲਡਿੰਗ ਕੋਚ ਅਭੈ ਸ਼ਰਮਾ ਤੇ ਗੇਂਦਬਾਜ਼ੀ ਕੋਚ ਪਾਰਸ ਮਹਾਂਬਰੇ ਨੂੰ 20-20 ਲੱਖ ਇਨਾਮ ਵਜੋਂ ਦਿੱਤੇ ਜਾਣਗੇ।

# ਮੈਰੀਕਾਮ ਨੂੰ ਸੋਨਾ, ਪੁਰਸ਼ ਵਰਗ 'ਚ ਭਾਰਤੀ ਮੁੱਕੇਬਾਜ਼ ਖੁੰਝੇ



**ਨਵੀਂ ਦਿੱਲੀ (ਨਦਬ) :** ਭਾਰਤੀ ਮੁੱਕੇਬਾਜ਼ ਐੱਮ. ਸੀ. ਮੈਰੀਕਾਮ ਨੇ ਇੰਡੀਅਨ ਓਪਨ ਮੁੱਕੇਬਾਜ਼ੀ ਟੂਰਨਾਮੈਂਟ ਦੇ ਆਖ਼ਰੀ ਦਿਨ ਅੱਜ ਇੱਥੇ ਸੋਨ ਤਮਗਾ ਆਪਣੇ ਨਾਂ ਕੀਤਾ, ਹਾਲਾਂਕਿ ਪੁਰਸ਼ ਵਰਗ ਵਿਚ ਜ਼ਿਆਦਾਤਰ ਮੁਕਾਬਲਿਆਂ ਵਿਚ ਕਿਊਬਾ ਤੇ ਉਜ਼ਬੇਕਿਸਤਾਨ ਦੇ ਮੁੱਕੇਬਾਜ਼ ਭਾਰਤੀ ਖਿਡਾਰੀਆਂ 'ਤੇ ਭਾਰੀ ਪਏ।

ਮੈਰੀਕਾਮ ਨੇ 48 ਕਿਲੋਗ੍ਰਾਮ ਭਾਰ ਵਰਗ ਦੇ ਫਾਈਨਲ ਵਿਚ ਫਿਲਪੀਨਜ਼ ਦੀ ਜੋਸੀ ਗਾਬੂਕੋ ਨੂੰ 4-1 ਨਾਲ ਹਰਾ ਕੇ ਸੋਨ ਤਮਗਾ ਆਪਣੇ ਨਾਂ ਕੀਤਾ। ਇਸ ਤੋਂ ਪਹਿਲਾਂ ਆਸਾਮ ਦੀ ਪਿਲਾਓ ਬਸੁਮਤਾਰੀ (64 ਕਿਲੋ) ਨੇ ਸੋਨਾ ਜਿੱਤਿਆ। ਆਸਾਮ ਦੀ ਇਕ ਹੋਰ ਮੁੱਕੇਬਾਜ਼ ਲਵਲੀਨਾ ਬੋਰਗੋਹੇਨ ਨੇ ਵੇਲਟਰਵੇਟ (69 ਕਿਲੋ) ਵਿਚ ਪੂਜਾ ਨੂੰ ਹਰਾ ਕੇ ਸੋਨ ਤਮਗਾ ਜਿੱਤਣ ਵਿਚ ਕਾਮਯਾਬੀ ਹਾਸਲ ਕੀਤੀ।

ਐੱਲ. ਸਰਿਤਾ ਦੇਵੀ (60 ਕਿਲੋ) ਨੂੰ ਫਾਈਨਲ ਵਿਚ ਫਿਨਲੈਂਡ ਦੀ ਮਿਰਾ ਪੋਟਕੋਨੋਨ ਤੋਂ ਹਾਰ ਕੇ ਚਾਂਦੀ ਤਮਗੇ ਨਾਲ ਸਬਰ ਕਰਨਾ ਪਿਆ।

ਪੁਰਸ਼ ਵਰਗ ਵਿਚ ਸੰਜੀਤ (91 ਕਿਲੋ) ਨੇ ਦੇਸ਼ ਲਈ ਪਹਿਲਾ ਸੋਨਾ ਜਿੱਤਿਆ। ਮਨੀਸ਼ ਕੌਸ਼ਿਕ (60 ਕਿਲੋ) ਨੂੰ ਰਿੰਗ ਵਿਚ ਉਤਰੇ ਬਿਨਾਂ ਹੀ ਸੋਨ ਤਮਗਾ ਮਿਲਿਆ। ਮਨੀਸ਼ ਦਾ ਵਿਰੋਧੀ ਬਾਟੂਮੁਰ ਮਿਸ਼ੀਲਟ ਜ਼ਖ਼ਮੀ ਹੋਣ ਕਾਰਨ ਨਹੀਂ ਖੇਡ ਸਕਿਆ।

ਸਤੀਸ਼ ਕੁਮਾਰ (91 ਕਿਲੋ ਤੋਂ ਵੱਧ), ਦਿਨੇਸ਼ ਡਾਗਰ (69 ਕਿਲੋ), ਦੇਵਾਂਸ਼ੂ ਜਯਸਵਾਲ(81 ਕਿਲੋ) ਨੂੰ ਆਪਣੇ-ਆਪਣੇ ਮੁਕਾਬਲਿਆਂ ਵਿਚ ਚਾਂਦੀ ਤਮਗੇ ਨਾਲ ਸਬਰ ਕਰਨਾ ਪਿਆ। ਇਕ ਲੱਖ ਅਮਰੀਕੀ ਡਾਲਰ ਦੀ ਇਨਾਮੀ ਰਾਸ਼ੀ ਵਾਲੀ ਇਸ ਪ੍ਰਤੀਯੋਗਿਤਾ ਦੇ ਹਰੇਕ ਸੋਨ ਤਮਗਾ ਜੇਤੂ ਨੂੰ 2500 ਡਾਲਰ ਤੇ ਚਾਂਦੀ ਤੇ ਕਾਂਸੀ ਤਮਗਾ ਜੇਤੂਆਂ ਨੂੰ ਕ੍ਰਮਵਾਰ 1500 ਤੇ 500 ਡਾਲਰ ਦੀ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।

# ਇੰਡੀਅਨ ਓਪਨ : ਪੀਵੀ ਸਿੰਧੂ ਖ਼ਿਤਾਬ ਹਾਰੀ

**ਨਵੀਂ ਦਿੱਲੀ (ਨਦਬ) :** ਸਾਬਕਾ ਚੈਂਪੀਅਨ ਤੇ ਸਿਖ਼ਰਲਾ ਦਰਜਾ ਪ੍ਰਾਪਤ ਭਾਰਤ ਦੀ ਪੀਵੀ ਸਿੰਧੂ ਅੱਜ ਇੱਥੇ ਇੰਡੀਅਨ ਓਪਨ ਦੇ ਫਾਈਨਲ 'ਚ ਅਮਰੀਕਾ ਦੀ ਪੰਜਵਾਂ ਦਰਜਾ ਹਾਸਲ ਬੀਵਨ ਜ਼ੈਂਗ ਤੋਂ ਹਾਰ ਗਈ।

ਪਹਿਲੀ ਗੇਮ ਗੁਆਉਣ ਤੋਂ ਬਾਅਦ ਹਾਲਾਂਕਿ ਸਿੰਧੂ ਨੇ ਜ਼ੋਰਦਾਰ ਵਾਪਸੀ ਕੀਤੀ ਪਰ ਉਹ ਅਮਰੀਕਨ ਖਿਡਾਰਨ ਖ਼ਿਲਾਫ਼ ਚੈਂਪੀਅਨਸ਼ਿਪ ਅੰਕ ਨੂੰ ਜਿੱਤ 'ਚ ਤਬਦੀਲ ਨਹੀਂ ਕਰ ਸਕੀ। ਇਸ 3,50,000 ਡਾਲਰ ਇਨਾਮੀ ਰਾਸ਼ੀ ਵਾਲੇ ਮੁਕਾਬਲੇ ਵਿੱਚ ਬੀਵਨ ਜ਼ੈਂਗ ਪਹਿਲੀ ਵਾਰ ਕਿਸੇ ਸੁਪਰ ਸੀਰੀਜ਼ ਪੱਧਰ ਦੇ ਟੂਰਨਾਮੈਂਟ ਦੇ ਫਾਈਨਲ ਮੁਕਾਬਲੇ 'ਚ ਖੇਡ ਰਹੀ ਸੀ। ਇੱਥੇ ਸਿਰੀ ਫੋਰਟ ਆਡੀਟੋਰੀਅਮ ਵਿੱਚ ਚੱਲੇ 69 ਮਿੰਟ ਦੇ ਮੁਕਾਬਲੇ ਦੌਰਾਨ ਸਿੰਧੂ ਨੂੰ 21-18, 11-21, 22-20 ਨਾਲ ਹਾਰ ਦਾ ਮੂੰਹ ਦੇਖਣਾ ਪਿਆ। ਇਸ ਦੇ ਨਾਲ ਹੀ ਸਿੰਧੂ ਲਗਾਤਾਰ ਦੂਜੀ ਵਾਰ ਇੰਡੀਅਨ ਓਪਨ ਖ਼ਿਤਾਬ ਜਿੱਤਣ ਤੋਂ ਖੁੰਝ ਗਈ। ਬੀਵਨ ਇਸ ਤੋਂ ਪਹਿਲਾਂ 2016 ਵਿੱਚ ਫਰੈਂਚ ਓਪਨ ਦੇ ਸੈਮੀਫਾਈਨਲ 'ਚ ਪਹੁੰਚੀ ਸੀ। ਦੋਵੇਂ ਖਿਡਾਰਨਾਂ ਹੁਣ ਤੱਕ ਚਾਰ ਵਾਰ ਆਹਮੋ-ਸਾਹਮਣੇ ਹੋਈਆਂ ਹਨ ਤੇ ਸਾਰੇ ਮੁਕਾਬਲਿਆਂ ਦੇ ਨਤੀਜੇ ਤਿੰਨ ਗੇਮਾਂ ਵਿੱਚ ਨਿਕਲੇ ਹਨ।

ਸਿੰਧੂ ਤੇ ਬੀਵਨ ਨੇ ਦੋ-ਦੋ ਮੁਕਾਬਲੇ ਜਿੱਤੇ ਹਨ। ਬੀਵਨ ਜ਼ੈਂਗ ਨੂੰ ਇਸ ਜਿੱਤ ਨਾਲ 26,250 ਡਾਲਰ ਦੀ ਇਨਾਮੀ ਰਾਸ਼ੀ ਮਿਲੀ ਜਦਕਿ ਸਿੰਧੂ ਨੂੰ ਉੱਪ ਜੇਤੂ ਰਹਿਣ 'ਤੇ 13,300 ਡਾਲਰ ਮਿਲੇ।



# The Fastest-Growing Sector: Income Inequality

Dr. P.R. Kalia
Editor, Asian Times
Edmonton



Eradication of poverty remains a slogan. In fact the poor working classes are made to slog day and night to empower the Super Rich—who control everything on the earth. The huge gap between the rich and the poor continues here in Canada too. Most notably, it is estimated that the richest 62 people on earth now own the same amount of wealth as the poorest half of the global population, approximately 3.6 billion people.

Hours before the start of the annual congregation of the rich and powerful from across the world, in the Swiss resort town of Devos (January 22), a survey released by the international rights group Oxfam revealed that the richest 1 per cent in India cornered 73 per cent of the wealth generated in the country last year. Besides, crores of India's poorest half saw their wealth rise by just one per cent, while the wealth of India's richest top one per cent jumped by over Rs 20.9 lakh crore during 2017 --an amount equivalent to total budget of the central government in 2017-18. It was extremely a worrying picture of rising income inequality.

Globally the situation appears even grimmer where 82 per cent of the wealth generated last year worldwide went tone per cent, while 3.7 billion people that account for the poorest half of population saw no increase in their wealth. “2017 saw an unprecedented increase in the number of billionaires, at a rate of one every two days. Billionaire wealth has risen by an average of 13 per cent a year since 2010 -- six times faster than the wages of ordinary workers, which have risen by a yearly average of just 2 per cent," it said.

The gulf between the world’s richest and poorest citizens is widening more rapidly than expected, and it’s a trend being reflected also here in Canada. “In Canada there continues to be this huge gap between the rich and the poor, and it’s growing. The people who are really losing out … are the working poor in particular, who are not seeing the gains of economic growth,” noted Oxfam Canada executive director Julie Delahanty.

Five Canadians have the same wealth as the bottom 30 per cent of our population – more than 11 million people. The wealth of these five richest Canadians has risen by $16.9 billion since 2010, a 44 per cent increase. The poorest half of Canada’s population has received just 26 per cent of the total increase in income growth.

The report titled ‘Reward Work, Not Wealth’ reveals how the global economy enables wealthy elite to accumulate vast wealth even as hundreds of millions of people struggle to survive on poverty pay. Citing results of the global survey of 120,000 people surveyed in 10 countries, Oxfam said it demonstrates a groundswell of support for action on inequality and nearly two-thirds of all respondents think the gap between the rich and the poor needs to be urgently addressed.

Income inequality refers to the extent to which income is distributed in an uneven manner among a population. It is not enough for a country to attempt to increase its national income. It is also necessary to ensure that it is evenly distributed. But inequality of income is an important feature of capitalist economies.

The socialist countries like the U.S.S.R. and Communist China have established systems whose aim is to reduce inequalities of incomes, to an extent. Marxists believe that the major cause of poverty is inequality or uneven distribution of wealth and income—a main consequence of capitalism. For them, the economic system determines laws, the type of government, and the role of society in day-to-day life. They point to the evils in a capitalist society and conclude that capitalism, based on private property, is a bad economic system that must be replaced with a more humane system, one that abolishes private property. The key problem with capitalism is that it breeds exploitation of the workers.

Particularly, in India of today, the fastest-growing sector is not IT or software, its inequality. That has been growing faster at a stunning pace in the past decade. What has grown with it is the mindset that inequality breeds, one that dehumanizes the poor that sees their plight as solely of their own making.

The political slogans of ‘Garibi hatao’, ‘India Shining’, and now ‘Make in India’ had all been referring to the overall feeling of economic optimism after the success of the early IT boom in India. The Governments have been bullish on growth. With big mouth they repeatedly claim that there’s been a huge decline in poverty levels; we have emerged one of the fastest growing economies in the world; our foreign exchange reserves are huge; leading economists are telling us we’ve never had it so well; and our spiritual gurus are conquering the world. These claims are true to an extent, as long as we are talking about hardly 10 per cent of the population. On the positive side, India is shining on the techno savvy executives benefiting from the BPO rush. It is also shining on the investors and entrepreneurs reaping the fruits of mobile phone explosion. But, India is also shining on the corrupt, unproductive political-bureaucratic-business-judiciary combine protected by the prevailing kleptomaniac system of governance. It is shining on the criminal-police mafia and the incompetent public functionaries squandering the country through scams and scandals. These worthies have succeeded in making even the most basic of human needs like safe drinking water a luxury beyond reach!

The much talked about ‘feel good factor’ among the few economically privileged sections of our urban population should not blind us to the fact that we have the largest number of poor and under-nourished children, women and men in the world, a majority of whom live in the villages. ‘Achche Din’ (prosperous days) have not dawned upon millions of Indians with no access to essential drugs, to schooling, on destitute and widows without a roof, on numberless MBAs, engineers, postgraduates who are unemployed. And ‘Achche Din’ also didn’t come for people who just live on less than one dollar a day! Farmer’s suicide is regularly occurring in India since 1990s, and according to government figures, over 12,000 suicides are reported every year since 2013. The destruction of agriculture has pushed millions and millions into mass migrations. The small private owners and farmers are being sacrificed at the altar of big corporate profit.

The country is increasingly getting disgraced due to incidents of rape and crime against women. The law and order situation is no better. A handful of fringe elements, evoking caste chauvinism, indulge in violence and the authorities remain unmoved. Hence, the PM’s “prosperity and peace” slogan is seen as a hollow promise. Our leaders must know that global investors pick investment destinations on the basis of reality and not rhetoric. The world businessmen will come to India only when we are able to present ourselves as a peaceful and orderly nation. In this scenario, we need to move towards an egalitarian society which will reduce inequalities in income and wealth?

Is there any other path to improve the sad plight of India, and also to escape the endless web of violence and counter-violence, of state terrorism and counter-terrorism? We think there is. That is the path of social democracy, which means all-round empowerment of the people. Radical Land reforms and universal and compulsory education are fundamental requirements for the democratization of society. Had they been implemented Indian society could have advanced to a higher level of democracy. But sadly, the Left in India is floundering with no real ideology to speak of. They haven’t been able to reinvent themselves or offer any alternative world view to the parties in power in the states and Centre.

Oxfam India has also urged the Indian government to ensure that the country's economy works for everyone and not just the fortunate few. It asked the government to promote inclusive growth by encouraging labour-intensive sectors that will create more jobs; investing in agriculture; and effectively implementing the social protection schemes that exist. Oxfam also sought sealing of the "leaking wealth bucket" by taking stringent measures against tax evasion and avoidance, imposing higher tax on super-rich and removing corporate tax breaks.

Inequality of incomes has lead to some very serious economic and social consequences that causes resentment and incites class-conflict, political domination, exploitation, creation of monopolies, suppression of talent, moral degradation, and promotes capital formation. Further, it undermines democratic values.

During the colonial period, the gap between the richest countries and the poorest countries widened from 3:1 to 35:1, in part because European powers extracted so much wealth from the Global South in the form of resources and labour. Since then, that gap has grown to almost 80:1.

This gap between the poor and the rich is growing in part because of the neoliberal economic policies that international institutions like the World Bank, the International Monetary Fund (IMF) and the World Trade Organization (WTO) have imposed on developing countries over the past few decades. According to economist Robert Pollin of the University of Massachusetts, as a consequence of these policies poor countries have lost around $500bn per year in GDP.

Over and above, strangely enough, governments of rich countries and multinational corporations constantly celebrate how much they spend in aid to developing countries, but neither of them ever confesses how much they take out of developing countries. Secondly, tax avoidance alone accounts for more than $900bn each year - money that corporations steal from developing countries and hide in tax havens. Both of these flows can be understood as direct transfusions of cash from poor to rich. These are the ultimate drivers of poverty and inequality. These are the problems that we need to tackle, besides so many others.

Anyway, without economic equality, "The billionaire boom is not a sign of a thriving economy but a symptom of a failing economic system. Those working hard, growing food for the country, building infrastructure, working in factories are struggling to fund their child's education, buy medicines for family members and manage two meals a day. The growing divide undermines democracy and promotes corruption and cronyism," rightly said Oxfam India CEO Nisha Agrawal.

Things certainly have gone awry.


DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales vehicle inspection by certified machines
ਲੌਂਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਵਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.


Maharaja
Banquet Facility
Banques Facility From 100 to 1200 People
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।
Big Dance Floor
Full Bar
Excellent Bridal Chair
Great Music System
Beauty Service Elegance
9257-34A Ave. Edmonton, AB.
Call : Tariq Chaudhry 780-695-7200


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7, Brampton, ON L6S 0C4


ਮੁਲਾਕਾਤ
Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
6:00 pm to 6:30pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
Residential
Commercial
Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ


WILDROSE MASONARY & STONE WORKS
Commercial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca
1404-69th St. SW Edmonton, AB T6L 1L4


HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।


A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070







# ਪੰਜ ਦਰਿਆਵਾਂ ਦੀ ਧਰਤੀ ਤੋਂ ਵਜੂਦ ਗੁਆਉਂਦੀਆਂ ਜਲਗਾਹਾਂ

ਜਲ ਤੇ ਜੀਵਨ ਦਾ ਡੂੰਘਾ ਸਬੰਧ ਹੈ। ਬ੍ਰਹਿਮੰਡ ਵਿਚ ਜਿਥੇ ਜਲ ਨਹੀਂ ਉਥੇ ਜੀਵਨ ਵੀ ਨਹੀਂ ਹੈ, ਜੀਵਨ ਨਾਲ ਪਾਣੀ ਦੀ ਅੰਤਰੀਵੀ ਤੇ ਬਾਹਰੀ ਲੋੜ ਨੂੰ ਪੁਰਾਣੇ ਸਮਿਆਂ ਦੌਰਾਨ ਵੀ ਮਹਿਸੂਸ ਕਰ ਲਿਆ ਗਿਆ ਸੀ, ਜਦਕਿ ਤਦ ਵਿਗਿਆਨਕ ਸੱਭਿਆਚਾਰ ਵੀ ਨਹੀਂ ਸੀ ਪੁੰਗਰਿਆ ਪਰ ਜਲਗਾਹ ਦੇ ਰੂਪ ਵਿਚ ਇਕੱਤਰ ਹੋਏ ਜਲ ਦਾ ਦੁਆਲੇ ਦੇ ਹਾਲਾਤ ’ਤੇ ਕਿਹੋ ਜਿਹਾ ਪ੍ਰਭਾਵ ਪੈਂਦਾ ਹੈ, ਇਸਦਾ ਤਰਕਮਈ ਵਿਸ਼ਲੇਸ਼ਣ ਹਾਲੇ ਬਾਕੀ ਹੈ।

ਵਗਦੇ ਜਾਂ ਰੁਕੇ ਹੋਏ ਜਲ ਦੇ ਕੰਢੇ ਨੂੰ ਨਿਵਾਸ ਵਜੋਂ ਇਸੇ ਲਈ ਚੁਣਿਆ ਜਾਂਦਾ ਸੀ ਕਿਉਂਕਿ ਜੀਵਨ ਲਈ ਲੋੜੀਂਦੇ ਹਰ ਇਕ ਵਸੀਲੇ ਦਾ ਜਲ ਆਧਾਰ ਬਣਦਾ ਰਹਿੰਦਾ ਸੀ। ਇਥੋਂ ਤਕ ਕਿ ਆਵਾਜਾਈ ਦਾ ਵੀ ਇਹੋ ਵਸੀਲਾ ਬਣਦਾ ਸੀ। ਜਦਕਿ ਅੱਜ ਮਨੁੱਖ ਦੀ ਜਲਗਾਹਾਂ ਉਪਰ ਨਿਰਭਰਤਾ ਇਸ ਹੱਦ ਤੋਂ ਬਹੁਤ ਅਗਾਂਹ ਲੰਘ ਗਈ ਹੈ, ਜਿਸ ਕਾਰਨ ਮਨੁੱਖ ਦੇ ਜੀਵਨ ਲਈ ਇਨ੍ਹਾਂ ਦਾ ਮਹੱਤਵ ਅੱਜ ਪਹਿਲਾਂ ਨਾਲੋਂ ਵੱਧ ਹੈ। ਇਸ ਦੇ ਕਈ ਪਹਿਲੂ ਹਨ ਤੇ ਹਰ ਪਹਿਲੂ ਦੀ ਆਪਣੀ ਹੀ ਅਹਿਮੀਅਤ ਹੈ।

ਜਲਗਾਹਾਂ ਦਾ ਆਪੋ ਆਪਣਾ ਵਿਸ਼ੇਸ਼ ਆਲਾ-ਦੁਆਲਾ ਹੁੰਦਾ ਹੈ ਤੇ ਇਨ੍ਹਾਂ ਦੇ ਨਮੀ ਭਰਪੂਰ ਵਾਤਾਵਰਣ ਵਿਚ ਉੱਗਣ ਵਾਲੀ ਬਨਸਪਤੀ ਖ਼ਾਸ ਹੁੰਦੀ ਹੈ ਤੇ ਜਿਸ ’ਤੇ ਨਿਰਭਰ ਪ੍ਰਾਣੀ ਵੀ ਖ਼ਾਸ ਪ੍ਰਕਾਰ ਦੇ ਹੀ ਹੁੰਦੇ ਹਨ। ਹਰ ਇਕ ਜਲਗਾਹ ਦੀ ਹੋਰਨਾਂ ਜਲਾਗਾਹਾਂ ਨਾਲੋਂ ਵੱਖਰੀ, ਆਪਣੀ ਹੀ ਪ੍ਰਸਥਿਤੀ ਹੁੰਦੀ ਹੈ ਤੇ ਇਸੇ ਲਈ ਇਨ੍ਹਾਂ ਦੀ ਮਨੁੱਖ ਲਈ ਨਿੱਜੀ ਉਪਯੋਗਤਾ ਹੁੰਦੀ ਹੈ। ਜੋ ਕੁਝ ਇਕ ਜਲਗਾਹ ਮਨੁੱਖ ਨੂੰ ਦਿੰਦੀ ਹੈ, ਦੂਜੀ ਇਸ ਨਾਲੋਂ ਵੱਖਰਾ ਹੀ ਕੁਝ ਮਨੁੱਖ ਵਰਤੋਂ ਲਈ ਉਪਜਾਉਂਦੀ ਹੈ।

**ਦੂਸ਼ਿਤ ਪਾਣੀ ’ਚੋਂ ਭਾਰੀ ਤੱਤ ਮੱਛੀਆਂ ’ਚ ਹੋ ਰਹੇ ਸ਼ਾਮਲ :** ਸੂਬੇ ਦੀਆਂ ਉਦਯੋਗਕ ਇਕਾਈਆਂ ਵਿਚੋਂ ਨਿਕਲ ਰਹੇ ਪ੍ਰਦੂਸ਼ਣ ਨਾਲ ਨਦੀਆਂ ਦੇ ਨਾਲ ਇਸ ਵਿਚ ਪਾਈਆਂ ਜਾਣ ਵਾਲੀ ਮੱਛੀਆਂ ਵੀ ਜ਼ਹਿਰੀਲੀਆਂ ਹੋ ਰਹੀਆਂ ਹਨ। ਮੱਛੀ ਦਾ ਮਾਸ ਖਾਣ ਪਿੱਛੋਂ ਇਨਸਾਨ ਵੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਜਿਨ੍ਹਾਂ ਵਿਚ ਕੈਂਸਰ ਵੀ ਇਕ ਹੈ। ਸਾਗਰ ਤੋਂ ਦੂਰੀ ਕਰ ਕੇ ਪੰਜਾਬ ਵਿਚ ਜਿੰਨੀ ਵੀ ਮੱਛੀ ਭੋਜਨ ਵਜੋਂ ਵਰਤੀ ਜਾਂਦੀ ਹੈ ਉਸ ਦੇ ਪ੍ਰਮੁੱਖ ਭਾਗ ਦਾ ਸਰੋਤ ਜਲਗਾਹਾਂ ਹੀ ਹੁੰਦੀਆਂ ਹਨ।

ਲੁਧਿਆਣਾ ਤੇ ਜਲੰਧਰ ਦੀਆਂ ਉਦਯੋਗਿਕ ਇਕਾਈਆਂ ਵਿਚੋਂ ਰੋਜ਼ਾਨਾ 10 ਲੱਖ ਲਿਟਰ ਗੰਧਲਾ ਪਾਣੀ ਹਰੀਕੇ ਪੱਤਣ ਜਲਗਾਹ ਵਿਚ ਘੁਲਦਾ ਹੈ। ਸਤਲੁਜ ਦਰਿਆ ਵਿਚ ਲੁਧਿਆਣਾ ਤੋਂ ਨਿਕਲਣ ਵਾਲੇ ਬੁੱਢਾ ਨਾਲੇ ਦਾ ਪਾਣੀ ਸ਼ਾਮਲ ਹੋ ਰਿਹਾ ਹੈ। ਇਸ ਨਾਲੇ ਵਿਚ ਉਦਯੋਗਕ ਇਕਾਈਆਂ ਤੇ ਹੋਰ ਪ੍ਰਦੂਸ਼ਤ ਪਾਣੀ ਦਰਿਆ ਦੇ ਪਾਣੀ ਨੂੰ ਵੀ ਗੰਦਾ ਕਰ ਰਿਹਾ ਹੈ ਜਿਸ ਕਾਰਨ ਦਰਿਆ ਦਾ ਪਾਣੀ ਲਗਪਗ ਕਾਲਾ ਹੋ ਚੁੱਕਾ ਹੈ। ਦੂਜੇ ਪਾਸੇ ਹੁਸ਼ਿਆਰਪੁਰ, ਜਲੰਧਰ, ਫਗਵਾੜਾ ਦਾ ਦੂਸ਼ਿਤ ਪਾਣੀ ਕਾਲਾ ਸੰਘਿਆਂ ਡਰੇਨ ਰਾਹੀਂ ਸਤਲੁਜ ਵਿਚ ਵੀ ਜਾ ਕੇ ਮਿਲਦਾ ਹੈ। ਇਹ ਸਮੁੱਚਾ ਪਾਣੀ ਅੰਤਰ ਰਾਸ਼ਟਰੀ ਜਲਗਾਹ ਹਰੀਕੇ ਵਿਚ ਸ਼ਾਮਲ ਹੋ ਰਿਹਾ ਹੈ। ਹਰੀਕੇ ਜਲਗਾਹ ਵਿਚ ਸਤਲੁਜ ਤੇ ਬਿਆਸ ਦੋਹਾਂ ਦਾ ਪਾਣੀ ਆ ਕੇ ਮਿਲਦਾ ਹੈ। ਉਦਯੋਗਾਂ ਤੋਂ ਨਿਕਲਣ ਵਾਲੇ ਦੂਸ਼ਿਤ ਪਾਣੀ ਵਿਚ ਭਾਰੀ ਤੱਤ (ਹੈਵੀ ਮੈਟਲਜ਼) ਨਿੱਕਲ, ਲੈੱਡ ਭਾਵ ਸਿੱਕਾ, ਮਰਕਰੀ ਭਾਵ ਪਾਰਾ ਅਤੇ





## 70 ਫ਼ੀਸਦੀ ਪੰਜਾਬ ’ਚ ਜਲਗਾਹਾਂ ਦਾ ਨਹੀਂ ਰਿਹਾ ਨਾਮੋ-ਨਿਸ਼ਾਨ

ਪੰਜ ਦਰਿਆਵਾਂ ਦੀ ਧਰਤੀ ਦੇ ਨਾਮ ਨਾਲ ਜਾਣੇ ਜਾਂਦੇ ਪੰਜਾਬ (ਪੰਜ+ਆਬ) ਵਿਚ ‘ਵੈੱਟ ਲੈਂਡ’ (ਜਲਗਾਹਾਂ) ਦਿਨੋਂ-ਦਿਨ ਅਲੋਪ ਹੁੰਦੀਆਂ ਜਾ ਰਹੀਆਂ ਹਨ। ਜਿਸ ਦਾ ਸਿੱਧਾ ਅਸਰ ਬਨਸਪਤੀ ਅਤੇ ਜਨ-ਜੀਵਨ ’ਤੇ ਪੈ ਰਿਹਾ ਹੈ। ਮੌਜੂਦਾ ਸਮੇਂ ਵਿਚ ਅਸੀਂ ਬਨਸਪਤੀ ਦਾ ਵੱਡਾ ਖ਼ਜ਼ਾਨਾ, ਪੰਛੀ, ਜਾਨਵਰ ਤੇ ਪਾਣੀ ਵਿਚ ਰਹਿਣ ਵਾਲੇ ਜੀਵਾਂ ਨੂੰ ਖੋਹਣ ਦੀ ਕਗਾਰ ’ਤੇ ਪੁੱਜ ਚੁੱਕੇ ਹਾਂ। ਹਲਾਤ ਇਹ ਹੈ ਕਿ ਸੂਬੇ ਵਿਚ 70 ਫੀਸਦੀ ਵੈੱਟ ਲੈਂਡ ਦਾ ਨਾਮੋ-ਨਿਸ਼ਾਨ ਹੀ ਖ਼ਤਮ ਹੋ ਚੁੱਕਿਆ ਹੈ। ਇਸ ਵੇਲੇ ਸੂਬੇ ਵਿਚ ਸਿਰਫ਼ 10 ਜਲਗਾਹਾਂ ਹਨ, ਜਿਨ੍ਹਾਂ ਵਿਚ 3 ਅੰਤਰ ਰਾਸ਼ਟਰੀ, 2 ਰਾਸ਼ਟਰੀ ਤੇ 5 ਸੂਬਾ ਪੱਧਰੀ ਬਾਕੀ ਰਹਿ ਗਈਆਂ ਹਨ। ਇਸ ਵੇਲੇ ਵਜੂਦ ਗੁਆਉਂਦੀਆਂ ਜਾ ਰਹੀਆਂ ਜਲਗਾਹਾਂ ਪੰਜਾਬ ਲਈ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ। ਇਸ ਸਮੇਂ ਪੰਜਾਬ ਵਿਚ 3 ਅੰਤਰਰਾਸ਼ਟਰੀ ਹਰੀਕੇ ਪੱਤਣ (ਸਤਲੁਜ-ਬਿਆਸ), ਕਾਂਜਲੀ (ਕਾਲੀ ਵੇਈਂ), ਰੋਪੜ (ਸਤਲੁਜ), 2 ਰਾਸ਼ਟਰੀ ਨੰਗਲ ਤੇ ਰਣਜੀਤ ਸਿੰਘ ਸਾਗਰ ਜਲਗਾਹਾਂ ਮੌਜੂਦ ਹਨ। ਜਦੋਂਕਿ ਸੂਬਾ ਪੱਧਰੀ ਪੰਜ ਵਿਚ ਜਸਤਰਵਾਲ (ਅੰਮ੍ਰਿਤਸਰ), ਢੋਲਵਾਹਾ (ਹੁਸ਼ਿਆਰਪੁਰ), ਕੇਸ਼ੂਪੁਰ ਮਿਆਣੀ, ਕਾਹਨੂੰਵਾਨ (ਗੁਰਦਾਸਪੁਰ), ਮੰਡ ਪੱਥਲਾ (ਨਵਾਂ ਸ਼ਹਿਰ) ਦੇ ਨਾਮ ਸ਼ਾਮਲ ਹਨ।

## ਕੀ ਹੈ ਜਲਗਾਹ ?

ਅਸਮਾਨ ਤੋਂ ਡਿੱਗਦੇ ਪਾਣੀ ਨੂੰ ਆਪਣੀ ਗੋਦ ਵਿਚ ਸਮਾਉਣ ਲਈ ਧਰਤੀ ’ਤੇ ਬਣੇ ਟੋਭਿਆਂ ਨੂੰ ‘ਵੈੱਟ ਲੈਂਡ’ ਜਾਂ ਜਲਗਾਹ ਕਿਹਾ ਜਾਂਦਾ ਹੈ ਜੋ ਕਿ ਧਰਤੀ ਹੇਠਲੇ ਪਾਣੀਆਂ ਦੇ ਪੱਧਰ ਨੂੰ ਬਰਾਬਰ ਰੱਖਣ ਵਿਚ ਮਦਦਗਾਰ ਸਾਬਿਤ ਹੁੰਦੇ ਹਨ। ਇਸ ’ਤੇ ਕਈ ਕਿਸਮ ਦੀ ਬਨਸਪਤੀ, ਕੀਟ-ਪਤੰਗੇ, ਪੰਛੀ ਤੇ ਪਾਣੀ ਵਾਲੇ ਜੀਵ ਵੀ ਨਿਰਭਰ ਕਰਦੇ ਹਨ। ਖ਼ਾਸ ਗੱਲ ਇਹ ਹੈ ਕਿ ਵੈੱਟ ਲੈਂਡ ਹੜ੍ਹ ਰੋਕਣ, ਦੂਸ਼ਿਤ ਪਾਣੀ ਨੂੰ ਸ਼ੁੱਧ ਕਰਨ ਤੇ ਪ੍ਰਦੂਸ਼ਣ ਰੋਕਣ ਵਿਚ ਮਦਦਗਾਰ ਸਾਬਤ ਹੁੰਦੇ ਹਨ। ਇਸ ਤੋਂ ਇਲਾਵਾ ਇਹ ਵੈੱਟ ਲੈਂਡ ਧਰਤੀ ਲਈ ‘ਸਪੰਜ’ ਦਾ ਕੰਮ ਕਰਦਾ ਹੈ ਜੋ ਕਿ ਬਰਸਾਤੀ ਪਾਣੀ ਨੂੰ ਆਪਣੇ ਵਿਚ ਜਜ਼ਬ ਕਰ ਕੇ ਧਰਤੀ ਦੇ ਗਰਭ ਵਿਚ ਪਹੁੰਚਾਉਂਦਾ ਹੈ ਪਾਣੀ ਪੱਧਰ ਉੱਚਾ ਚੁੱਕਣ ਦੇ ਨਾਲ ਹੜ੍ਹ ਰੋਕੜ ਵਿਚ ਅਹਿਮ ਰੋਲ ਅਦਾ ਕਰਦਾ ਹੈ।

## ਸੂਬੇ ’ਚ ਜਲਗਾਹਾਂ ਦੀ ਹੋਂਦ ਤੇ ਸਥਿਤੀ

ਪੰਜਾਬ ਵਿਚ ਮੌਜੂਦਾ ਸਮੇਂ ਜਲਗਾਹਾਂ ਖ਼ਤਰੇ ਵਿਚ ਹਨ। ਹਰੀਕੇ ਜਲਗਾਹ ਜਦੋਂ 1952 ਵਿਚ ਹੋਂਦ ਵਿਚ ਆਈ ਸੀ ਤਾਂ ਇਸ ਦਾ 41 ਵਰਗ ਕਿਲੋਮੀਟਰ ਦਾ ਖੇਤਰਫਲ ਸੀ ਤੇ ਜਿਹੜਾ ਅੱਜ ਸੁੰਗੜ ਕੇ ਸਿਰਫ਼ 28 ਕਿਲੋਮੀਟਰ ਰਹਿ ਗਿਆ ਹੈ ਤੇ ਲਗਾਤਾਰ ਹੋਰ ਘਟਦਾ ਜਾ ਰਿਹਾ ਹੈ। ਆਏ ਵਰ੍ਹੇ ਇਸ ਜਲਗਾਹ ਦਾ ਕਾਫੀ ਹਿੱਸਾ ਕਾਸ਼ਤਕਾਰੀ ਅਧੀਨ ਆਉਂਦਾ ਰਹਿੰਦਾ ਹੈ। ਭਾਰਤ ਸਰਕਾਰ ਅਨੁਸਾਰ ਪੰਜਾਬ ਦੀਆਂ 14 ਜਲਗਾਹਾਂ ਹਨ, ਜਿਨ੍ਹਾਂ ਵਿਚੋਂ 12 ਕੁਦਰਤੀ ਤੇ 2 ਮਨੁੱਖ ਦੁਆਰਾ ਬਣਾਈਆਂ ਗਈਆਂ ਹਨ। ਇਨ੍ਹਾਂ ਸਭ ਹੇਠਲਾ ਰਕਬਾ 22476 ਹੈਕਟੇਅਰ ਬਣਦਾ ਹੈ, ਜੋ ਪੰਜਾਬ ਦੇ ਕੁੱਲ ਖੇਤਰਫ਼ਲ ਦਾ ਸਿਰਫ 0.45 ਫ਼ੀਸਦੀ ਹੈ।



ਐਲੂਮੀਨੀਅਮ ਵਰਗੇ ਤੱਤ ਵੱਡੀ ਗਿਣਤੀ ਵਿਚ ਨਦੀਆਂ ਵਿਚ ਪਾਏ ਜਾਂਦੇ ਹਨ ਜੋ ਕਿ ਦਰਿਆਵਾਂ ਵਿਚ ਮਿਲਣ ਵਾਲੀਆਂ ਮੱਛੀਆਂ ਦੇ ਅੰਦਰ ਦਾਖ਼ਲ ਹੋ ਰਹੇ ਹਨ। ਜਿਸ ਕਾਰਨ ਚਲਦੇ ਪਾਣੀ ਵਿਚ ਵੀ ਆਕਸੀਜਨ ਦੀ ਮਾਤਰਾ ਘੱਟ ਹੋ ਰਹੀ ਹੈ ਤੇ ਮੱਛੀਆਂ ਬਿਮਾਰੀਆਂ ਦੀ ਸ਼ਿਕਾਰ ਹੋ ਰਹੀਆਂ ਹਨ।

**ਖ਼ਤਮ ਹੋ ਰਹੀਆਂ ਪ੍ਰਜਾਤੀਆਂ :** ਜਲਗਾਹਾਂ ਘਟਣ ਨਾਲ ਇਸ ਅੰਦਰਲੇ ਜੀਵ ਜੰਤੂਆਂ ਦੀਆਂ ਪ੍ਰਜਾਤੀਆਂ ਵੀ ਖ਼ਤਮ ਹੁੰਦੀਆਂ ਜਾ ਰਹੀਆਂ ਹਨ। ਇਕ ਖੋਜ ਅਨੁਸਾਰ ਹਰੀਕੇ ਪੱਤਣ ਜਲਗਾਹ ਵਿਚ ਮੱਛੀਆਂ ਦੀਆਂ ਕੁੱਲ 70 ਪ੍ਰਜਾਤੀਆਂ ਮਿਲੀਆਂ ਹਨ ਹਨ। ਜਿਨ੍ਹਾਂ ਵਿਚੋਂ ਦੋ ਤਾਂ 95 ਤੋਂ 99 ਫ਼ੀਸਦੀ ਖ਼ਤਮ ਹੋ ਚੁੱਕੀਆਂ ਹਨ, 6 ਪ੍ਰਜਾਤੀਆਂ 70 ਫ਼ੀਸਦੀ ਤੱਕ ਖ਼ਤਮ ਹੋ ਗਈਆਂ ਹਨ ਜਦੋਂਕਿ 13 ਪ੍ਰਜਾਤੀਆਂ ਅਜਿਹੀਆਂ ਹਨ ਜਿਹੜੀਆਂ 50 ਫ਼ੀਸਦੀ ਤੱਕ ਖ਼ਤਮ ਹੋ ਰਹੀਆਂ ਹਨ ਹਨ। ਇਸ ਤੋਂ ਇਲਾਵਾ 23 ਹੋਰ ਪ੍ਰਜਾਤੀਆਂ ਦੀ ਹੋਂਦ 'ਤੇ ਵੀ ਖਤਰਾ ਮੰਡਰਾ ਰਿਹਾ ਹੈ।

**ਇਹ ਹਨ ਘਟਣ ਦੇ ਕਾਰਨ :** ਜਲਗਾਹਾਂ ਦੇ ਘਟਣ ਦਾ ਕਾਰਨ ਕਬਜ਼ੇ ਹਨ, ਜਿਸ ਦੇ ਜ਼ਿੰਮੇਵਾਰ ਅਸੀਂ ਖ਼ੁਦ ਹਾਂ। ਉਨ੍ਹਾਂ ਕਿਹਾ ਕਿ ਕਿਸਾਨਾਂ ਵਲੋਂ ਆਪਣੀਆਂ ਖੇਤੀਬਾੜੀ ਯੋਗ ਜ਼ਮੀਨਾਂ ਨੂੰ ਵੇਚ ਕੇ ਇਸ 'ਤੇ ਵਪਾਰਕ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਕਾਰਨ ਨਮੀ ਵਾਲੀ ਜ਼ਮੀਨ ਘਟਦੀ ਜਾ ਰਹੀ ਹੈ ਜੋ ਕਿ ਸਾਡੇ ਲਈ ਇਕ ਤਰ੍ਹਾਂ ਜਲਗਾਹ ਦਾ ਕੰਮ ਵੀ ਕਰਦੀਆਂ ਸਨ। ਸੋ, ਪਰਮ ਸੱਚ ਇਹ ਹੈ ਕਿ ਜੇ ਇਸ ਕੁਦਰਤੀ ਵਰਦਾਨ ਨੂੰ ਅਸੀਂ ਰਹਿੰਦੇ ਸਮੇਂ ਵਿਚ ਨਾ ਸੰਭਾਲਿਆ ਤਾਂ ਇਨਸਾਨੀ ਜੀਵਨ ਨੂੰ ਗੰਭੀਰ ਸੱਮਿਸਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਜਲਗਾਹਾਂ ਨੂੰ ਮੁੜ ਸੁਰਜੀਤ ਕਰਨਾ ਵੱਡੀ ਲੋੜ :** ਜਲਗਾਹ ਨੂੰ ਬਚਾਉਣ ਲਈ ਸਰਗਰਮ ਤੇ ਇਸ 'ਤੇ ਪਿਛਲੇ ਕਈ ਸਾਲਾਂ ਤੋਂ ਖੋਜ ਕਰਨ ਵਾਲੇ ਪੰਜਾਬੀ ਯੂਨੀਵਰਸਿਟੀ ਜ਼ੂਆਲੋਜੀ ਵਿਭਾਗ ਦੇ ਡਾ. ਓਂਕਾਰ ਸਿੰਘ ਦੱਸਦੇ ਹਨ ਕਿ ਸਰਕਾਰੀ ਰਿਕਾਰਡ ਤੋਂ ਇਲਾਵਾ ਹੋਰ ਵੀ ਕਈ ਜਲਗਾਹਾਂ ਹਨ ਜੋ ਖ਼ਤਮ ਹੋ ਚੁੱਕੀਆਂ ਹਨ। ਪਟਿਆਲਾ ਜ਼ਿਲੇ ਦੀ ਭੁਪਿੰਦਰਾ ਸਾਗਰ ਜਲਗਾਹ ਵੀ ਇਨ੍ਹਾਂ ਵਿਚੋਂ ਇਕ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਮੌਜੂਦ ਜਲਗਾਹਾਂ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀਂ ਹੈ, ਇਨ੍ਹਾਂ ਨੂੰ ਚਾਰੇ ਪਾਸਿਓਂ ਖੋਰਿਆ ਜਾ ਰਿਹਾ ਹੈ ਤੇ ਪ੍ਰਦੂਸ਼ਤ ਪਾਣੀ ਜਲਗਾਹਾਂ ਵਿਚ ਸੁੱਟ ਕੇ ਇਨ੍ਹਾਂ ਦੀ ਖ਼ਾਸੀਅਤ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਡਾ. ਵੜੈਚ ਦੱਸਦੇ ਹਨ ਕਿ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਘਟਣਾ ਜਲਗਾਹਾਂ ਦੇ ਖ਼ਤਮ ਹੋਣ ਨਾਲ ਸਿੱਧਾ ਸਬੰਧ ਹੈ, ਕਿਉਂਕਿ ਜਲਗਾਹਾਂ 'ਵਾਟਰ ਰੀਚਾਰਜ' ਦਾ ਵੱਡਾ ਸ੍ਰੋਤ ਹਨ, ਜੋ ਪਾਣੀ ਨੂੰ ਆਪਣੇ ਅੰਦਰ ਸਮੋ ਕੇ ਧਰਤੀ ਦੇ ਹੇਠਾਂ ਤੱਕ ਪਹੁੰਚਾਉਂਦੀਆਂ ਹਨ। ਇਸ ਦੇ ਨਾਲ ਹੀ ਜਲਗਾਹਾਂ ਦੇ ਇਕ ਕਿਲੋਮੀਟਰ ਤੱਕ ਦੇ ਇਲਾਕੇ ਵਿਚ ਪਾਣੀ ਦਾ ਪੱਧਰ ਉੱਚਾ ਵੀ ਹੁੰਦਾ ਹੈ। ਪਿੰਡਾਂ ਵਿਚਲੇ ਟੋਭੇ ਤੇ ਛੱਪੜ ਵੀ ਇਸੇ ਦਾ ਹੀ ਇਕ ਰੂਪ ਹਨ ਤੇ ਇਹ ਵੀ ਅੱਜ ਦੇ ਸਮੇਂ ਵਿਚ ਖ਼ਤਮ ਹੋ ਚੁੱਕੇ ਹਨ। ਡਾ. ਵੜੈਚ ਨੇ ਕਿਹਾ ਕਿ ਪੰਜਾਬ ਵਿਚਲੇ ਪਾਣੀ ਦੇ ਪੱਧਰ ਨੂੰ ਦੇਖਦਿਆਂ ਜਲਗਾਹਾਂ ਨੂੰ ਮੁੜ ਸੁਰਜੀਤ ਕਰਨਾ ਸਮੇਂ ਦੀ ਅਹਿਮ ਲੋੜ ਹੈ।

## ਜਲਗਾਹਾਂ ਤੇ ਅਲੋਪ ਹੋ ਰਹੇ ਪ੍ਰਾਣੀ



ਜੀਵਨ ਜਲ ਵਿਚ ਹੀ ਸ਼ੁਰੂ ਹੋਇਆ ਸੀ, ਹਾਲੇ ਵੀ ਕੁਝ ਜੀਵ ਸਿਰਫ਼ ਜਲ ਵਿਚ ਹੀ ਰਹਿ ਸਕਦੇ ਹਨ। ਕੁਝ ਹੋਰ ਜੀਵ ਇਹੋ ਜਿਹੇ ਹਨ ਜੋ ਆਪਣੇ ਜੀਵਨ ਦਾ ਬਹੁਤਾ ਹਿੱਸਾ ਪਾਣੀ ਵਿਚ ਗੁਜ਼ਾਰਦੇ ਹਨ ਤੇ ਕੁਝ ਕੁ ਦੀ ਜ਼ਿੰਦਗੀ ਕੋਈ ਖ਼ਾਸ ਤੇ ਅਹਿਮ ਹਿੱਸੇ ਵਾਸਤੇ ਜਲ 'ਚ ਗੁਜ਼ਰਨੀ ਲਾਜ਼ਮੀ ਹੁੰਦੀ ਹੈ। ਬਾਕੀ ਜੋ ਪਾਣੀ ਤੋਂ ਬਾਹਰ ਵੀ ਹੈ, ਇਹ ਜਲਗਾਹਾਂ ਉਨ੍ਹਾਂ ਦੇ ਜੀਵਨ ਦਾ ਅਨਿਖੜਵਾਂ ਭਾਗ ਬਣੀਆਂ ਹੋਈਆਂ। ਇਨ੍ਹਾਂ ਵਿਚ ਜਾਂ ਇਨ੍ਹਾਂ ਦੁਆਲੇ ਪੰਛੀ ਰਹਿੰਦੇ ਹਨ, ਤੇ ਜੋ ਕੁਝ ਇਨਾਂ ਵਿਚ ਉਗਦਾ ਹੈ ਤੇ ਜਾਂ ਜੋ ਇਨ੍ਹਾਂ ਵਿਚ ਰਹਿੰਦਾ ਹੈ ਇਹ ਭਾਵੇਂ ਪੌਦੇ ਹੋਣ, ਮੱਛੀਆਂ ਹੋਣ, ਝੀਂਗੇ ਹੋਣ ਜਾਂ ਕੀਟ ਹੋਣ - ਇਥੇ ਆਉਣ ਵਾਲੇ ਪੰਛੀ ਇਨਾਂ ਆਸਰੇ ਹੀ ਜਿਉਂਦੇ ਹਨ। ਅਮਰੀਕਾ ਦੇ 80 ਫ਼ੀਸਦੀ ਪੰਛੀ ਜਲਗਾਹਾਂ 'ਤੇ ਨਿਰਭਰ ਜੀਵਨ ਗੁਜ਼ਾਰਦੇ ਹਨ ਤੇ ਉਥੋਂ ਦੀਆਂ ਪ੍ਰਵਾਸੀ ਪੰਛੀਆਂ ਦੀਆਂ 800 ਦੇ ਲਗਪਗ ਸੁਰੱਖਿਆ ਦੀ ਮੰਗ ਕਰਦੀਆਂ ਨਸਲਾਂ ਵਿਚੋਂ 50 ਫ਼ੀਸਦੀ ਤੋਂ ਵੀ ਵੱਧ ਦਾ ਜੀਵਨ ਜਲਗਾਹਾਂ ਵਿਚ ਹੀ ਬੀਤਦਾ ਹੈ।

## ਜਾਗਰੂਕਤਾ ਜ਼ਰੂਰੀ ਹੈ : ਹਰਦੀਪ ਸਨੌਰ

ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਵਾਤਾਵਰਣ ਪ੍ਰੇਮੀ ਹਰਦੀਪ ਸਨੌਰ ਦਾ ਕਹਿਣਾ ਹੈ ਕਿ ਜਦ ਤਕ ਕਿਸੇ ਸਥਿਤੀ ਬਾਰੇ ਲੋਕਾਂ ਨੂੰ ਕੋਈ ਵਿਚਾਰ ਟੁੰਬ ਨਹੀਂ ਜਾਂਦਾ, ਉਹ ਇਸ ਬਾਰੇ ਕੋਈ ਰਾਇ ਨਹੀਂ ਬਣਾਉਂਦੇ ਤੇ ਨਾ ਹੀ ਇਹ ਇਸ ਸਬੰਧੀ ਆਪਣਾ ਉਚਿਤ ਵਤੀਰਾ ਨਿਰਧਾਰਤ ਕਰਦੇ ਹਨ। ਜਲਗਾਹਾਂ ਦੇ ਪ੍ਰਸੰਗ ਵਿਚ ਵੀ ਇਹੋ ਹੋ ਰਿਹਾ ਹੈ। ਬਾਵਜੂਦ ਇਸ ਦੇ ਕਿ ਜਲਗਾਹਾਂ ਦੀ ਆਮ ਜੀਵਨ ਵਿਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ ਪਰ ਜਾਪਦਾ ਇੰਝ ਹੈ ਕਿ ਜਲਗਾਹਾਂ ਨਾਲ ਕੁਝ ਵੀ ਮਾੜਾ ਜਾਂ ਚੰਗਾ ਵਾਪਰੇ ਇਸ ਦੀ ਆਮ ਵਿਅਕਤੀ ਨੂੰ ਕੋਈ ਚਿੰਤਾ ਨਹੀਂ ਹੁੰਦੀ। ਜਲਗਾਹਾਂ ਬਾਰੇ ਸਰਕਾਰਾਂ, ਸੰਸਥਾਵਾਂ ਤੇ ਵਿਭਾਗ ਜੋ ਕੁਝ ਵੀ ਕਰਨਗੇ ਉਸ ਵਿਚ ਸਫਲਤਾ ਹਾਸਲ ਕਰਨ ਲਈ ਲੋਕਾਂ ਦੇ ਸਹਿਯੋਗ ਦੀ ਸਦਾ ਲੋੜ ਰਹੇਗੀ। ਜਾਗਰੂਕਤਾ ਲਈ ਵੀ ਕਾਫ਼ੀ ਕੰਮ ਕਰਨਾ ਪਵੇਗਾ।

## ਇਤਿਹਾਸ ਨਾਲ ਜੁੜੇ ਜਲ-ਸਰੋਤ

**ਸੁਰਿੰਦਰ ਬਾਂਸਲ**

ਸੰਸਾਰ ਦੀ ਸਭ ਤੋਂ ਵਿਸ਼ਾਲ ਅਤੇ ਖੇਤਰਫਲ ਦੇ ਹਿਸਾਬ ਨਾਲ ਸਭ ਤੋਂ ਲੰਮੀ ਸਭਿਅਤਾ ਸਿੰਧੂ ਘਾਟੀ ਦੀ ਸਭਿਅਤਾ ਮੰਨੀ ਗਈ ਹੈ ਜਿਹੜੀ ਲਗਭਗ 900 ਮੀਲ ਵਿਚ ਫੈਲੀ ਹੋਈ ਸੀ। ਅਜਿਹੀ ਵਿਸ਼ਾਲ ਸਭਿਅਤਾ ਦੇ ਮੂਲ ਵਿਚ ਸੰਘਣੇ ਵਣ ਅਤੇ ਉਹ ਸਾਰੇ ਦਰਿਆ ਹੀ ਸਨ ਜਿਹੜੇ ਅੱਗੇ ਜਾ ਕੇ ਸਿੰਧ ਵਿਚ ਮਿਲ ਜਾਂਦੇ ਸਨ। ਮਹਾਭਾਰਤ ਕਾਲ ਵਿਚ ਪੰਜਾਬ ਦਾ ਨਾਂ 'ਪੰਚਨੰਦਾ' ਸੀ।

ਇਸ ਤੋਂ ਵੀ ਪ੍ਰਾਚੀਨ ਨਾਂਅ ਸਪਤਸਿੰਧੂ ਸੀ ਕਿਉਂਕਿ ਉਦੋਂ ਇੱਥੇ ਸਿੰਧ ਅਤੇ ਯਮੁਨਾ ਜਿਹੇ ਦਰਿਆ ਵਗਦੇ ਸਨ। ਜਦੋਂ ਪਾਕਿਸਤਾਨ ਬਣਿਆ, ਇਹ ਦਰਿਆ ਹੱਦਬੰਦੀ ਦਾ ਆਧਾਰ ਬਣੇ ਸਨ। ਇਨ੍ਹਾਂ ਸਭ ਦਰਿਆਵਾਂ ਦੇ ਕੰਢਿਆਂ ਉੱਤੇ ਸੰਘਣੇ ਜੰਗਲਾਂ ਦਾ ਵੱਡਾ ਪਸਾਰਾ ਸੀ। ਅਜਿਹੇ ਪਵਿੱਤਰ ਵਾਤਾਵਰਣ ਕਾਰਨ ਹੀ ਦਰਿਆਵਾਂ ਅਤੇ ਜੰਗਲਾਂ ਦੇ ਕਿਨਾਰੇ ਧਾਰਮਿਕ ਨਗਰ, ਧਰਮਸ਼ਾਲਾਵਾਂ ਉਸਾਰੀਆਂ ਗਈਆਂ।

ਗੁਰੂ ਨਾਨਕ ਸਾਹਿਬ ਨੇ ਰਾਵੀ ਦੇ ਕੰਢੇ ਕਰਤਾਰਪੁਰ ਵਿਖੇ ਪਹਿਲੀ ਧਰਮਸ਼ਾਲਾ ਦਾ ਨਿਰਮਾਣ ਕਰਵਾਇਆ ਸੀ। ਇਸੇ ਤਰ੍ਹਾਂ ਬਿਆਸ ਦਰਿਆ ਦੇ ਕਿਨਾਰੇ ਸ੍ਰੀ ਬਾਉਲੀ ਸਾਹਿਬ, ਸ੍ਰੀ ਹਰਗੋਬਿੰਦਪੁਰ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਜਿਹੀਆਂ ਧਰਮ ਨਗਰੀਆਂ ਦੀ ਸਥਾਪਨਾ ਕੀਤੀ ਗਈ।

ਉਦੋਂ 'ਨਦੀ ਜੋੜੋ' ਜਿਹੀਆਂ ਯੋਜਨਾਵਾਂ ਬਣਾਉਣ ਵਾਲੇ ਯੋਜਨਾਕਾਰ ਨਹੀਂ ਸਨ ਹੁੰਦੇ, ਉਦੋਂ ਲੋਕੀ ਖ਼ੁਦ ਹੀ ਨਦੀਆਂ ਨਾਲ ਜੁੜੇ ਹੋਏ ਸਨ, ਸਾਰੇ ਕੁਦਰਤੀ ਸੋਮਿਆਂ ਨਾਲ ਲੋਕ ਜੁੜੇ ਹੋਏ ਸਨ। ਨਦੀਆਂ ਦੇ ਪ੍ਰਤੀ ਅਜਿਹੀ ਸ਼ਰਧਾ ਸੀ ਕਿ ਉਨ੍ਹਾਂ ਨੂੰ ਪਾਪ ਨਾਸ਼ਕ ਮੰਨਿਆ ਜਾਂਦਾ ਸੀ। ਲੋਕ ਆਪਣੇ ਦੁੱਖ-ਸੁੱਖ ਨਦੀਆਂ ਦਰੱਖ਼ਤਾਂ ਨਾਲ ਹੀ ਸਾਂਝੇ ਕਰਦੇ ਸਨ। ਪੰਜਾਬ ਦਾ ਕੋਈ ਵੀ ਦਰਿਆ ਅਜਿਹਾ ਨਹੀਂ ਸੀ ਜਿਸਦੇ ਕਿਨਾਰੇ ਮੱਸਿਆ, ਸੰਗਰਾਂਦ, ਪੁੰਨਿਆ, ਬਸੰਤ ਪੰਚਮੀ ਦੇ ਮੇਲੇ ਨਹੀਂ ਸਨ ਭਰਦੇ ਜਾਂ ਹੋਲੀ ਦੀ ਪੂਜਾ ਨਹੀਂ ਸੀ ਹੁੰਦੀ। ਜਦੋਂ ਸ਼੍ਰੀ ਗੁਰੂ ਹਰਗੋਬਿੰਦ ਜੀ ਨੂੰ ਵਡਾਲੀ ਤੋਂ ਅੰਮ੍ਰਿਤਸਰ ਲਿਆਂਦਾ ਗਿਆ ਤਾਂ ਅੰਮ੍ਰਿਤਸਰ ਸਾਹਿਬ ਨੇੜੇ ਹੀ ਛੇਹਰਟੇ ਦੇ ਕੋਲ ਪਹਿਲੀ ਵਾਰ 1599 ਵਿੱਚ ਬਸੰਤ ਪੰਚਮੀ ਦਾ ਮੇਲਾ ਲਗਾਇਆ ਗਿਆ ਸੀ। ਅੱਜ ਵੀ ਇੱਥੇ ਗੁਰੂ ਜੀ ਦੀ ਯਾਦ ਵਿੱਚ ਛੇਹਰਟਾ (ਛੇ ਹਲਟਾ) ਖ਼ੂਹ ਮੌਜੂਦ ਹੈ।

ਅਜਿਹਾ ਹੀ ਇੱਕ ਪ੍ਰਸੰਗ ਵਿਸਾਖੀ ਦਾ ਵੀ ਹੈ, ਜਿਸ ਨੂੰ ਮੰਤਰੀਆਂ ਵਾਂਗ ਬਦਲਦੀਆਂ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਕੇ ਨਵਾਂ ਸਮਾਜ ਭੁੱਲ ਚੁੱਕਿਆ ਹੈ। 1589 ਈਸਵੀ ਵਿਚ ਜਦੋਂ ਅੰਮ੍ਰਿਤਸਰ ਦਾ ਸਰੋਵਰ ਬਣ ਕੇ ਪੂਰਾ ਹੋਇਆ ਸੀ, ਉਦੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਵਿਸਾਖੀ ਮਨਾਉਣ ਦਾ ਆਦੇਸ਼ ਦਿੱਤਾ ਸੀ। ਸਿੱਧੀਆਂ-ਸਿੱਧੀਆਂ ਨਿਰਮਲ ਰੀਤਾਂ ਵਾਲੇ ਸਾਡੇ ਮੇਲਿਆਂ ਨੂੰ ਵੀ ਅੱਜ ਭੰਬਲ-ਭੂਸਿਆਂ 'ਚ ਉਲਝੇ ਸਾਡੇ ਨੇਤਾਵਾਂ ਨੇ ਅਗ਼ਵਾ ਕਰ ਲਿਆ ਹੈ। ਬਿਆਸ ਦਰਿਆ ਰਿਸ਼ੀਆਂ-ਮੁਨੀਆਂ ਦਾ ਚਹੇਤਾ ਸੀ। ਇਸਦਾ ਪ੍ਰਾਚੀਨ ਨਾਂ ਬਿਪਾਸ਼ਾ ਸੀ। ਇਹ ਬਹੁਤ ਮਰਿਆਦਾ ਵਾਲਾ ਦਰਿਆ ਮੰਨਿਆ ਜਾਂਦਾ ਰਿਹਾ ਹੈ। ਸਿੱਧੀਆਂ ਅੱਖਾਂ ਨਾਲ ਵੇਖਣ ਵਾਲੇ ਵਕਤਾਂ ਵਿੱਚ ਇਸ ਨੂੰ 'ਵੇਦਾਂ ਦਾ ਦਰਿਆ' ਵੀ ਕਿਹਾ ਜਾਂਦਾ ਸੀ।

ਰਾਵੀ ਦਰਿਆ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਧਰਮ ਦੀ ਰੱਖਿਆ ਖ਼ਾਤਰ ਦਿੱਤੀ ਸ਼ਹੀਦੀ ਦੀ ਗਵਾਹੀ ਵਾਲਾ ਦਰਿਆ ਹੈ। ਵੇਦਾਂ ਵਿਚ ਰਾਵੀ ਦਾ ਨਾਂ ਇਰਾਵਤੀ ਅਤੇ ਰਾਵਿਕਾ ਹੈ, ਇਸ ਦਾ ਅਰਥ ਹੈ ਦੈਵੀ ਸੁਆਦ ਵਾਲਾ ਪਾਣੀ। ਪਰ ਇਸ ਨਦੀ ਦੇ ਵਿਸ਼ੇਸ਼ ਗੁਣ ਵੇਖਦੇ ਹੋਏ ਰਿਸ਼ੀਆਂ ਨੇ ਇਸ ਦਾ ਨਾਂ ਇਰਾਵਤੀ ਰੱਖਿਆ। ਸਵਾਮੀ ਰਾਮਤੀਰਥ ਦੇ ਵੈਰਾਗ ਅਤੇ ਸੰਨਿਆਸ ਦੇ ਕੱਚੇ ਵਿਚਾਰ ਇਸੇ ਨਦੀ ਦੇ ਕਿਨਾਰੇ ਪੱਕੇ ਹੋਏ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਗਵਾਹੀ ਅਤੇ ਮਹਾਰਾਜਾ ਰਣਜੀਤ ਸਿੰਘ ਲਈ ਹੰਝੂਆਂ ਦੇ ਬੁਲਬੁਲੇ ਅੱਜ ਵੀ ਇਸ ਨਦੀ ਦੀਆਂ ਲਹਿਰਾਂ ਵਿੱਚ ਮਹਿਸੂਸ ਕੀਤੇ ਜਾ ਸਕਦੇ ਹਨ। ਗੁਰਦੁਆਰਾ ਸੁਧਾਰ ਲਹਿਰ ਦੀ ਕਾਮਯਾਬੀ ਤੋਂ ਬਾਅਦ ਗਾਂਧੀ ਜੀ ਨੇ ਆਪਣੇ ਅਹਿੰਸਕ ਅੰਦੋਲਨ ਵਿੱਚ ਕਿਤੇ ਜ਼ਿਆਦਾ ਮਜ਼ਬੂਤੀ ਵੇਖੀ। ਪੰਜਾਬੀਆਂ ਦੀਆਂ ਕੁਰਬਾਨੀਆਂ ਵੇਖਦੇ ਹੋਏ ਦਸੰਬਰ 1929 ਵਿੱਚ ਕਾਂਗਰਸ ਦਾ ਸਾਲਾਨਾ ਸੰਮੇਲਨ ਵੀ ਰਾਵੀ ਦੇ ਕੰਢੇ ਹੀ ਸੱਦਿਆ ਗਿਆ ਅਤੇ ਫੇਰ ਇਸੇ ਦੇ ਕੰਢੇ 'ਸੰਪੂਰਣ ਆਜ਼ਾਦੀ' ਦੀ ਸਹੁੰ ਵੀ ਖਾਧੀ ਗਈ। ਇੱਥੋਂ ਹੀ ਪਰਜਾ ਮੰਡਲ ਲਹਿਰ ਸ਼ੁਰੂ ਹੋਈ ਸੀ। ਚਨਾਬ ਦਰਿਆ ਸਾਡੇ ਖੇਤਰ ਦੇ ਪੇਂਡੂ ਲੋਕ ਜੀਵਨ ਦਾ ਪ੍ਰਤੀਕ ਦਰਿਆ ਹੈ।



Summerside FINANCIAL



# ਸਮਰਸਾਈਡ ਫ਼ਾਈਨੈਂਸ਼ੀਅਲ

## Welcome to Summerside Financial

*We, at Summerside Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਮਰਸਾਈਡ ਫ਼ਾਈਨੈਂਸ਼ੀਅਲ ’ਚ ਸਵਾਗਤ ਹੈ

ਅਸੀਂ, ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ ’ਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨਾਂਸ/ਵੇਚ ਨੂੰ ਇਕੋ ਬਕਸੇ ’ਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ ’ਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why Summerside Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਮਰਸਾਈਡ ਫ਼ਾਈਨੈਂਸ਼ੀਅਲ ਹੀ ਕਿਉਂ!

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, Summerside Financial is your loyal financial companion. We strive to be the best in the industry by providing innovative ways to help you achieve your financial needs.*

*Summerside Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let Summerside Financial be your loyal financial companion.*



## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ ’ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ ’ਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) ’ਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ ’ਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ ’ਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।

## For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:


**Toll Free:1-877-816-3510**

**www.summersidefinancial.com**

#200, 17834 106A Avenue Edmonton, Alberta T5S 1V3

**Alan Ajit Walia**

**780-995-2719 (Cell)**

**780-705-6668 (Off.)**

*Email: info@summersidefinancial.com, Fax : 780-705-6641*

ਸਫ਼ਾ 16 ਦੀ ਬਾਕੀ

# ਸਰਕਾਰਾਂ 'ਸੰਸਾਰ ਸ਼ਾਹੂਕਾਰਾਂ' ਦੇ ਨਾਲ

ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਰ ਨੂੰ ਸਮਰਪਤ 9 ਸੰਸਥਾਵਾਂ ਵਲੋਂ 10 ਫ਼ਰਵਰੀ 2018 ਨੂੰ ਦੇਸ਼ਭਗਤ ਯਾਦਗਾਰ ਹਾਲ ਜਲੰਧਰ ਵਿਖੇ ਵਿਸ਼ਾਲ ਕਨਵੈਨਸ਼ਨ ਕੀਤੀ ਗਈ। ਇਸ ਕਨਵੈਨਸ਼ਨ 'ਚ 'ਸਿੱਖਿਆ ਤੇ ਪ੍ਰਸ਼ਾਸਨ 'ਚ ਪੰਜਾਬੀ ਭਾਸ਼ਾ : ਕੀ ਕਰਨਾ ਲੋੜੀਏ?' ਵਿਸ਼ੇ ਉਪਰ ਗੰਭੀਰ ਵਿਚਾਰ-ਚਰਚਾ ਕੀਤੀ ਗਈ ਅਤੇ ਪੰਜਾਬੀ ਭਾਸ਼ਾ ਨੂੰ ਹਕੀਕੀ ਅਰਥਾਂ 'ਚ ਰਾਜ ਭਾਸ਼ਾ ਦਾ ਦਰਜਾ ਦਿਵਾਉਣ ਲਈ ਜਥੇਬੰਦਕ ਯਤਨਾਂ ਦੀ ਰੂਪਰੇਖਾ ਵੀ ਉਲੀਕੀ ਗਈ ਹੈ। ਇਸ ਕਨਵੈਨਸ਼ਨ 'ਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬੀ ਸਾਹਿਤ ਅਕਾਦਮੀ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਪੰਜਾਬ ਜਾਗ੍ਰਤੀ ਮੰਚ, ਭਾਸ਼ਾ ਅਕਾਦਮੀ, ਰਿਸਚਰ ਅਕਾਦਮੀ, ਪੰਜਾਬੀ ਮੰਚ ਚੰਡੀਗੜ੍ਹ, ਕੌਮਾਂਤਰੀ ਪੰਜਾਬੀ ਇਲਮ ਅਤੇ ਪ੍ਰਗਤੀਸ਼ੀਲ ਲੇਖਕ ਮੰਚ ਪੰਜਾਬ ਨਾਲ ਸਬੰਧਤ ਆਗੂ ਤੇ ਮੈਂਬਰ ਤਾਂ ਸ਼ਾਮਲ ਸਨ ਹੀ, ਅਧਿਆਪਕਾਂ, ਵਿਦਿਆਰਥੀਆਂ ਅਤੇ ਨੌਜਵਾਨਾਂ ਵਿਚ ਕੰਮ ਕਰਦੀਆਂ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਸਨ।

ਇਸ ਭਾਸ਼ਾਈ ਕਨਵੈਨਸ਼ ਨੇ ਜਿੱਥੇ ਪੰਜਾਬੀ ਭਾਸ਼ਾ/ਬੋਲੀ ਦੀ ਲੜਾਈ ਨੂੰ ਲੇਖਕਾਂ, ਚਿੰਤਕਾਂ ਅਤੇ ਬੁੱਧੀਜੀਵੀਆਂ ਦੇ ਘੇਰੇ ਤੋਂ ਬਾਹਰ ਆਮ ਲੋਕਾਈ ਦੀ ਲੜਾਈ ਬਣ ਜਾਣ ਦੀ ਉਮੀਦ ਪੈਦਾ ਕੀਤੀ ਹੈ, ਉਥੇ ਵੱਖ-ਵੱਖ ਖੇਤਰਾਂ ਵਿਚ ਚਲ ਰਹੀਆਂ ਜਨਤਕ ਮੁਹਿੰਮਾਂ ਲਈ ਵੀ ਵਿਸ਼ਾਲ ਸਾਂਝਾ ਮੰਚ ਉਸਰਨ ਦੀਆਂ ਸੰਭਾਵਨਾ ਬਣਾਈਆਂ ਹਨ। ਲੋਕ ਮੁਕਤੀ ਦਾ ਰਸਤਾ ਸਾਂਝੇ ਸੰਘਰਸ਼ਾਂ ਵਿਚੋਂ ਹੀ ਹੋ ਕੇ ਨਿਕਲਣਾ ਹੈ।

# ਇੰਡੀਅਨ ਹਸਪਤਾਲਾਂ 'ਚ ਮਰੀਜ਼ਾਂ ਦਾ ਹੁੰਦਾ ਸੀ ਜਿਨਸੀ ਸ਼ੋਸ਼ਣ



**ਐਡਮਿੰਟਨ (ਨਦਬ) :** ਐਨ ਹਾਰਡੀ ਨਾਂ ਦੀ ਮਹਿਲਾ ਨੇ ਇੰਡੀਅਨ ਹਸਪਤਾਲਾਂ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਹ ਉਨ੍ਹਾਂ ਮਰੀਜ਼ਾਂ ਵਿਚੋਂ ਇਕ ਹੈ ਜਿਨ੍ਹਾਂ ਦਾ ਇਲਾਜ ਦੌਰਾਨ ਯੌਨਿਕ ਸੋਸ਼ਣ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਕ ਐਕਸਰਾ ਤਕਨੀਸ਼ੀਅਨ ਅਕਸਰ ਉਸ ਨਾਲ ਗ਼ਲਤ ਤਰ੍ਹਾਂ ਦੀਆਂ ਹਰਕਤਾਂ ਕਰਦਾ ਸੀ। ਦੱਸਣਯੋਗ ਹੈ ਕਿ ਉਨ੍ਹਾਂ ਨੇ ਆਪਣਾ ਇਲਾਜ ਐਡਮਿੰਟਨ, ਅਲਬਰਟਾ ਦੇ ਚਾਰਲਸ ਕੈਮਸਲ ਹਸਪਤਾਲ ਵਿਚ ਕਰਵਾਇਆ ਸੀ ਤੇ ਉਦੋਂ ਉਮਰ ਦੇ ਲਿਹਾਜ਼ ਤੋਂ ਉਹ ਨਾਬਾਲਗ ਸੀ। ਹੁਣ ਹਾਰਡੀ 59 ਸਾਲਾਂ ਦੀ ਹੋ ਚੁੱਕੀ ਹੈ ਪਰ ਉਹ ਹਸਪਤਾਲ ਦੇ ਇਲਾਜ ਵਾਲੇ ਦਿਨਾਂ ਨੂੰ ਜਦੋਂ ਯਾਦ ਕਰਦੀ ਹੈ ਤਾਂ ਕੰਬ ਜਾਂਦੀ ਹੈ ਤੇ ਹੀਣ ਭਾਵਨਾ ਮਹਿਸੂਸ ਕਰਦੀ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਮਰੀਜ਼ਾਂ ਨੂੰ ਇੰਡੀਅਨ ਹੌਸਪਿਟਲਜ਼ ਵਿਚ ਅਕਸਰ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਮੀਦ ਹੈ ਉਹ ਇਸ ਮਾਮਲੇ ਵਿਚ ਅੱਗੇ ਆਉਣਗੇ ਤੇ ਉਨ੍ਹਾਂ ਨੇ 29 ਇੰਡੀਅਨ ਹਸਪਤਾਲਾਂ ਵਿਰੁੱਧ ਜਿਹੜਾ ਸ਼ਿਕਾਇਤ ਪੱਤਰ ਤਿਆਰ ਕੀਤਾ ਹੈ ਉਸ ਦਾ ਸਮਰਥਨ ਕਰਨਗੇ। ਦੱਸਣਾ ਬਣਦਾ ਹੈ ਕਿ ਇਹ ਹਸਪਤਾਲ 1945 ਤੋਂ 1981 ਤੱਕ ਫੈਡਰਲ ਸਰਕਾਰ ਵੱਲੋਂ ਚਲਾਏ ਗਏ ਸਨ। ਇਸ ਸਬੰਧ ਵਿਚ ਪਿਛਲੇ ਦਿਨੀਂ ਟਰਾਂਟੋ ਦੇ ਫੈਡਰਲ ਕੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਜਿਸ ਵਿਚ ਯੌਨਿਕ ਸ਼ੋਸ਼ਣ ਤੋਂ ਇਲਾਵਾ ਸਫ਼ਾਈ, ਖਾਣ ਪੀਣ ਅਤੇ ਹੋਰ ਸਮੱਸਿਆਵਾਂ ਦਾ ਵੀ ਜ਼ਿਕਰ ਹੈ। ਇਸ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਸਭ ਪਤਾ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਇਸ ਸਬੰਧੀ ਕਦੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਸ਼ੇਰਵੁੱਡ ਪਾਰਕ, ਅਲਬਰਟਾ ਦੇ ਵਕੀਲ ਸਟੀਵ ਕੌਂਪਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਅਤੇ ਦੋ ਹੋਰ ਫਰਮਾਂ ਵੱਲੋਂ ਤੀਹ ਮਰੀਜ਼ਾਂ ਨੂੰ ਲੈ ਕੇ ਅਦਾਲਤ ਵਿੱਚ ਕੇਸ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਜਿੰਨਾ ਨਜ਼ਰ ਆ ਰਿਹਾ ਹੈ ਉਸ ਤੋਂ ਬਹੁਤ ਜ਼ਿਆਦਾ ਵੱਡਾ ਹੈ ਤੇ ਇਸ ਮਾਮਲੇ ਵਿਚ ਅਜੇ ਹੋਰ ਬਹੁਤ ਸਾਰੇ ਖੁਲਾਸੇ ਹੋ ਸਕਦੇ ਹਨ। ਦੱਸਣਾ ਬਣਦਾ ਹੈ ਕਿ ਇਸ ਮਾਮਲੇ ਵਿਚ ਅਜੇ ਰੱਖਿਆਤਮਕ ਪੱਖ ਤੋਂ ਕੋਈ ਕਾਰਵਾਈ ਨਹੀਂ ਹੋਈ ਤੇ ਉਮੀਦ ਹੈ ਕਿ ਜੱਜ ਕਲਾਸ ਐਕਸ਼ਨ ਲਈ ਅਰਜ਼ੀ ਮਨਜ਼ੂਰ ਕਰੇਗਾ।

ਸਫ਼ਾ 1 ਦੀ ਬਾਕੀ

# ਪ੍ਰਧਾਨ ਮੰਤਰੀ ਟਰੂਡੋ ਦ੍ਰਿੜਤਾ ਦਿਖਾਉਣ: ਨੋਟਲੇ

ਦੱਸਣਾ ਬਣਦਾ ਹੈ ਕਿ ਇਸ ਮਾਮਲੇ ਵਿਚ ਗੱਲਬਾਤ ਤਹਿ ਹੋ ਚੁੱਕੀ ਸੀ ਤੇ ਅਲਬਰਟਾ ਨੇ 500 ਮਿਲੀਅਨ ਡਾਲਰ ਪ੍ਰਤੀ ਸਾਲ ਬੀਸੀ ਨੂੰ ਦੇਣੇ ਸਨ। ਇਸ ਫੈਸਲੇ ਨਾਲ ਵਿੱਤੀ ਤੌਰ 'ਤੇ ਬੀਸੀ ਨੂੰ ਵੱਡਾ ਨੁਕਸਾਨ ਹੋਵੇਗਾ। ਪ੍ਰੀਮੀਅਰ ਵੱਲੋਂ ਕਿਹਾ ਗਿਆ ਹੈ ਕਿ ਜਿਹੜੇ ਅਲਬਰਟਾ ਵਾਸੀ ਬੀਸੀ ਦੇ ਵਪਾਰ ਦਾ ਵਿਰੋਧ ਕਰਨਗੇ ਸਰਕਾਰ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ। ਸਾਡੇ ਲਈ ਇਸ ਮਾਮਲੇ ਵਿਚ ਇਕਜੁੱਟਤਾ ਬਹੁਤ ਮਹੱਤਵਪੂਰਨ ਹੈ।

ਅਲਬਰਟਾ ਦੇ ਅਧਿਕਾਰਤ ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਬੀਸੀ ਦਾ ਰਵੱਈਆ ਧਮਕੀ ਭਰਿਆ ਬਣ ਚੁੱਕਾ ਹੈ ਤੇ ਇਸ ਨੂੰ ਲੈ ਕੇ ਕਾਰਵਾਈ ਹੋਣੀ ਚਾਹੀਦੀ ਹੈ। ਯੂਸੀਪੀ ਦੇ ਆਗੂ ਜੈਸਨ ਕੈਨੀ ਨੇ ਕਿਹਾ ਕਿ ਬੀਸੀ ਨਾਲ ਸਮਝੌਤਿਆਂ ਵਿਚ ਕਮੀ ਕਰਨੀ ਚਾਹੀਦੀ ਹੈ ਤਾਂ ਜੋ ਉਸਨੂੰ ਕੀਤੀਆਂ ਅਣਉਚਿਤ ਕਾਰਵਾਈਆਂ ਦਾ ਅਹਿਸਾਸ ਹੋਵੇ।

# ਟਾਈਟਲਰ ਦਾ ਵੀਡੀਉ ਵਾਇਰਲ, ਫਿਰ ਗਰਮਾਈ ਸਿਆਸਤ

ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਬੰਦ ਲਿਫ਼ਾਫ਼ਾ 3 ਫ਼ਰਵਰੀ ਨੂੰ ਦੁਪਹਿਰ ਸਮੇਂ ਇਕ ਅਣਪਛਾਤਾ ਵਿਅਕਤੀ ਗ੍ਰੇਟਰ ਕੈਲਾਸ਼ ਵਾਲੇ ਘਰ 'ਚ ਦੇ ਕੇ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖ ਕਤਲੇਆਮ ਕਰਕੇ ਹੀ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਉਸ ਤੋਂ ਵਿਸ਼ਵਾਸ ਉਠ ਗਿਆ ਸੀ। ਜੀ.ਕੇ. ਨੇ ਐਲਾਨ ਕੀਤਾ ਕਿ ਜੇਕਰ ਜਾਂਚ ਏਜੰਸੀਆਂ ਨੇ 24 ਘੰਟੇ ਵਿਚ ਟਾਈਟਲਰ ਨੂੰ ਗ੍ਰਿਫ਼ਤਾਰ ਨਾ ਕੀਤਾ ਤਾਂ ਦਿੱਲੀ ਕਮੇਟੀ ਇਥੇ ਪੁਲੀਸ ਹੈੱਡਕੁਆਰਟਰ ਦਾ ਘਿਰਾਓ ਕਰੇਗੀ ਅਤੇ ਅਕਾਲੀ ਦਲ ਵੱਲੋਂ ਸੰਸਦ ਵਿਚ ਇਹ ਮੁੱਦਾ ਉਠਾਇਆ ਜਾਵੇਗਾ।

ਦਿੱਲੀ ਕਮੇਟੀ ਨੇ ਵੱਖ-ਵੱਖ ਜਾਂਚ ਏਜੰਸੀਆਂ ਅਤੇ ਸੁਪਰੀਮ ਕੋਰਟ ਤੇ ਦਿੱਲੀ ਹਾਈਕੋਰਟ ਦੇ ਚੀਫ਼ ਜਸਟਿਸ ਅਤੇ ਐਸ.ਆਈ.ਟੀ. ਨੂੰ ਤੁਰੰਤ ਕਾਰਵਾਈ ਕਰਨ ਲਈ ਪੱਤਰ ਵੀ ਲਿਖੇ ਹਨ। ਵੀਡੀਓ 'ਚ ਟਾਈਟਲਰ ਆਪਣੇ ਦੋਸਤਾਂ ਤੋਂ 150 ਕਰੋੜ ਰੁਪਏ ਵਾਪਸ ਨਾ ਮਿਲਣ 'ਤੇ ਅਫ਼ਸੋਸ ਜਤਾ ਰਿਹਾ ਹੈ, ਜੋ ਬੇਨਾਮੀ, ਅਣਐਲਾਨੇ ਧਨ ਦਾ ਮਾਮਲਾ ਹੈ। ਇਕ ਹੋਰ ਕਲਿੱਪ 'ਚ ਟਾਈਟਲਰ ਸਵਿੱਸ ਅਕਾਊਂਟ ਵਾਲੀ ਕੰਪਨੀ 'ਚ ਆਪਣੇ ਪੁੱਤਰ ਦੇ ਸ਼ੇਅਰ ਹੋਣ ਦਾ ਜ਼ਿਕਰ ਰਹ ਰਿਹਾ ਹੈ ਤੇ ਕਾਂਗਰਸ ਹਾਈ ਕਮਾਨ ਨਾਲ ਰਾਜ ਸਭਾ ਜਾਂ ਦਿੱਲੀ ਦੇ ਮੁੱਖ ਮੰਤਰੀ ਦਾ ਅਹੁਦਾ ਮਿਲਣ ਬਾਰੇ ਹੋਈ ਗੱਲਬਾਤ ਦੀ ਜਾਣਕਾਰੀ ਦੇ ਰਿਹਾ ਹੈ। ਉਹ ਇਕ ਹੋਰ ਕਲਿੱਪ 'ਚ ਨਿਆਂਪਾਲਿਕਾ 'ਚ ਦਖ਼ਲ ਦਾ ਖੁਲਾਸਾ ਵੀ ਕਰਦਾ ਹੈ। ਇਸੇ ਤਰ੍ਹਾਂ ਦੀ ਇਕ ਹੋਰ ਕਲਿੱਪ 'ਚ ਟਾਈਟਲਰ ਅੰਨਾ ਹਜ਼ਾਰੇ, ਕਿਰਨ ਬੇਦੀ ਅਤੇ ਅਰਵਿੰਦ ਕੇਜਰੀਵਾਲ ਦੀ ਆਲੋਚਨਾ ਵੀ ਕਰ ਰਿਹਾ ਹੈ ਅਤੇ ਕੇਜਰੀਵਾਲ ਨੂੰ ਗੋਲੀ ਲੱਗਣ ਦੀ ਭਵਿੱਖਵਾਣੀ ਕਰਦਾ ਹੈ।

# ਟਾਈਟਲਰ ਨੂੰ ਕਲੀਨ ਚਿੱਟ ਦੇਣ ਲਈ ਅਮਰਿੰਦਰ ਸਿੰਘ ਮਾਫ਼ੀ ਮੰਗਣ : ਜਰਨੈਲ ਸਿੰਘ

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਜਰਨੈਲ ਸਿੰਘ ਨੇ ਮੰਗ ਕੀਤੀ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਿੱਖ ਕਤਲੇਆਮ ਦੇ ਮੁਕੱਦਮਿਆਂ ਵਿਚ ਨਾਮਜ਼ਦ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ 'ਕਲੀਨ ਚਿੱਟ' ਦੇਣ ਲਈ ਸਿੱਖਾਂ ਕੋਲੋਂ ਮਾਫ਼ੀ ਮੰਗਣ। ਉਨ੍ਹਾਂ ਕਿਹਾ ਕਿ ਨਵੇਂ ਖੁਲਾਸਿਆਂ ਨੂੰ ਸੁਪਰੀਮ ਕੋਰਟ ਵਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਸਾਹਮਣੇ ਸਬੂਤਾਂ ਸਮੇਤ ਪੇਸ਼ ਕੀਤਾ ਜਾਵੇ।

ਸਫ਼ਾ 17 ਦੀ ਬਾਕੀ

# ਪੰਜਾਬ ਨੂੰ 'ਪੰਜਾਬੀ ਸੂਬਾ' ਰਹਿਣ ਦਿਉ, ਅੰਗਰੇਜ਼ੀ ਸੂਬਾ ਨਾ ਬਣਾਉ !

ਵਿਰੋਧ ਪ੍ਰਗਟ ਕਰਨ ਨਾਲ ਸੜਕਾਂ-ਬੋਰਡਾਂ 'ਤੇ ਸੱਭ ਤੋਂ ਉੱਪਰ ਪੰਜਾਬੀ ਭਾਸ਼ਾ 'ਚ ਨਾਮ ਲਿਖਣਾ ਚੰਗਾ ਹੈ, ਪਰ ਕੀ ਇਸ ਨਾਲ ਰਾਜ ਭਾਸ਼ਾ ਐਕਟ ਦੀ ਅਤੇ ਪੰਜਾਬੀ ਸੂਬਾ ਬਣਾਉਣ ਦੀ ਭਾਵਨਾ ਸਾਕਾਰ ਹੋ ਸਕਦੀ ਹੈ? ਲੋੜ ਹੈ ਪੰਜਾਬ ਨੂੰ ਪੰਜਾਬੀ ਭਾਸ਼ੀ ਸੂਬਾ ਹੀ ਰੱਖਿਆ ਜਾਵੇ। ਇਸ ਨੂੰ ਫਿਰ ਤੋਂ ਅੰਗਰੇਜ਼ਾਂ ਦੀ ਬਸਤੀ ਬਣਾਉਣ ਵੱਲ ਨਾ ਵਧਿਆ ਜਾਵੇ। ਉਂਜ ਇਹ ਵੀ ਸਮੇਂ ਦਾ ਦੁਖਾਂਤ ਹੀ ਹੈ ਕਿ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਿੱਖਿਆ ਮੰਤਰੀ ਅਰੁਨਾ ਚੌਧਰੀ ਨੇ ਅਹੁਦੇ ਦੀ ਸਹੁੰ ਅੰਗਰੇਜ਼ੀ ਵਿਚ ਚੁੱਕੀ ਸੀ। ਅਸਲ ਵਿਚ ਉਨ੍ਹਾਂ ਦਾ ਇਹ ਸੰਕੇਤ ਹੀ ਸੀ ਕਿ ਪੰਜਾਬ ਨੂੰ ਹੁਣ 'ਪੰਜਾਬੀ ਦਾ ਸੂਬਾ' ਨਹੀਂ 'ਅੰਗਰੇਜ਼ੀ ਦਾ ਸੂਬਾ' ਬਣਾਉਣਾ ਹੈ। ਕਾਂਗਰਸ ਸਰਕਾਰ ਇਸ ਪੱਖੋਂ ਅਕਾਲੀ ਸਰਕਾਰ ਤੋਂ ਵੀ ਅੱਗੇ ਲੰਘ ਰਹੀ ਹੈ। ਗਰੀਬਾਂ ਨੂੰ ਸਿੱਖਿਆ ਤੋਂ ਵਾਂਝੇ ਰੱਖਣ ਅਤੇ ਅਮੀਰਾਂ ਨੂੰ ਹੀ ਸਿੱਖਿਅਤ ਕਰਨ ਦਾ ਸੱਭ ਤੋਂ 'ਵਧੀਆ' ਤਰੀਕਾ ਉਨ੍ਹਾਂ ਨੂੰ ਮਾਂ ਬੋਲੀ ਦੀ ਥਾਂ ਵਿਦੇਸ਼ੀ ਭਾਸ਼ਾ ਰਾਹੀਂ ਪੜ੍ਹਾਉਣਾ ਤੇ ਸਿੱਖਿਆ 'ਤੇ ਘੱਟ ਖਰਚ ਕਰਨਾਂ ਹੀ ਹੈ। ਇਹੀ ਕੁਝ ਸਰਕਾਰਾਂ ਕਰ ਰਹੀਆਂ ਹਨ। ਲੋੜ ਹੈ ਵਿਕਸਿਤ ਦੇਸ਼ਾਂ ਵਾਂਗ ਸਭ ਦੇ ਸਭ ਸਕੂਲ ਸਰਕਾਰੀ ਹੀ ਹੋਣ ਅਤੇ ਸਿੱਖਿਆ ਮਾਂ ਬੋਲੀ ਰਾਹੀਂ ਹੀ ਦਿੱਤੀ ਜਾਵੇ। ਵਰਨਾ ਦੇਸ਼ ਤੇ ਪੰਜਾਬ ਬਹੁਤ ਪੱਛੜ ਜਾਵੇਗਾ। ਗਰੀਬ ਅਮੀਰ ਇੱਕੋ ਜਿਹੀ ਸਿੱਖਿਆ ਹਾਸਲ ਕਰਨ, ਇਹੀ ਵਿਕਾਸ ਦੀ ਨਿਸ਼ਾਨੀ ਹੈ। ਜੇ ਸਰਕਾਰਾਂ ਇੰਜ ਨਹੀਂ ਕਰਨਗੀਆਂ ਤਾਂ ਇਤਿਹਾਸ ਇਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗਾ। ਸੁਚੇਤ ਸ਼ਹਿਰੀਆਂ, ਬੁੱਧੀਜੀਵੀਆਂ, ਸਾਹਿਤਕਾਰਾਂ ਤੇ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਮੋਹ ਕਰਨ ਵਾਲੇ ਸੱਭ ਲੋਕਾਂ ਨੂੰ ਸਾਰੀ ਸਿੱਖਿਆ ਕੇਵਲ ਮਾਂ ਬੋਲੀ ਤੇ ਕੇਵਲ ਸਰਕਾਰੀ ਸਕੂਲਾਂ ਰਾਹੀਂ ਦਿੱਤੇ ਜਾਣ ਲਈ ਇਕਮੁੱਠ ਹੋ ਕੇ ਹੰਭਲਾ ਮਾਰਨਾ ਹੋਵੇਗਾ। ਨਿੱਜੀ ਸਕੂਲ ਬੰਦ ਕਰਨ ਲਈ ਜੇ ਲੋੜ ਹੋਵੇ ਸੰਵਿਧਾਨਕ ਸੋਧ ਕਰ ਲੈਣੀ ਚਾਹੀਦੀ ਹੈ। ਇਹ ਸਿਰਫ਼ ਲੇਖਕਾਂ ਦਾ ਹੀ ਨਹੀਂ ਸਮੂਹ ਲੋਕਾਂ ਦਾ ਮਾਮਲਾ ਹੈ। 'ਮਾਂ ਬੋਲੀ ਜੇ ਭੁੱਲ ਜਾਓਗੇ-ਕੱਖਾਂ ਵਾਂਗੂ ਰੁਲ ਜਾਓਗੇ।'

Harjeet Sandhu
REALTOR
''Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

## ਮਿੰਨੀ ਕਹਾਣੀਆਂ

# ਪੱਤਝੜ ਦੀ ਰਾਤ

## ਲੂ ਸ਼ੁਨ



ਲੂ ਸ਼ੁਨ (25 ਸਤੰਬਰ, 1881-19 ਅਕਤੂਬਰ, 1936) ਚੀਨੀ ਲੇਖਕ ਛੋਊ ਸ਼ੁਰਨ ਦਾ ਕਲਮੀ ਨਾਂ ਹੈ। ਉਹ ਕਹਾਣੀਕਾਰ, ਨਿਬੰਧਕਾਰ ਅਤੇ ਆਲੋਚਕ ਸਨ। ਉਨ੍ਹਾਂ ਦੀ ਰਚਨਾ 'ਇੱਕ ਪਾਗਲ ਦੀ ਡਾਇਰੀ' ਬਹੁਤ ਮਸ਼ਹੂਰ ਹੈ। ਉਹ ਛੇਜੀਆਂਗ ਸੂਬੇ ਦੇ ਸ਼ਹਿਰ ਸ਼ਾਓਸ਼ਿੰਗ ਵਿੱਚ ਇੱਕ ਗਰੀਬ ਪਰਿਵਾਰ ਵਿਚ ਜੰਮੇ। 12 ਸਾਲ ਦੀ ਉਮਰ ਵਿੱਚ ਉਹ ਆਪਣੀ ਮਾਂ ਨਾਲ ਆਪਣੇ ਨਾਨਕੇ ਚਲੇ ਗਏ, ਕਿਉਂਕਿ ਉਨ੍ਹਾਂ ਦੇ ਦਾਦਾ ਜੀ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ ਸੀ। 1902 ਵਿੱਚ ਉਹ ਡਾਕਟਰੀ ਦੀ ਪੜ੍ਹਾਈ ਲਈ ਜਾਪਾਨ ਚਲੇ ਗਏ। ਟੋਕੀਓ ਵਿਚ ਉਨ੍ਹਾਂ ਨੇ ਕਮਿਊਨਿਸਟ ਰਸਾਲੇ 'ਹ-ਨਾਨ' ਲਈ ਲੇਖ ਲਿੱਖਣੇ ਸ਼ੁਰੂ ਕਰ ਦਿੱਤੇ। 1909 ਵਿਚ ਉਹ ਪੜ੍ਹਾਈ ਛੱਡ ਕੇ ਚੀਨ ਵਾਪਸ ਆ ਗਏ। ਉਨ੍ਹਾਂ ਨੇ ਹਾਂਗਛੋਊ, ਸ਼ਾਓਸ਼ਿੰਗ ਅਤੇ ਬੀਜਿੰਗ ਯੂਨਿਵਰਸਿਟੀਆਂ ਵਿਚ ਪੜ੍ਹਾਇਆ ਅਤੇ ਸਿੱਖਿਆ ਮੰਤਰਾਲੇ ਵਿਚ ਵੀ ਨੌਕਰੀ ਕੀਤੀ।ਉਹ 'ਪਨਲਿਉ' (1924) ਅਤੇ 'ਯੀਵਨ' (1934) ਰਸਾਲਿਆਂ ਦੇ ਸੰਪਾਦਕ ਵੀ ਸਨ। 1933 ਵਿਚ ਉਨ੍ਹਾਂ ਨੂੰ ਟੀ ਬੀ ਹੋ ਗਈ ਅਤੇ 1936 ਵਿਚ ਉਨ੍ਹਾਂ ਦੀ ਮੌਤ ਹੋ ਗਈ।

ਮੇਰੇ ਪਿਛਲੇ ਵਿਹੜੇ ਦੀ ਕੰਧ ਕੋਲ਼ ਤੁਸੀਂ ਦੋ ਰੁੱਖ ਦੇਖ ਸਕਦੇ ਹੋ ਇਕ ਖਜੂਰ ਦਾ ਰੁੱਖ ਹੈ ਤੇ ਦੂਜਾ ਵੀ ਖਜੂਰ ਦਾ ਰੁੱਖ ਹੈ।

ਉਨ੍ਹਾਂ ਉੱਪਰ ਰਾਤ ਦਾ ਅਸਮਾਨ ਬਹੁਤ ਅਨੋਖਾ ਅਤੇ ਉੱਚਾ ਹੈ। ਮੈਂ ਕਦੇ ਏਨਾ ਅਨੋਖਾ ਤੇ ਉੱਚਾ ਅਸਮਾਨ ਨਹੀਂ ਵੇਖਿਆ। ਲਗਦਾ ਹੈ ਉਹ ਮਨੁੱਖਾਂ ਦੇ ਇਸ ਸੰਸਾਰ ਨੂੰ ਛੱਡਣਾ ਚਾਹੁੰਦਾ ਹੈ ਤਾਂ ਕਿ ਜਦੋਂ ਲੋਕ ਉੱਪਰ ਵੇਖਣ ਤਾਂ ਉਸ ਨੂੰ ਵੇਖ ਨਾ ਸਕਣ। ਫਿਲਹਾਲ ਇਹ ਬਿਲਕੁਲ ਨੀਲਾ ਹੈ, ਪਰ ਉਸ ਦੀਆਂ ਅਨੇਕਾਂ ਘੂਰਦੀਆਂ ਅੱਖਾਂ ਠੰਢੀਆਂ ਝਪਕੀਆਂ ਲੈ ਰਹੀ ਹਨ। ਉਸ ਦੇ ਬੁੱਲ੍ਹਾਂ ਉੱਤੇ ਉੱਡਦੀ ਜਿਹੀ ਮੁਸਕਰਾਹਟ ਖੇਡ ਰਹੀ ਹੈ, ਮੁਸਕਰਾਹਟ ਜਿਸ ਨੂੰ ਉਹ ਬਹੁਤ ਅਹਿਮ ਸਮਝਦਾ ਹੈ ਤੇ ਉਹ ਰੋਜ਼ ਮੇਰੇ ਵਿਹੜੇ ਦੇ ਜੰਗਲੀ ਬੂਟਿਆਂ ਨੂੰ ਸੰਘਣੇ ਕੋਹਰੇ ਨਾਲ਼ ਢਕ ਦਿੰਦਾ ਹੈ।

ਮੈਨੂੰ ਨਹੀਂ ਪਤਾ ਇਨ੍ਹਾਂ ਬੂਟਿਆਂ ਨੂੰ ਕੀ ਕਹਿੰਦੇ ਨੇ, ਉਨ੍ਹਾਂ ਨੂੰ ਆਮ ਤੌਰ 'ਤੇ ਕਿਹੜੇ ਨਾਮਾਂ ਨਾਲ਼ ਜਾਣਿਆ ਜਾਂਦਾ ਹੈ। ਮੈਨੂੰ ਯਾਦ ਹੈ ਕਿ ਉਨ੍ਹਾਂ ਵਿਚੋਂ ਇਕ ਉੱਤੇ ਛੋਟੇ ਗੁਲਾਬੀ ਫੁੱਲ ਲੱਗੇ ਹੋਏ ਸਨ ਅਤੇ ਉਸਦੇ ਫੁੱਲ ਹਾਲੇ ਤੱਕ ਖਿੜੇ ਹੋਏ ਹਨ, ਭਾਵੇਂ ਪਹਿਲਾਂ ਨਾਲ਼ੋਂ ਵੱਧ ਛੋਟੇ ਹਨ। ਠੰਢੀ ਰਾਤ ਦੀ ਹਵਾ ਵਿਚ ਠਰਦੇ ਹੋਏ ਉਹ ਆਉਣ ਵਾਲੀ ਬਹਾਰ ਦਾ, ਪੱਤਝੜ ਜਾਣ ਦਾ ਸੁਪਨੇ ਵੇਖਦੇ ਹਨ। ਉਹ ਸੁਪਨੇ ਵੇਖਦੇ ਹਨ ਕਿ ਉਨ੍ਹਾਂ ਦੇ ਆਖਰੀ ਪੱਤਿਆਂ ਉੱਤੇ ਇਕ ਕੁਸ਼ਕਾਇ ਕਵੀ ਵੱਲੋਂ ਹੰਝੂ ਪੂੰਝਣ ਦਾ, ਜੋ ਉਨ੍ਹਾਂ ਨੂੰ ਦੱਸਦਾ ਹੈ ਕਿ ਪੱਤਝੜ ਆਵੇਗਾ ਤੇ ਸਿਆਲ਼ ਆਉਣਗੇ, ਪਰ ਫੇਰ ਬਹਾਰ ਆਵੇਗੀ, ਜਦੋਂ ਤਿਤਲੀਆਂ ਇੱਧਰੋਂ-ਉੱਧਰ ਨੱਚਣਗੀਆਂ ਅਤੇ ਸਭ ਮਧੂ-ਮੱਖੀਆਂ ਬਹਾਰ ਦਾ ਗੀਤ ਗੁਣਗੁਣਾਉਣਗੀਆਂ। ਉਦੋਂ ਛੋਟੇ ਗੁਲਾਬੀ ਫੁੱਲ ਹੱਸਣਗੇ, ਭਾਵੇਂ ਉਹ ਪਾਲ਼ੇ ਨਾਲ਼ ਕੁਝ ਉਦਾਸ ਕਿਰਮਚੀ ਰੰਗੇ ਹੋ ਗਏ ਹਨ ਅਤੇ ਹਾਲੇ ਵੀ ਕੰਬ ਰਹੇ ਹਨ।

ਜਿੱਥੇ ਤੱਕ ਖਜੂਰ ਦੇ ਰੁੱਖਾਂ ਦਾ ਸੁਆਲ ਹੈ, ਉਨ੍ਹਾਂ ਦੇ ਸਾਰੇ ਪੱਤੇ ਝੜ ਚੁੱਕੇ ਹਨ। ਪਹਿਲਾਂ ਇਕ ਜਾਂ ਦੋ ਮੁੰਡੇ ਖਜੂਰ ਤੋੜਨ ਆਉਂਦੇ ਰਹੇ ਜੋ ਦੂਜੇ ਲੋਕਾਂ ਤੋਂ ਬਚ ਗਈਆਂ ਸਨ। ਪਰ ਹੁਣ ਇਕ ਵੀ ਨਹੀਂ ਬਚੀ ਅਤੇ ਰੁੱਖਾਂ ਦੇ ਸਭ ਪੱਤੇ ਵੀ ਝੜ ਗਏ। ਉਹ ਛੋਟੇ ਗੁਲਾਬੀ ਫੁੱਲਾਂ ਦੇ ਪੱਤਝੜ ਮਗਰੋਂ ਬਹਾਰ ਵਿਚ ਝੜੇ ਪੱਤਿਆਂ ਦੇ ਸੁਪਨੇ ਬਾਰੇ ਵੀ ਜਾਣਦੇ ਹਨ। ਬੇਸ਼ੱਕ ਉਨ੍ਹਾਂ ਦੇ ਸਭ ਪੱਤੇ ਝੜ ਗਏ ਹਨ ਅਤੇ ਸਿਰਫ਼ ਤਣੇ ਹੀ ਬਾਕੀ ਬਚੇ ਹਨ, ਪਰ ਫਲ਼ਾਂ ਅਤੇ ਪੱਤਿਆਂ ਦੇ ਭਾਰ ਤੋਂ ਸੱਖਣੇ ਉਹ ਸ਼ਾਨ ਨਾਲ਼ ਤਣੇ ਹੋਏ ਹਨ। ਕੁਝ ਟਾਹਣੀਆਂ ਹਾਲੇ ਵੀ ਝੁਕੀਆਂ ਹੋਈਆਂ ਹਨ, ਖਜੂਰ ਤੋੜਨ ਵਾਲ਼ੀਆਂ ਸੋਟੀਆਂ ਨਾਲ਼ ਤਣਿਆਂ ਉੱਤੇ ਹੋਏ ਜ਼ਖ਼ਮ ਨੂੰ ਪਲੋਸ ਰਹੀਆਂ ਹਨ, ਜਦਕਿ ਸਲਾਖ ਵਾਂਗ ਸਖਤ ਤੇ ਸਭ ਤੋਂ ਉੱਚੀਆਂ ਤੇ ਸਿੱਧੀਆਂ ਟਾਹਣੀਆਂ ਹੈਰਾਨੀ ਵਿਚ ਪਲਕਾਂ ਝਪਕਦੀਆਂ ਹੋਈਆਂ ਚੁੱਪਚਾਪ ਅਨੋਖੇ ਤੇ ਉੱਚੇ ਅਸਮਾਨ ਨੂੰ ਚੀਰ ਰਹੀਆਂ ਹਨ। ਉਹ ਅਸਮਾਨ ਵਿਚਲੇ ਪੂਰੇ ਚੰਨ ਨੂੰ ਵੀ ਪੀਲਾ ਅਤੇ ਪ੍ਰੇਸ਼ਾਨ ਬਣਾਉਂਦੀਆਂ ਹੋਈਆਂ ਚੀਰ ਰਹੀਆਂ ਹਨ।

ਹੈਰਾਨੀ ਵਿਚ ਪਲਕਾਂ ਝਪਕਦਾ ਅਸਮਾਨ ਹੋਰ ਵਧੇਰੇ ਨੀਲਾ ਹੁੰਦਾ ਜਾ ਰਿਹਾ ਹੈ, ਹੋਰ ਵਧੇਰੇ ਪ੍ਰੇਸ਼ਾਨ ਹੁੰਦਾ ਜਾ ਰਿਹਾ ਹੈ, ਜਿਵੇਂ ਚੰਨ ਨੂੰ ਪਿੱਛੇ ਛੱਡ ਕੇ ਅਤੇ ਖਜੂਰ ਦੇ ਰੁੱਖਾਂ ਤੋਂ ਬਚਦਾ ਹੋਇਆ ਇਨਸਾਨਾਂ ਦੀ ਦੁਨੀਆ ਤੋਂ ਭੱਜਣ ਨੂੰ ਕਾਹਲਾ ਹੋਵੇ। ਪਰ ਚੰਨ ਵੀ ਆਪਣੇ ਆਪ ਨੂੰ ਪੂਰਬ ਦਿਸ਼ਾ ਵੱਲ ਲੁਕਾ ਰਿਹਾ ਹੈ, ਜਦਕਿ ਹਾਲੇ ਵੀ ਚੁੱਪ ਅਤੇ ਸਲਾਖਾਂ ਵਰਗੀਆਂ ਸਖਤ ਨੰਗੀਆਂ ਟਾਹਣੀਆਂ ਅਨੋਖੇ ਤੇ ਉੱਚੇ ਅਸਮਾਨ ਉੱਤੇ ਘਾਤਕ ਜ਼ਖ਼ਮ ਦਾਗਣ ਲਈ, ਚਾਹੇ ਉਹ ਕਿੰਨੇ ਹੀ ਰੂਪਾਂ ਵਿਚ ਆਪਣੀਆਂ ਸਭ ਜਾਦੂਈ ਅੱਖਾਂ ਨੂੰ ਝਪਕੇ, ਚੀਰ ਰਹੇ ਹਨ।

ਚੀਕ ਦੀ ਆਵਾਜ਼ ਨਾਲ਼ ਇਕ ਤੇਜ਼ ਰਾਤ ਦਾ ਪੰਛੀ ਗੁਜਰਦਾ ਹੈ।

ਅਚਾਨਕ ਮੈਂ ਅੱਧੀ ਰਾਤ ਦਾ ਹਾਸਾ ਸੁਣਦਾ ਹਾਂ। ਉਸਦੀ ਅਵਾਜ਼ ਮੱਧਮ ਜਿਹੀ ਹੈ, ਜਿਵੇਂ ਸੁੱਤਿਆਂ ਨੂੰ ਜਗਾਉਣਾ ਨਾ ਚਾਹੁੰਦੀ ਹੋਵੇ, ਪਰ ਚਾਰੇ ਪਾਸੇ ਹਵਾ ਇਸ ਹਾਸੇ ਨੂੰ ਗੂੰਜਣ ਲਾ ਦਿੰਦੀ ਹੈ। ਅੱਧੀ ਰਾਤ, ਤੇ ਹੋਰ ਕੋਈ ਨਹੀਂ। ਇਕਦਮ ਮੈਂ ਮਹਿਸੂਸ ਕਰਦਾ ਹਾਂ ਕਿ ਹੱਸਣ ਵਾਲਾ ਮੈਂ ਹਾਂ ਅਤੇ ਇਕਦਮ ਇਹ ਹਾਸਾ ਮੈਨੂੰ ਆਪਣੇ ਕਮਰੇ ਅੰਦਰ ਧੱਕਦਾ ਹੈ। ਮੈਂ ਇਕਦਮ ਲੈਂਪ ਦੀ ਬੱਤੀ ਬਾਲ਼ ਕੇ ਤੇਜ਼ ਕਰਦਾ ਹਾਂ।

ਪਿਛਲੀ ਖਿੜਕੀ ਦੀ ਸੀਸ਼ੇ ਥਾਣੀਂ ਪਟ-ਪਟ ਦੀ ਅਵਾਜ਼ ਆ ਰਹੀ ਹੈ, ਜਿੱਥੇ ਮੱਛਰਾਂ ਦੇ ਝੁੰਡ ਸ਼ੀਸ਼ੇ ਨਾਲ਼ ਝੱਲਿਆਂ ਵਾਂਗ ਟਕਰਾ ਰਹੇ ਹਨ। ਕੁਝ ਖਿੜਕੀ ਦੇ ਸੁਰਾਖ਼ ਰਾਹੀਂ ਅੰਦਰ ਆ ਵੜੇ ਹਨ। ਅੰਦਰ ਆਉਂਦਿਆਂ ਹੀ ਉਹ ਲੈਂਪ ਦੇ ਸ਼ੀਸ਼ੇ ਨਾਲ਼ ਪਟ-ਪਟ ਟਕਰਾਉਂਦੇ ਹਨ। ਇਕ ਉੱਪਰੋਂ ਲੈਂਪ ਦੇ ਸ਼ੀਸ਼ੇ ਅੰਦਰ ਲੋਅ ਉੱਤੇ ਡਿੱਗਦਾ ਹੈ ਤੇ ਮੈਂ ਸਮਝਦਾ ਹਾਂ ਕਿ ਉਹ ਅਸਲੀ ਹੈ। ਕਾਗਜ਼ ਦੇ ਢੱਕਣ ਉੱਤੇ ਦੋ ਜਾਂ ਤਿੰਨ ਰਹੇ ਹੋਏ ਬੈਠੇ ਹਨ। ਪਿਛਲੀ ਰਾਤ ਤੋਂ ਮਗਰੋਂ ਇੱਥੇ ਨਵਾਂ ਕਾਗਜ਼ ਦਾ ਢੱਕਣ ਹੈ। ਉਸ ਦੇ ਬਰਫੀਲੇ ਸਫ਼ੈਦ ਕਾਗਜ਼ ਵਿਚ ਝਾਲਰਾਂ ਲੱਗੀਆਂ ਹੋਈਆਂ ਹਨ ਤੇ ਉਹ ਇਕ ਕਿਨਾਰੇ ਤੋਂ ਲਹੂ ਰੰਗੇ ਗਾਰਡੀਨੀਆ ਫੁੱਲਾਂ ਦੇ ਰੰਗ ਨਾਲ਼ ਰੰਗਿਆ ਹੋਇਆ ਹੈ।

ਲਹੂ ਰੰਗੇ ਗਾਰਡੀਨੀਆ ਦੇ ਫੁੱਲ ਜਦੋਂ ਖਿੜਨਗੇ, ਖਜੂਰ ਦੇ ਰੁੱਖ ਸੋਹਣੇ ਪੱਤਿਆਂ ਨਾਲ਼ ਝੁਕਣਗੇ, ਉਦੋਂ ਉਹ ਛੋਟੇ ਗੁਲਾਬ ਦੇ ਫੁੱਲਾਂ ਦੇ ਸੁਪਨੇ ਦਾ ਇਕ ਵਾਰ ਫੇਰ ਸੁਪਨਾ ਵੇਖਣਗੇ ਅਤੇ ਮੈਂ ਇਕ ਵਾਰ ਫੇਰ ਅੱਧੀ ਰਾਤ ਦਾ ਹਾਸਾ ਸੁਣਾਂਗਾ। ਮੈਂ ਕਾਹਲੀ ਨਾਲ਼ ਵਿਚਾਰਾਂ ਦੀ ਇਸ ਲੜੀ ਨੂੰ ਤੋੜਕੇ ਹਾਲੇ ਤੱਕ ਕਾਗਜ਼ ਉੱਤੇ ਬੈਠੇ ਛੋਟੇ ਹਰੇ ਪਤੰਗਿਆਂ ਨੂੰ ਵੇਖਦਾ ਹਾਂ। ਸੂਰਜਮੁਖੀ ਦੇ ਬੀਜਾਂ ਵਾਂਗ ਆਪਣੇ ਵੱਡੇ ਸਿਰਾਂ ਅਤੇ ਛੋਟੀਆਂ ਪੂੰਛਾਂ ਨਾਲ਼ ਕਣਕ ਦੇ ਦਾਣੇ ਨਾਲ਼ੋਂ ਅੱਧੇ ਅਕਾਰ ਵਾਲ਼ੇ ਉਹ ਸਭ ਖਿੱਚਵੇਂ ਤੇ ਦਿਲ-ਹਲੂਣਵੇਂ ਹਰੇ ਹਨ।

ਮੈਂ ਅੰਗੜਾਈ ਲੈਂਦਾ ਹਾਂ, ਸਿਗਰਟ ਬਾਲ਼ਦਾ ਹਾਂ ਅਤੇ ਧੂੰਆਂ ਛੱਡਦਾ ਹਾਂ, ਲੈਂਪ ਸਾਹਮਣੇ ਇਨ੍ਹਾਂ ਹਰੇ ਅਤੇ ਸੰਵੇਦਨਸ਼ੀਲ ਨਾਇਕਾਂ ਨੂੰ ਮੌਨ ਸ਼ਰਧਾਂਜਲੀ ਦਿੰਦਾ ਹੋਇਆ।

***

## ਗ਼ਰੀਬਾਂ ਨੂੰ ਸੰਤੁਸ਼ਟੀ ਦਾ ਨੁਸਖ਼ਾ

ਇੱਕ ਅਧਿਆਪਕ ਆਪਣੇ ਬੱਚਿਆਂ ਨੂੰ ਨਹੀਂ ਪੜ੍ਹਾਉਂਦਾ, ਉਸ ਦੇ ਬੱਚਿਆਂ ਨੂੰ ਦੂਜੇ ਹੀ ਪੜ੍ਹਾਉਂਦੇ ਹਨ। ਇਕ ਡਾਕਟਰ ਆਪਣਾ ਇਲਾਜ ਆਪਣੇ ਆਪ ਨਹੀਂ ਕਰਦਾ, ਉਸ ਦਾ ਇਲਾਜ ਕੋਈ ਦੂਜਾ ਡਾਕਟਰ ਕਰਦਾ ਹੈ। ਪਰ ਆਪਣਾ ਜੀਵਨ ਜਿਉਣ ਦਾ ਤਰੀਕਾ ਹਰ ਆਦਮੀ ਨੂੰ ਖੁਦ ਖੋਜਣਾ ਪੈਂਦਾ ਹੈ, ਕਿਉਂਕਿ ਜਿਉਣ ਦੀ ਕਲਾ ਦੇ ਜੋ ਵੀ ਨੁਸਖ਼ੇ ਦੂਜੇ ਲੋਕ ਬਣਾਉਂਦੇ ਹਨ, ਉਹ ਵਾਰ-ਵਾਰ ਬੇਕਾਰ ਸਾਬਤ ਹੁੰਦੇ ਹਨ।

ਦੁਨੀਆਂ ਵਿੱਚ ਪੁਰਾਤਨ ਸਮੇਂ ਤੋਂ ਹੀ ਅਮਨ ਅਤੇ ਚੈਨ ਬਣਾਈ ਰੱਖਣ ਲਈ ਗ਼ਰੀਬੀ ਵਿਚ ਸੰਤੁਸ਼ਟ ਰਹਿਣ ਦਾ ਉਪਦੇਸ਼ ਵੱਡੇ ਪੈਮਾਨੇ 'ਤੇ ਦਿੱਤਾ ਜਾਂਦਾ ਹੈ। ਗ਼ਰੀਬਾਂ ਨੂੰ ਵਾਰ-ਵਾਰ ਦੱਸਿਆ ਜਾਂਦਾ ਹੈ ਕਿ ਸੰਤੁਸ਼ਟੀ ਹੀ ਪੈਸਾ ਹੈ। ਗ਼ਰੀਬਾਂ ਲਈ ਸੰਤੁਸ਼ਟੀ ਹਾਸਲ ਕਰਨ ਦੇ ਅਨੇਕ ਨੁਸਖ਼ੇ ਤਿਆਰ ਕੀਤੇ ਗਏ ਹਨ, ਪਰ ਉਨ੍ਹਾਂ ਵਿਚੋਂ ਕੋਈ ਵੀ ਪੂਰੀ ਤਰ੍ਹਾਂ ਸਫ਼ਲ ਸਾਬਤ ਨਹੀਂ ਹੋਇਆ ਹੈ। ਹੁਣ ਵੀ ਰੋਜ਼ਾਨਾ ਨਵੇਂ-ਨਵੇਂ ਨੁਸਖ਼ੇ ਸੁਝਾਏ ਜਾ ਰਹੇ ਹਨ। ਮੈਂ ਹੁਣੇ ਹਾਲ ਹੀ ਵਿਚ ਅਜਿਹੇ ਦੋ ਨੁਸਖ਼ਿਆਂ ਨੂੰ ਵੇਖਿਆ ਹੈ। ਉਂਝ ਇਹ ਦੋਵੇਂ ਵੀ ਬੇਕਾਰ ਹੀ ਹਨ।

ਇਨ੍ਹਾਂ ਵਿਚੋਂ ਇਕ ਨੁਸਖ਼ਾ ਇਹ ਹੈ ਕਿ ਲੋਕਾਂ ਨੂੰ ਆਪਣੇ ਕੰਮਾਂ ਵਿਚ ਦਿਲਚਸਪੀ ਲੈਣੀ ਚਾਹੀਦੀ ਹੈ। 'ਜੇਕਰ ਤੁਸੀ ਆਪਣੇ ਕੰਮ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿਉ ਤਾਂ ਕੰਮ ਚਾਹੇ ਕਿੰਨਾ ਵੀ ਮੁਸ਼ਕਲ ਕਿਉਂ ਨਾ ਹੋਵੇ, ਤੁਸੀ ਖੁਸ਼ੀ ਨਾਲ਼ ਕੰਮ ਕਰੋਗੇ ਅਤੇ ਕਦੇ ਨਹੀਂ ਥੱਕੋਗੇ।' ਜੇਕਰ ਕੰਮ ਬਹੁਤ ਮੁਸ਼ਕਲ ਨਾ ਹੋਵੇ ਤਾਂ ਇਹ ਗੱਲ ਸੱਚ ਹੋ ਸਕਦੀ ਹੈ। ਚਲੋ, ਅਸੀਂ ਖਾਣ ਮਜ਼ਦੂਰਾਂ ਅਤੇ ਕਿਰਤੀਆਂ ਦੀ ਗੱਲ ਨਹੀਂ ਕਰਦੇ। ਆਉ ਅਸੀਂ ਸ਼ੰਘਾਈ ਦੇ ਕਾਰਖ਼ਾਨਿਆਂ ਵਿਚ ਦਿਨ 'ਚ 10 ਘੰਟਿਆਂ ਤੋਂ ਜ਼ਿਆਦਾ ਕੰਮ ਕਰਨ ਵਾਲ਼ੇ ਮਜ਼ਦੂਰਾਂ ਬਾਰੇ ਗੱਲ ਕਰੀਏ। ਉਹ ਮਜ਼ਦੂਰ ਸ਼ਾਮ ਤੱਕ ਥੱਕ ਕੇ ਚੂਰ-ਚੂਰ ਹੋ ਜਾਂਦੇ ਹੋ। ਉਨ੍ਹਾਂ ਨੂੰ ਉਪਦੇਸ਼ ਦਿੱਤਾ ਜਾਂਦਾ ਹੈ ਕਿ ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਮਨ ਹੁੰਦਾ ਹੈ। ਜੇਕਰ ਤੁਹਾਨੂੰ ਆਪਣੇ ਸਰੀਰ ਦੀ ਦੇਖਭਾਲ਼ ਦੀ ਫੁਰਸਤ ਨਹੀਂ ਮਿਲ਼ਦੀ ਤਾਂ ਤੁਸੀ ਕੰਮ ਵਿਚ ਦਿਲਚਸਪੀ ਕਿੱਥੋਂ ਪੈਦਾ ਕਰੋਗੇ? ਇਸ ਹਾਲਤ ਵਿਚ ਉਹੀ ਆਦਮੀ ਕੰਮ ਵਿਚ ਦਿਲਚਸਪੀ ਲੈ ਸਕਦਾ ਹੈ ਜੋ ਜੀਵਨ ਵਿਚ ਜ਼ਿਆਦਾ ਦਿਲਚਸਪੀ ਰੱਖਦਾ ਹੋਵੇ। ਜੇਕਰ ਤੁਸੀ ਸ਼ੰਘਾਈ ਦੇ ਮਜ਼ਦੂਰਾਂ ਨਾਲ਼ ਗੱਲ ਕਰੋ ਤਾਂ ਉਹ ਕੰਮ ਦੇ ਘੰਟੇ ਘੱਟ ਕਰਨ ਦੀ ਹੀ ਗੱਲ ਕਰਨਗੇ। ਉਹ ਕੰਮ ਵਿਚ ਦਿਲਚਸਪੀ ਪੈਦਾ ਕਰਨ ਦੀ ਗੱਲ ਕਲਪਨਾ ਵਿਚ ਵੀ ਨਹੀਂ ਸੋਚ ਸਕਦੇ।

ਇਸ ਤੋਂ ਵੀ ਜ਼ਿਆਦਾ ਪੱਕਾ ਨੁਸਖ਼ਾ ਦੂਜਾ ਹੈ। ਕੁਝ ਲੋਕ ਅਮੀਰਾਂ ਅਤੇ ਗ਼ਰੀਬਾਂ ਦੀ ਤੁਲਨਾ ਕਰਦੇ ਹੋਏ ਕਹਿੰਦੇ ਹਨ ਕਿ ਅੱਗ ਵਰ੍ਹਾਉਣ ਵਾਲ਼ੀ ਗਰਮੀ ਦੇ ਦਿਨਾਂ ਵਿਚ ਅਮੀਰ ਲੋਕ ਆਪਣੀ ਪਿੱਠ 'ਤੇ ਵਗਦੇ ਮੁੜ੍ਹਕੇ ਦੀ ਧਾਰ ਦੀ ਚਿੰਤਾ ਨਾ ਕਰਦੇ ਹੋਏ ਸਮਾਜਕ ਸੇਵਾ ਵਿਚ ਲੱਗੇ ਰਹਿੰਦੇ ਹਨ। ਗ਼ਰੀਬਾਂ ਦਾ ਕੀ ਹੈ? ਉਹ ਇਕ ਟੁੱਟੀ ਚਟਾਈ ਗਲ਼ੀ ਵਿਚ ਵਿਛਾ ਲੈਂਦੇ ਹਨ, ਫੇਰ ਆਪਣੇ ਕੱਪੜੇ ਲਾਹੁੰਦੇ ਹਨ ਅਤੇ ਚਟਾਈ ਉੱਤੇ ਬੈਠ ਕੇ ਅਰਾਮ ਨਾਲ ਠੰਡੀ ਹਵਾ ਖਾਂਦੇ ਹਨ। ਇਹ ਕਿੰਨਾ ਸੁਖਦਾਈ ਹੈ। ਇਸ ਨੂੰ ਕਹਿੰਦੇ ਹਨ ਚਟਾਈ ਸਮੇਟਣ ਵਾਂਗ ਦੁਨੀਆਂ ਨੂੰ ਜਿੱਤਣਾ। ਇਹ ਸਭ ਅਨੋਖਾ ਅਤੇ ਰਾਜਸੀ ਨੁਸਖ਼ਾ ਹੈ, ਪਰ ਇਸ ਤੋਂ ਬਾਅਦ ਇਕ ਦੁੱਖ ਭਰਿਆ ਦ੍ਰਿਸ਼ ਸਾਹਮਣੇ ਆਉਂਦਾ ਹੈ। ਜੇ ਤੁਸੀ ਠੰਢ ਦੀ ਰੁੱਤ ਵਿਚ ਗਲ਼ੀਆਂ ਵਿਚੋਂ ਗੁਜ਼ਰ ਰਹੇ ਹੋਵੋ ਤਾਂ ਵੇਖੋਗੇ ਕਿ ਕੁਝ ਲੋਕ ਆਪਣੇ ਢਿੱਡ ਕਸ ਕੇ ਫੜੀ ਬੈਠੇ ਹਨ ਅਤੇ ਕੁੱਝ ਨੀਲੇ ਤਰਲ ਪਦਾਰਥ ਦੀ ਉਲਟੀ ਕਰ ਰਹੇ ਹਨ। ਇਹ ਉਲਟੀ ਕਰਨ ਵਾਲ਼ੇ ਉਹ ਹੀ ਗ਼ਰੀਬ ਲੋਕ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਧਰਤੀ ਉੱਤੇ ਸਵਰਗ ਦਾ ਸੁੱਖ ਲੁੱਟਦੇ ਹਨ ਅਤੇ ਚਟਾਈ ਸਮੇਟਣ ਵਾਂਗ ਦੁਨੀਆਂ ਨੂੰ ਜਿੱਤਦੇ ਹਨ। ਮੇਰਾ ਖਿਆਲ ਹੈ ਕਿ ਸ਼ਾਇਦ ਹੀ ਕੋਈ ਅਜਿਹਾ ਮੂਰਖ ਹੋਵੇਗਾ ਜੋ ਸੁੱਖ ਦਾ ਮੌਕਾ ਵੇਖਕੇ ਵੀ ਉਸ ਤੋਂ ਫਾਇਦਾ ਨਾ ਉਠਾਉਂਦਾ ਹੋਵੇ। ਜੇ ਗ਼ਰੀਬੀ ਇੰਨੀ ਸੁੱਖ ਭਰੀ ਹੁੰਦੀ ਤਾਂ ਇਹ ਅਮੀਰ ਲੋਕ ਸਭ ਤੋਂ ਪਹਿਲਾਂ ਗਲ਼ੀਆਂ ਵਿਚ ਜਾ ਕੇ ਸੌਂ ਜਾਂਦੇ ਅਤੇ ਗ਼ਰੀਬਾਂ ਦੀ ਚਟਾਈ ਲਈ ਕੋਈ ਜਗ੍ਹਾ ਨਾ ਛੱਡਦੇ।

ਹੁਣੇ ਹਾਲ ਹੀ ਵਿਚ ਹੀ ਸ਼ੰਘਾਈ ਦੇ ਹਾਈ ਸਕੂਲ ਦੇ ਇਮਤਿਹਾਨਾਂ ਦੇ ਵਿਦਿਆਰਥੀਆਂ ਦੇ ਲੇਖ ਛਪੇ ਹਨ। ਉਨ੍ਹਾਂ ਵਿਚ ਇਕ ਲੇਖ ਦਾ ਸਿਰਲੇਖ ਹੈ 'ਠੰਢ ਤੋਂ ਬਚਾਉਣ ਯੋਗ ਕੱਪੜੇ ਅਤੇ ਢਿੱਡ ਭਰ ਕੇ ਭੋਜਨ'। ਇਸ ਲੇਖ ਵਿਚ ਕਿਹਾ ਗਿਆ ਹੈ ਕਿਇਕ ਗ਼ਰੀਬ ਵਿਅਕਤੀ ਵੀ ਘੱਟ ਖਾਕੇ ਅਤੇ ਘੱਟ ਪਹਿਨਕੇ ਜੇਕਰ ਮਾਨਵੀ ਗੁਣਾਂ ਦਾ ਵਿਕਾਸ ਕਰਦਾ ਹੈ ਤਾਂ ਭਵਿੱਖ ਵਿਚ ਉਸ ਨੂੰ ਜਸ ਮਿਲ਼ੇਗਾ। ਜਿਸ ਦਾ ਆਤਮਕ ਜੀਵਨ ਅਮੀਰ ਹੈ ਉਸ ਨੂੰ ਆਪਣੇ ਭੌਤਿਕ ਜੀਵਨ ਦੀ ਗ਼ਰੀਬੀ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਮਨੁੱਖੀ ਜੀਵਨ ਦੀ ਸਾਰਥਕਤਾ ਪਹਿਲੇ ਵਿਚ ਹੈ, ਦੂਜੇ ਵਿਚ ਨਹੀਂ।'

ਇਸ ਲੇਖ ਵਿਚ ਸਿਰਫ਼ ਭੋਜਨ ਦੀ ਲੋੜ ਨੂੰ ਨਹੀਂ ਨਕਾਰਿਆ ਗਿਆ ਹੈ, ਕੁਝ ਅੱਗੇ ਦੀਆਂ ਗੱਲਾਂ ਵੀ ਕਹੀਆਂ ਗਈਆਂ ਹਨ। ਪਰ ਹਾਈ ਸਕੂਲ ਦੇ ਵਿਦਿਆਰਥੀ ਦੇ ਇਸ ਸੁੰਦਰ ਨੁਸਖ਼ੇ ਤੋਂ ਯੂਨੀਵਰਸਿਟੀ ਦੇ ਉਹ ਵਿਦਿਆਰਥੀ ਸੰਤੁਸ਼ਟ ਨਹੀਂ ਹਨ ਜੋ ਨੌਕਰੀ ਖੋਜ ਰਹੇ ਹਨ।

ਤੱਥ ਹਮੇਸ਼ਾ ਬੇਰਹਿਮ ਹੁੰਦੇ ਹਨ। ਉਹ ਖੋਖਲੀਆਂ ਗੱਲਾਂ ਦੇ ਪਰਖਚੇ ਉਡਾ ਦਿੰਦੇ ਹਨ। ਮੇਰੇ ਖਿਆਲ ਵਿਚ ਹੁਣ ਉਹ ਸਮਾਂ ਆ ਗਿਆ ਹੈ ਕਿ ਅਜਿਹੀ ਪੰਡਤਾਊ ਬਕਵਾਸ ਨੂੰ ਬੰਦ ਕਰ ਦਿੱਤਾ ਜਾਵੇ। ਹੁਣ ਕਿਸੇ ਵੀ ਹਾਲਤ ਵਿਚ ਇਸ ਦਾ ਕੋਈ ਲਾਭ ਨਹੀਂ ਹੈ।

(13 ਅਗਸਤ, 1934)

***

## ਯੋਧਾ ਅਤੇ ਮੱਖੀਆਂ

ਸ਼ਾਪਨਹਾਵਰ ਨੇ ਕਿਹਾ ਹੈ ਕਿ ਮਨੁੱਖ ਦੀ ਮਹਾਨਤਾ ਦਾ ਅੰਦਾਜ਼ਾ ਲਾਉਣ ਵਿਚ, ਆਤਮਿਕ ਉਚਾਈ ਅਤੇ ਸਰੀਰਕ ਅਕਾਰ ਨੂੰ ਤੈਅ ਕਰਨ ਵਾਲ਼ੇ ਨੇਮ ਇਕ-ਦੂਜੇ ਦੇ ਵਿਰੁੱਧ ਹੁੰਦੇ ਹਨ ਕਿਉਂਕਿ ਉਹ ਸਾਡੇ ਤੋਂ ਜਿੰਨੇ ਦੂਰ ਹੁੰਦੇ ਹਨ, ਮਨੁੱਖਾਂ ਦੇ ਸਰੀਰ ਓਨੇ ਹੀ ਛੋਟੇ ਦਿਖਦੇ ਹਨ ਅਤੇ ਉਨ੍ਹਾਂ ਦੀਆਂ ਆਤਮਾਵਾਂ ਓਨੀਆਂ ਹੀ ਮਹਾਨ।

ਕਿਉਂਕਿ ਨੇੜਿਓਂ ਦੇਖਣ 'ਤੇ ਕਿਸੇ ਵੀ ਵਿਅਕਤੀ ਦਾ ਨਾਇਕਪੁਣਾ ਘੱਟ ਲੱਗਣ ਲੱਗਦਾ ਹੈ, ਜਿੱਥੋਂ ਉਹਦੇ ਦਾਗ਼ ਅਤੇ ਜ਼ਖ਼ਮ ਸਾਫ਼ ਨਜ਼ਰੀਂ ਆਉਂਦੇ ਹਨ, ਉਹ ਸਾਡੇ 'ਚੋਂ ਹੀ ਇਕ ਦਿਖਦਾ ਹੈ, ਦੇਵਤਾ, ਦੈਵੀ ਪ੍ਰਾਣੀ ਜਾਂ ਕਿਸੇ ਨਵੀਂ ਪ੍ਰਜਾਤੀ ਦਾ ਜੀਵ ਨਹੀਂ। ਉਹ ਬਸ ਮਨੁੱਖ ਹੁੰਦਾ ਹੈ ਪਰ ਇਸੇ ਵਿਚ ਤਾਂ ਉਹਦੀ ਮਹਾਨਤਾ ਹੁੰਦੀ ਹੈ। ਜਦ ਕੋਈ ਯੋਧਾ ਯੁੱਧ ਵਿਚ ਮਰਦਾ ਹੈ ਤਾਂ ਮੱਖੀਆਂ ਨੂੰ ਸਭ ਤੋਂ ਪਹਿਲਾਂ ਉਹਦੇ ਦਾਗ਼ ਅਤੇ ਜ਼ਖ਼ਮ ਨਜ਼ਰ ਆਉਂਦੇ ਹਨ। ਉਹ ਉਨ੍ਹਾਂ 'ਤੇ ਟੁੱਟ ਪੈਂਦੀਆਂ ਹਨ, ਗੁਣਗੁਣਾਉਂਦੀਆਂ ਹੋਈਆਂ ਇਹ ਸੋਚਕੇ ਬਹੁਤ ਖ਼ੁਸ਼ ਹੁੰਦੀਆਂ ਹਨ ਕਿ ਉਹ ਹਾਰੇ ਹੋਏ ਯੋਧੇ ਤੋਂ ਵੀ ਮਹਾਨ ਵੀਰ ਹਨ ਅਤੇ ਕਿਉਂਕਿ ਯੋਧਾ ਮਰ ਚੁੱਕਿਆ ਹੈ ਅਤੇ ਉਨ੍ਹਾਂ ਨੂੰ ਦੌੜਾਉਂਦਾ ਨਹੀਂ ਤਾਂ ਮੱਖੀਆਂ ਹੋਰ ਜ਼ੋਰ ਨਾਲ਼ ਭਿਣਭਿਣਾਉਂਦੀਆਂ ਹਨ ਅਤੇ ਕਲਪਨਾ ਕਰਦੀਆਂ ਹਨ ਕਿ ਉਹ ਅਮਰ ਸੰਗੀਤ ਪੈਦਾ ਕਰ ਰਹੀਆਂ ਹਨ ਕਿਉਂਕਿ ਉਹ ਤਾਂ ਉਸ ਨਾਲ਼ੋਂ ਕਿਤੇ ਵੱਧ ਪੂਰਨ ਅਤੇ ਦੋਸ਼ ਰਹਿਤ ਹਨ।

ਸੱਚ ਹੈ, ਕੋਈ ਵੀ ਮੱਖੀਆਂ ਦੇ ਦਾਗ਼ਾਂ ਅਤੇ ਜ਼ਖ਼ਮਾਂ 'ਤੇ ਧਿਆਨ ਨਹੀਂ ਦਿੰਦਾ।

ਫਿਰ ਵੀ, ਯੋਧਾ ਆਪਣੇ ਸਾਰੇ ਦਾਗ਼ਾਂ ਦੇ ਬਾਵਜੂਦ ਇਕ ਯੋਧਾ ਹੈ, ਜਦਕਿ ਸਭ ਤੋਂ ਪੂਰਨ ਅਤੇ ਦੋਸ਼ ਰਹਿਤ ਮੱਖੀ ਵੀ ਮੱਖੀ ਹੀ ਹੈ।

ਚਲੋ ਖਿੰਡੋ, ਮੱਖੀਓ! ਤੁਹਾਡੇ ਕੋਲ਼ ਖੰਭ ਹੋਣਗੇ ਅਤੇ ਤੁਸੀਂ ਭਿਣਭਿਣਾ ਸਕਦੀਆਂ ਹੋਵੋਂਗੀਆਂ ਪਰ ਤੁਸੀਂ ਕਦੀ ਵੀ ਇਕ ਯੋਧੇ ਦਾ ਮੁਕਾਬਲਾ ਨਹੀਂ ਕਰ ਸਕਦੀਆਂ, ਕੀੜੇ ਕਿਤੋਂ ਦੇ!

***

## ਮੋਈ ਅੱਗ

ਮੈਂ ਇੱਕ ਸੁਪਨਾ ਵੇਖਿਆ। ਮੈਂ ਬਰਫ਼ ਦੇ ਪਹਾੜ 'ਤੇ ਭੱਜਿਆ ਜਾ ਰਿਹਾ ਸੀ।

ਇਹ ਇੱਕ ਵੱਡਾ, ਬਹੁਤ ਉੱਚਾ ਪਹਾੜ ਸੀ ਜਿਸਦੀਆਂ ਚੋਟੀਆਂ ਬਰਫ਼ੀਲੇ ਅਸਮਾਨ ਨੂੰ ਛੂਹ ਰਹੀਆਂ ਸਨ ਅਤੇ ਅਸਮਾਨ ਜੰਮੇ ਹੋਏ ਬੱਦਲਾਂ ਨਾਲ਼ ਭਰਿਆ ਹੋਇਆ ਸੀ ਜੋ ਮੱਛੀ ਦੀ ਖੱਲ ਵਾਂਗ ਲੱਗ ਰਹੇ ਸਨ। ਪਹਾੜ ਦੇ ਪੈਰਾਂ ਵਿਚ ਬਰਫ਼ ਦਾ ਜੰਗਲ਼ ਸੀ ਜਿਸ ਵਿੱਚ ਪਾਈਨ ਅਤੇ ਸਾਈਪ੍ਰਸ ਦੇ ਰੁੱਖਾਂ ਜਿਹੇ ਪੱਤੇ ਅਤੇ ਟਾਹਣੀਆਂ ਨਜ਼ਰ ਆ ਰਹੀਆਂ ਸਨ। ਸਭ ਕੁਝ ਬਰਫ਼ੀਲਾ ਠੰਢਾ ਸੀ, ਠੰਢੀ ਸਵਾਹ ਵਾਂਗਰ ਬੇਜਾਨ।

ਪਰ ਚਾਣਚੱਕ ਮੈਂ ਬਰਫ਼ ਦੀ ਘਾਟੀ ਵਿਚ ਡਿੱਗ ਪਿਆ।

ਚਾਰੇ ਪਾਸੇ, ਉੱਪਰ-ਹੇਠਾਂ ਸਭ ਕੁਝ ਬਰਫ਼ੀਲਾ ਠੰਢਾ ਸੀ, ਠੰਢੀ ਸਵਾਹ ਵਾਂਗੂ ਬੇਜਾਨ। ਪਰ ਰੰਗਹੀਣ ਬਰਫ਼ ਉੱਪਰ ਅਣਗਿਣਤ ਲਾਲ ਪ੍ਰਛਾਵੇਂ ਖਿੰਡੇ ਹੋਏ ਸਨ, ਮੂੰਗੇ ਦੇ ਜਾਲ਼ ਵਾਂਗ ਆਪਣੇ ਵਿਚ ਗੁੱਥਮ-ਗੁੱਥਾ। ਹੇਠਾਂ ਦੇਖਿਆ ਤਾਂ ਮੇਰੇ ਪੈਰਾਂ ਕੋਲ਼ ਇਕ ਭਾਂਬੜ ਪਿਆ ਦਿਸਿਆ।

ਇਹ ਮੋਈ ਅੱਗ ਸੀ। ਇਹਦਾ ਰੂਪ ਲਟ-ਲਟ ਕਰਦੀਆਂ ਲਪਟਾਂ ਜਿਹਾ ਸੀ, ਪਰ ਇਹ ਬਿਲਕੁਲ ਸਥਿਰ ਸੀ, ਪੂਰੀ ਤਰ੍ਹਾਂ ਜੰਮੀ ਹੋਈ, ਮੂੰਗੇ ਦੀਆਂ ਸ਼ਾਖਾਵਾਂ ਵਾਂਗ ਅਤੇ ਇਹਦੇ ਕਿਨਾਰਿਆਂ 'ਤੇ ਜੰਮਿਆ ਹੋਇਆ ਕਾਲਾ ਧੂੰਆਂ, ਜੋ ਸਿੱਧਾ ਕਿਸੇ ਚਿਮਨੀ ਵਿਚੋਂ ਨਿੱਕਲਿਆ ਜਾਪ ਰਿਹਾ ਸੀ। ਚਾਰ-

ਚੁਫੇਰੇ ਦੀ ਬਰਫ਼ 'ਤੇ ਪੈ ਰਹੇ ਇਹਦੇ ਅਕਸ ਚਮਕਦੀ ਬਰਫ਼ ਵਿਚ ਕਈ ਗੁਣਾ ਹੋ ਕੇ ਅਣਗਿਣਤ ਦਿੱਖਾਂ ਵਿਚ ਬਦਲ ਗਏ ਸਨ, ਜਿਸ ਕਾਰਨ ਬਰਫ਼ ਦੀ ਘਾਟੀ ਮੂੰਗੇ ਵਾਂਗ ਲਾਲ ਹੋ ਗਈ ਸੀ।

ਆਹ!

ਬਚਪਨ ਵਿੱਚ ਤੇਜ਼ ਚਲਦੇ ਜਹਾਜਾਂ ਕਾਰਨ ਸਮੁੰਦਰ ਵਿਚ ਉੱਠਦੀ ਝੱਗ ਅਤੇ ਮਘਦੀ ਭੱਠੀ ਵਿਚੋਂ ਨਿੱਕਲ਼ਦੀਆਂ ਲਪਟਾਂ ਨੂੰ ਵੇਖਣਾ ਮੈਨੂੰ ਬੜਾ ਚੰਗਾ ਲਗਦਾ ਸੀ। ਉਨ੍ਹਾਂ ਨੂੰ ਵੇਖਣਾ ਮੈਨੂੰ ਪਸੰਦ ਹੀ ਨਹੀਂ ਸੀ, ਸਗੋਂ ਮੈਂ ਉਨ੍ਹਾਂ ਨੂੰ ਸਾਫ਼-ਸਾਫ਼ ਵੇਖਣਾ ਚਾਹੁੰਦਾ ਸੀ। ਪਰ ਉਹ ਲਗਾਤਾਰ ਬਦਲਦੇ ਰਹਿੰਦੇ ਸਨ ਅਤੇ ਉਨ੍ਹਾਂ ਦਾ ਕੋਈ ਇੱਕ ਰੂਪ ਹੀ ਨਹੀਂ ਸੀ ਹੁੰਦਾ। ਮੈਂ ਚਾਹੇ ਜਿੰਨਾ ਵੀ ਮਰਜ਼ੀ ਨਿਗ੍ਹਾ ਟਿਕਾ ਕੇ ਵੇਖਦਾ, ਮੇਰੇ ਮਨ ਵਿਚ ਕਦੇ ਵੀ ਉਹਦੀ ਸਪੱਸ਼ਟ ਤਸਵੀਰ ਨਹੀਂ ਬਣਦੀ ਸੀ।

ਆਖ਼ਰ ਮੈਂ ਤੈਨੂੰ ਹਾਸਲ ਕਰ ਹੀ ਲਿਆ, ਮੋਈ ਲਾਟ!

ਮੈਂ ਉਸ ਮੋਈ ਅੱਗ ਨੂੰ ਨੇੜਿਓਂ ਵੇਖਣ ਲਈ ਚੁੱਕਿਆ ਤਾਂ ਉਹਦੇ ਬਰਫ਼ੀਲੇਪਨ ਨਾਲ਼ ਮੇਰੀਆਂ ਉਂਗਲ਼ਾਂ ਵੱਢੀਆਂ ਜਾਣ ਲੱਗੀਆਂ। ਪਰ ਦਰਦ ਸਹਿ ਕੇ ਵੀ ਮੈਂ ਉਹਨੂੰ ਆਪਣੀ ਜੇਬ ਵਿਚ ਪਾ ਲਿਆ। ਪੂਰੀ ਘਾਟੀ ਚਾਣਚੱਕ ਸਵਾਹ ਵਾਂਗ ਬਦਰੰਗ ਹੋ ਗਈ। ਮੈਂ ਸੋਚਣ ਲੱਗਿਆ ਕਿ ਇਸ ਥਾਂ ਤੋਂ ਨਿੱਕਲਿਆ ਕਿਵੇਂ ਜਾਵੇ।

ਮੇਰੇ ਸਰੀਰ ਵਿਚੋਂ ਕਾਲ਼ੇ ਧੂੰ ਦੀ ਇਕ ਲਕੀਰ ਲਰਜਦੀ ਜਿਹੀ ਬਾਹਰ ਨਿੱਕਲ਼ੀ ਅਤੇ ਤਾਰ ਦੇ ਸੱਪ ਵਾਂਗੂ ਉੱਪਰ ਉੱਠਣ ਲੱਗੀ। ਅਚਾਨਕ ਲਾਲ-ਲਾਲ ਲਪਟਾਂ ਹਰ ਪਾਸੇ ਵਹਿਣ ਲੱਗੀਆਂ ਅਤੇ ਮੈਂ ਇਕ ਬਹੁਤ ਵੱਡੇ ਅਗਨਕੁੰਡ ਦੇ ਐਨ ਵਿਚਕਾਰ ਸਾਂ। ਹੇਠਾਂ ਵੇਖਿਆ ਤਾਂ ਪਤਾ ਲੱਗਿਆ ਕਿ ਮੋਈ ਅੱਗ ਫਿਰ ਤੋਂ ਬਲ਼ ਉੱਠੀ ਸੀ, ਮੇਰੇ ਕੱਪੜਿਆਂ ਨੂੰ ਜਲ਼ਾ ਕੇ ਬਾਹਰ ਆ ਗਈ ਸੀ ਅਤੇ ਬਰਫ਼ੀਲੀ ਜ਼ਮੀਨ 'ਤੇ ਵਹਿ ਰਹੀ ਸੀ।

ਆਹ ਦੋਸਤ! ਉਹਨੇ ਕਿਹਾ, ਤੂੰ ਮੈਨੂੰ ਆਪਣੀ ਗਰਮਾਹਟ ਨਾਲ਼ ਜਗਾ ਦਿੱਤੈ!

ਮੈ ਉਹਨੂੰ ਅਵਾਜ਼ ਮਾਰੀ ਅਤੇ ਉਹਦਾ ਨਾਂ ਪੁੱਛਿਆ।

ਮੇਰੇ ਸਵਾਲ ਨੂੰ ਅਣਗੌਲਿਆਂ ਕਰਦਿਆਂ ਉਹਨੇ ਕਿਹਾ, ਲੋਕਾਂ ਨੇ ਮੈਨੂੰ ਇਸ ਬਰਫ਼ੀਲੀ ਘਾਟੀ ਵਿਚ ਲਿਆ ਕੇ ਛੱਡ ਦਿੱਤਾ ਸੀ। ਮੈਨੂੰ ਛੱਡਣ ਵਾਲ਼ੇ ਕਦੋਂ ਦੇ ਮਰ-ਖਪ ਗਏ ਹਨ ਅਤੇ ਮੈਂ ਵੀ ਇਸ ਬਰਫ਼ ਵਿਚ ਜੰਮ ਕੇ ਮਰਨ ਦੀ ਕੰਢੇ ਸੀ। ਜੇ ਤੂੰ ਮੈਨੂੰ ਦੁਬਾਰਾ ਗਰਮੀ ਨਾ ਦਿੰਦਾ ਅਤੇ ਮੈਨੂੰ ਫਿਰ ਤੋਂ ਨਾ ਜਗਾਉਂਦਾ, ਤਾਂ ਬਹੁਤ ਜਲਦੀ ਮੈਂ ਮਰ ਗਈ ਹੁੰਦੀ।

ਮੈਨੂੰ ਖ਼ੁਸ਼ੀ ਹੈ ਕਿ ਤੂੰ ਜਾਗ ਗਈ। ਮੈਂ ਇਸ ਬਰਫ਼ ਦੀ ਘਾਟੀ ਵਿਚੋਂ ਨਿੱਕਲ਼ਣ ਬਾਰੇ ਸੋਚ ਰਿਹਾ ਹਾਂ ਅਤੇ ਮੈਂ ਤੈਨੂੰ ਆਪਣੇ ਨਾਲ਼ ਲਿਜਾਣਾ ਚਾਹੁੰਦਾ ਹਾਂ ਤਾਂ ਕਿ ਤੂੰ ਫਿਰ ਕਦੇ ਜੰਮੇਂ ਨਾ, ਸਗੋਂ ਸਦਾ-ਸਦਾ ਲਈ ਬਲ਼ਦੀ ਰਹੇਂ।

ਉਹ ਨਹੀਂ! ਫੇਰ ਤਾਂ ਮੈਂ ਬਲ਼ ਕੇ ਖਤਮ ਹੋ ਜਾਵਾਂਗੀ।

ਜੇ ਤੂੰ ਬਲ਼ ਕੇ ਖਤਮ ਹੋ ਗਈ ਤਾਂ ਮੈਨੂੰ ਬੜਾ ਦੁੱਖ ਹੋਣੈ। ਚੰਗਾ ਹੋਊ ਜੇ ਮੈਂ ਤੈਨੂੰ ਇੱਥੇ ਹੀ ਛੱਡ ਦਿਆਂ।

ਉਹ ਨਹੀਂ! ਫੇਰ ਤਾਂ ਮੈਂ ਇੱਥੇ ਜੰਮ ਕੇ ਮਰ ਜਾਊਂ।

ਫੇਰ ਕੀ ਕੀਤਾ ਜਾਵੇ?

ਤੂੰ ਖ਼ੁਦ ਕੀ ਕਰੇਂਗਾ? ਉਹਨੇ ਮੋੜਵਾਂ ਸਵਾਲ ਕੀਤਾ।

ਜਿਵੇਂ ਕਿ ਮੈਂ ਤੈਨੂੰ ਦੱਸ ਚੁੱਕਾ ਹਾਂ, ਮੈਂ ਇਸ ਬਰਫ਼ ਦੀ ਘਾਟੀ ਵਿਚੋਂ ਬਾਹਰ ਨਿੱਕਲ਼ਣਾ ਚਾਹੁੰਦਾ ਹਾਂ।

ਫੇਰ ਬਿਹਤਰ ਇਹੋ ਹੋਵੇਗਾ ਕਿ ਮੈਂ ਬਲ਼ਦੀ-ਬਲ਼ਦੀ ਖਤਮ ਹੋ ਜਾਵਾਂ।

ਉਹ ਇਕ ਲਾਲ ਪੂਛਲ਼ ਤਾਰੇ ਵਾਂਗ ਉੱਪਰ ਉੱਛਲ਼ੀ ਅਤੇ ਅਸੀਂ ਦੋਵੇਂ ਨਾਲ਼-ਨਾਲ਼ ਘਾਟੀ ਤੋਂ ਬਾਹਰ ਆ ਗਏ। ਚਾਣਚੱਕ ਇਕ ਵੱਡੀ ਸਾਰੀ ਪੱਥਰ ਦੀ ਗੱਡੀ ਚਲਦੀ ਹੋਈ ਆਈ ਅਤੇ ਮੈਂ ਉਹਦੇ ਚੱਕਿਆਂ ਹੇਠ ਕੁਚਲ਼ ਕੇ ਮਰ ਗਿਆ। ਪਰ ਮਰਦਿਆਂ-ਮਰਦਿਆਂ ਮੈਂ ਵੇਖਿਆ ਕਿ ਪੱਥਰ ਦੀ ਗੱਡੀ ਬਰਫ਼ ਦੀ ਘਾਟੀ ਵਿਚ ਡਿਗ ਰਹੀ ਹੈ।

ਆਹ, ਤੂੰ ਮੋਈ ਅੱਗ ਨੂੰ ਫਿਰ ਕਦੇ ਨਹੀਂ ਮਿਲ਼ ਸਕੇਂਗਾ। ਇਹ ਕਹਿੰਦਿਆਂ ਮੈਂ ਖ਼ੁਸ਼ੀ ਨਾਲ਼ ਹੱਸਿਆ, ਜਿਵੇਂ ਕਿ ਗੱਲ ਤੋਂ ਖ਼ੁਸ਼ ਹਾਂ ਕਿ ਅਜਿਹਾ ਹੋਣਾ ਚਾਹੀਦਾ ਸੀ।

(25 ਅਪ੍ਰੈਲ, 1925)

***

## ਜਾਗਣਾ

ਸਕੂਲ ਜਾਂਦੇ ਵਿਦਿਆਰਥੀਆਂ ਵਾਂਗ ਰੋਜ਼ ਸਵੇਰੇ ਬੰਬ ਵਰਾਊ ਜਹਾਜ਼ ਪੀਕਿੰਗ ਉੱਪਰ ਉਡਾਨ ਭਰਦੇ ਹਨ। ਅਤੇ ਹਰ ਵਾਰ ਜਦ ਮੈਂ ਉਨ੍ਹਾਂ ਦੇ ਇੰਜਣਾਂ ਨੂੰ ਹਵਾ 'ਤੇ ਹਮਲਾ ਬੋਲਦੇ ਸੁਣਦਾ ਹਾਂ ਤਾਂ ਮੈਨੂੰ ਹਲਕੇ ਜਿਹੇ ਤਣਾਅ ਦਾ ਅਹਿਸਾਸ ਹੁੰਦਾ ਹੈ ਜਿਵੇਂ ਮੈਂ ਮੌਤ ਦੇ ਹਮਲੇ ਦਾ ਮੌਕੇ ਦਾ ਗਵਾਹ ਬਣ ਰਿਹਾ ਹੋਵਾਂ, ਭਾਵੇਂ ਇਸ ਨਾਲ਼ ਜੀਵਨ ਦੀ ਹੋਂਦ ਦੀ ਮੇਰੀ ਚੇਤਨਾ ਵਧ ਜਾਂਦੀ ਹੈ।

ਇੱਕ-ਦੱਬੇ-ਦੱਬੇ ਧਮਾਕਿਆਂ ਤੋਂ ਬਾਅਦ ਜਹਾਜ਼ ਭਿਣਭਿਣਾਉਂਦੇ ਹੋਏ ਹੋਲ਼ੀ ਰਫ਼ਤਾਰ ਨਾਲ਼ ਵਾਪਸ ਉੱਡ ਜਾਂਦੇ ਹਨ। ਸ਼ਾਇਦ ਕੁਝ ਲੋਕ ਫੱਟੜ ਹੁੰਦੇ ਹਨ, ਪਰ ਦੁਨੀਆਂ ਆਮ ਨਾਲ਼ੋਂ ਜ਼ਿਆਦਾ ਸ਼ਾਂਤ ਲੱਗਣ ਲੱਗਦੀ ਹੈ। ਬਾਰੀ ਤੋਂ ਬਾਹਰ ਪਾਪੂਲਰ ਦੀਆਂ ਕੋਮਲ ਪੱਤੀਆਂ ਧੁੱਪ ਵਿਚ ਗਾੜੇ ਸੋਨੇ ਜਿਹੀਆਂ ਚਮਕਦੀਆਂ ਹਨ, ਫੁੱਲਾਂ ਨਾਲ਼ ਭਰਿਆ ਆਲੂਬੁਖਾਰੇ ਦਾ ਰੁਖ ਕੱਲ੍ਹ ਤੋਂ ਵੀ ਵੱਧ ਵੱਡਾ ਲੱਗਦਾ ਹੈ। ਜਦ ਮੈਂ ਆਪਣੇ ਬਿਸਤਰੇ 'ਤੇ ਚਾਰੇ ਪਾਸੇ ਖਿੰਡੇ ਅਖ਼ਬਾਰਾਂ ਨੂੰ ਸਮੇਟ ਦਿੰਦਾ ਹਾਂ ਅਤੇ ਪਿਛਲੀ ਰਾਤ ਮੇਜ਼ 'ਤੇ ਜਮਾ ਹੋ ਗਈ ਹਲਕੀ ਘਸਮੈਲੀ ਧੂੜ ਨੂੰ ਸਾਫ਼ ਕਰ ਦਿੰਦਾ ਹੈ ਤਾਂ ਛੋਟਾ-ਜਿਹਾ ਚੌਰਸ ਕਮਰਾ ਅਜਿਹਾ ਲੱਗਣ ਲਗਦਾ ਹੈ ਜਿਹਦੇ ਲਈ ਕਹਿੰਦੇ ਹਨ, ਖ਼ੁਸ਼ੀ ਭਰੀਆਂ ਬਾਰੀਆਂ ਅਤੇ ਬੇਦਾਗ ਮੇਜ਼।

ਕਿਸੇ ਕਾਰਨ ਮੈਂ ਇੱਥੇ ਜਮਾਂ ਹੋ ਗਏ ਨੌਜਵਾਨ ਲੇਖਕਾਂ ਦੇ ਖਰੜਿਆਂ ਨੂੰ ਸੰਪਾਦਨ ਕਰਨ ਲਗਦਾ ਹਾਂ। ਮੈਂ ਉਨ੍ਹਾਂ ਸਭ ਨੂੰ ਪੜ੍ਹਨਾ ਚਾਹੁੰਦਾ ਹਾਂ। ਮੈਂ ਉਨ੍ਹਾਂ ਨੂੰ ਸਮਾਂ-ਲੜੀ ਅਨੁਸਾਰ ਪੜ੍ਹਦਾ ਹਾਂ ਅਤੇ ਇਨ੍ਹਾਂ ਨੌਜਵਾਨ ਲੋਕਾਂ ਦੀਆਂ ਆਤਮਾਵਾਂ ਵਾਰੀ-ਵਾਰੀ ਨਾਲ਼ ਮੇਰੇ ਸਾਹਮਣੇ ਆਉਣ ਲੱਗਦੀਆਂ ਹਨ ਜੋ ਕਿਸੇ ਵੀ ਤਰ੍ਹਾਂ ਦੀ ਮੁਲੰਮੇਬਾਜ਼ੀ ਤੋਂ ਨਫ਼ਰਤ ਕਰਦੇ ਹਨ। ਉਹ ਬਹੁਤ ਚੰਗੇ ਹਨ, ਉਨ੍ਹਾਂ ਵਿੱਚ ਇਮਾਨਦਾਰੀ ਹੈ — ਪਰ, ਆਹ! ਇਹ ਕਿੰਨੇ ਉਦਾਸ ਹਨ, ਇਹ ਮੇਰੇ ਪਿਆਰੇ ਨੌਜਵਾਨ, ਉਹ ਸ਼ਿਕਾਇਤ ਕਰਦੇ ਹਨ, ਗੁੱਸਾ ਹੁੰਦੇ ਹਨ ਅਤੇ ਅਖ਼ੀਰ ਰੁੱਖੇ ਬਣ ਜਾਂਦੇ ਹਨ।

ਉਨ੍ਹਾਂ ਦੀਆਂ ਆਤਮਾਵਾਂ ਹਵਾ ਅਤੇ ਧੂੜ ਦੇ ਥਪੇੜੇ ਸਹਿਕੇ ਰੁੱਖੀਆਂ ਹੋ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਦੀ ਆਤਮਾ ਮਨੁੱਖ ਦੀ ਆਤਮਾ ਹੈ, ਅਜਿਹੀ ਆਤਮਾ ਜੋ ਮੈਨੂੰ ਪਿਆਰੀ ਹੈ। ਮੈਂ ਖ਼ੁਸ਼ੀ-ਖ਼ੁਸ਼ੀ ਇਸ ਰੁੱਖੇਪਨ ਨੂੰ ਚੁੰਮਾਂਗਾ ਜਿਸ ਤੋਂ ਖ਼ੂਨ ਟਪਕ ਰਿਹਾ ਹੈ ਪਰ ਜਾ ਅਕਾਰਹੀਣ ਅਤੇ ਰੰਗਹੀਣ ਹੈ। ਖ਼ੂਬਸੂਰਤ, ਦੂਰ ਤੱਕ ਮਸ਼ਹੂਰ ਦੁਰਲੱਭ ਫੁੱਲਾਂ ਨਾਲ਼ ਬਗੀਚਿਆਂ ਵਿੱਚ ਸ਼ਰਮੀਲੀਆਂ ਅਤੇ ਸੋਹਲ ਕੁੜੀਆਂ ਸੁਸਤਾ ਕੇ ਸਮਾਂ ਲੰਘਾ ਰਹੀਆਂ ਹਨ, ਬਗਲੇ ਚੀਕਦੇ ਹੋਏ ਲੰਘ ਰਹੇ ਹਨ ਅਤੇ ਸੰਘਣੇ, ਚਿੱਟੇ ਬੱਦਲ ਉੱਠ ਰਹੇ ਹਨ, ਇਹ ਸਭ ਬੇਹੱਦ ਦਿਲਖਿੱਚਵਾਂ ਹੈ ਪਰ ਮੈਂ ਨਹੀਂ ਭੁੱਲ ਸਕਦਾ ਕਿ ਮੈਂ ਮਨੁੱਖਾਂ ਦੀਆਂ ਦੁਨੀਆਂ ਵਿੱਚ ਰਹਿ ਰਿਹਾ ਹਾਂ।

ਅਤੇ ਇਹ ਅਚਾਨਕ ਮੈਨੂੰ ਇੱਕ ਘਟਨਾ ਦੀ ਯਾਦ ਦਿਵਾਉਂਦਾ ਹੈ: ਦੋ ਜਾਂ ਤਿੰਨ ਵਰ੍ਹੇ ਪਹਿਲਾਂ, ਮੈਂ ਪੀਕਿੰਗ ਵਿਸ਼ਵ-ਵਿਦਿਆਲੇ ਦੇ ਸਟਾਫ਼ ਰੂਮ ਵਿਚ ਸੀ ਕਿ ਇੱਕ ਵਿਦਿਆਰਥੀ, ਜਿਸਨੂੰ ਮੈਂ ਨਹੀਂ ਜਾਣਦਾ ਸੀ, ਅੰਦਰ ਆਇਆ। ਉਹਨੇ ਮੈਨੂੰ ਇੱਕ ਲਿਫ਼ਾਫਾ ਦਿੱਤਾ ਅਤੇ ਇੱਕ ਵੀ ਸ਼ਬਦ ਬੋਲਿਆਂ ਬਿਨਾਂ ਚਲਾ ਗਿਆ ਅਤੇ ਮੈਂ ਉਸਨੂੰ ਖੋਲਿਆ ਤਾਂ 'ਛੋਟਾ ਘਾਹ' ਰਸਾਲੇ ਦੀ ਇਕ ਕਾਪੀ ਮਿਲੀ। ਉਹਨੇ ਇਕ ਸ਼ਬਦ ਵੀ ਨਹੀਂ ਕਿਹਾ ਸੀ ਪਰ ਉਹ ਮੌਨ ਕਿੰਨਾ ਮੁਖਰ ਸੀ ਅਤੇ ਇਹ ਤੋਹਫ਼ਾ ਕਿੰਨਾ ਅਨਮੋਲ! ਮੈਨੂੰ ਦੁੱਖ ਹੈ ਕਿ 'ਛੋਟਾ ਘਾਹ' ਹੁਣ ਨਹੀਂ ਛਪ ਰਿਹਾ; ਲਗਦਾ ਹੈ ਇਹਨੇ ਬਸ 'ਡੁੱਬੀ ਘੰਟੀ' ਦੇ ਵਢੇਰੇ ਦੀ ਭੂਮਿਕਾ ਅਦਾ ਕੀਤੀ ਅਤੇ 'ਡੁੱਬੀ ਘੰਟੀ' ਇਨਸਾਨੀ ਸਮੁੰਦਰ ਥੱਲੇ ਡੂੰਘਾਈ ਵਿੱਚ, ਹਵਾ ਅਤੇ ਧੂੜ ਦੀਆਂ ਗੁਫਾਵਾਂ ਵਿੱਚ ਇਕੱਲੀ ਵੱਜ ਰਹੀ ਹੈ।

ਜੰਗਲੀ ਘਾਹ ਨੂੰ ਦਰੜ ਸੁੱਟਣ 'ਤੇ ਵੀ ਉਸ ਵਿੱਚੋਂ ਇੱਕ ਛੋਟਾ ਜਿਹਾ ਫੁੱਲ ਉਗਦਾ ਹੈ। ਮੈਨੂੰ ਯਾਦ ਆਉਂਦਾ ਹੈ ਕਿ ਤਾਲਸਤਾਏ ਇਸ ਤੋਂ ਇਨੇ ਜੋਸ਼ ਵਿੱਚ ਆ ਗਏ ਸਨ ਕਿ ਉਨ੍ਹਾਂ ਨੇ ਇਸ 'ਤੇ ਇੱਕ ਕਹਾਣੀ ਲਿਖ ਦਿੱਤੀ। ਨਿਸ਼ਚਿਤ ਰੂਪ ਨਾਲ਼, ਜਦ ਸੁੱਕੇ, ਬੰਜਰ ਮਰੂਥਲ ਵਿੱਚ ਪੌਦੇ ਆਪਣੀਆਂ ਜੜ੍ਹਾਂ ਜ਼ਮੀਨ ਥੱਲੇ ਡੂੰਘਾਈ ਵਿਚ ਭੇਜਕੇ ਪਾਣੀ ਖਿੱਚ ਲਿਆਉਂਦੇ ਹਨ ਅਤੇ ਇਕ ਹਰਾ ਜੰਗਲ ਖੜ੍ਹਾ ਕਰ ਦਿੰਦੇ ਹਨ ਤਾਂ ਉਹ ਸਿਰਫ਼ ਆਪਣੀ ਹੋਂਦ ਲਈ ਜੂਝ ਰਹੇ ਹੁੰਦੇ ਹਨ ਪਰ ਥੱਕੇ-ਹਾਰੇ, ਪਿਆਸੇ ਮੁਸਾਫ਼ਰਾਂ ਦੇ ਦਿਲ ਉਨ੍ਹਾਂ ਨੂੰ ਦੇਖਕੇ ਖ਼ੁਸ਼ ਹੋ ਜਾਂਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਹ ਅਜਿਹੀ ਜਗ੍ਹਾ ਪਹੁੰਚ ਚੁੱਕੇ ਹਨ ਜਿੱਥੇ ਥੋੜੀ ਦੇਰ ਅਰਾਮ ਕੀਤਾ ਜਾ ਸਕਦਾ ਹੈ। ਨਿਸ਼ਚਿਤ ਹੀ, ਇਹ ਡੂੰਘੀ ਬੇਗਰਜੀ ਅਤੇ ਉਦਾਸੀ ਦਾ ਭਾਵ ਪੈਦਾ ਕਰਦਾ ਹੈ।

ਪਾਠਕਾਂ ਨੂੰ ਸੰਬੋਧਤ ਕਰਦੇ ਹੋਏ ਬਿਨਾਂ ਸਿਰਲੇਖ ਨਾਲ਼ 'ਡੁੱਬੀ ਘੰਟੀ' ਦੇ ਸੰਪਾਦਕਾਂ ਨੇ ਲਿਖਿਆ ਹੈ:

ਕੁੱਝ ਲੋਕ ਕਹਿੰਦੇ ਹਨ, ਸਾਡਾ ਸਮਾਜ ਇਕ ਮਰੂਥਲ ਹੈ। ਜੇਕਰ ਅਜਿਹਾ ਹੁੰਦਾ, ਤਾਂ ਸੁੰਨੇਪਣ ਨਾਲ਼ ਭਰਿਆ ਹੀ ਸਹੀ ਪਰ ਤੁਹਾਨੂੰ ਸ਼ਾਂਤੀ ਦਾ ਅਹਿਸਾਸ ਹੁੰਦਾ, ਵੀਰਾਨਾ ਹੀ ਸਹੀ ਪਰ ਤੁਹਾਨੂੰ ਅਨੰਤਤਾ ਦਾ ਅਹਿਸਾਸ ਹੁੰਦਾ। ਇਹ ਇੰਨਾ ਅਰਾਜਕ, ਵਿਓਹੀ ਅਤੇ ਸਭ ਤੋਂ ਵੱਧ ਕੇ ਇੰਨਾ ਬਦਲਣ ਵਾਲ਼ਾ ਨਾ ਹੁੰਦਾ, ਜਿਵੇਂ ਕਿ ਇਹ ਹੈ।

ਹਾਂ, ਨੌਜਵਾਨਾਂ ਦੀਆਂ ਆਤਮਾਵਾਂ ਮੇਰੇ ਸਾਹਮਣੇ ਉਭਰੀਆਂ ਹਨ। ਉਹ ਰੁੱਖੀਆਂ ਹੋ ਗਈਆਂ ਹਨ ਜਾਂ ਰੁੱਖੀਆਂ ਹੋਣ ਵਾਲੀਆਂ ਹਨ। ਪਰ ਮੈਂ ਇਨ੍ਹਾਂ ਆਤਮਾਵਾਂ ਨੂੰ ਪਿਆਰ ਕਰਦਾ ਹਾਂ ਜੋ ਚੁੱਪਚਾਪ ਖ਼ੂਨ ਦੇ ਹੰਝੂ ਰੋਂਦੀਆਂ ਹਨ ਅਤੇ ਬਰਦਾਸ਼ਤ ਕਰਦੀਆਂ ਹਨ, ਕਿਉਂਕਿ ਉਹ ਮੈਨੂੰ ਇਹ ਅਹਿਸਾਸ ਕਰਾਉਂਦੀਆਂ ਹਨ ਕਿ ਮੈਂ ਮਨੁੱਖਾਂ ਦੀ ਦੁਨੀਆਂ ਵਿਚ ਹਾਂ — ਮੈਂ ਮਨੁੱਖਾਂ ਵਿੱਚ ਜੀ ਰਿਹਾ ਹਾਂ।

ਮੈਂ ਸੰਪਾਦਨ ਦੇ ਕੰਮ ਵਿੱਚ ਜੁਟਿਆ ਹਾਂ; ਸੂਰਜ ਢਲ਼ ਗਿਆ ਹੈ ਅਤੇ ਮੈਂ ਲੈਂਪ ਦੀ ਰੋਸ਼ਨੀ ਵਿੱਚ ਕੰਮ ਕਰਦਾ ਰਹਿੰਦਾ ਹਾਂ। ਹਰ ਤਰ੍ਹਾਂ ਦੇ ਨੌਜਵਾਨ ਮੇਰੀਆਂ ਅੱਖਾਂ ਸਾਹਵੇਂ ਲਿਸ਼ਕ ਜਾਂਦੇ ਹਨ ਭਾਵੇਂ ਮੇਰੇ ਚਾਰੇ ਪਾਸੇ ਸ਼ਾਮ ਦੇ ਮਟਕ ਹਨੇਰੇ ਤੋਂ ਬਿਨਾਂ ਕੁਝ ਵੀ ਨਹੀਂ ਹੈ। ਥੱਕਿਆ ਹੋਇਆ, ਮੈਂ ਇੱਕ ਸਿਗਰਟ ਧੁਖਾਉਂਦਾ ਹਾਂ, ਹੌਲ਼ੀ ਜਿਹੀ ਆਪਣੀਆਂ ਅੱਖਾਂ ਬੰਦ ਕਰਦਾ ਹਾਂ, ਐਵੇਂ ਹੀ ਕੁੱਝ ਸੋਚਦੇ ਹੋਏ ਅਤੇ ਇੱਕ ਲੰਬਾ, ਬਹੁਤ ਲੰਬਾ ਸੁਫ਼ਨਾ ਦੇਖਦਾ ਹਾਂ। ਮੈਂ ਝਟਕੇ ਨਾਲ਼ ਜਾਗਦਾ ਹਾਂ। ਚਾਰੇ ਪਾਸੇ ਕੁਝ ਨਹੀਂ ਬਸ ਮਟਕ ਹਨੇਰਾ ਹੈ; ਰੁਕੀ ਹੋਈ ਹਵਾ ਵਿੱਚ ਸਿਗਰਟ ਦਾ ਧੂੰਆ ਗਰਮੀ ਦੇ ਅੰਬਰੀਂ ਬੱਦਲ ਦੇ ਛੋਟੇ ਟੁਕੜਿਆਂ ਦੀ ਤਰ੍ਹਾਂ ਤੈਰ ਰਿਹਾ ਹੈ ਅਤੇ ਹੋਲ਼ੀ-ਹੋਲ਼ੀ ਅਬੁੱਝ ਅਕਾਰ ਧਾਰ ਰਿਹਾ ਹੈ।

(10 ਅਪ੍ਰੈਲ 1926)



# Hundred Years after the Socialist Revolution

## Revolution, Impact & Legacy

**A Publication of:**
**Progressive Peoples Foundation of Edmonton**




**Edited by: Dr. P. R. Kalia**

Member's Advisory: Prof. Raj Pannu and Rabinder Saran

**Authors: Albert Rhys Williams, Rosa Luxemberg, Prof. Irfan Habib, Julien Paolantoni, Tamás Krausz, Prof. Paul Le Blanc, Elisabetta Rossi, Prof. Randhir Singh, Prof. Amar Farooqui, Prof. Bryan D. Palmer, Prof. Joan Sangster, Prof. Michael Kort , Brinda Karat, Dr. P. R. Kalia, Harbhajan Cheema & Lakhbir Khunkhun**

Paperback: 225 pages; Price: $10:00 To be released in October, 2017

Much has changed in 100 years, since October 1917. Tracing Socialist Revolution's unique and inspiring story, this volume features eyewitness accounts from memoirs of the contemporaries, and some analysis by the authorities on the subject.

The book comprises of 14 articles, authored by some well known writers, journalists and academics, from Canada, USA, India and European countries. Authors have explored, as much as possible, all extant empirical sources and illuminated the articles with their exacting theoretical insights. Reading the book, readers will experience the revolution as it happened.

The anniversary of the revolution has afforded an opportunity for us not only to reflect upon the event but also to examine the lessons at various points. Certainly, the events of that October 1917 are not going to be replicated in today's world. But the experiences of the world's first socialist country are of huge and continuing relevance. To plan for the future, we need a dispassionate discussion of that historic event.




# Matrimonial

**ਵਰ ਦੀ ਲੋੜ**

ਜੱਟ ਸਿੱਖ ਲੜਕੀ 28 ਸਾਲ 5' ਫੁੱਟ 3" ਇੰਚ, ਇੰਡੀਆ ਤੋਂ ਇੰਜੀਨੀਅਰਿੰਗ ਗਰੈਜੂਏਟ। NAIT ਤੋਂ ਗਰੈਜੂਏਟ ਪੀ.ਆਰ. ਲਈ ਫ਼ਾਈਲ ਲੱਗੀ। ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ। ਦੁਆਬੇ ਨੂੰ ਪਹਿਲ। ਸੰਪਰਕ 587-336-2310

**ਕੰਨਿਆ ਦੀ ਲੋੜ**

Smart, Graduate, Hindu Brahmin boy Age 29, H-5.10. on Work permit in Canada. Contact no. 13065029142.or 5879304952

---

ਰਾਮਗੜ੍ਹੀਆ ਸਿੱਖ 5'11", 26 ਸਾਲ ਅਮਰੀਕਾ 'ਚ ਸਟੂਡੈਂਟ ਵੀਜ਼ੇ 'ਤੇ (ਕਨੇਡਾ ਦਾ ਮਲਟੀਪਲ 10 ਸਾਲਾ ਵੀਜ਼ਾ ਵੀ ਹੈ), ਲਈ ਸੁੰਦਰ ਪੜ੍ਹੀ ਲਿਖੀ ਕਨੇਡਾ ਵਾਸੀ ਕੰਨਿਆ ਦੀ ਜ਼ਰੂਰਤ ਹੈ। ਸੰਪਰਕ 780-990-9349

---

Jat Sikh canadian citizen, well settled, handsome, clean shaven, non Drinker 30 yr 6'1ÓÓ tall, Post Graduate, Govt. job with good pay, looking for educated, Beautiful, family oriented tall girl. Please contact 1-7807083150, gillmajha@gmail.com

**ਕੰਨਿਆ ਦੀ ਲੋੜ**

---

Smart match for +2 in non medical, 2yr ASI Diploma of agriculture from Ludhiana university (1 yr experience in bayar company), Hotel management from institute of Gurdaspur, 3yr gratuation in BCA from GNDU, 1 yr PGDCA, 1yr B-Lip librarians, 2 yr M. Sc. Computer science continue from GNDU single boy, Height 5. 11 ÒÒ feet. 11 acres Property for both brother's. Contact : 780 807 0375

---

ਜੱਟ ਸਿੱਖ ਪੂਨੀਆਂ 28 ਸਾਲ, ਕੱਦ 5'-7', ਪੜ੍ਹੇ ਲਿਖੇ, ਵੈਸ਼ਨੂੰ, ਡਿਪਲੋਮਾ ਹੋਲਡਰ, 15 ਏਕੜ ਜ਼ਮੀਨ, ਇੰਡੀਆ ਰਹਿੰਦੇ ਇਕਲੌਤੇ ਲੜਕੇ ਲਈ ਕਨੇਡੀਅਨ ਸਿਟੀਜਨ ਜਾਂ ਇੰਮੀਗ੍ਰਾਂਟ ਲੜਕੀ ਦੀ ਲੋੜ ਹੈ। ਮਾਂ-ਬਾਪ ਜਲਦੀ ਹੀ ਪੱਕੇ ਤੌਰ 'ਤੇ ਕਨੇਡਾ ਆ ਰਹੇ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ 780-236-1325 ਜਾਂ 98143-53113

----

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ

**ਕੰਨਿਆ ਦੀ ਲੋੜ**

ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman. passion@gmail.com 'ਤੇ ਸੰਪਰਕ ਕਰੋ।

---

Seeking a suitable match for 22 years 6' Gupta ( Mahajan ) boy. Pursuing Master of Business Management in India. boy is totally teetotaler and well educated. caste no bar. his sister is well settled in Canada. contact no 780-761-3393.

---

Dhillon Family 30 years old 5'5 nursing from India smart, intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is

**ਕੰਨਿਆ ਦੀ ਲੋੜ**

CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6ÓÓ, very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

**ਦੋ ਲੜਕੀਆਂ ਦੀ ਲੋੜ**

ਜੱਟ ਸਿੱਖ ਕੈਨੇਡੀਅਨ ਲੜਕਾ, 25 ਸਾਲ, 5'8" ਲਈ ਸੁੰਦਰ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕ੍ਰਿਪਾ ਕਰਕੇ ਉਹ ਪਰਿਵਾਰ ਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ ਭਰਾ, 29 ਸਾਲ, 5'9" ਲਈ ਕੈਨੇਡੀਅਨ ਜਾਂ ਯੂ.ਕੇ. ਇੰਮੀਗ੍ਰਾਂਟ ਲੜਕੀ ਦਾ ਰਿਸ਼ਤਾ ਕਰਵਾ ਸਕਣ।

ਸੰਪਕਰ : 0044-7999181322, 001-7802371663

billasingh1971@live.co.uk

# Classified Plus


## Townhouse for Rent

5 bedroom townhouse in Mill Woods is available for rent. 2 and half bathroom, close to school and shopping centre. For more info call : 780-906-4497

## House for Rent

5 bedroom bi level house for rent in Millwood. 5 bedrooms 3 full bathroom with double attached garage big back yard. Very quite location. Close to gurdwara. School and shopping center For more information call :- 780 953 3029



## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

## ਕਾਰਪੇਂਟਰ ਹੈਪਲਰ ਦੀ ਲੋੜ

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ ਗੁਰਮੇਲ ਮਠਾੜੂ 780-990-9349 ਜਾਂ ਰਣਜੀਤ ਮਠਾੜੂ 780-907-9889 ਨਾਲ ਸੰਪਰਕ ਕਰੋ।

Email : info@westforkinteriors.com

# ਆਰਕਟਿਕ ਵਿਚ ਨਿਵੇਸ਼ ਦੀ ਜ਼ਰੂਰਤ: ਜੌਹਨ ਹਿਗਨਬੌਥਮ

ਓਟਾਵਾ-ਨਦਬ: ਪਿਛਲੇ ਦਿਨੀਂ ਓਟਾਵਾ ਵਿਚ ਵਿੱਤੀ ਮਾਮਲਿਆਂ ਨੂੰ ਲੈ ਕੇ ਵੱਡੀ ਕਾਨਫਰੰਸ ਹੋਈ ਜਿਸ ਵਿਚ ਤਿੰਨ ਉੱਤਰੀ ਇਲਾਕਿਆਂ ਦੇ ਪ੍ਰੀਮੀਅਰਾਂ ਨੇ ਭਾਗ ਲਿਆ। ਇਸ ਕਾਨਫਰੰਸ ਵਿਚ ਅਲਾਸਕਾ ਅਤੇ ਗ੍ਰੀਨ ਲੈਂਡ ਤੋਂ ਵੀ ਮੁੱਖ ਅਧਿਕਾਰੀ ਪੁੱਜੇ ਹੋਏ ਸਨ। ਕਾਨਫਰੰਸ ਵਿਚ ਸੈਂਟਰ ਫਾਰ ਇੰਟਰਨੈਸ਼ਨਲ ਗਵਰਨੈਂਸ ਇਨਨੋਵੇਸ਼ਨ ਦੇ ਮੰਨੇ ਜਾਂਦੇ ਥਿੰਕ ਟੈਂਕ ਜੌਹਨ ਹਿਗਨਬੌਥਮ ਨੇ ਕਿਹਾ ਕਿ ਆਰਕਟਿਕ ਵਿਚ ਭਵਿੱਖ 'ਚ ਵਿੱਤੀ ਵਿਕਾਸ ਨੂੰ ਲੈ ਕੇ ਚਿੰਤਾ ਕਰਨ ਦੀ ਜਰੂਰਤ ਨਹੀਂ ਹੈ, ਪਰ ਇਸ ਮਾਮਲੇ ਵਿਚ ਸਾਨੂੰ ਖ਼ਾਸ ਨਿਵੇਸ਼ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਆਰਕਟਿਕ ਦੇ ਉੱਤਰੀ ਇਲਾਕਿਆਂ ਵਿਚ ਵਿਕਾਸ ਦੀ ਗਤੀ ਦੁਨੀਆ ਦੇ ਤੇਜ਼ੀ ਨਾਲ ਵਿਕਾਸ ਕਰ ਰਹੇ ਇਲਾਕਿਆਂ ਤੋਂ ਘੱਟ ਹੈ। ਉਨ੍ਹਾਂ ਕਿਹਾ ਕਿ ਇਸ ਕਾਨਫਰੰਸ ਦਾ ਮਕਸਦ ਇਨ੍ਹਾਂ ਤੱਥਾਂ ਵੱਲ ਧਿਆਨ ਦਿਵਾਉਣਾ ਹੀ ਹੈ। ਇਨ੍ਹਾਂ ਇਲਾਕਿਆਂ ਵਿਚ ਵਿਕਾਸ ਰਾਸ਼ਟਰ ਦੀ ਤਰਜੀਹ ਵਿਚ ਨਹੀਂ ਹੈ ਪਰ ਜੇ ਇਸ ਨੂੰ ਤਰਜੀਹ ਵਿਚ ਰੱਖਿਆ ਜਾਵੇ ਤਾਂ ਸਾਨੂੰ ਭਵਿੱਖ ਵਿਚ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਰਹੇਗੀ। ਉਨ੍ਹਾਂ ਇਸ ਮਾਮਲੇ ਵਿਚ ਰੂਸ ਦੀ ਉਦਾਹਰਣ ਦਿੱਤੀ। ਰੂਸ ਨੇ ਉੱਤਰੀ ਪੂਰਬੀ ਇਲਾਕਿਆਂ ਵਿਚ ਲੋੜੀਂਦਾ ਨਿਵੇਸ਼



ਕੀਤਾ ਹੈ ਤੇ ਠੋਸ ਨਤੀਜੇ ਸਾਹਮਣੇ ਆਏ ਹਨ। ਕਨੇਡਾ ਨੂੰ ਚਾਹੀਦਾ ਹੈ ਕਿ ਉਹ ਸਾਜ਼ੋਸਾਮਾਨ ਦੀ ਸੂਚੀ ਜ਼ਰੂਰਤ ਅਨੁਸਾਰ ਲੰਮੀ ਕਰੇ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਉੱਤਰੀ ਕਨੇਡਾ ਅਲਾਸਕਾ ਅਤੇ ਗ੍ਰੀਨ ਲੈਂਡ ਵਿਚ ਸਮੂਹ ਬਣਾਵੇ ਤੇ ਸਾਂਝਾ ਫਰੰਟ ਬਣਾ ਕੰਮ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਕਨੇਡਾ ਦੀ ਸਰਕਾਰ ਵੱਲੋਂ ਇਸ ਖੇਤਰ ਵਿਚ ਨਿਵੇਸ਼ ਲਈ 365 ਮਿਲੀਅਨ ਡਾਲਰ ਦੀ ਫੰਡਿੰਗ ਦਾ ਵਿਚਾਰ ਬਣਾਇਆ ਗਿਆ ਹੈ। ਉੱਤਰੀ ਪੂਰਬੀ ਇਲਾਕਿਆਂ ਦੇ ਪ੍ਰੀਮੀਅਰ ਬੌਬ ਮੈਕਲੌਓਡ ਨੇ ਕਿਹਾ ਕਿ ਇਸ ਮਾਮਲੇ ਵਿਚ ਅਜੇ ਵੀ ਸ਼ੁਰੂਆਤ ਕੀਤੀ ਜਾ ਸਕਦੀ ਹੈ। ਦੂਜੇ ਆਰਕਟਿਕ ਦੇਸ਼ਾਂ ਦਾ ਕਹਿਣਾ ਹੈ ਕਿ ਅਸੀਂ ਉੱਤਰ ਵਿਚ ਨਿਵੇਸ਼ ਕੀਤਾ ਹੈ ਤੇ ਉੱਤਰ ਦਾ ਉਨ੍ਹਾਂ ਦੀ ਆਰਥਿਕਤਾ ਵਿਚ ਅਹਿਮ ਯੋਗਦਾਨ ਹੈ।

# ਸਾਥੀ ਅਵਤਾਰ ਸਾਦਿਕ ਨਹੀਂ ਰਹੇ



ਲੰਡਨ (ਨਦਬ) : ਕਾਮਰੇਡ ਸਾਥੀ ਅਵਤਾਰ ਸਿੰਘ ਸਾਦਿਕ ਪਿਛਲੇ ਦਿਨੀਂ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ ਨੇ ਲੀਸੈਸਟਰ ਵਿਚ ਐਸੋਸੀਏਸ਼ਨ ਆਫ਼ ਇੰਡੀਅਨ ਕਮਿਊਨਿਸਟਸ ਦੀ ਮੀਟਿੰਗ ਵਿਚ ਸ਼ਾਮਲ ਹੋਣ ਜਾ ਰਹੇ ਸਨ ਕਿ ਅਚਾਨਕ ਉਨ੍ਹਾਂ ਦੀ ਸਿਹਤ ਖ਼ਰਾਬ ਹੋ ਗਈ ਤੇ ਉਹ ਸਦੀਵੀ ਵਿਛੋੜਾ ਦੇ ਗਏ। ਕਾਮਰੇਡ ਸਾਦਿਕ ਕਿਤੇ ਵਜੋਂ ਰੇਸ ਇਕੁਐਲਟੀ ਅਫ਼ਸਰ ਸਨ। ਉਨ੍ਹਾਂ ਨੇ ਏ.ਆਈ.ਸੀ. (ਯੂ.ਕੇ.) ਵਿਚ ਸਕੱਤਰ ਵਜੋਂ ਸੇਵਾਵਾਂ ਨਿਭਾਈਆਂ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਜੀਬੀ ਦੇ ਸਾਬਕਾ ਕੌਮੀ ਪ੍ਰਧਾਨ ਸਨ ਤੇ ਮੌਜੂਦਾ ਸਮੇਂ ਸੀਨੀਅਰ ਮੀਤ ਪ੍ਰਧਾਨ ਸਨ। ਉਹ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੇ ਬਾਨੀ ਮੈਂਬਰਾਂ ਵਿਚੋਂ ਸਨ। ਆਪਣੇ ਸਾਹਿਤਕ ਕੰਮਾਂ ਕਾਰਨ ਉਨ੍ਹਾਂ ਦੀ ਕੌਮਾਂਤਰੀ ਪੱਧਰ 'ਤੇ ਪਛਾਣ ਬਣ ਚੁੱਕੀ ਸੀ। ਉਹ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਵੀ ਕਾਫੀ ਨੇੜੇ ਰਹੇ ਸਨ। ਉਨ੍ਹਾਂ ਨੇ ਹਵਾਨਾ ਕਾਨਫਰੰਸ ਵਿਚ ਵੀ ਸ਼ਮੂਲੀਅਤ ਕੀਤੀ ਸੀ। ਕਾਮਰੇਡ ਸਾਦਿਕ ਦੇ ਜਾਣ ਨਾਲ ਕਾਮਾ ਜਮਾਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਜਥੇਬੰਦਕ ਕੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਦੇ ਨਾਲ-ਨਾਲ ਉਹ ਸਭਿਆਚਾਰਕ ਵਿੰਗ ਨੂੰ ਮਜ਼ਬੂਤ ਕਰਦਿਆਂ ਭੰਗੜਾ ਗਰੁੱਪ ਵੀ ਚਲਾਉਂਦੇ ਸਨ।

ਕਾਮਰੇਡ ਸਾਦਿਕ ਆਪਣੇ ਪਿਛੇ ਜੀਵਨ ਸਾਥੀ ਗੁਰਦਰਸ਼ਨ ਕੌਰ ਅਤੇ ਪੁੱਤਰ ਵਿਨੈ ਛੱਡ ਗਏ ਹਨ। ਕਾਮਰੇਡ ਅਵਤਾਰ ਸਿੰਘ ਸਾਦਿਕ ਭਾਵੇਂ ਸਰੀਰਕ ਤੌਰ 'ਤੇ ਮੌਜੂਦ ਨਹੀਂ ਪਰ ਉਨ੍ਹਾਂ ਦੀ ਵਿਚਾਰਧਾਰਾ ਹਮੇਸ਼ਾ ਜ਼ਿੰਦਾ ਰਹੇਗੀ। ਅਦਾਰਾ 'ਨਵੀਂ ਦੁਨੀਆ' ਕਾਮਰੇਡ ਸਾਦਿਕ ਦੇ ਇਸ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕਰਦਾ ਹੋਇਆ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

# ਸਟੂਡੈਂਟ ਕੌਂਸਲ ਵਲੋਂ ਅੰਤਰਰਾਸ਼ਟਰੀ ਟਿਊਸ਼ਨ ਫੀਸ 'ਚ ਵਾਧਾ ਬੰਦ ਕਰਨ ਦੀ ਅਪੀਲ

ਐਡਮਿੰਟਨ (ਨਦਬ) : ਸੂਬਾਈ ਸਟੂਡੈਂਟ ਕੌਂਸਲ ਯੂਨੀਵਰਸਿਟੀ ਦੇ ਦਸ ਹਜ਼ਾਰ ਅੰਡਰਗ੍ਰੈਜੂਏਟ ਵਿਦਿਆਰਥੀਆਂ ਦੀ ਪ੍ਰਤੀਨਿਧਤਾ ਕਰਨ ਵਾਲੀ ਸੰਸਥਾ ਹੈ। ਕੌਂਸਲ ਦਾ ਕਹਿਣਾ ਹੈ ਕਿ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਪਬਲਿਕ ਫੰਡਾਂ 'ਤੇ ਆਧਾਰਤ ਯੂਨੀਵਰਸਿਟੀਆਂ ਵੱਲੋਂ ਜ਼ਿਆਦਾ ਟਿਊਸ਼ਨ ਫੀਸ਼ਾਂ ਵਸੂਲੀਆਂ ਜਾਂਦੀਆਂ ਹਨ। ਕੌਂਸਲ ਦਾ ਦਾਅਵਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀ ਸਥਾਨਕ ਵਿਦਿਆਰਥੀ ਤੋਂ ਕਈ ਗੁਣਾ ਜ਼ਿਆਦਾ ਟਿਊਸ਼ਨ ਫੀਸ ਦਿੰਦਾ ਹੈ ਜੋ ਕਿ ਅਣਉਚਿਤ ਹੈ। 2010-11 ਵਿਚ ਅੰਤਰਰਾਸ਼ਟਰੀ ਵਿਦਿਆਰਥੀ ਵੱਲੋਂ ਅਕਾਦਮਿਕ ਸਾਲ ਲਈ 3075 ਡਾਲਰ ਜ਼ਿਆਦਾ ਦਿੱਤੇ ਗਏ ਸਨ। ਕੌਂਸਲ ਦੇ ਚੇਅਰਮੈਨ ਰੀਡ ਲਾਰਸਨ ਵੱਲੋਂ ਕਿਹਾ ਗਿਆ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਵਾਧੂ ਫੀਸ ਲੈਣੀ ਉਨ੍ਹਾਂ ਦੀ ਲੁੱਟ ਹੈ। ਦੂਜੀ ਗੱਲ ਇਹ ਹੈ ਕਿ ਸਰਕਾਰ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੀ ਸੁਰੱਖਿਆ ਲਈ ਬਹੁਤਾ ਕੁਝ ਕੀਤਾ ਵੀ ਨਹੀਂ ਗਿਆ। ਜ਼ਿਕਰਯੋਗ ਹੈ ਕਿ 2016 ਵਿਚ ਅਲਬਰਟਾ ਯੂਨੀਵਰਸਿਟੀ ਵੱਲੋਂ 2017-18 ਦੇ ਆਕਦਮਿਕ ਸਾਲ ਲਈ 3.02 ਪ੍ਰਤੀਸ਼ਤ ਦੇ ਵਾਧੇ ਲਈ ਸਹਿਮਤੀ ਦਰਸਾਈ ਗਈ ਸੀ। ਮੈਕਇਵਾਨ ਯੂਨੀਵਰਸਿਟੀ ਵੱਲੋਂ 2018-19 ਦੇ ਅਕਾਦਮਿਕ ਸਾਲ ਲਈ 10 ਪ੍ਰਤੀਸ਼ਤ ਦੇ ਵਾਧੇ ਲਈ ਸਹਿਮਤੀ ਦਰਸ਼ਾਈ ਗਈ ਸੀ। ਰੀਡ ਨੇ ਕਿਹਾ ਕਿ ਭਾਵੇਂ ਫੀਸਾਂ ਦਾ ਵਾਧਾ ਇਹ ਕਹਿ ਕੇ ਕੀਤਾ ਜਾਂਦਾ ਹੈ ਕਿ ਇਸ ਨਾਲ ਸਿੱਖਿਆ ਸੁਧਾਰ ਹੋਣਗੇ ਪਰ ਇਸ ਦੇ ਸਾਰਥਕ ਨਤੀਜੇ ਸਾਹਮਣੇ ਨਹੀਂ ਆਉਂਦੇ। ਜ਼ਿਕਰਯੋਗ ਹੈ ਕਿ ਸੂਬੇ ਵਿਚ 2011 ਤੋਂ 2016 ਵਿਚਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖ਼ਲੇ ਵਿਚ 40 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਅਲਬਰਟਾ ਵਿਚ 18000 ਤੋਂ ਵੱਧ ਅੰਡਰਗ੍ਰੈਜੂਏਟ ਵਿਦਿਆਰਥੀ ਸਿੱਖਿਆ ਲੈ ਰਹੇ ਹਨ। ਗਲੋਬਲ ਅਫ਼ੇਅਰਜ਼ ਕਨੇਡਾ 2014 ਦੀ ਰਿਪੋਰਟ ਮੁਤਾਬਕ ਅੰਤਰਰਾਸ਼ਟਰੀ ਵਿਦਿਆਰਥੀ ਸਾਲਾਨਾ ਲਗਭਗ 567.7 ਮਿਲੀਅਨ ਡਾਲਰ ਅਲਬਰਟਾ ਵਿਚ ਖਰਚ ਕਰਦੇ ਹਨ।

## ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਮੱਦੇਨਜ਼ਰ ਫੈਡਰਲ ਮੰਤਰੀ ਕੈਂਟ ਹੈਅਰ ਨੇ ਦਿੱਤਾ ਅਸਤੀਫਾ



ਓਟਵਾ, (ਨਦਬ) : ਸਪੋਰਟਸ ਐਂਡ ਪਰਸਨਜ਼ ਵਿੱਦ ਡਿਸਐਬਿਲਿਟੀਜ਼ ਬਾਰੇ ਫੈਡਰਲ ਮੰਤਰੀ ਕੈਂਟ ਹੈਅਰ ਨੇ ਆਪਣੇ ਖਿਲਾਫ ਲੱਗੇ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਦੀ ਜਾਂਚ ਦੇ ਚੱਲਦਿਆਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਹ ਜਾਣਕਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਿੱਤੀ।

ਟਰੂਡੋ ਨੇ ਇੱਕ ਬਿਆਨ ਵਿੱਚ ਆਖਿਆ ਕਿ ਕਿਸੇ ਵੀ ਕਿਸਮ ਦੀ ਹਰਾਸ਼ਮੈਂਟ ਸਵੀਕਾਰਨਯੋਗ ਨਹੀਂ ਹੈ। ਕੈਨੇਡੀਅਨਾਂ ਕੋਲ ਪਰੇਸ਼ਾਨੀ ਮੁਕਤ ਮਾਹੌਲ ਵਿੱਚ ਰਹਿਣ ਤੇ ਕੰਮ ਕਰਨ ਦਾ ਪੂਰਾ ਅਧਿਕਾਰ ਹੈ। ਟਰੂਡੋ ਨੇ ਆਖਿਆ ਕਿ ਉਨ੍ਹਾਂ ਵੱਲੋਂ ਕੈਂਟ ਹੈਅਰ ਦੇ ਅਸਤੀਫੇ ਨੂੰ ਸਵੀਕਾਰ ਕੀਤਾ ਜਾਂਦਾ ਹੈ। ਹੈਅਰ ਖਿਲਾਫ ਇਹ ਦੋਸ਼ ਉਦੋਂ ਲੱਗੇ ਸਨ ਜਦੋਂ ਉਹ ਅਲਬਰਟਾ ਵਿਧਾਨ ਸਭਾ ਦੇ ਮੈਂਬਰ ਸਨ। ਅਲਬਰਟਾ ਦੀ ਇੱਕ ਪਬਲਿਕ ਸਰਵੈਂਟ ਨੇ ਟਵੀਟ ਕਰਕੇ ਆਖਿਆ ਕਿ ਵਿਧਾਨ ਸਭਾ ਵਿੱਚ ਕੰਮ ਦੇ ਪਹਿਲੇ ਦਿਨ ਉਸ ਨੂੰ ਇਹ ਆਖਿਆ ਗਿਆ ਸੀ ਕਿ ਲਿਫਟ ਵਿੱਚ ਕੈਂਟ ਹੈਅਰ ਨਾਲ ਜਾਣ ਤੋਂ ਗੁਰੇਜ਼ ਹੀ ਕਰੀਂ। ਉਸ ਨੇ ਦੋਸ਼ ਲਾਇਆ ਕਿ ਹੈਅਰ ਅਕਸਰ ਔਰਤਾਂ ਨੂੰ ਜਿਨਸੀ ਟਿੱਪਣੀਆਂ ਕਰਦਾ ਰਹਿੰਦਾ ਹੈ ਤੇ ਇੱਕ ਵਾਰੀ ਉਸ ਨੂੰ ਉਸ ਨੇ ਆਖਿਆ ਸੀ "ਤੂੰ ਬਹੁਤ ਯਮੀ ਹੈ।" ਇਥੋਂ ਜਾਰੀ ਕੀਤੇ ਗਏ ਬਿਆਨ ਵਿੱਚ ਹੈਅਰ ਨੇ ਆਖਿਆ ਕਿ ਜਾਂਚ ਦੇ ਪੈਂਡਿੰਗ ਪਏ ਨਤੀਜਿਆਂ ਕਾਰਨ ਹੀ ਉਸ ਨੇ ਅਸਤੀਫਾ ਦਿੱਤਾ ਹੈ ਕਿਉਂਕਿ ਉਹ ਨਹੀਂ ਚਾਹੁੰਦਾ ਕਿ ਸਾਡੀ ਸਰਕਾਰ ਵੱਲੋਂ ਕੀਤੇ ਗਏ ਚੰਗੇ ਕੰਮਾਂ ਵਿੱਚ ਕਿਸੇ ਕਿਸਮ ਦਾ ਵਿਘਨ ਪਵੇ।

# ਕਾਮਰੇਡ ਹਰਭਜਨ ਦਰਦੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਲੰਡਨ (ਨਦਬ) : ਇਹ ਖਬਰ ਬਹੁਤ ਹੀ ਦੁੱਖ ਨਾਲ ਪੜ੍ਹੀ ਜਾਏਗੀ ਕਿ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਅਤੇ ਉੱਘੇ ਕਮਿਊਨਿਸਟ ਆਗੂ ਸਾਥੀ ਹਰਭਜਨ ਦਰਦੀ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦਾ ਪਿਛਲਾ ਪਿੰਡ ਅੱਟੀ ਜ਼ਿਲ੍ਹਾ ਜਲੰਧਰ ਸੀ। ਉਨ੍ਹਾਂ ਦੀ ਖੇਡਾਂ ਵਿਚ ਵੀ ਕਾਫ਼ੀ ਰੁਚੀ ਸੀ ਤੇ ਉਹ ਚੰਗੇ ਵੇਟਲਿਫਟਰ ਵਜੋਂ ਵੀ ਜਾਣੇ ਗਏ। ਆਰ.ਐਮ.ਪੀ.ਆਈ. ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਇਜ਼ਹਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇੰਗਲੈਂਡ ਜਾ ਕੇ ਕੁੱਲਵਕਤੀ ਮੈਂਬਰ ਵਜੋਂ ਜੋ ਲੋਕਾਂ ਦੀ ਸੇਵਾ ਕੀਤੀ, ਉਨ੍ਹਾਂ ਦੀ ਇਸ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਲੋਕਾਂ ਦੀਆਂ ਮੁਸ਼ਕਲਾਂ ਵਿਚ ਹਰ ਵੇਲੇ ਖੜ੍ਹੇ ਰਹਿਣ ਕਾਰਨ ਉਹ ਪੰਜਾਬੀ ਭਾਈਚਾਰੇ ਵਿਚ ਕਾਫ਼ੀ ਮਕਬੂਲ ਸਨ। ਪੰਜਾਬ ਦੇ ਪ੍ਰਧਾਨ ਰਤਨ ਸਿੰਘ ਰੰਧਾਵਾ, ਸੂਬਾ ਸਕੱਤਰ ਸਾਥੀ ਹਰਕੰਵਲ ਸਿੰਘ ਅਤੇ ਕੇਂਦਰੀ ਕਮੇਟੀ ਮੈਂਬਰ ਕੁਲਵੰਤ ਸਿੰਘ ਸੰਧੂ ਨੇ ਦੁੱਖ ਦਾ ਪ੍ਰਗਟਾਵਾ



ਕੀਤਾ ਹੈ ਅਤੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ। ਕਾਮਰੇਡ ਹਰਭਜਨ ਸਿੰਘ ਦਰਦੀ ਦੇ ਦੁੱਖਦਾਈ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਭਾਰਤੀ ਕਿਰਤੀ ਸੰਘ ਅਤੇ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਦੇ ਆਗੂ ਕਾਮਰੇਡ ਕੁਲਬੀਰ ਸਿੰਘ ਸੰਘੇੜਾ ਨੇ ਉਨ੍ਹਾਂ ਦੀ ਮੌਤ ਨੂੰ ਬਿਲਗਾ ਪਰਿਵਾਰ ਲਈ ਨਿੱਜੀ ਘਾਟਾ ਦੱਸਿਆ। ਕਾਮਰੇਡ ਸੰਘੇੜਾ ਨੇ ਕਿਹਾ ਕਿ ਕਾਮਰੇਡ ਦਰਦੀ ਹਰ ਲੋਕ ਹਿਤੈਸ਼ੀ ਕਾਰਜ ਲਈ ਹਮੇਸ਼ਾਂ ਤੱਤਪਰ ਰਹਿੰਦੇ ਸਨ ਅਤੇ ਉਨ੍ਹਾਂ ਦਾ ਸਾਨੂੰ ਲੋਕ-ਪੱਖੀ ਕੰਮਾਂ ਲਈ ਹਮੇਸ਼ਾਂ ਵੱਡਾ ਸਹਿਯੋਗ ਮਿਲਿਆ ਹੈ। ਕਾਮਰੇਡ ਦਰਦੀ ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਦੇ ਅਜ਼ੀਜ਼ ਸਨ ਅਤੇ ਬਾਬਾ ਬਿਲਗਾ ਜੀ ਉਨ੍ਹਾਂ ਨੂੰ ਹਮੇਸ਼ਾਂ ਆਪਣੇ ਬੱਚਿਆਂ ਵਾਂਗ ਸਮਝਦੇ ਅਤੇ ਪਿਆਰਦੇ ਰਹੇ। ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਯਾਦਗਾਰੀ ਕਮੇਟੀ ਬਿਲਗਾ (ਜਲੰਧਰ) ਦੇ ਸਮੂਹ ਮੈਂਬਰਾਨ ਇਸ ਦੁੱਖਦਾਈ ਖ਼ਬਰ ਤੋਂ ਬਾਅਦ ਇਕਤਰ ਹੋਏ ਅਤੇ ਇਸ ਸ਼ੋਕ ਸਭਾ ਵਿੱਚ ਕਾਮਰੇਡ ਪਰਸ਼ੋਤਮ ਲਾਲ, ਕਾਮਰੇਡ ਸੰਤੋਖ ਸਿੰਘ ਬਿਲਗਾ, ਪ੍ਰੋ. ਗੋਪਾਲ ਸਿੰਘ ਬੁੱਟਰ, ਕਾਮਰੇਡ ਅਜਮੇਲ ਸਿੰਘ ਸੰਘੇੜਾ ਤੇ ਕਾਮਰੇਡ ਧੰਨਾ ਸਿੰਘ ਸੰਘੇੜਾ ਨੇ ਕਾਮਰੇਡ ਹਰਭਜਨ ਸਿੰਘ ਦਰਦੀ ਦੇ ਲੋਕ-ਪੱਖੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।

# ਜਿਨਸੀ ਸ਼ੋਸ਼ਣ ਦਾ ਦੋਸ਼ ਲੱਗਣ ਤੋਂ ਬਾਅਦ ਓਨਟਾਰੀਓ ਪੀਸੀ ਪਾਰਟੀ ਪ੍ਰਧਾਨ ਵੱਲੋਂ ਵੀ ਅਸਤੀਫਾ

ਓਨਟਾਰੀਓ, (ਨਦਬ) : ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਅਜੇ ਪੈਟਰਿਕ ਬ੍ਰਾਊਨ ਕਾਂਡ ਤੋਂ ਉਭਰ ਵੀ ਨਹੀਂ ਸਕੀ ਕਿ ਹੁਣ ਪਾਰਟੀ ਪ੍ਰਧਾਨ ਰਿੱਕ ਡਾਇਕਸਟਰਾ ਵੱਲੋਂ ਵੀ ਅਸਤੀਫਾ ਦੇ ਦਿੱਤਾ ਗਿਆ ਹੈ। ਪੀਸੀ ਪਾਰਟੀ ਦੇ ਪ੍ਰਧਾਨ ਰਿਕ ਡਾਇਕਸਟ੍ਰਾ ਵੱਲੋ ਟਵੀਟ ਕਰਕੇ ਆਖਿਆ ਗਿਆ ਹੈ ਕਿ ਉਹ ਆਪਣੇ ਅਹੁਦੇ ਤੋ ਲਾਂਭੇ ਹਟ ਰਹੇ ਹਨ। ਪੀਸੀ ਪਾਰਟੀ ਵਿਚ ਇਸ ਸਮੇ ਵੱਡੀ ਰੱਦੋ-ਬਦਲ ਚੱਲ ਰਹੀ ਹੈ। ਪੈਟ੍ਰਿਕ ਬ੍ਰਾਊਨ ਦੇ ਅਸਤੀਫ਼ੇ ਤੋ ਬਾਅਦ ਹੋਰ ਬਹੁਤ ਸਾਰੇ ਪਾਰਟੀ ਸਟਾਫ਼ ਦੀ ਛੁੱਟੀ ਕੀਤੀ ਜਾ ਚੁੱਕੀ ਹੈ। ਪਾਰਟੀ ਪ੍ਰਧਾਨ ਰਿਕ ਡਾਇਕਸਟ੍ਰਾ ਦਾ ਆਪਣੇ ਅਹੁਦੇ ਨੂੰ ਛੱਡ ਦੇਣ ਦਾ ਟਵੀਟ ਕਈਆਂ ਨੂੰ ਅਚੰਭਿਤ ਕਰ ਗਿਆ। ਡਾਇਕਸਟ੍ਰਾ ਦੇ ਪਾਰਟੀ ਪ੍ਰਧਾਨ ਵਜੋ ਲਾਂਭੇ ਹੋਣ ਕਾਰਨ ਨੈਤਿਕ ਤੌਰ 'ਤੇ ਪਾਰਟੀ ਦਾ ਫਰਸਟ ਵਾਈਸ ਪ੍ਰੈਜ਼ੀਡੈਂਟ ਜ਼ਿੰਮੇਵਾਰੀ ਸਾਂਭਦਾ ਹੈ। ਇਸ ਸਮੇ ਪਾਰਟੀ



ਦੇ ਫਰਸਟ ਵਾਈਸ ਪ੍ਰੈਜ਼ੀਡੈਂਟ ਜੈਗ ਵਡਵਾਲ ਹਨ। ਜੈਗ ਵਡਵਾਲ ਦੇ ਪਾਰਟੀ ਪ੍ਰਧਾਨ ਵਜੋ ਅਹੁਦਾ ਸੰਭਾਲਣ ਦੇ ਕਾਫ਼ੀ ਜ਼ਿਆਦਾ ਆਸਾਰ ਹਨ। ਪਾਰਟੀ ਦੀ ਸਥਿਤੀ ਹਰ ਪਲ ਬਦਲ ਰਹੀ ਹੈ। ਕਿਹੜੇ ਸਮੇ ਕੀ ਹੋ ਰਿਹਾ ਹੈ ਇਹ ਕਹਿਣਾ ਅਸੰਭਵ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਡਾਇਕਸਟਰਾ, ਬ੍ਰਾਊਨ ਦੇ ਕਾਫੀ ਨੇੜੇ ਸਨ। ਇਹ ਵੀ ਪਤਾ ਲੱਗਿਆ ਹੈ ਕਿ ਮੈਕਲੀਨਜ਼ ਮੈਗਜ਼ੀਨ ਵੱਲੋਂ ਉਨ੍ਹਾਂ ਖਿਲਾਫ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਬਾਰੇ ਪੁੱਛੇ ਸਵਾਲਾਂ ਤੋਂ ਦੋ ਘੰਟੇ ਬਾਅਦ ਡਾਇਕਸਟਰਾ ਨੇ ਅਸਤੀਫਾ ਦੇ ਦਿੱਤਾ। ਡਾਇਕਸਟਰਾ ਨੇ ਇੱਕ ਬਿਆਨ ਵਿੱਚ ਆਖਿਆ ਕਿ ਉਨ੍ਹਾਂ ਨੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਇਸ ਲਈ ਅਸਤੀਫਾ ਦਿੱਤਾ ਤਾਂ ਕਿ ਇਸ ਔਖੀ ਘੜੀ ਵਿੱਚ ਕੋਈ ਉਨ੍ਹਾਂ ਦੀ ਪਾਰਟੀ ਨੂੰ ਰਾਹ ਵਿਖਾ ਸਕੇ।

ਨਵੀਂ ਦੁਨੀਆ

# ਸਤਿਆਜੀਤ ਰੇਅ ਦਾ ਸਿਨੇਮਾ

ਸੁਖਵੰਤ ਹੁੰਦਲ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਇਸ ਤਰ੍ਹਾਂ ਲੋਕਾਂ ਦੀ ਬ੍ਰੇਨਵਾਸ਼ਿੰਗ ਕਰਕੇ ਰਾਜਾ ਆਪਣੇ ਰਾਜ ਨੂੰ ਹਿੰਸਾ ਦਾ ਸਹਾਰਾ ਲਏ ਬਿਨਾਂ ਚਲਾਉਣ ਵਿਚ ਕਾਮਯਾਬ ਰਹਿੰਦਾ ਹੈ, ਪਰ ਇਹ ਕਾਮਯਾਬੀ ਹਮੇਸ਼ਾ ਨਹੀਂ ਰਹਿੰਦੀ। ਉਸ ਦੇਸ਼ ਦਾ ਇਕ ਅਧਿਆਪਕ ਬ੍ਰੇਨ ਵਾਸ਼ਿੰਗ ਹੋਣ ਤੋਂ ਪਹਿਲਾਂ ਦੇਸ਼ ਤੋਂ ਬਾਹਰ ਨੱਸ ਜਾਂਦਾ ਹੈ ਅਤੇ ਆਪਣੇ ਪੜ੍ਹਾਏ ਬੱਚਿਆਂ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਉਹ ਉਸ ਵਲੋਂ ਦਿੱਤੇ ਗਿਆਨ ਨੂੰ ਨਾ ਭੁੱਲਣ। ਬੱਚੇ ਆਪਣੇ ਅਧਿਆਪਕ ਦੇ ਸਬਕ ਨੂੰ ਯਾਦ ਰੱਖਦੇ ਹਨ ਕਿ "ਜੇ ਰਾਜਾ ਆਪਣੀ ਪਰਜਾ ਦਾ ਦੁਸ਼ਮਣ ਬਣ ਜਾਵੇ ਤਾਂ ਹਾਲਤ ਬਹੁਤ ਖਤਰਨਾਕ ਬਣ ਜਾਂਦੇ ਹਨ। ਮਨੁੱਖ ਕੜਕਦੀ ਬਿਜਲੀ ਤੋਂ ਡਰਦਾ ਹੈ ਪਰ ਰਾਜੇ ਦਾ ਗੁੱਸਾ (ਕੜਕਦੀ ਬਿਜਲੀ ਤੋਂ) ਜ਼ਿਆਦਾ ਖਤਰਨਾਕ ਹੁੰਦਾ ਹੈ। ਬਿਜਲੀ ਇਕ ਥਾਂ ਡਿੱਗਦੀ ਹੈ, ਪਰ ਰਾਜੇ ਦਾ ਗੁੱਸਾ ਬਹੁਤ ਸਾਰੇ ਲੋਕਾਂ ਦੀ ਜ਼ਿੰਦਗੀ ਬਰਬਾਦ ਕਰਦਾ ਹੈ। ਇਸ ਲਈ ਜੇ ਲੋਕਾਂ ਨੇ ਮਰਨਾ ਹੀ ਹੈ ਤਾਂ ਰਾਜੇ ਦਾ ਹੁਕਮ ਮੰਨਦਿਆਂ ਮਰਨ ਦੀ ਥਾਂ (ਲੜਦਿਆਂ ਮਰਨਾ ਚਾਹੀਦਾ ਹੈ)।" ਇਕ ਗਾਇਕ ਬ੍ਰੇਨਵਾਸ਼ ਹੋਣ ਤੋਂ ਇਨਕਾਰ ਕਰ ਦਿੰਦਾ ਹੈ ਅਤੇ ਗਾਉਂਦਾ ਹੈ, "ਦੇਖੋ ਕਿੰਨੇ ਅਜੀਬ ਦਿਨ ਆ ਗਏ ਹਨ, ਇਕ ਭਲੇ ਇਨਸਾਨ ਨੂੰ ਟੁੱਟੇ ਘਰਾਂ ਵਿੱਚ ਰਹਿਣਾ ਪੈ ਰਿਹਾ ਹੈ ਜਦੋਂ ਕਿ ਜ਼ਾਲਮ ਸਿੰਘਾਸਣ 'ਤੇ ਬੈਠਾ ਹੈ।" ਇਹ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਮਦਦ ਨਾਲ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਦਾ ਹੈ ਜੋ ਅੰਤ ਵਿੱਚ ਹੀਰਿਆਂ ਦੇ ਰਾਜੇ ਦੇ ਦਮਨ ਭਰਪੂਰ ਰਾਜ ਦਾ ਖਾਤਮਾ ਕਰ ਦਿੰਦੇ ਹਨ।

ਇਸ ਤਰ੍ਹਾਂ ਇਸ ਫਿਲਮ ਵਿਚ ਸਤਿਆਜੀਤ ਰੇਅ ਹਾਕਮਾਂ ਵਲੋਂ ਲੋਕਾਂ ਨੂੰ ਕੰਟਰੋਲ ਵਿਚ ਰੱਖਣ ਦੇ ਨਵੇਂ ਢੰਗਾਂ ਦਾ ਭੇਤ ਖੋਲ੍ਹਦਾ ਹੈ। ਉਹ ਦਿਖਾਉਂਦਾ ਹੈ ਕਿ ਸਮਾਜ ਵਿੱਚ ਗਿਆਨ, ਵਿਦਿਆ ਅਤੇ ਤਕਨੋਲਾਜੀ ਦੀ ਕਿੰਨੀ ਮਹੱਤਤਾ ਹੈ। ਹਾਕਮ ਲੋਕਾਂ ਦੀ ਅਸਹਿਮਤੀ, ਵਿਰੋਧ ਅਤੇ ਬਗਾਵਤ ਨੂੰ ਕੰਟਰੋਲ ਕਰਨ ਲਈ ਕਿਸ ਤਰ੍ਹਾਂ ਗਿਆਨ, ਵਿਦਿਆ ਅਤੇ ਤਕਨੋਲਾਜੀ ਦੀ ਵਰਤੋਂ ਕਰਦੇ ਹਨ। ਸਮਾਜ ਵਿੱਚ ਲੋਕ ਘੋਲਾਂ ਅਤੇ ਸੰਘਰਸ਼ਾਂ ਨੂੰ ਜਥੇਬੰਦ ਕਰਨ ਲਈ ਗਿਆਨ, ਵਿਦਿਆ ਅਤੇ ਤਕਨੋਲਾਜੀ ਨੂੰ ਹਾਕਮਾਂ ਦੇ ਸ਼ਿਕੰਜੇ 'ਚੋਂ ਅਜ਼ਾਦ ਕਰਾਉਣਾ ਕਿੰਨਾ ਜ਼ਰੂਰੀ ਹੈ। ਅੱਜ ਦੁਨੀਆ ਭਰ 'ਚ ਸੂਚਨਾ, ਸੰਚਾਰ ਅਤੇ ਤਕਨੋਲਾਜੀ ਦਾ ਜਿਸ ਤਰ੍ਹਾਂ ਦਾ ਸਿਲਸਿਲਾ ਪੈਦਾ ਹੋ ਚੁੱਕਾ ਹੈ ਅਤੇ ਗਾਲਬ ਧਿਰਾਂ ਜਿਸ ਤਰ੍ਹਾਂ ਇਸ ਸਿਲਸਿਲੇ ਦੀ ਵਰਤੋਂ ਕਰਦੀਆਂ ਹਨ, ਉਸ ਨੂੰ ਵੇਖਦਿਆਂ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਫ਼ਿਲਮ ਦੀ ਅੱਜ ਵੀ ਉਨੀ ਪ੍ਰਸੰਗਕਤਾ ਹੈ ਜਿੰਨੀ ਸਾਢੇ 4 ਦਹਾਕੇ ਪਹਿਲਾਂ ਸੀ ਜਦੋਂ ਰੇਅ ਨੇ ਇਹ ਫ਼ਿਲਮ ਬਣਾਈ ਸੀ।

1977 ਵਿਚ ਬਣਾਈ ਗਈ ਫ਼ਿਲਮ 'ਸ਼ਤਰੰਜ ਕੇ ਖਿਲਾੜੀ' ਰੇਅ ਦੀ ਪਹਿਲੀ ਹਿੰਦੀ ਫ਼ਿਲਮ ਸੀ, ਜੋ ਮੁਨਸ਼ੀ ਪ੍ਰੇਮ ਚੰਦ ਦੀ ਇਸ ਹੀ ਨਾਂ ਦੀ ਕਹਾਣੀ 'ਤੇ ਆਧਾਰਤ ਹੈ। ਇਸ 'ਚ ਸੰਨ 1856 ਵਿੱਚ ਈਸਟ ਇੰਡੀਆ ਕੰਪਨੀ ਵਲੋਂ ਅਵੱਧ ਰਾਜ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਇਤਿਹਾਸਕ ਘਟਨਾ ਨੂੰ ਫ਼ਿਲਮਾਇਆ ਗਿਆ ਹੈ।

ਇਸ ਫ਼ਿਲਮ ਦੇ ਮੁੱਖ ਪਾਤਰ ਅਵਧ ਦੇ ਦੋ ਨਵਾਬ/ਜਗੀਰਦਾਰ ਹਨ ਜੋ ਆਪਣਾ ਸਾਰਾ ਸਮਾਂ ਸ਼ਤਰੰਜ ਖੇਡਣ ਵਿਚ ਬਿਤਾਉਂਦੇ ਹਨ। ਉਨ੍ਹਾਂ ਨੂੰ ਆਪਣੇ ਘਰ ਅਤੇ ਰਾਜ ਦੇ ਕਿਸੇ ਵੀ ਕਾਰਜ ਵਿਚ ਦਿਲਚਸਪੀ ਨਹੀਂ। ਅਵਧ ਦਾ ਸੁਲਤਾਨ ਨਵਾਬ ਵਾਜਿਦ ਅਲੀ ਖਾਨ ਆਪਣਾ ਜ਼ਿਆਦਾ ਵਕਤ ਨਮਾਜ ਪੜ੍ਹਨ, ਆਪਣੀਆਂ 400 ਰਖੇਲਾਂ ਦੇ ਸਾਥ ਵਿਚ ਆਨੰਦ ਮਾਣਨ, ਪਤੰਗ ਉਡਾਉਣ ਅਤੇ ਸ਼ਿਅਰੋ ਸ਼ਾਇਰੀ ਕਰਨ ਵਿੱਚ ਗੁਜ਼ਾਰਦਾ ਹੈ। ਉਸ ਨੂੰ ਰਾਜਭਾਗ ਚਲਾਉਣ ਵਿੱਚ ਕੋਈ ਦਿਲਚਸਪੀ ਨਹੀਂ। ਅਵਧ ਦੇ ਆਮ ਲੋਕ ਫਿਰ ਵੀ ਉਸ ਨੂੰ ਪਿਆਰ ਕਰਦੇ ਹਨ ਅਤੇ ਉਨ੍ਹਾਂ ਨੂੰ ਸੁਲਤਾਨ ਵਿਰੁੱਧ ਕੋਈ ਸ਼ਿਕਾਇਤ ਨਹੀਂ। ਉਹ ਵੀ ਆਪਣਾ ਸਮਾਂ ਕੁੱਕੜਾਂ ਅਤੇ ਭੇਡੂਆਂ ਦੀਆਂ ਲੜਾਈਆਂ ਦਾ ਤਮਾਸ਼ਾ ਦੇਖਦੇ ਹੋਏ ਗੁਜ਼ਾਰਦੇ ਹਨ।

ਓਪਰੀ ਨਜ਼ਰੇ ਦੇਖਿਆਂ ਹਰ ਪਾਸੇ ਆਨੰਦ ਮੰਗਲ ਜਾਪਦਾ ਹੈ। ਪਰ ਇਹ ਸਚਾਈ ਨਹੀਂ, ਕਿਉਂਕਿ ਇਸ ਤਰ੍ਹਾਂ ਦੇ ਮਾਹੌਲ ਵਿਚ ਕੰਪਨੀ ਬਹਾਦਰ (ਈਸਟ ਇੰਡੀਆ ਕੰਪਨੀ) ਅਵਧ ਨੂੰ ਹੜਪਣ ਦੇ ਮਨਸੂਬੇ ਬਣਾ ਰਹੀ ਹੈ। ਉਹ ਅਵਧ ਨਾਲ ਕੀਤੇ ਅਹਿਦਨਾਮੇ ਵਿਚ ਮੋਰੀਆਂ ਲੱਭ ਰਹੀ ਹੈ ਤਾਂ ਕਿ ਉਸ ਅਹਿਦਨਾਮੇ ਤੋਂ ਮੁਕਰਿਆ ਜਾ ਸਕੇ ਅਤੇ ਅਵਧ ਨੂੰ "ਚੈਰੀ" ਵਾਂਗ ਤੋੜ ਕੇ ਆਪਣੇ ਮੂੰਹ ਵਿਚ ਪਾਇਆ ਜਾ ਸਕੇ।

ਅਖੀਰ 7 ਫਰਵਰੀ 1856 ਨੂੰ ਕੰਪਨੀ ਬਹਾਦਰ ਬਿਨਾਂ ਕੋਈ ਗੋਲੀ ਚਲਾਇਆਂ ਅਵਧ ਨੂੰ ਆਪਣੇ ਅਧੀਨ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ। ਕਿਸੇ ਪਾਸੇ ਕੋਈ ਵਿਰੋਧ ਨਹੀਂ ਹੁੰਦਾ, ਕੋਈ ਸਵਾਲ ਨਹੀਂ ਪੁੱਛਿਆ ਜਾਂਦਾ। ਸਿਰਫ ਇਕ 13-14 ਸਾਲਾਂ ਦਾ ਮੁੰਡਾ ਸਵਾਲ ਕਰਦਾ ਹੈ ਕਿ ਅਵਧ 'ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ ਪਰ ਕਿਤੇ ਕੋਈ ਗੋਲੀ ਨਹੀਂ ਚੱਲੀ।







ਇਸ ਫ਼ਿਲਮ ਵਿਚ ਰੇਅ ਨਿਰਣਾਇਕ ਬਣੇ ਬਿਨਾਂ ਇਕ ਪਾਸੇ ਉਸ ਸਮੇਂ ਦੇ ਹਿੰਦੁਸਤਾਨੀ ਹਾਕਮਾਂ, ਨਵਾਬਾਂ ਅਤੇ ਅਮੀਰਜ਼ਾਦਿਆਂ ਵਿਚ ਆਈ ਗਿਰਾਵਟ ਦਾ ਚਿਤਰਣ ਕਰਦਾ ਹੈ ਅਤੇ ਦੂਸਰੇ ਪਾਸੇ ਈਸਟ ਇੰਡੀਆ ਕੰਪਨੀ ਦੀਆਂ ਸ਼ਾਤਰ ਸਕੀਮਾਂ ਦੀਆਂ ਵੱਖ-ਵੱਖ ਤਹਿਆਂ ਨੂੰ ਖੋਲ੍ਹਦਾ ਹੈ। ਫ਼ਿਲਮ ਹਿੰਦੁਸਤਾਨ ਦੇ ਇਤਿਹਾਸ ਦੇ ਇਕ ਖਾਸ ਸਮੇਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਸਾਨੂੰ ਅੱਜ ਦੇ ਸਮਿਆਂ ਬਾਰੇ ਵੀ ਮਹੱਤਵਪੂਰਨ ਸੁਨੇਹਾ ਦਿੰਦੀ ਹੈ। ਸਾਨੂੰ ਪਹਿਲਾ ਸੁਨੇਹਾ ਇਹ ਮਿਲਦਾ ਹੈ ਕਿ ਜੇ ਆਮ ਲੋਕ ਆਪਣੇ ਦੇਸ਼ ਦੀ ਸਿਆਸਤ ਤੋਂ ਉਦਾਸੀਨ ਰਹਿਣਗੇ, ਆਪਣੇ ਨੇਤਾਵਾਂ ਤੋਂ ਕੋਈ ਜਵਾਬਦੇਹੀ ਨਹੀਂ ਮੰਗਣਗੇ ਤਾਂ ਨੇਤਾ ਆਪਣੀਆਂ ਕਮਜ਼ੋਰੀਆਂ ਕਾਰਨ ਜਾਂ ਆਪਣੇ ਹਿੱਤਾਂ ਲਈ ਕਿਸੇ ਕੋਲ ਵੀ ਦੇਸ਼ ਨੂੰ ਹਾਰ ਦੇਣਗੇ ਜਾਂ ਵੇਚ ਦੇਣਗੇ। ਦੂਸਰਾ ਮਹੱਤਵਪੂਰਨ ਸੁਨੇਹਾ ਸਾਨੂੰ ਕਾਰਪੋਰੇਸ਼ਨਾਂ ਦੇ ਰੋਲ ਬਾਰੇ ਮਿਲਦਾ ਹੈ। ਇਸ ਫ਼ਿਲਮ ਵਿੱਚ ਜਿਸ ਤਰ੍ਹਾਂ ਈਸਟ ਇੰਡੀਆ ਕੰਪਨੀ ਦੇ ਰੋਲ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਉਸ ਤੋਂ ਸਾਨੂੰ ਅੱਜ ਦੀਆਂ ਕਾਰਪੋਰੇਸ਼ਨਾਂ ਬਾਰੇ ਕਾਫੀ ਕੁਝ ਸਿੱਖਣ ਨੂੰ ਮਿਲ ਸਕਦਾ ਹੈ। ਇਸ ਫ਼ਿਲਮ ਵਿੱਚ ਦਿਖਾਇਆ ਗਿਆ ਹੈ ਕਿ ਈਸਟ ਇੰਡੀਆ ਕੰਪਨੀ ਦਾ ਮੁੱਖ ਮਕਸਦ ਅਵਧ ਨੂੰ ਆਪਣੇ ਰਾਜ ਵਿਚ ਸ਼ਾਮਲ ਕਰਨਾ ਹੈ। ਅਜਿਹਾ ਕਰਨ ਲਈ ਉਹ ਕੋਈ ਵੀ ਢੰਗ ਵਰਤਣ ਲਈ ਤਿਆਰ ਹੈ। ਉਸ ਨੂੰ ਆਪਣੇ ਵਲੋਂ ਕੀਤੇ ਅਹਿਦਨਾਮਿਆਂ ਦੀ ਕੋਈ ਪਰਵਾਹ ਨਹੀਂ। ਜੇ ਉਸ ਦੇ ਕੀਤੇ ਅਹਿਦਨਾਮੇ ਉਸ ਦੇ ਮਕਸਦ ਦੇ ਰਾਹ ਵਿਚ ਰੁਕਾਵਟ ਬਣਦੇ ਹਨ ਤਾਂ ਉਹ ਉਨ੍ਹਾਂ ਨੂੰ ਤੋੜ ਕੇ ਆਪਣੀ ਪਸੰਦ ਦੇ ਨਵੇਂ ਅਹਿਦਨਾਮੇ ਬਣਾਉਣ ਲਈ ਤਿਆਰ ਹੈ। ਆਪਣੇ ਨਵੇਂ ਅਹਿਦਨਾਮਿਆਂ 'ਤੇ ਦਸਤਖਤ ਕਰਵਾਉਣ ਲਈ ਜੇ ਉਸ ਨੂੰ ਤਾਕਤ ਦੀ ਵਰਤੋਂ ਕਰਨ ਦੀ ਵੀ ਲੋੜ ਹੋਵੇ ਤਾਂ ਉਹ ਅਜਿਹਾ ਕਰਨ ਲਈ ਤਿਆਰ ਹੈ। ਆਪਣੇ ਕਾਰਜਾਂ ਨੂੰ ਸਹੀ ਸਿੱਧ ਕਰਨ ਲਈ ਉਹ ਅਵਧ ਦੇ ਸੁਲਤਾਨ ਉੱਪਰ ਪਰਜਾ ਦੀ ਭਲਾਈ ਨੂੰ ਅਣਗੌਲਿਆਂ ਕਰਨ ਦਾ ਇਲਜ਼ਾਮ ਲਾਉਂਦੀ ਹੈ ਪਰ ਆਮ ਪਰਜਾ ਦੀ ਭਲਾਈ ਉਸ ਦਾ ਮਕਸਦ ਨਹੀਂ।

ਅਜੋਕੀਆਂ ਕਾਰਪੋਰੇਸ਼ਨਾਂ ਵੀ ਕੁਝ ਇਸ ਤਰ੍ਹਾਂ ਹੀ ਵਰਤਾਅ ਕਰਦੀਆਂ ਹਨ। ਉਨ੍ਹਾਂ ਦਾ ਮਕਸਦ ਸਾਰੀ ਦੁਨੀਆਂ ਨੂੰ ਆਪਣੇ ਸ਼ੇਅਰਹੋਲਡਰਾਂ ਦੇ ਰਾਜ ਦੇ ਅਧੀਨ ਲਿਆਉਣਾ ਹੈ। ਅਜਿਹਾ ਕਰਨ ਲਈ ਉਹ ਹਰ ਰੋਜ਼ ਕਈ ਅਹਿਦਨਾਮੇ ਕਰਦੀਆਂ ਹਨ ਅਤੇ ਕਈ ਅਹਿਦਨਾਮੇ ਤੋੜਦੀਆਂ ਹਨ। ਉਨ੍ਹਾਂ ਦਾ ਮੁੱਖ ਮਕਸਦ ਆਪਣੇ ਸ਼ੇਅਰਹੋਲਡਰਾਂ ਦੀ ਸੇਵਾ ਕਰਨਾ ਹੈ ਆਮ ਲੋਕਾਂ ਦੀ ਨਹੀਂ। ਬੇਸ਼ੱਕ ਆਪਣੇ ਅਸਲੀ ਮੰਤਵਾਂ ਨੂੰ ਲੁਕਾਉਣ ਲਈ ਉਹ "ਜ਼ਿੰਮੇਵਾਰ ਕਾਰਪੋਰੇਸ਼ਨਾਂ" ਵਰਗੀ ਭਾਸ਼ਾ ਵਰਤ ਕੇ ਆਮ ਲੋਕਾਂ ਦੀ ਭਲਾਈ ਦੀ ਗੱਲ ਵੀ ਕਰਦੀਆਂ ਰਹਿੰਦੀਆਂ ਹਨ।

'ਸਦਗਤੀ' ਰੇਅ ਵਲੋਂ ਹਿੰਦੀ ਵਿਚ ਬਣਾਈ ਦੂਸਰੀ ਫ਼ਿਲਮ ਹੈ। ਇਹ ਵੀ ਪ੍ਰੇਮਚੰਦ ਦੀ ਕਹਾਣੀ 'ਤੇ ਆਧਾਰਤ ਹੈ। ਟੈਲੀਵਿਜ਼ਨ ਲਈ ਬਣਾਈ ਇਸ ਛੋਟੀ ਫ਼ਿਲਮ ਵਿਚ ਰੇਅ ਹਿੰਦੁਸਤਾਨ ਦੇ ਸਦੀਆਂ ਪੁਰਾਣੇ ਜਾਤਪਾਤ ਪ੍ਰਬੰਧ ਦੀ ਇਕ ਦਿਲ-ਕੰਬਾਊ ਤਸਵੀਰ ਪੇਸ਼ ਕਰਦਾ ਹੈ। ਫ਼ਿਲਮ ਦਾ ਮੁੱਖ ਪਾਤਰ ਦੁਖੀਆ, ਇਕ ਦਲਿਤ ਹੈ। ਦੁਖੀਏ ਨੇ ਆਪਣੀ ਧੀ ਦੀ ਮੰਗਣੀ ਲਈ ਸ਼ੁਭ ਅਵਸਰ ਕਢਵਾਉਣ ਲਈ ਪਿੰਡ ਦੇ ਬ੍ਰਾਹਮਣ ਘਾਸੀਰਾਮ ਤੋਂ ਘਰ ਵਿੱਚ ਪੂਜਾ ਦੀ ਰਸਮ ਕਰਵਾਉਣੀ ਹੈ। ਇਸ ਮਕਸਦ ਲਈ ਉਹ ਬ੍ਰਾਹਮਣ ਨੂੰ ਆਪਣੇ ਘਰ ਸੱਦਣ ਲਈ ਉਸ ਦੇ ਘਰ ਜਾਂਦਾ ਹੈ। ਬ੍ਰਾਹਮਣ ਉਸ ਦੇ ਘਰ ਆਏ ਦਾ ਫਾਇਦਾ ਲੈਣ ਲਈ ਪਹਿਲਾਂ ਉਸ ਨੂੰ ਵਿਹੜਾ ਸਾਫ ਕਰਨ ਲਈ ਕਹਿੰਦਾ ਹੈ, ਫਿਰ ਇਕ ਅੰਦਰ ਤੋਂ ਦੂਸਰੇ ਅੰਦਰ ਤੂੜੀ ਢੋਣ ਲਈ ਕਹਿੰਦਾ ਹੈ ਅਤੇ ਅੰਤ ਵਿੱਚ ਉਸ ਨੂੰ ਇਕ ਬਹੁਤ ਵੱਡਾ ਅਤੇ ਸਖਤ ਲੱਕੜ ਦਾ ਮੁੱਢ ਪਾੜਨ ਲਈ ਕਹਿੰਦਾ ਹੈ। ਦੁਖੀਆ ਬੀਮਾਰ ਉੱਠਿਆ ਹੈ ਅਤੇ ਉਸ ਨੇ ਸਵੇਰ ਦਾ ਕੁਝ ਵੀ ਨਹੀਂ ਖਾਧਾ। ਪਰ ਉਹ ਬ੍ਰਾਹਮਣ ਵਲੋਂ ਕਰਨ ਲਈ ਦਿੱਤੀ ਬੇਗਾਰ ਤੋਂ ਨਾਂਹ ਨਹੀਂ ਕਰ ਸਕਦਾ ਕਿਉਂਕਿ ਉਸ ਦੀ ਜਾਤ ਦੇ ਲੋਕ ਸਦੀਆਂ ਤੋਂ ਬ੍ਰਾਹਮਣਾਂ ਦੀਆਂ ਬੇਗਾਰਾਂ ਕਰਦੇ ਆਏ ਹਨ। ਦੁਖੀਆ ਸਖਤ ਧੁੱਪ ਵਿਚ ਲੱਕੜ ਦੇ ਮੁੱਢ ਨੂੰ ਪਾੜਨ ਲਈ ਪੂਰਾ ਤਾਣ ਲਾ ਦਿੰਦਾ ਹੈ। ਪਰ ਬੀਮਾਰੀ ਨਾਲ ਹੋਈ ਕਮਜ਼ੋਰੀ ਤੋਂ ਪੀੜਤ ਅਤੇ ਭੁੱਖਾ ਹੋਣ ਦੇ ਬਾਵਜੂਦ ਏਨਾ ਜ਼ੋਰ ਲਾ ਕੇ ਕੰਮ ਕਰਨ ਨਾਲ ਉਸ ਦੀ ਉੱਥੇ ਮੌਤ ਹੋ ਜਾਂਦੀ ਹੈ।

ਇਸ ਫ਼ਿਲਮ ਰਾਹੀਂ ਸਾਡੇ ਸਾਹਮਣੇ ਜਾਤਪਾਤ ਦੇ ਦੋ ਪਹਿਲੂ ਬਹੁਤ ਹੀ ਖ਼ੂਬਸੂਰਤੀ ਨਾਲ ਉਜਾਗਰ ਹੁੰਦੇ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹ ਸਾਹਮਣੇ ਆਉਂਦੀ ਹੈ ਕਿ ਜਾਤਪਾਤ ਪ੍ਰਬੰਧ ਉੱਚੀਆਂ ਜਾਤੀਆਂ ਵਲੋਂ ਦਲਿਤ ਮਜ਼ਦੂਰਾਂ ਦੇ ਸ਼ੋਸ਼ਣ ਕਰਨ ਲਈ ਵਰਤਿਆ ਜਾਣਾ ਵਾਲਾ ਇਕ ਵੱਡਾ ਹਥਿਆਰ ਹੈ। ਜਦੋਂ ਬ੍ਰਾਹਮਣ ਘਾਸੀਰਾਮ ਆਪਣੀ ਘਰਵਾਲੀ ਨੂੰ ਕਹਿੰਦਾ ਹੈ ਕਿ ਜੇ ਦੁਖੀਏ ਦੀ ਥਾਂ ਇਹ ਕੰਮ ਕਰਨ ਲਈ ਕਿਸੇ ਹੋਰ ਮਜ਼ਦੂਰ ਨੂੰ ਸੱਦਣਾ ਹੁੰਦਾ ਹੈ ਤਾਂ ਸਾਨੂੰ ਉਸ ਨੂੰ ਇਕ ਰੁਪਈਆ ਮਜ਼ਦੂਰੀ ਦੇਣੀ ਪੈਣੀ ਸੀ। ਇਹ ਇਕ ਡਾਇਲਾਗ ਸਪਸ਼ਟ ਕਰ ਦਿੰਦਾ ਹੈ ਕਿ ਜ਼ਾਤਪਾਤ ਪ੍ਰਬੰਧ ਰਾਹੀਂ ਉੱਚੀਆਂ ਜਾਤੀਆਂ ਨੇ ਸਦੀਆਂ ਤੋਂ ਦਲਿਤਾਂ ਦੀ ਮਜ਼ਦੂਰੀ ਨੂੰ ਆਪਣੇ ਨਾਮ ਕਰਵਾਇਆ ਹੋਇਆ ਹੈ।

ਇਸ ਫ਼ਿਲਮ ਰਾਹੀਂ ਜਾਤਪਾਤ ਦਾ ਦੂਸਰਾ ਪਹਿਲੂ ਜੋ ਸਾਡੇ ਸਾਹਮਣੇ ਆਉਂਦਾ ਹੈ ਉਹ ਹੈ ਜਾਤਪਾਤ ਕਾਰਨ ਦਲਿਤਾਂ ਨੂੰ ਇਨਸਾਨ ਨਾ ਸਮਝਿਆ ਜਾਣਾ। ਸਤਿਆਜੀਤ ਰੇਅ ਦੀ ਜੀਵਨੀ ਲਿਖਣ ਵਾਲੇ ਐਂਡਰਿਊ ਰੌਬਿਨਸਨ ਅਨੁਸਾਰ ਇਹ ਫ਼ਿਲਮ ਦਿਖਾਉਂਦੀ ਹੈ ਕਿ ਇਸ ਫ਼ਿਲਮ ਦਾ ਮੁੱਖ ਪਾਤਰ ਦਲਿਤ ਦੁਖੀਆ ਅਤੇ ਉਸ ਦੀ ਘਰਵਾਲੀ ਝੁਰੀਆ "ਅਣਮਨੁੱਖੀ ਹਾਲਤਾਂ ਵਿਚ ਮਨੁੱਖਾਂ ਵਾਂਗ" ਜੀਉਣ ਲਈ ਜੱਦੋਜਹਿਦ ਕਰ ਰਹੇ ਹਨ। ਪਰ ਫ਼ਿਲਮ ਵਿਚ ਦਰਸ਼ਕ ਸਾਹਮਣੇ ਇਹ ਸੱਚ ਵਾਰ ਵਾਰ ਉਜਾਗਰ ਹੁੰਦਾ ਹੈ ਕਿ ਉਹ ਇਸ ਸਮਾਜ ਵਿਚ ਮਨੁੱਖਾਂ ਵਾਂਗ ਨਹੀਂ ਜੀਅ ਸਕਦੇ। ਦੁਖੀਏ ਦੀ ਮੌਤ ਤੋਂ ਬਾਅਦ ਪਿੰਡ ਦੇ ਦੂਸਰੇ ਦਲਿਤ ਦੁਖੀਏ ਦੀ ਮੌਤ 'ਤੇ ਗੁੱਸੇ ਹੋਣ ਕਾਰਨ ਉਸ ਦੀ ਲਾਸ਼ ਨੂੰ ਚੁੱਕਣ ਤੋਂ ਇਨਕਾਰ ਕਰ ਦਿੰਦੇ ਹਨ। ਬ੍ਰਾਹਮਣ ਘਾਸੀਰਾਮ ਦੁਖੀਏ ਦੀ ਲਾਸ਼ ਨੂੰ ਹੱਥ ਨਹੀਂ ਲਾ ਸਕਦਾ ਕਿਉਂਕਿ ਅਜਿਹਾ ਕਰਨ ਨਾਲ ਉਹ ਭਿੱਟਿਆ ਜਾਵੇਗਾ। ਇਸ ਸਥਿਤੀ ਵਿਚ ਜਿਸ ਢੰਗ ਨਾਲ ਉਹ ਰਾਤ ਦੇ ਹਨ੍ਹੇਰੇ ਵਿਚ ਦੁਖੀਏ ਦੀ ਲਾਸ਼ ਦੀ ਲੱਤ ਨੂੰ ਰੱਸੀ ਬੰਨ ਕੇ ਉਸ ਨੂੰ ਘਸੀਟ ਕੇ ਸ਼ਮਸ਼ਾਨ ਘਾਟ ਤੱਕ ਲੈ ਕੇ ਜਾਂਦਾ ਹੈ, ਉਸ ਤੋਂ ਇਹ ਗੱਲ ਬੜੇ ਭਿਆਨਕ ਢੰਗ ਨਾਲ ਉਜਾਗਰ ਹੁੰਦੀ ਹੈ ਕਿ ਜਿਉਣਾ ਤਾਂ ਕੀ, ਜਾਤਪਾਤ ਵਾਲੇ ਭਾਰਤੀ ਸਮਾਜ ਵਿਚ ਦਲਿਤ ਮਨੁੱਖਾਂ ਵਾਂਗ ਮਰ ਵੀ ਨਹੀਂ ਸਕਦੇ। ਫ਼ਿਲਮ ਦਾ ਇਹ ਆਖਰੀ ਦ੍ਰਿਸ਼ ਦਰਸ਼ਕਾਂ ਨੂੰ ਸੁੰਨ ਕਰ ਦਿੰਦਾ ਹੈ ਅਤੇ ਉਨ੍ਹਾਂ ਦੇ ਮਨਾਂ ਉੱਤੇ ਜਾਤਪਾਤ ਦੇ ਘਿਨਾਉਣੇਪਨ ਦੀ ਅਮਿੱਟ ਛਾਪ ਛੱਡ ਜਾਂਦਾ ਹੈ।

(ਚਲਦਾ)

# Royal

Royal Executive Homes

# Royal Executive Homes

## New Project by Royal Executive Homes in Beaumont

## Walkout Lots for Sale




**4501 50 AVE BEAUMONT**

- Excellent Location
- Close To all Amenities
- Transit Access
- Close to 50th Street
- Affordable Prices

**SALES CONTACT :**

# 780-965-7390

# ਮੌਰਗੇਜ ਦੇ ਵਧੀਆ ਰੇਟ ਅਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ



**Amar Vig**
780-466-1985
Mortgage Specialist

## BEST MORTGAGE RATES
## BEST SERVICE

2014 PROFIT 500 CANADA'S FASTEST-GROWING COMPANIES



Dominion Lending Centres, they're a beauty!

They'll get the banks competing for your mortgage business.

CMP CANADIAN MORTGAGE AWARDS WINNER 2014 WWW.CANADIANMORTGAGEAWARDS.COM

- PURCHASE • REFINANCE • PRE-APPROVAL
- FIRST TIME HOME BUYERS • NEW TO CANADA
- SELF EMPLOYED • INVESTMENT PROPERTY
- COMMERCIAL FINANCING • EQUIPMENT LEASING



**Jody Vig**
780-485-8700
Manager

## 100% FINANCING AVAILABLE*

DOMINION LENDING CENTRES
Mortgage Force

Independently Owned and Operated

## 780-466-9898

Unit 12, 3908-97 Street Edmonton T6E 6N2

* Some Conditions Apply

# JAY'S TRAVEL LTD.

SIMPLY THE BEST SINCE 1979

FOR ALL YOUR WORLDWIDE TRAVEL NEEDS
BEST SERVICE WITH DISCOUNTED PRICES

• VACATION PACKAGE • AIR TICKETS • TOUR
• HOTEL • CAR • CRUISE

Authorised Agent For :-
Lufthansa, Qatar, Emirates, Gulf Airways, Jet Airways, Kuwait, Emirates
Air Canada, West Jet, Eva Airways, China Airline, Air China, Singapore Airline



3655-99 STREET EDMONTON ALBERTA, CANADA T6E 6K5
TEL : (780) 461-6666 FAX : (780) 450-8683 Email : anil@incentre.net



Student Discount

Child upto 12 years is
FREE
(must be accompanied by a guardian or parent)

# INDO CANADIAN BUS & VAN TRANSPORTATION LTD.

*Daily Service From*

## Edmonton-Calgary-Edmonton



Seniors Discount

SPECIAL CALGARY TO EDMONTON FARE $50 ONLY

Edmonton : 780-991-4837 | Red Deer (Head Office) : 587-991-2929 | Calgary : 403-968-7950

OFFICE HOURS FOR BOOKING 7.00 AM-8.00 PM